



Year: 15; issue No. 56 ISSN :2321-4449
Kahani Dhara (Punjabi Quarterly) Jan.-March.,2020, R.N.I. Regd. No. PUN PUN 2006/19971

***ਕਹਾਣੀ ਸੰਗ੍ਰਹਿ ..ਚਾਨਣ ਦੀ ਲੀਕ (1992), ਮੈਂ ਸੈਤਾਨ ਤੇ ਇੰਦੂਮਣੀ (1997), ਤੀਜਾ ਨੇਤਰ (2005), ਮਰਨ ਰੁੱਤ (2010), ਕੁਵੇਲੇ ਤੁਰਿਆ ਪਾਂਧੀ (2013), ਕੁੰਭੀ ਨਰਕ (2017) ਤੋਂ ਬਾਅਦ ਭਗਵੰਤ ਰਸੂਲਪੁਰੀ ਦਾ ਪਲੇਠਾ ਨਾਵਲ***




"ਮੈਂ ਤੈਨੂੰ ਦੱਸਾਂ ਇਹ ਭੋਇੰ ਵੇਖਣ ਨੂੰ ਭਾਵੇਂ ਪਥਰੀਲੀ ਏ... ਸਖ਼ਤ ਏ... ਪਰ ਹੈਗੀ ਜ਼ਰਖ਼ੇਜ਼ ਏ... ਦੁਨੀਆਂ ਦੇ ਹਰ ਕੋਨੇ ਤੋਂ ਬੇਰੁਜ਼ਗਾਰੀ ਨਾਲ ਝੰਬੇ ਬੰਦੇ ਦੀਆਂ ਏਸੇ ਭੋਇੰ 'ਚ ਜੜ੍ਹਾਂ ਲੱਗਦੀਆਂ ਨੇ ਤਾਂ ਉਹਦੇ ਹੱਥਾਂ ਨੂੰ ਡਾਲਰ ਲੱਗਣ ਲੱਗ ਪੈਂਦੇ ਨੇ...ਏਸ ਭੋਇੰ ਦੇ ਹਰ ਕੋਨੇ 'ਤੇ ਭਾਂਤ-ਸੁਭਾਂਤੇ ਬੰਦਿਆਂ ਨੇ ਆਪਣੀਆਂ ਜੜ੍ਹਾਂ ਐਨੀਆਂ ਡੂੰਘੀਆਂ ਲਾ ਲਈਆਂ ਨੇ ਕਿ ਅਗਲੀਆਂ ਪੀੜ੍ਹੀਆਂ ਕੋਲੋਂ ਵੀ ਪੁੱਟਣੀਆਂ ਮੁਸ਼ਕਲ ਨੇ...ਤੂੰ ਇਹਨੂੰ ਪਥਰੀਲੀ ਭੋਇੰ ਕਹਿੰਦੈ?... ਉਏ ਕਮਲਿਆ ਇਹੀ ਜ਼ਰਖ਼ੇਜ਼ ਭੋਇੰ ਏ... ਏਸ ਭੋਇੰ 'ਤੇ ... ਤੂੰ ਵੇਖ ਸੈਕੜੇ ਏਕੜ ਰਕਬੇ 'ਤੇ ਤਰ੍ਹਾਂ ਤਰ੍ਹਾਂ ਦੇ ਫਰੂਟ ਲੱਗੇ ਹੋਏ ਨੇ...ਤੂੰ ਕਹੇਗਾ, ਹੁੰਦੇ ਤਾਂ ਖਾਦਾ ਤੇ ਸਪਰੇਆਂ ਨਾਲ ਈ ਨੇ... ਤੇਰੀ ਗੱਲ ਠੀਕ ਏ... ਹੁਣ ਤੂੰ ਵੇਖ ਲੈ ਹਰ ਪੰਜਾਬੀ ਮਾਪਾ ਪੰਜਾਬ ਦੀ ਪੜ੍ਹਾਈ ਦੀ ਖਾਦ ਨਾਲ ਤਿਆਰ ਆਪਣੀ ਪਨੀਰੀ ਦੀਆਂ ਜੜ੍ਹਾਂ ਏਸ ਪਥਰੀਲੀ ਧਰਤੀ 'ਤੇ ਲਾਉਣ ਲਈ ਤਰਲੋਮੱਛੀ ਹੋ ਰਿਹਾ ਏ...ਤੈਨੂੰ ਪਤੈ ਈ ਏ ਉਧਰ ਪੰਜਾਬ 'ਚ ਜ਼ਹਿਰੀਲੀ ਸਪਰੇਆਂ ਵਾਲੀ ਪੜ੍ਹਾਈ ਕਰ ਕਰ ਕੇ ਕਿੰਨੇ ਮੁੰਡੇ ਕੁੜੀਆਂ ਰੁਲ਼ੀ ਜਾ ਰਹੇ ਨੇ...!!!"

(ਨਾਵਲ ਦੇ ਇਕ ਪਾਤਰ ਦੇ ਬੋਲ)

*ਜਨਵਰੀ-ਮਾਰਚ,2020 ਅੰਕ :56*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN: 2321- 4449**

**e-mail:**
kahanidhara@gmail.com
bhagwantraúulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Diútt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:50 ਰੁ.,10 ਅੰਕ:500 ਰੁ.,**
**(ਕਾਲਜ ਲਾਇਬਰੇਰੀ ਲਈ 600/-)**
**10 ਅੰਕ: ਡਾਲਰ:100, ਤੇ ਪੌਂਡ: 80**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

## ਅੰਦਰ ਪੜ੍ਹੋ

***ਸੰਪਾਦਕੀ***
ਇਤਿਹਾਸ, ਕਲਾ ਤੇ ਸਾਹਿਤ ਦੀਆਂ ਸਰਕਾਰੀ ਸੰਸਥਾਵਾਂ ਦਾ ਅਸਤਿਤਵ ਖਤਰੇ ਵਿਚ-2
***ਕਹਾਣੀਆਂ***
ਆਊਟ ਸਾਈਡਰ / ਜਿੰਦਰ-4
ਮਿੱਟੀ ਨਹੀਂ ਮਰਦੀ / ਮੇਜਰ ਮਾਂਗਟ-14
ਕੇਸਰ ਦਾ ਕੁੰਦਨ / ਕਰਨੈਲ ਵਜੀਰਾਬਾਦ-25
ਸੁਪਨੇ ਵੇਚਣ ਵਾਲਾ/ ਸ਼ੀਤਲ ਰਾਮ ਬੰਗਾ-41
ਰੋਟੀ / ਪ੍ਰੀਤਮ ਸਿੰਘ ਕੈਂਬੋ -44
***ਆਪਣੇ ਅੰਦਰਵਾਰ 'ਤੇ ਝਾਤ:***
ਬੁੱਢਾ ਹੋਇਆ ਸ਼ੇਖ ਫਰੀਦ /ਪ੍ਰੇਮ ਪ੍ਰਕਾਸ਼-49
ਮੇਰੀਆਂ ਕੌੜੀਆਂ ਮਿੱਠੀਆਂ ਯਾਦਾਂ /
ਡਾ. ਲਕਸ਼ਮੀ ਨਰਾਇਣ ਭੀਖੀ-53
ਬਹਿਸ: ਤਕਨੀਕ ਅਤੇ ਸਾਹਿਤ-56
***ਮੁਲਾਕਾਤ***
ਮਲੂਕ ਚੰਦ ਕਲੇਰ/
-ਮੁਲਾਕਾਤੀ ਭਗਵੰਤ ਰਸੂਲਪੁਰੀ-66
***ਮੇਰੀ ਰਚਨਾ ਦਾ ਸਫ਼ਰ***
-ਡਾ. ਜਗਤਾਰ-70
***ਆਲੋਚਨਾ***
ਪੰਜਾਬੀ ਕਹਾਣੀ : ਮਾਂ -ਧੀ ਦੇ ਰਿਸ਼ਤੇ
- ਡਾ. ਜਸਵਿੰਦਰ ਕੌਰ ਬਿੰਦਰਾ-79
ਜ਼ਰਖ਼ੇਜ਼ /- ਡਾ. ਸੰਤੋਖ ਸਿੰਘ ਸੁੱਖੀ-99
ਪੇਜ ਨੰਬਰ ਦੋ ਸੌ ਛਪੰਜਾ /
- ਡਾ. ਸੁਖਪਾਲ ਕੌਰ ਸਮਰਾਲਾ-104
ਪਾਰਲੇ ਪੁਲ਼ /-ਡਾ. ਭੁਪਿੰਦਰ ਕੌਰ-109
ਚੀਰ ਹਰਨ
-ਡਾ. ਜਸਵਿੰਦਰ ਕੌਰ ਬਿੰਦਰਾ-113
ਰੇਤ ਦੇ ਘਰ
- ਅਰਵਿੰਦਰ ਕੌਰ ਕਾਕੜਾ-116
ਮੇਰਾ ਸਟੱਡੀ ਟੇਬਲ- ਭਗਵੰਤ ਰਸੂਲਪੁਰੀ
ਹੁੰਗਾਰਾ-128



***ਟਾਇਟਲ ਪੇਂਟਿੰਗ: ਅਰਪਿਤਾ ਸਿੰਘ***

**ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ**
(ਪ੍ਰਕਾਸ਼ਨ ਮਿਤੀ 10 ਜਨਵਰੀ, 2020)



**ਸੰਪਾਦਕੀ**

# ਇਤਿਹਾਸ, ਕਲਾ ਤੇ ਸਾਹਿਤ ਦੀਆਂ ਸਰਕਾਰੀ ਸੰਸਥਾਵਾਂ ਦਾ ਅਸਤਿਤਵ ਖਤਰੇ ਵਿਚ

ਸਮਕਾਲ ਵਿਚ ਇਤਿਹਾਸ, ਰਾਜਨੀਤੀ, ਸਮਾਜ ਨੂੰ ਇਕ ਰੰਗ ਵਿਚ ਰੰਗਣ ਦੀ ਕੋਸ਼ਿਸ਼ ਹੀ ਨਹੀਂ ਹੋ ਰਹੀ ਬਲਕਿ ਸਰਕਾਰੀ ਸਰਪ੍ਰਸਤੀ ਨਾਲ ਚੱਲਣ ਵਾਲੇ ਸਾਹਿਤ, ਕਲਾ ਅਤੇ ਸਭਿਆਚਾਰ ਦੇ ਅਦਾਰਿਆਂ ਨੂੰ ਵੀ ਇਕ ਰੰਗ ਵਿਚ ਰੰਗਣ ਦੀ ਤੇਜੀ ਨਾਲ ਕੋਸ਼ਿਸ਼ ਹੋ ਚੁੱਕੀ ਏ। ਇਸੇ ਗੱਲ ਨੂੰ ਲੈ ਕੇ ਪੂਰੇ ਭਾਰਤ ਦੇ ਬੁੱਧੀਜੀਵੀਆਂ, ਕਲਾ ਪ੍ਰੇਮੀਆਂ, ਲੇਖਕਾਂ ਅਤੇ ਇਤਿਹਾਸਕਾਰਾਂ ਵਿਚ ਅਕ੍ਰੋਸ਼ ਤੇਜੀ ਨਾਲ ਉੱਠ ਰਿਹਾ ਏ। ਭਾਰਤੀ ਇਤਿਹਾਸ ਨੂੰ ਬਦਲਿਆ ਜਾ ਰਿਹਾ ਏ। ਮੁਗਲ ਬਾਦਸ਼ਾਹਾ ਨੇ ਸੰਸਕ੍ਰਿਤ ਭਾਸ਼ਾ ਨੂੰ ਆਪਣੇ ਦਰਬਾਰਾਂ ਵਿਚ ਸਥਾਨ ਦਿੱਤਾ ਏ। ਏਥੋਂ ਤੱਕ ਉਨ੍ਹਾਂ ਦੇ ਕਾਲ 'ਚ ਅਨੇਕਾਂ ਸੰਸਕ੍ਰਿਤੀ ਭਾਸ਼ਾ 'ਚ ਲਿਖੇ ਗਏ ਗ੍ਰੰਥਾਂ ਨੂੰ ਫਾਰਸੀ ਭਾਸ਼ਾ ਵਿਚ ਅਨੁਵਾਦ ਵੀ ਕਰਵਾਇਆ ਗਿਆ। ਤੁਸੀਂ ਦਾਰਾ ਸ਼ਿਕੋਹ ਨੂੰ ਵੇਖ ਸਕਦੇ ਹੋ। ਪਰ ਇਸ ਦੀ ਸ਼ੁਰੂਆਤ ਅਕਬਰ ਨੇ ਕਰ ਦਿੱਤੀ ਸੀ। ਉਸ ਦੇ ਇਬਾਦਤਖਾਨੇ ਵਿਚ ਬ੍ਰਾਹਮਣ ਵਿਦਵਾਨ ਤੇ ਬੁੱਧੀਜੀਵੀਆਂ 'ਚ ਅਕਸਰ ਸੰਵਾਦ ਹੁੰਦਾ ਰਹਿੰਦਾ ਸੀ। ਸੰਸਕ੍ਰਿਤੀ ਕਾਵਿ ਸ਼ਾਸਤਰ ਦੇ ਵੱਡੇ ਆਚਾਰੀਆਂ ਅਤੇ ਸਿਧਾਂਤਕਾਰ ਪੰਡਿਤ ਰਾਜ ਜਗਨ ਨਾਥ ਅਤੇ ਉਨ੍ਹਾਂ ਦੇ ਸਮਕਾਲੀ ਪ੍ਰਮੁੱਖ ਵਿਦਵਾਨ ਕਵੀਦੇਂਰ ਆਚਾਰੀਆ ਸਰਸਵਤੀ ਸ਼ਾਹਜਹਾਂ ਦੇ ਦਰਬਾਰ ਵਿਚ ਹੀ ਸਨ। ਔਰੰਗਜ਼ੇਬ ਦੇ ਮਾਮਾ ਸ਼ਾਹਿਸਥਾ ਖਾਂ ਨੇ ਇਕ ਬ੍ਰਾਹਮਣ ਮੁੰਨਸ਼ੀ ਨੂੰ ਅਕਬਰ ਵੱਲੋਂ ਕਰਵਾਏ ਗਏ 'ਮਹਾਂਭਾਰਤ' ਦੇ ਫਾਰਸੀ ਅਨੁਵਾਦ ਦੀ ਵਿਸ਼ਾ ਸੂਚੀ ਤਿਆਰ ਕਰਨ ਦਾ ਕੰਮ ਵੀ ਦਿੱਤਾ ਸੀ। ਮੁਗਲ ਕਾਲ 'ਚ ਅਜਿਹੀਆਂ ਸਾਂਝਾ ਦੇ ਹੋਰ ਅਨੇਕਾਂ ਵੇਰਵੇ ਮਿਲਦੇ ਹਨ। ਮੁਗਲ ਸ਼ਾਸਕਾਂ ਨੇ ਆਪਣੇ ਰਾਜ ਨੂੰ ਕਦੇ ਵੀ ਇਕ ਰੰਗ ਵਿਚ ਰੰਗਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਇਸ ਸਮੇਂ ਇਕ ਰੰਗ ਵਿਚ ਰੰਗਣ ਦੀ ਕੋਸ਼ਿਸ਼ ਕੀਤੀ ਜਾ ਰਹੀ ਏ।

ਸੱਤਾ ਤੇ ਕਾਬਜ਼ ਕੇਂਦਰ ਸਰਕਾਰ ਨੇ 2014 ਵਿਚ ਹੀ ਸਾਹਿਤ, ਕਲਾ, ਸੰਗੀਤ, ਨਾਟਕ ਅਤੇ ਸਭਿਆਚਾਰ ਨਾਲ ਸਬੰਧਤ ਸੰਸਥਾਵਾਂ ਦੀ ਸ਼ਕਲ ਬਦਲਣੀ ਸ਼ੁਰੂ ਕਰ ਦਿੱਤੀ ਸੀ। ਇਨ੍ਹਾਂ ਵੰਨਗੀਆਂ ਦੀ ਸਰਕਾਰੀ ਸੰਸਥਾਵਾਂ ਨੂੰ ਦਿੱਤੀ ਜਾਣ ਵੀ ਆਰਥਿਕ ਸਹਾਇਤਾ ਵਿਚ 30% ਕਮੀ ਕਰ ਦਿੱਤੀ ਗਈ ਸੀ। ਉਤੋਂ ਉਨ੍ਹਾਂ ਸੰਸਥਾਵਾਂ ਨੂੰ ਇਹ ਕਿਹਾ ਗਿਆ ਕਿ ਤੁਸੀਂ ਇਹ 30% ਧੰਨ ਆਪਣੇ ਸਾਧਨਾ ਨਾਲ ਪੂਰਾ ਕਰੋ। ਹੋਇਆ ਇਹ ਕਿ ਇਨ੍ਹਾਂ ਦੇ ਕੰਮ ਕਾਰ ਦੀ ਸ਼ਕਲ ਬਦਲਣ ਲੱਗ ਪਈ ਏ। ਜਿਸ ਨਾਲ ਇਨ੍ਹਾਂ ਸੰਸਥਾਵਾਂ ਦੇ ਕੰਮ ਬਹੁਤ ਘੱਟ ਗਏ। ਇਨ੍ਹਾਂ ਸੰਸਥਾਵਾਂ ਵਿਚ ਆਉਣ ਵਾਲੇ ਵਿਦਵਾਨਾਂ ਤੇ ਕਲਾਕਾਰਾਂ ਨੂੰ ਦਿੱਤੇ ਜਾਣ ਵਾਲੇ ਪੈਸੇ ਘੱਟ ਕਰ ਦਿੱਤੇ ਨੇ। ਭਾਰਤੀ ਸਾਹਿਤ ਅਕੈਡਮੀ ਕਲਾਕਾਰਾਂ, ਲੇਖਕਾਂ ਦੇ ਦੋ ਵੱਖ ਵੱਖ ਗਰੁੱਪ ਵਿਦੇਸ਼ ਵਿਚ ਭੇਜਦੀ ਸੀ। ਜਿਸ ਨੂੰ ਬੰਦ ਕਰ ਦਿੱਤਾ ਗਿਆ ਏ। ਇਹ ਕੰਮ ਨੈਸ਼ਨਲ ਬੁੱਕ ਟਰੱਸਟ ਦਿੱਲੀ ਨੂੰ ਦੇ ਦਿੱਤਾ ਗਿਆ ਏ। ਜਿੱਥੇ ਸੰਘ ਦੀ ਵਿਚਾਰਧਾਰਾ ਰੱਖਣ ਵਾਲੇ ਲੋਕ ਕਾਬਜ਼ ਨੇ। ਕਲਾਕਾਰ ਤੇ ਲੇਖਕ ਕਿਉਂਕਿ ਸੱਤਾ ਦੇ ਵਿਰੁੱਧ ਭੁਗਤਦਾ ਏ ਜਿਸ ਕਾਰਨ ਸਰਕਾਰ ਨੂੰ ਲੱਗਾ ਕਿ ਅਕੈਡਮੀ ਵੱਲੋਂ ਵਿਦੇਸ਼ ਜਾਣ ਵਾਲੇ ਲੇਖਕ ਸਾਡੀ ਵਿਚਾਰਧਾਰਾ ਦੇ ਵਿਰੋਧੀ ਹੋਣਗੇ ਉਨ੍ਹਾਂ ਨੇ ਇਸ ਦੀ ਵਿਧੀ ਬਦਲ ਦਿੱਤੀ ਏ। ਇਸੇ ਤਰ੍ਹਾਂ ਲਲਿਤ ਕਲਾ ਅਕੈਡਮੀ, ਸੰਗੀਤ ਨਾਟਕ ਅਕੈਡਮੀ, ਨਾਟਕ ਅਕੈਡਮੀ, ਨੈਸ਼ਨਲ ਸਕੂਲ ਆਫ ਡਰਾਮਾ ਆਦਿ ਸੰਸਥਾਵਾਂ ਵਿਚ ਸਰਕਾਰੀ ਦਖਲ ਵੱਧ ਗਿਆ ਏ। ਭਾਰਤੀ ਸਾਹਿਤ ਅਕੈਡਮੀ ਇਸ ਲਈ ਬਚੀ ਹੋਈ ਹੈ ਕਿਉਂਕਿ ਇਹ ਵਿਧਾਨਕ ਤੌਰ ਤੇ ਬਹੁਤ ਆਜ਼ਾਦ

ਏ। ਇਸ ਵਿਚ ਸਰਕਾਰੀ ਦਖਲ ਇਸਦੇ 'ਵਿਧਾਨ' ਨੂੰ ਬਦਲ ਕੇ ਹੋ ਸਕਦਾ ਏ। ਜਿਸ ਕਾਰਨ ਸਿੱਧੇ ਤੌਰ ਤੇ ਸਰਕਾਰ ਦਖਲ ਨਹੀਂ ਦੇ ਸਕਦੀ। ਪਰ ਇਸ ਨੂੰ ਅਸਿੱਧੇ ਢੰਗ ਨਾਲ ਆਪਣੇ ਅਨੁਸਾਰ ਚਲਾਉਣ ਦੀ ਕੋਸ਼ਿਸ਼ ਕੀਤੀ ਜਾਣ ਲੱਗ ਪਈ ਏ। ਲੇਖਕਾਂ ਦੀ ਚੋਣ ਨਾਲ ਸੰਸਥਾਂ ਵਿਚ ਸੰਘ ਦੀ ਵਿਚਾਰਧਾਰਾ ਵਾਲੇ ਲੇਖਕ ਵਾੜੇ ਜਾਣ ਲੱਗ ਪਏ ਨੇ। ਫੰਡ ਦੇਰੀ ਨਾਲ ਦਿੱਤੇ ਜਾਣ ਲੱਗੇ ਨੇ। ਹੁਣ ਸੰਸਥਾਂ ਦੇ ਸਮਾਗਮਾਂ ਵਿਚ ਸਭਿਆਚਾਰਕ ਮੰਤਰੀ ਦਾ ਨਾਂ ਦਿੱਤਾ ਜਾਣ ਲੱਗ ਪਿਆ ਏ।

ਇਹ ਤਾਂ ਤੁਹਾਨੂੰ ਪਤਾ ਈ ਏ ਕਿ ਭਾਰਤੀ ਸਾਹਿਤ ਅਕੈਡਮੀ ਦਾ ਪੂਰੀ ਕੰਮ ਕਾਜ ਲੇਖਕਾਂ ਦੇ ਹੱਥ ਵਿਚ ਰਿਹਾ ਏ । ਇਸ ਗੱਲ ਨੂੰ ਲੈ ਕੇ ਇਸ ਦਾ ਸੰਵਿਧਾਨ ਵੀ ਇਸੇ ਤਰ੍ਹਾਂ ਦਾ ਤਿਆਰ ਕੀਤਾ ਗਿਆ ਸੀ। ਜਿਸ ਨਾਲ ਉਹ ਸਭਿਆਚਾਰਕ ਵਿਭਾਗ ਤੇ ਨੌਕਰਸ਼ਾਹੀ ਤੋਂ ਮੁਕਤ ਰਹਿ ਸਕੇ। ਪ੍ਰਸਿੱਧ ਕੰਨੜ ਲੇਖਕ ਯੂ. ਆਰ. ਆਨੰਤਮੂਰਤੀ ਦੇ ਸਮੇਂ ਜਦੋਂ ਇਸ ਦੇ 'ਵਿਧਾਨ' 'ਚ ਤਬਦੀਲੀ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਨੇ ਇਸ ਨੂੰ ਮੂਲੋਂ ਹੀ ਖਾਰਜ਼ ਕਰ ਦਿੱਤਾ ਸੀ। ਤੁਹਾਨੂੰ ਪਤਾ ਹੋਵੇਗਾ ਇਹ ਉਹੀ ਲੇਖਕ ਏ ਜਿਸ ਨੂੰ ਉਸ ਵੇਲੇ ਦੇ ਪ੍ਰਧਾਨ ਮੰਤਰੀ ਵਿਰੋਧੀ ਬਿਆਨ ਦੇ ਕਾਰਨ ਪਾਕਿਸਤਾਨ ਭੇਜਣ ਦੀ ਧਮਕੀ ਦਿੱਤੀ ਗਈ ਸੀ। ਉਸ ਦੇ ਘਰ ਦੇ ਬਾਹਰ ਇਸ ਸਬੰਧੀ ਪੋਸਟਰ ਲਗਾਏ ਤੇ ਜਲਦੀ ਹੀ ਉਹ ਵਿਛੋੜਾ ਦੇ ਗਏ ਸਨ। ਉਸ ਦੇ ਸਮੇਂ ਭਾਵੇਂ ਅਕੈਡਮੀ ਨੂੰ ਸਰਕਾਰੀ ਦਖ਼ਲ ਤੋਂ ਨਿਜ਼ਾਤ ਮਿਲਦੀ ਰਹੀ। ਹੁਣ ਜਦੋਂ ਰਾਜਸੀ ਦਖਲ ਵੱਧਣ ਲੱਗ ਪਿਆ ਏ ਤਾਂ ਉਦੋਂ ਹੀ ਅਕੈਡਮੀ ਵਿਚ ਸਰਕਾਰ ਦਾ ਦਖਲ ਵੱਧਣ ਲੱਗ ਪਿਆ ਏ।

ਨਹਿਰੂ ਕਾਲ ਵਿਚ ਜੋ ਸਾਹਿਤ, ਸਭਿਆਚਾਰ, ਕਲਾ, ਸੰਗੀਤ, ਨਾਚ-ਨਾਟਕ ਸੰਬੰਧੀ ਜੋ ਸੰਸਥਾਵਾਂ ਹੋਂਦ ਵਿਚ ਆਈਆ, ਉਨ੍ਹਾਂ ਉੱਤੇ ਅੱਜ ਉਨ੍ਹਾਂ ਲੋਕਾਂ ਦਾ ਦਬਦਬਾ ਏ ਜੋ ਉਨ੍ਹਾਂ ਬਾਰੇ ਕੁਝ ਵੀ ਗਿਆਨ ਨਹੀਂ ਰੱਖਦੇ। ਤੁਸੀਂ ਵੇਖ ਲਓ... ਨੈਸ਼ਨਲ ਬੁੱਕ ਟਰੱਸਟ, ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਆਰਟਸ ਐਂਡ ਕਲਚਰ, ਨੈਸ਼ਨਲ ਗੈਲਰੀ ਆਫ ਮਾਡਰਨ ਆਰਟ, ਫਿਲਮ ਸਰਟੀਫਿਕੇਟ ਬੋਰਡ, ਚਿਲਡਰਨ ਫਿਲਮ ਸੋਸਾਇਟੀ, ਸੂਚਨਾ ਪ੍ਰਸਾਰਨ ਵਿਭਾਗ ਦਾ ਪ੍ਰਕਾਸ਼ਨ ਵਿਭਾਗ ਵਰਗੀਆਂ ਸੰਸਥਾਵਾਂ ਨੂੰ ਉਨ੍ਹਾਂ ਮੁੱਖੀਆਂ ਵੱਲੋਂ ਚਲਾਇਆ ਜਾ ਰਿਹਾ ਏ ਜਿਹੜੇ ਇਨ੍ਹਾਂ ਦੇ ਬਿਲਕੁਲ ਵੀ ਯੋਗ ਨਹੀਂ ਏ। ਦਿਨੋਂ ਦਿਨ ਇਨ੍ਹਾਂ ਸੰਸਥਾਵਾਂ ਦੀ ਸ਼ਕਲ ਬਦਲ ਰਹੀ ਏ। ਇਨ੍ਹਾਂ ਦੇ ਕੰਮ ਕਰਨ ਦੇ ਢੰਗ ਬਦਲ ਰਹੇ ਨੇ। ਪ੍ਰਗਤੀਸ਼ੀਲ ਲੇਖਕਾਂ ਨੂੰ ਬਾਹਰ ਦਾ ਰਸਤਾ ਵਿਖਾਇਆ ਜਾ ਰਿਹਾ ਏ। ਇਹ ਬੜਾ ਚਿੰਤਾ ਦਾ ਮਸਲਾ ਬਣਦਾ ਜਾ ਰਿਹਾ ਏ।

ਏਥੋਂ ਤੱਕ ਕਿ ਜਿਨ੍ਹਾਂ ਯੂਨੀਵਰਸਿਟੀਆਂ ਵਿਚੋਂ ਬੁੱਧੀਜੀਵੀ, ਲੇਖਕ, ਵਿਦਵਾਨ, ਕਲਾਕਾਰ, ਇਤਿਹਾਸਕਾਰ ਨਿਕਲਦੇ ਹਨ ਜਿਹੜੇ ਹਮੇਸ਼ਾਂ ਲੋਕਾਂ ਨਾਲ ਖੜਦੇ ਹਨ, ਜਿਹੜੇ ਗਲਤ ਸਿਸਟਮ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਦੇ ਰਹਿੰਦੇ ਹਨ ਉਨ੍ਹਾਂ ਅਦਾਰਿਆਂ ਵਿਚ ਗਰੀਬ, ਆਦਿਵਾਦੀ, ਦਲਿਤਾਂ ਤੇ ਸਾਧਨਹੀਣ ਵਿਦਿਆਰਥੀਆਂ ਨੂੰ ਰੋਕਣ ਲਈ ਇਨ੍ਹਾਂ ਵਿਦਿਅਕ ਅਦਾਰਿਆਂ ਦਾ ਸਰੂਪ ਬਦਲਿਆ ਜਾ ਰਿਹਾ ਏ। ਇਕ ਰੰਗ ਵਿਚ ਰੰਗਣ ਦੀ ਕੋਸ਼ਿਸ਼ ਹੋ ਰਹੀ ਏ।

ਹੁਣ ਆਜ਼ਾਦ ਲੋਕਤੰਤਰ ਦੀ ਥਾਂ ਡਰ ਵਾਲੇ ਲੋਕਤੰਤਰ ਨੇ ਲੈ ਲਈ ਏ। ਇਸ ਡਰ ਤੇ ਸਹਿਮ ਦੇ ਮਾਹੌਲ ਵਿਚ ਪੰਜਾਬੀ ਲੇਖਕ, ਬੁੱਧੀਜੀਵੀ, ਕਵਿਤਾ ਲਿਖਣ ਵਾਲਾ ਕਵੀ, ਕਹਾਣੀ/ ਨਾਵਲ ਲਿਖਣ ਵਾਲਾ ਲੇਖਕ ਕਿੱਥੇ ਖੜਾ ਏ? ਕੀ ਉਹ 15 ਅਗਸਤ-26 ਜਨਵਰੀ ਦੇ ਕਵੀ ਦਰਬਾਰਾਂ ਵਿਚ ਕਵਿਤਾ ਪੜ੍ਹਨ ਲਈ ਤਰਲੋਮੱਛੀ ਹੋ ਰਿਹਾ ਏ? ਕੀ ਉਹ ਸਰਕਾਰੀ ਸਮਾਗਮਾਂ ਵਿਚ ਹਜ਼ਾਰ-ਪੰਦਰਾਂ ਸੌ ਲੈਣ ਦੀ ਝਾਕ ਵਿਚ ਲੱਗਾ ਹੋਇਆ ਏ? ਵੇਖਣ ਵਾਲੀ ਗੱਲ ਏਹ ਏ।

**- ਭਗਵੰਤ ਰਸੂਲਪੁਰੀ**



## ਕਹਾਣੀ / ਆਊਟ ਸਾਈਡਰ /- ਜਿੰਦਰ

ਜਿਹੋ ਜਿਹੀ ਔਖੀ ਘੜੀ ਮੈਂ ਰਾਤੀਂ ਦੇਖੀ ਸੀ, ਉਹੀ ਜਿਹੀ ਰੱਬ ਵੈਰੀ-ਦੁਸ਼ਮਣ ਨੂੰ ਵੀ ਨਾ ਦਿਖਾਏ।

ਮੁੰਡਿਆਂ ਨੂੰ ਉਨ੍ਹਾਂ ਦੇ ਕਮਰਿਆਂ 'ਚ ਦੁੱਧ ਦੇ ਗਲਾਸ ਦੇ ਕੇ ਤੇ ਰਸੋਈ ਦਾ ਖਿਲਾਰਾ ਸੰਭਾਲ ਕੇ ਜਦੋਂ ਮੈਂ ਆਪਣੇ ਬੈੱਡ-ਰੂਮ 'ਚ ਆਈ ਤਾਂ ਦੇਵ ਕੋਈ ਫਿਲਮ ਦੇਖ ਰਿਹਾ ਸੀ। ਮੈਂ ਨਕੋ-ਨੱਕ ਭਰੀ ਪਈ ਸੀ ਤੇ ਉਸ ਨਾਲ ਦੋ ਹੱਥ ਕਰਨ ਦਾ ਪੱਕਾ ਫੈਸਲਾ ਕੀਤਾ ਸੀ। ਅਜੇ ਮੈਂ ਬੈੱਡ 'ਤੇ ਬੈਠੀ ਹੀ ਸੀ ਕਿ ਉਸ ਫਿਲਮ ਬੰਦ ਕਰ ਦਿੱਤੀ। ਮੈਨੂੰ ਆਪਣੇ ਵੱਲ ਖਿਚ ਲਿਆ। ਇਹ ਉਸ ਦੀ ਪੱਕੀ ਆਦਤ ਹੈ। ਉਹ ਇਕਦਮ ਕਾਹਲਾ ਪੈ ਜਾਂਦਾ ਹੈ। ਮੇਰੀ ਨਾਂਹ ਨੂੰ ਵਾਰ-ਵਾਰ ਨਿਕਾਰਦਿਆਂ ਹੋਇਆਂ ਵੀ । ਦੋ ਚਹੁੰ ਮਿੰਟਾਂ ਬਾਅਦ ਫਾਰਿਗ ਹੋ ਕੇ ਉਹਨੇ ਮੇਰੇ ਵੱਲ ਨੂੰ ਪਿੱਠ ਕਰ ਲਈ। ਮੈਂ ਥੱਕੀ-ਹਾਰੀ ਨੇ ਜਿੱਦਾਂ ਕਿੱਦਾਂ ਆਪਣੇ ਆਪ ਨੂੰ ਸੰਭਾਲਿਆ। ਬਾਥਰੂਮ 'ਚ ਜਾ ਵੜੀ। ਵਾਪਸ ਆਈ ਤਾਂ ਉਸ ਦਾ ਮੂੰਹ ਮੇਰੇ ਵਾਲੇ ਪਾਸੇ ਸੀ ਪਰ ਉਸ ਦੇ ਘੁਰਾੜੇ ਵੱਜਣੇ ਸ਼ੁਰੂ ਹੋ ਗਏ ਸਨ।

ਮੈਂ ਸਾਰੀ ਰਾਤ ਜਾਗ ਕੇ ਲੰਘਾਈ। ਕਦੇ ਗੋਢਿਆਂ 'ਚ ਸਿਰ ਦੇ ਕੇ ਬੈਠ ਜਾਂਦੀ। ਕਦੇ ਉਸ ਵੱਲ ਪਿੱਠ ਕਰਕੇ ਪੈ ਜਾਂਦੀ।

ਇੱਕ ਪਾਸੇ ਉਸ ਦੀ ਅਜਮੇਰ ਨੂੰ ਆਖੀ ਹੋਈ ਗੱਲ ਸੀ ਤੇ ਦੂਜੇ ਪਾਸੇ ਸੰਦੀਪ ਦੀ ਚਿੰਤਾ।

ਉਨ੍ਹਾਂ ਪਲਾਂ 'ਚ ਨਾ ਮੈਂ ਜਿਉਂਦਿਆਂ 'ਚ ਸੀ ਤੇ ਨਾ ਹੀ ਮਰਿਆਂ 'ਚ।

ਕੇਵਲ ਦੇ ਨਾਲ ਦੇਵ ਦੇ ਜਾਂਦਿਆਂ ਹੀ ਮੈਨੂੰ ਥੋੜ੍ਹੀ ਕੁ ਰਾਹਤ ਮਿਲੀ ਹੈ। ਮੈਂ ਉਸ ਦੀ ਕਹੀ ਹੋਈ ਗੱਲ ਨੂੰ ਵਿਸਾਰਣ ਦਾ ਯਤਨ ਕਰ ਰਹੀ ਹੈ। ਕੀ ਪਤਾ ਉਸ ਫੜ ਹੀ ਮਾਰੀ ਹੋਵੇ। ਅੱਧਾ ਮਨ ਉਸੇ ਪਾਸੇ ਲੱਗਾ ਹੈ। ਅੱਧਾ ਸੰਦੀਪ ਵੱਲ।

ਮੇਰੀ ਨਜ਼ਰ ਵਾਰ-ਵਾਰ ਟੈਲੀਫੋਨ ਦੇ ਰਸੀਵਰ 'ਤੇ ਕੇਂਦਰਿਤ ਰਹੀ-ਇਹ ਜਾਣਦਿਆਂ ਹੋਇਆਂ ਵੀ ਕਿ ਪਿਛਲੇ ਪੰਦਰਾਂ ਦਿਨਾਂ ਤੋਂ ਪਿੰਡ 'ਚ ਅੰਡਰਗਰਾਊਂਡ ਤਾਰ ਪੈ ਰਹੀ ਹੈ । ਸਾਰੇ ਘਰਾਂ ਦੇ ਫੋਨ ਡੈੱਡ ਪਏ ਹਨ। ਮੈਨੂੰ ਵਾਰ-ਵਾਰ ਭੁਲੇਖਾ ਜਿਹਾ ਪੈਂਦਾ ਜਿੱਦਾਂ ਕਿਸੇ ਪਾਸਿਉਂ ਟਨ-ਟਨ ਦੀ ਆਵਾਜ਼ ਆਈ ਹੋਵੇ। ਸੰਦੀਪ ਮੇਰੇ ਨਾਲ ਗੱਲਾਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਪਤਾ ਨਹੀਂ ਕਿੰਨੀ ਕੁ ਵਾਰ ਮੈਂ ਰਸੀਵਰ ਚੁੱਕ ਕੇ ਦੇਖਿਆ। ਕੰਨ ਨੂੰ ਲਾਇਆ। ਮੁੜ ਗੁੱਸੇ 'ਚ ਪਟਕ ਦੇਣੀ ਮਾਰਿਆ। ਕਿਹਾ, "ਇਨ੍ਹਾਂ ਨੂੰ ਵੀ ਹੁਣ ਹੀ ਚੇਤਾ ਆਇਆ। ਜੇ ਪੰਦਰਾਂ ਵੀਹਾਂ ਦਿਨਾਂ ਬਾਅਦ ਤਾਰਾਂ ਬਦਲ ਦਿੰਦੇ ਤਾਂ ਕਿਹੜੀ ਆਖਿਰ ਆ ਜਾਣੀ ਸੀ।"

ਮੈਂ ਬੇਸਹਾਇ ਸੀ।

ਮਨ 'ਚ ਆਇਆ ਸੀ ਕਿ ਕੋਈ ਮੇਰੀ ਦਾਸਤਾਨ ਸੁਣਨ ਵਾਲਾ ਹੋਵੇ। ਮੈਂ ਬੋਲੀ ਜਾਣਾਂ, ਸੁਣੀ ਜਾਵੇ ਉਹ ਸੁਣੇ। ਕੋਈ ਆਂਢ-ਗੁਆਂਢ 'ਚੋਂ ਵੀ ਨਾ ਆਈ ਜਿਸ ਨਾਲ ਮੈਂ ਆਪਣਾ ਦੁੱਖ-ਸੁੱਖ ਸਾਂਝਾ ਕਰ ਲੈਂਦੀ। ਵਿਦਿਆ ਵੀ ਪਤਾ ਨਹੀਂ ਕਿਹੜੀ ਖੁੱਡ 'ਚ ਜਾ ਵੜੀ? ਉਹ ਲੰਘਦੀ-ਵੜਦੀ ਦਿਨ 'ਚ ਦੋ-ਤਿੰਨ ਵਾਰ ਅਵੱਸ਼ ਆਉਂਦੀ। ਜਾਂ ਮੈਂ ਹੀ ਬੁਲਾ ਲੈਂਦੀ। ਉਹ ਇੱਕ ਵਾਰ ਆ ਜਾਵੇ, ਫੇਰ ਉਹਨੂੰ ਆਪਣੇ ਘਰ ਦਾ ਚੇਤਾ ਭੁੱਲ ਜਾਂਦਾ। ਉਹ ਛੇਤੀ ਉੱਠਣ ਦਾ ਨਾਂ ਨਹੀਂ ਲੈਂਦੀ। ਮੈਂ ਹੁੰਗਾਰਾ ਭਰਾਂ ਜਾਂ ਨਾ-ਇਸ

ਨਾਲ ਉਹਨੂੰ ਕੋਈ ਫਰਕ ਨਾ ਪੈਂਦਾ। ਉਹ ਆਪਣਾ ਗੁਭਗਲਾਹਟ ਕੱਢ ਕੇ ਹੀ ਜਾਂਦੀ। ਉਹਦੇ ਦੁੱਖ ਮੈਥੋਂ ਵੱਖਰੇ ਹਨ। ਉਹਨੂੰ ਉਹਦੀਆਂ ਦੋਵੇਂ ਨੂੰਹਾਂ ਟਿਕਣ ਨਹੀਂ ਦਿੰਦੀਆਂ। ਉਨ੍ਹਾਂ ਕੋਲੋਂ ਉਹ ਘਰੇ ਬੈਠੀ ਜਰੀ ਨਹੀਂ ਜਾਂਦੀ। ਅੱਧੇ-ਅੱਧੇ ਘੰਟੇ ਬਾਅਦ ਇੱਧਰ-ਉੱਧਰ ਤੋਰੀ ਰੱਖਦੀਆਂ। ਉਹ ਮੇਰੇ ਕੋਲ ਆ ਕੇ ਮੰਜੇ 'ਤੇ ਡਿਗ ਪੈਂਦੀ। ਮੈਂ ਉਸਦੇ ਲਈ ਚਾਹ ਬਣਾ ਲਿਆਉਂਦੀ। ਉਸਦੇ ਬਹਾਨੇ ਨਾਲ ਮੈਂ ਵੀ ਚਾਹ ਪੀ ਲੈਂਦੀ। ਇਕੱਲੀ ਦਾ ਪੀਣ ਨੂੰ ਮਨ ਨਾ ਕਰਦਾ। ਮੇਰੇ ਬਹੁਤੇ ਸੁੱਖ ਸੁਨੇਹੇ ਉਹੀ ਲੈ ਜਾਂਦੀ। ਉਹੀ ਲੈ ਆਉਂਦੀ। ਦੁਕਾਨੋਂ ਚੀਜ਼ਾਂ ਲਿਆ ਦਿੰਦੀ। ਬੀਮਾਰ-ਠਮਾਰ ਹੋਵਾਂ, ਲੱਤਾਂ ਬਾਹਾਂ ਘੁੱਟ ਦਿੰਦੀ। ਕਹਿੰਦੀ, "ਸਿਮਰੋ ਧੀਏ-ਮੈਂ ਬੈਠੀ ਆਂ। ਕੋਈ ਦੁੱਖ ਤਕਲੀਫ ਹੋਵੇ ਤਾਂ ਕਿਸੇ ਨਿਆਣੇ-ਸਿਆਣੇ ਦੇ ਹੱਥੀਂ ਸੁਨੇਹਾ ਭੇਜ ਦਿਆ ਕਰ।"

ਮੈਂ ਉਸੇ ਨਾਲ ਸੰਦੀਪ ਤੇ ਬਲਵਿੰਦਰ ਬਾਰੇ ਆਪਣੀ ਸ਼ੰਕਾ ਜਾਹਿਰ ਕੀਤੀ ਸੀ। ਉਹ ਕੁਝ ਪਲ ਸੋਚਦੀ ਰਹੀ। ਫੇਰ ਮੇਰੇ ਲਾਗੇ ਨੂੰ ਹੋ ਕੇ ਬੋਲੀ, "ਕੁੜੇ, ਤੂੰ ਨਜ਼ਰ ਰੱਖੀਂ। ਨਿਆਣਿਆਂ ਦਾ ਵਿਸਾਅ ਨ੍ਹੀਂ ਕਰੀਦਾ। ਹੋਰ ਨਾ ਕਿਤੇ ਕੋਈ ਅਣਹੋਣੀ ਹੋ ਜਾਵੇ। ਇਹ ਉਮਰ ਹੀ ਅਜਿਹੀ ਹੁੰਦੀ ਆ ਕਿ ਪਤਾ ਹੀ ਨ੍ਹੀਂ ਲੱਗਦਾ ਕੀ ਦਾ ਕੀ ਹੋ ਜਾਂਦਾ....।" ਸੰਦੀਪ ਤੇ ਬਲਵਿੰਦਰ ਇਕੱਠੇ ਬੈਠੇ ਹੁੰਦੇ ਤਾਂ ਮੈਨੂੰ ਚੰਗਾ-ਚੰਗਾ ਲੱਗਦਾ। ਮੈਂ ਉਨ੍ਹਾਂ ਨੂੰ ਕਿਸੇ ਕੰਮ ਲਈ ਆਵਾਜ਼ ਨਾ ਮਾਰਦੀ। ਨਾ ਹੀ ਹਿੜ-ਹਿੜ ਹੱਸਦਿਆਂ ਨੂੰ ਰੋਕਦੀ ਜਾਂ ਟੋਕਦੀ। ਮੇਰੇ ਮਨ 'ਚ ਆਇਆ ਕਿ ਮਾਈ ਵਿਦਿਆ ਨੂੰ ਕਹਾਂ ਕਿ ਉਹ ਬਲਵਿੰਦਰ ਦੇ ਮਨ ਦੀਆਂ ਗੰਢਾਂ ਖੋਲ੍ਹ ਕੇ ਮੈਨੂੰ ਦੱਸੇ। ਫੇਰ ਮੈਂ ਆਪਣੇ ਮਨ ਨੂੰ ਸਮਝਾਇਆ ਐਵੇਂ ਕਿਉਂ ਜਗਤ-ਤਮਾਸ਼ਾ ਬਣਾਉਣਾ। ਮਾਈ ਵਿਦਿਆ ਨੇ ਗੱਲਾਂ-ਗੱਲਾਂ 'ਚ ਮੈਨੂੰ ਕਈ ਵਾਰ ਸਮਝਾਇਆ ਸੀ, "ਐਵੇਂ ਨਾ ਦਿਨੇ ਹੀ ਕਮਰੇ ਨੂੰ ਚਿਟਕਣੀ ਲਾ ਕੇ ਬੈਠਿਆ ਕਰੋ। ਹੁਣ ਉਹ ਬੱਚੇ ਨ੍ਹੀਂ ਰਹੇ।"

ਜਦੋਂ ਦਾ ਦਿਨ ਚੜ੍ਹਿਆ ਮੈਥੋਂ ਰਸੋਈ 'ਚੋਂ ਬਾਹਰ ਨਾ ਨਿਕਲਿਆ ਗਿਆ। ਅਜੇ ਪਹਿਲਾਂ ਪਏ ਭਾਂਡੇ ਸਾਂਭੇ ਨਾ ਜਾਂਦੇ ਕਿ ਚਾਹ ਲਈ ਫੇਰ ਆਵਾਜ਼ ਪੈ ਜਾਂਦੀ। ਚਾਹ ਵਾਲੀ ਟ੍ਰੇਅ ਲੈ ਹਾਜ਼ਰ ਹੋਣਾ ਪੈਂਦਾ। ਇੱਕ ਜਾਂਦਾ-ਦੋ ਹੋਰ ਆ ਜਾਂਦੇ। ਉਨ੍ਹਾਂ ਦੀਆਂ ਗੱਲਾਂ ਨਾ ਮੁਕਦੀਆਂ। ਉਹ ਦੇਵ ਨਾਲ ਆਪਣਾ ਮੋਹ ਜਤਾਉਂਦੇ। ਉਹਨੂੰ ਉਹ ਦੀਆਂ ਭੁੱਲੀਆਂ ਵਿਸਰੀਆਂ ਗੱਲਾਂ ਦੀ ਯਾਦ ਦੁਆਉਂਦੇ। ਫੇਰ ਆਪਣੇ ਰੰਡੀ ਰੋਣੇ ਲੈ ਬੈਠਦੇ। ਕੋਈ ਆਪਣੇ ਮੁੰਡੇ ਦੀ ਕਥਾ ਛੇੜ ਲੈਂਦਾ। ਕੋਈ ਆਪਣੀ ਮੰਦੀ ਹਾਲਤ ਦੀ। ਜਿੱਦਾਂ ਦੇਵ ਉਨ੍ਹਾਂ ਦਾ ਸ਼ਹਿਨਸ਼ਾਹ ਹੋਵੇ। ਸੰਕਟ ਮੁਕਤ ਕਰਨ ਵਾਲਾ ਸ਼ਹਿਨਸ਼ਾਹ। ਮੈਂ ਚਾਹ ਲੈ ਕੇ ਜਾਂਦੀ, ਦੇਵ ਅੱਖ ਬਚਾ ਕੇ ਮੇਰੇ ਵੱਲ ਦੇਖਦਾ। ਅਸੀਂ ਅਸੂਲ ਬਣਾ ਰੱਖਿਆ ਕਿ ਕਿਸੇ ਨੂੰ ਚਾਹ ਪੀਤੇ ਬਿਨਾਂ ਜਾਣ ਨਹੀਂ ਦੇਣਾ। ਜੋ ਕੋਈ ਵੀ ਆਵੇ-ਉਸਨੂੰ ਘਰ ਦੇ ਜੀਅ ਵਾਂਗ ਲੈਣਾ ਹੈ। ਮੇਰੀ ਇਸ ਆਦਤ ਨੇ ਚੰਗਾ ਅਸਰ ਦਿਖਾਇਆ ਸੀ। ਸਾਡੀ ਪੱਤੀ ਹੀ ਕੀ-ਪੰਜੇ ਪੱਤੀਆਂ 'ਚ ਮੇਰੀ ਪ੍ਰਸੰਸਾ ਹੋਈ। ਇਸ ਘਰ ਦੀਆਂ ਸਿਫਤਾਂ ਹੋਈਆਂ। ਦੇਵ ਹੁੱਬ ਕੇ ਕਹਿੰਦਾ, "ਤੇਰੇ ਆਉਣ ਨਾਲ ਮੇਰੀ ਵੀ ਇੱਜ਼ਤ ਵੱਧ ਗਈ। ਐਵੇਂ ਤਾਂ ਨ੍ਹੀਂ ਕਿਹਾ ਜਾਂਦਾ-ਔਰਤ ਘਰ ਦੀ ਲਕਛਮੀ ਹੁੰਦੀ ਆ।" ਮੇਰੀ ਅੱਡੀ ਥੱਲੇ ਨਾ ਲੱਗੀ ਦੇਖ ਉਹਨੂੰ ਮੇਰੀ ਥਕਾਵਟ ਦਾ ਅਹਿਸਾਸ ਹੁੰਦਾ। ਉਸ ਦਾ ਗੁੱਸਾ ਕੁਲਦੀਪ, ਜਗਜੀਤ ਵੱਲ ਉਲਰਦਾ। ਉਹ ਅੰਦਰੇ-ਅੰਦਰ ਕੁੜ੍ਹਦਾ, ਇਨ੍ਹਾਂ ਨੂੰ ਮੋਬਾਇਲ ਤੋਂ ਵਿਹਲ ਨ੍ਹੀਂ ਮਿਲਦੀ। ਉਥੋਂ ਹੱਟਣ ਤਾਂ ਕੰਪਿਊਟਰ 'ਤੇ ਪਤਾ ਨ੍ਹੀਂ ਕੀ ਦਾ ਕੀ ਦੇਖਦੇ ਰਹਿੰਦੇ ਹਨ। ਸਵੇਰ ਨੂੰ ਅੱਠ-ਨੌਂ ਵਜੇ ਤੋਂ ਪਹਿਲਾਂ ਉਠਦੇ ਨ੍ਹੀਂ। ਇੱਧਰ ਉੱਠਦੇ-ਉੱਧਰ ਆਹ ਨ੍ਹੀਂ ਮਿਲਿਆ-ਔਹ ਨ੍ਹੀਂ ਮਿਲ ਰਿਹਾ-ਸਾਰਾ ਘਰ ਸਿਰ 'ਤੇ ਚੁੱਕ ਲੈਂਦੇ-ਹਮੇਂ ਅਭੀ ਅਭੀ ਯੇਹ ਚਾਹੀਏ-ਯੇਹ ਭੀ ਤਿਆਰ ਮਿਲੇ। ਇਨ੍ਹਾਂ ਨੂੰ ਇਸੇ ਦੇ ਲਾਡ ਨੇ ਚੰਭਲਾਇਆ। ਮੈਨੂੰ ਕਹਿ ਦਿੰਦੀ-'ਤੁਸੀਂ ਤੱਤੇ ਨਾ ਹੋਇਆ ਕਰੋ। ਬੱਚੇ ਆਪੇ ਸਮਝ ਜਾਣਗੇ।' ਮੇਰੇ ਜਾਣ ਤੋਂ ਮਗਰੋਂ ਇਹਨੂੰ ਕੀ ਸਮਝਦੇ ਹੋਣੇ। ਪਤਾ ਨ੍ਹੀਂ ਕਿੱਦਾਂ ਪੇਸ਼ ਆਉਂਦੀ ਹੋਊ ਵਿਚਾਰੀ।'



ਮੈਂ ਚੰਗੀ ਭਲੀ ਜਾਣਦੀ ਹਾਂ ਕਿ ਉਹ ਕੁਝ ਨਹੀਂ ਕਰ ਸਕਦਾ। ਵਿਚਾਰਾ। ਜਦੋਂ ਮੈਂ ਇਸ ਘਰ ਆਈ ਤਾਂ ਮਾਸਕਟ ਤੋਂ ਦੋ ਮਹੀਨੇ ਦੀ ਛੁੱਟੀ ਆਏ ਦੇਵ ਨੂੰ ਤਾਂ ਸਾਂਭਣਾ ਹੀ ਸੀ-ਇਨ੍ਹਾਂ ਦੋਹਾਂ ਮੁੰਡਿਆਂ ਨੂੰ ਵੀ ਸੰਭਾਲਿਆ। ਇਹ ਕਿਸੇ ਚੀਜ਼ ਦੀ ਪ੍ਰਵਾਹ ਨਹੀਂ ਕਰਦੇ ਸਨ। ਘੰਟਾ ਕੁ ਪਹਿਲਾਂ ਮੈਂ ਜਿਥੇ ਕੋਈ ਚੀਜ਼ ਰੱਖਦੀ ਮੁੜ ਕੇ ਮੈਨੂੰ ਉਸ ਜਗ੍ਹਾ ਨਾ ਮਿਲਦੀ। ਜਿਹੜਾ ਵੀ ਨਹਾਉਂਦਾ-ਤੌਲੀਆ ਗੁੱਛਾ-ਮੁੱਛਾ ਕਰਕੇ ਇਕ ਪਾਸੇ ਨੂੰ ਸੁੱਟ ਦਿੰਦਾ। ਸਾਰੇ ਟੱਬਰ ਦਾ ਇਕੋ ਤੌਲੀਆ। ਮੈਂ ਪੰਜ ਤੌਲੀਏ ਮੰਗਵਾਏ। ਅੱਡ-ਅੱਡ ਰੰਗਾਂ ਦੇ। ਗੱਡੀ ਲਾਈਨ ਤੋਂ ਹੇਠਾਂ ਲੱਥੀ ਹੋਈ ਸੀ ਜਿਸ ਨੂੰ ਰੁੱਖ ਸਿਰ ਕਰਨ 'ਚ ਛੇ ਮਹੀਨੇ ਲੱਗੇ। ਮੈਂ ਸਮਝਾਉਣ ਵਾਲਾ ਫਾਰਮੂਲਾ ਅਪਣਾਇਆ। ਜਿਥੇ ਕਿਤੇ ਫੇਲ੍ਹ ਹੁੰਦੀ ਦਿੱਸੀ-ਉੱਥੇ ਜੁਰਮਾਨਾ ਰੱਖ ਦਿੱਤਾ। ਸਜ਼ਾ ਰੱਖੀ। ਝਿੜਕਿਆ। ਗੁੱਸਾ ਵੀ ਦਿਖਾਇਆ। ਕੰਮ ਵੰਡ ਲਏ। ਬੱਚੇ ਸਨ। ਮੁੜ੍ਹ-ਮੁੜ੍ਹ ਬਾਗੀ ਹੋ ਜਾਂਦੇ। ਲੋਕਾਂ ਦੀ ਚੁੱਕਤ 'ਚ ਆ ਜਾਂਦੇ। ਮੇਰਾ ਕੰਮ ਸਮਝਾਉਣਾ ਸੀ। ਮੈਂ ਕਿਤੇ ਵੀ ਕੋਈ ਗਲਤੀ ਨਹੀਂ ਕੀਤੀ।

ਬਲਵਿੰਦਰ ਦੀ ਸੱਸ ਬੀਮਾਰ ਹੋ ਗਈ ਸੀ। ਟੈਲੀਫੋਨ ਸੁਣਦਿਆਂ ਹੀ ਉਹ ਜਾਣ ਲਈ ਕਾਹਲੀ ਪੈ ਗਈ। ਇੱਧਰ ਉੱਧਰ ਖਿਲਰੇ ਪਏ ਕੱਪੜਿਆਂ ਨੂੰ ਬੈੱਗ 'ਚ ਤੁੰਨਦਿਆਂ ਹੋਇਆਂ ਉਸ ਆਪਣੀ ਮਜ਼ਬੂਰੀ ਜ਼ਾਹਿਰ ਕੀਤੀ, "ਮੰਮੀ ਜੀ, ਤੁਹਾਨੂੰ ਮੇਰਾ ਜਾਣਾ ਚੰਗਾ ਨ੍ਹੀਂ ਲੱਗਣਾ। ਮੈਂ ਵੀ ਕੀ ਕਰਾਂ? ਮੈਨੂੰ ਆਪਣਾ ਘਰ ਦੇਖਣਾ ਪੈਣਾਂ। ਤੁਹਾਥੋਂ ਵੱਧ ਮੇਰੇ ਹਾਲਾਤ ਨੂੰ ਹੋਰ ਕੌਣ ਸਮਝ ਸਕਦਾ। ਮੇਰੇ ਚੰਗੇ ਮੰਮੀ-ਮੈਂ ਜਾਣਾ ਨ੍ਹੀਂ ਚਾਹੁੰਦੀ। ਕਰ ਵੀ ਕੀ ਸਕਦੀ ਆਂ? ਮੇਰੀ ਸੱਸ ਬਹੁਤ ਕੁਪੱਤੀ ਆ। ਮੈਂ ਨਾ ਗਈ ਤਾਂ ਉਸ ਮੇਰਾ ਜਿਉਣਾ ਦੁਬੱਰ ਕਰ ਦੇਣਾ। ਜੇ ਉਹ ਠੀਕ ਹੋਈ ਤਾਂ ਮੈਂ ਸਵੇਰ ਨੂੰ ਮੁੜ ਆਊਂ। ਡੈਡੀ ਜੀ ਨੇ ਤਾਂ ਕੱਲ੍ਹ ਰਾਤ ਨੂੰ ਜਾਣਾ। ਓ. ਕੇ. ਐਦਾਂ ਨ੍ਹੀਂ-ਜ਼ਰਾ ਮੁਸਕਰਾ ਕੇ....।"

ਬਲਵਿੰਦਰ ਬਹੁਤ ਬੀਬੀ ਧੀ ਹੈ। ਮੇਰੀ ਬਹੁਤ ਇੱਜ਼ਤ ਕਰਦੀ ਹੈ। ਹਰ ਹਫ਼ਤੇ ਫੋਨ 'ਤੇ ਹਾਲ-ਚਾਲ ਪੁੱਛਦੀ ਹੈ। ਸਮਝਾਉਂਦੀ ਹੈ, "ਮੁੰਡਿਆਂ ਨੂੰ ਖਿਚ ਕੇ ਰੱਖਿਆ ਕਰੋ। ਤੁਹਾਡੀ ਦਿੱਤੀ ਮਾੜੀ ਜਿਹੀ ਢਿੱਲ ਨੇ ਹੀ ਇਨ੍ਹਾਂ ਨੂੰ ਵਿਗਾੜ ਦੇਣਾ। ਡੈਡੀ ਤਾਂ ਪ੍ਰਦੇਸੀ ਪੰਛੀ ਨੇ।" ਜਦੋਂ ਵੀ ਆਏ-ਮੈਨੂੰ ਕੋਈ ਕੰਮ ਨਹੀਂ ਕਰਨ ਦਿੰਦੀ। ਅੱਗੇ-ਅੱਗੇ ਦੌੜੀ ਫਿਰਦੀ। ਮੈਂ ਕਹਿੰਦੀ, "ਤੂੰ ਇਥੇ ਰਹਿ ਕੇ ਅਰਾਮ ਕਰ ਲੈ। ਤੈਨੂੰ ਆਪਣੇ ਘਰ ਦੇ ਕੰਮ ਥਕਾ ਦਿੰਦੇ ਹੋਣੇ।" ਅੱਗੋਂ ਉਹ ਹੋਰ ਸਿਆਣੀ ਬਣ ਜਾਂਦੀ, "ਜਿੰਨਾ ਕੋਈ ਵਿਹਲਾ ਰਹੇਗਾ-ਉੱਨੀ ਹੀ ਹੱਡ-ਹਰਾਮੀ ਪੈ ਜਾਊਗੀ। ਹੱਥ-ਪੈਰ ਚਲਦੇ ਰਹਿਣੇ ਚਾਹੀਦੇ ਨੇ।" ਮੈਂ ਆਪ ਕਦੇ ਉਸ ਨਾਲ ਫ਼ਰਕ ਨਹੀਂ ਕੀਤਾ। ਹਮੇਸ਼ਾ ਬੈੱਗ ਭਰ ਕੇ ਤੋਰਦੀ ਹਾਂ।

ਮੇਰੇ ਸਾਹਮਣੇ ਢੇਰ ਸਾਰੇ ਕੰਮ ਹਨ। ਕਈ ਕੰਮ ਮੈਂ ਆਪ ਵਧਾਏ ਹੋਏ ਹਨ। ਮੈਨੂੰ ਕੀ ਲੋੜ ਸੀ-ਦੋ-ਦੋ ਮੱਝਾਂ ਰੱਖਣ ਦੀ। ਦੋ-ਢਾਈ ਕਿਲੋ ਦੁੱਧ ਮੁੱਕਦਾ ਨਹੀਂ। ਜਿਥੋਂ ਦੁੱਧ ਆਉਂਦਾ ਉਥੋਂ ਲੱਸੀ ਦੀ ਕੇਨੀ ਆ ਜਾਂਦੀ। ਦੇਵ ਨੇ ਮਨ੍ਹਾਂ ਕੀਤਾ ਸੀ। ਮੈਂ ਉਹਨੂੰ ਟੈਲੀਫੋਨ 'ਤੇ ਆਪਣੀ ਮਜ਼ਬੂਰੀ ਦੱਸੀ ਸੀ, "ਮੈਂ ਕੀ ਕਰਦੀ ਆਂ। ਪੱਠੇ ਵੱਢ ਕੇ, ਕੁਤਰ ਕੇ ਰਾਮੂ ਰੱਖ ਜਾਂਦਾ। ਉਹੀ ਪਸ਼ੂਆਂ ਨੂੰ ਪਾਣੀ ਪਿਲਾਉਂਦਾ। ਮੈਨੂੰ ਦੋ-ਢਾਈ ਘੰਟਿਆਂ ਬਾਅਦ ਹਵੇਲੀ ਗੇੜਾ ਮਾਰਨਾ ਪੈਂਦਾ। ਖੁਰਲੀਆਂ 'ਚ ਪੱਠੇ ਪਾ ਆਉਂਦੀ ਆਂ। ਫਾਉੜੇ ਨਾਲ ਗੋਹਾ ਹਟਾ ਦਿੰਦੀ ਆਂ। ਮੈਂ ਤਾਂ ਸਿਰਫ਼ ਦੋ ਵੇਲੇ ਮੱਝਾਂ ਚੋਣੀਆਂ ਹੁੰਦੀਆਂ। ਮੈਨੂੰ ਇਹ ਕੰਮ ਕਰਨੇ ਚੰਗੇ ਲੱਗਦੇ। ਮੈਂ ਰੁੱਝੀ ਰਹਿੰਦੀ ਆਂ। ਘਰੋਂ ਹਵੇਲੀ ਤੇ ਹਵੇਲੀਉਂ ਘਰ ਤਕ। ਲੈ-ਤੈਨੂੰ ਪਤਾ ਨ੍ਹੀਂ ਮੈਂ ਤਾਂ ਇੱਕ ਬੱਕਰੀ ਵੀ ਰੱਖੀ ਹੋਈ ਆ। ਉਹਦਾ ਦੁੱਧ ਕੁੱਤੇ ਨੂੰ ਪਿਲਾ ਦਿੰਨੀ। ਬੱਕਰੀ ਦੇ ਸਿਰ 'ਤੇ ਡੱਬ-ਖੜੱਬਾ ਬਣਿਆ ਫੁੱਲ ਮੈਨੂੰ ਬੜਾ ਸੋਹਣਾ ਲੱਗਦਾ।"

ਹੁਣ ਦੇਵ ਨੇ ਘੰਟੇ-ਡੇਢ ਘੰਟੇ ਤੋਂ ਪਹਿਲਾਂ ਨਹੀਂ ਮੁੜਨਾ। ਉਹ ਆਪਣੇ ਲੰਗੋਟੀਏ ਦੋਸਤ ਕੇਵਲ ਦੇ ਨਾਲ ਉਹ ਦੀ ਨਵੀਂ ਬਣ ਰਹੀ ਕੋਠੀ 'ਚ ਲੱਗ ਰਹੀਆਂ ਟਾਈਲਾਂ ਦੇਖਣ ਗਿਆ।

ਅਜੇ ਕਈ ਕੰਮ ਕਰਨ ਵਾਲੇ ਪਏ ਹਨ। ਉਹਦਾ ਸਾਮਾਨ ਪੈਕ ਕਰਨ ਵਾਲਾ ਪਿਆ। ਪਹਿਲਾਂ ਇਹਨੂੰ ਨਬੇੜ ਲਵਾਂ। ਕਾਹਲੀ-ਕਾਹਲੀ 'ਚ ਕੋਈ ਚੀਜ਼ ਨਾ ਰਹਿ ਜਾਵੇ। ਦੇਵ ਦਾ ਚੇਤਾ ਵੀ ਨਿਆਣਿਆਂ ਜਿਹਾ। ਉਹ ਨੂੰ ਕਿੰਨੀ ਵਾਰ ਕਿਹਾ ਸੀ ਕਿ ਆਪਣਾ ਸਾਮਾਨ ਆਪ ਹੀ ਪੈਕ ਕਰ ਲਵੇ। ਉਸ ਮੇਰੀ ਗੱਲ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਸੀ। ਕੰਨਾ-ਘੇਸੀ ਮਾਰ ਗਿਆ ਸੀ। ਜਿੱਦਾਂ ਹੋਰ ਕੰਮਾਂ ਵਾਂਗੂ ਇਹਦੀ ਜ਼ਿੰਮੇਵਾਰੀ ਸਿਰਫ਼ ਮੇਰੀ ਹੀ ਹੋਵੇ। ਉਸ ਇੰਨਾ ਕਹਿ ਕੇ ਸਾਰ ਦਿੱਤਾ ਸੀ, "ਤੂੰ ਕਿਉਂ ਕਾਹਲੀ ਪਈਂ? ਕੀ ਪਤਾ ਮੈਨੂੰ ਆਪਣਾ ਕਿਹੜਾ-ਕਿਹੜਾ ਸਾਮਾਨ ਕੱਢਣਾ ਪੈਣਾ। ਕਿਹੜਾ-ਕਿਹੜਾ ਰੱਖਣਾ ਪੈਣਾ। ਅਜੇ ਕੇਸਰ ਨੇ ਆਉਣਾ। ਜੀਤ ਨੇ ਆਉਣਾ। ਉਨ੍ਹਾਂ ਨੂੰ ਨਾਂਹ ਕਿੱਦਾਂ ਹਊ। ਉਨ੍ਹਾਂ ਦਾ ਸਾਮਾਨ ਵੀ ਕੀ ਹੋਣਾ? ਕੁੜਤੇ ਪਜਾਮੇ। ਕੱਛੇ। ਆਚਾਰ। ਘਰ ਦਾ ਮਾਰਿਆ ਖੋਆ। ਚਿੱਠੀਆਂ। ਪਹਿਲਾਂ ਆਪ ਰੋਂਦੀਆਂ। ਫੇਰ ਪੜ੍ਹਣ ਵਾਲੇ ਨੂੰ ਰੁਆਉਂਦੀਆਂ।" ਮੈਂ ਕੁਝ ਪੁੱਛਦੀ, ਉਹ ਕੁਝ ਹੋਰ ਹੀ ਲਾਲਚ ਦੇਣ ਲੱਗ ਜਾਂਦਾ, "ਅਗਲੇ ਮਹੀਨੇ ਕੋਟਲੇ ਵਾਲੇ ਕੰਵਲਜੀਤ ਨੇ ਆਉਣਾ। ਅਕਤੂਬਰ 'ਚ ਸਮਰਾਲੇ ਵਾਲੇ ਜਸਬੀਰ ਦੀ ਛੁੱਟੀ ਬਣਦੀ। ਜੇ ਕੋਈ ਹੋਰ ਚੀਜ਼ ਚਾਹੀਦੀ ਤਾਂ ਦੱਸ, ਮੈਂ ਉਨ੍ਹਾਂ ਦੇ ਹੱਥੀਂ ਭੇਜ ਦਊਂ।" ਮੇਰੇ ਜੁਆਬ ਉਡੀਕੇ ਬਿਨਾਂ ਹੀ ਬੋਲੀ ਜਾਂਦਾ, "ਮੇਰੇ ਖਿਆਲ ਵਿੱਚ ਕਾਫ਼ੀ ਚੀਜ਼ਾਂ ਹੋ ਗਈਆਂ। ਫੇਰ ਵੀ ਕੋਈ ਰਹਿੰਦੀ ਆ ਤਾਂ ਦੇਖ ਲੈ। ਤੇਰੀ ਕੋਈ ਰੀਝ ਨਾ ਰਹਿ ਜਾਵੇ।" ਮੈਂ ਚੀਕ-ਚੀਕ ਕੇ ਕਹਿਣਾ ਚਾਹੁੰਦੀ ਕਿ ਇਸ ਘਰ 'ਚ ਸਭ ਕੁਝ ਹੁੰਦਿਆਂ ਹੋਇਆਂ ਵੀ ਮੇਰੇ ਕੋਲ ਕੁਝ ਨਹੀਂ। ਉਹਦੇ ਮੁੰਡੇ ਵਧੇ-ਰੁਧੇ ਮੈਨੂੰ ਮੰਮੀ ਜੀ-ਮੰਮੀ ਜੀ ਕਹਿੰਦੇ। ਜਦੋਂ ਉਨ੍ਹਾਂ ਕੋਈ ਚੀਜ਼ ਲੈਣੀ ਹੁੰਦੀ ਹੈ ਤਾਂ ਮੇਰੇ ਅੱਗੇ-ਪਿੱਛੇ ਦੌੜਦੇ ਫਿਰਦੇ ਹਨ-ਅੱਗੋਂ ਪਿੱਛੋਂ ਮੈਂ ਜਿੰਨੀਆਂ ਮਰਜ਼ੀ ਆਵਾਜ਼ਾਂ ਮਾਰੀ ਜਾਵਾਂ-ਉਹ ਮੇਰੇ ਵੱਲ ਧਿਆਨ ਹੀ ਨਹੀਂ ਦਿੰਦੇ। ਮੈਂ ਉਨ੍ਹਾਂ ਨੂੰ ਮਾਂ ਵਾਲਾ ਪਿਆਰ ਦਿੱਤਾ ਪਰ ਉਨ੍ਹਾਂ ਮੈਨੂੰ ਪੁੱਤਾਂ ਵਾਲਾ ਸੁੱਖ ਨਹੀਂ ਦਿੱਤਾ। ਸ਼ਾਇਦ ਮੈਥੋਂ ਹੀ ਕਿਤੇ ਕੋਈ ਗਲਤੀ ਰਹਿ ਗਈ ਹੋਵੇ। ਮੈਂ ਉਨ੍ਹਾਂ ਤੋਂ ਪਹਿਲਾਂ ਉੱਠਦੀ ਹਾਂ। ਬਾਅਦ 'ਚ ਸੌਂਦੀ ਹਾਂ। ਮਨ ਨੂੰ ਧੁੜਕੂ ਲੱਗਾ ਰਹਿੰਦਾ ਕਿ ਉਹ ਕੋਈ ਗਲਤ ਰਾਹ ਨਾ ਅਖਤਿਆਰ ਕਰ ਲੈਣ। ਸਾਡੀ ਪੱਤੀ ਵਾਲੇ ਚੜ੍ਹਦੀ ਉਮਰ ਦੇ ਮੁੰਡੇ ਗੋਲੀਆਂ ਖਾਣ ਦੇ ਆਦੀ ਹੋ ਗਏ। ਜੇ ਇਹ ਕੋਈ ਗਲਤੀ ਕਰ ਬੈਠੇ ਤਾਂ ਉਲਾਂਭਾ ਮੈਨੂੰ ਹੀ ਮਿਲਣਾ। ਜਦੋਂ ਸੋਚਾਂ ਸ਼ੁਰੂ ਹੋ ਜਾਣ-ਫੇਰ ਨਾ ਤਾਂ ਮੈਨੂੰ ਚੈਨ ਆਉਂਦੀ ਹੈ ਤੇ ਨਾ ਹੀ ਨੀਂਦ।

ਇਹ ਘਰ ਮੈਨੂੰ ਉਪਰਾ-ਉਪਰਾ ਲੱਗਦਾ ਹੈ। ਜਿੱਦਾਂ ਇਥੇ ਮੇਰਾ ਕੋਈ ਵੀ ਆਪਣਾ ਨਾ ਹੋਵੇ।

ਮੈਂ ਇਥੇ ਆ ਕੇ ਕੀ ਖੱਟਿਆ?

ਹੁਣ ਮੈਨੂੰ ਕਦੇ-ਕਦੇ ਦੇਵ ਨਾਲ ਵੀ ਨਫ਼ਰਤ ਹੋਣ ਲੱਗੀ ਹੈ। ਮੈਨੂੰ ਆਪਣਾ ਆਪਾ ਖਾਲੀ-ਖਾਲੀ ਲੱਗਦਾ ਹੈ। ਜੇ ਉਹ ਮੇਰੇ ਕੋਲ ਵੀ ਬੈਠਾ ਹੋਵੇ ਤਾਂ ਮੈਨੂੰ ਇਹੀ ਭੁਲੇਖਾ ਪੈਂਦਾ ਰਹਿੰਦਾ ਹੈ ਕਿ ਉਹ ਗੈਰ-ਹਾਜ਼ਰ ਹੈ। ਉਹਨੂੰ ਮੇਰੀ ਰੂਹ ਨਹੀਂ, ਸਿਰਫ਼ ਤੇ ਸਿਰਫ਼ ਖੂਬਸੂਰਤ ਜਿਸਮ ਚਾਹੀਦਾ ਹੈ। ਜਿੱਦਾਂ-ਜਿੱਦਾਂ ਉਸ ਦੀਆਂ ਛੁੱਟੀਆਂ ਘੱਟਦੀਆਂ ਜਾਂਦੀਆਂ ਹਨ ਤਿਵੇਂ-ਤਿਵੇਂ ਭੁਲੇਖਾ ਯਕੀਨ 'ਚ ਬਦਲ ਜਾਂਦਾ ਹੈ। ਮੇਰਾ ਮਨ ਤੇ ਤਨ ਦੋਵੇਂ ਸੌਂ ਜਾਂਦੇ ਹਨ। ਨਿਰਜਿੰਦ। ਸਰੀਰ ਸਿੱਕੇ ਵਾਂਗ ਭਾਰਾ ਹੋ ਜਾਂਦਾ ਹੈ। ਜਿੱਦਾਂ ਉਹ ਚਾਹੁੰਦਾ, ਮੈਂ ਚੁੱਪਚਾਪ ਕਰਦੀ ਹਾਂ। ਮੈਥੋਂ ਵਿਰੋਧ ਨਹੀਂ ਕਰ ਹੁੰਦਾ। ਮੇਰੀ ਸੋਚਣ ਸ਼ਕਤੀ ਜੁਆਬ ਦੇ ਜਾਂਦੀ ਹੈ। ਮੈਂ ਮਸ਼ੀਨ ਬਣ ਜਾਂਦੀ ਹੈ।

ਸ਼ਾਇਦ ਦੇਵ ਤੇ ਸੰਦੀਪ ਏਅਰਪੋਰਟ 'ਤੇ ਮਿਲ ਪੈਣ।

ਸੰਦੀਪ ਦਾ ਸਾਮਾਨ ਲਕਛਮੀ ਨੇ ਪੈਕ ਕਰ ਦਿੱਤਾ ਹੋਣਾ ਹੈ। ਉਹ ਬਹੁਤ ਸਿਆਣੀ ਕੁੜੀ ਹੈ। ਜੇ ਨਾ ਕੀਤਾ ਹੋਇਆ ਤਾਂ ਉਹੀ ਕਰ ਰਹੀ ਹੋਵੇਗੀ। ਮਾਂ ਕੋਲ ਬੈਠੀ ਹੋਵੇਗੀ। ਉਹਨੂੰ ਸਮਝਾ ਰਹੀ ਹੋਵੇਗੀ। ਉਨ੍ਹਾਂ ਕੋਲ ਬੈਠਾ ਸੰਦੀਪ ਮੈਨੂੰ ਉਡੀਕ ਰਿਹਾ ਹੋਵੇਗਾ। ਪਰ ਮੈਂ ਕਿੱਦਾਂ ਜਾਵਾਂ? ਮੈਂ ਉਹਨੂੰ ਕਿੱਦਾਂ ਦੱਸਾਂ ਕਿ ਮੈਂ



ਉਹਨੂੰ ਮਿਲਣ ਵੀ ਨਹੀਂ ਆ ਸਕੀ। ਤਿੰਨਾਂ ਹਫ਼ਤਿਆਂ ਤੋਂ ਦੇਵ ਦੇ ਰੁਝੇਵਿਆਂ ਨੇ ਮੈਨੂੰ ਸਾਹ ਲੈਣਾ ਔਖਾ ਕਰੀ ਰੱਖਿਆ। ਪੰਜ-ਛੇ ਦਿਨ ਲੋਕਾਂ ਦਾ ਸਾਮਾਨ ਪਹੁੰਚਾਉਣ 'ਚ ਲੱਗ ਗਏ। ਉਹ ਇਕੱਲਾ ਨਾ ਜਾਂਦਾ। ਮਲੋਜੋਰੀ ਮੈਨੂੰ ਤਿਆਰ ਕਰ ਲੈਂਦਾ। ਕਹਿੰਦਾ-'ਤੂੰ ਤੁਰ ਕੇ ਜਾਣਾ। ਸਕੂਟਰ ਪਿੱਛੇ ਬੈਠ। ਆਪਾਂ ਜਾਣ-ਆਉਣ ਕਰਨਾ।' ਉਹ ਦੀਆਂ ਆਪਣੀਆਂ ਅੰਗਲੀਆਂ-ਸੰਗਲੀਆਂ ਨਹੀਂ ਮੁਕੀਆਂ। ਕਦੇ ਕਿਸੇ ਦੇ ਜਾਣਾ ਪੈਂਦਾ। ਕਦੇ ਕੋਈ ਮਿਲਣ ਆ ਜਾਂਦਾ।

ਲੌਬੀ 'ਚ ਨਜ਼ਰ ਦੌੜਾਉਂਦੀ ਹਾਂ। ਮੈਨੂੰ ਇਸ ਘਰ ਦੀਆਂ ਕੰਧਾਂ ਤੋਂ ਡਰ ਲੱਗਦਾ ਹੈ। ਮੈਨੂੰ ਖ਼ੁਦ ਤੋਂ ਡਰ ਲੱਗਦਾ ਹੈ। ਮੈਨੂੰ ਦੇਵ ਤੇ ਉਸ ਦੀ ਔਲਾਦ ਤੋਂ ਡਰ ਲੱਗਦਾ ਹੈ। ਮੈਨੂੰ ਇਥੇ ਆਈ ਨੂੰ ਪੰਦਰਾਂ ਸਾਲ ਹੋ ਗਏ ਹਨ। ਅਜੇ ਤਾਈਂ ਇਹ ਘਰ ਮੇਰਾ ਘਰ ਨਹੀਂ ਬਣ ਸਕਿਆ। ਇਹ ਤਾਂ ਦੇਵ ਦਾ ਘਰ ਹੈ। ਦੇਵ ਦੇ ਦੋਹਾਂ ਮੁੰਡਿਆਂ ਦਾ ਘਰ ਹੈ। ਇਥੇ ਮੇਰਾ ਕੀ ਹੈ? ਮੈਨੂੰ ਇਥੇ ਆ ਕੇ ਕੀ ਮਿਲਿਆ? ਬੀਬੀ ਨੂੰ ਜਵਾਈ ਮਿਲ ਗਿਆ। ਜਿੱਦਾਂ ਦਾ ਉਹ ਚਾਹੁੰਦੀ ਸੀ ਉੱਦਾਂ ਦਾ ਜਵਾਈ ਭਾਈ। ਵੱਡੜੇ ਵਾਸਦੇਵ ਨੂੰ ਅਸਾਮੀ ਚਾਹੀਦੀ ਸੀ ਜਿਹੜੀ ਵੇਲੇ ਕੁਵੇਲੇ ਉਹਦਾ ਬੁੱਤਾ ਸਾਰ ਦੇਵੇ। ਕੋਈ ਦਿਨ ਸੁਧ ਹੋਵੇ ਜਾਂ ਗ਼ਮੀ, ਮੈਨੂੰ ਸੁਣਨਾ ਪੈਂਦਾ, "ਇਹ ਦੇਵ ਦੀ ਦੂਜੀ ਘਰ ਵਾਲੀ ਆ।"

ਮੈਨੂੰ 'ਦੂਜੀ' ਸ਼ਬਦ ਨਾਲ ਚਿੜ੍ਹ ਹੈ। ਗਿਆਨ ਤਾਂ ਮੈਨੂੰ ਅੱਧ ਵਿਚਕਾਰ ਛੱਡ ਕੇ ਤੁਰ ਗਿਆ ਸੀ। ਮੈਂ ਕਿਸੇ ਪਾਸੇ ਜੋਗੀ ਨਹੀਂ ਰਹੀ ਸੀ। ਔਰਤਾਂ ਦਾ ਆਖਿਰੀ ਸਹਾਰਾ ਪੇਕਿਆਂ ਦਾ ਘਰ ਹੁੰਦਾ। ਮੈਂ ਸੰਦੀਪ ਦੀ ਉਂਗਲ ਫੜ ਕੇ ਮਾਂ ਕੋਲ ਆ ਗਈ ਸੀ। ਫੇਰ ਭਾਬੀ ਨੇ ਮੇਰਾ ਜਿਊਣਾ ਦੁੱਭਰ ਕਰ ਦਿੱਤਾ ਸੀ। ਸਾਲ ਕੁ ਮਸਾਂ ਬੀਤਿਆਂ ਸੀ ਕਿ ਬੀਬੀ ਨੇ ਸਮਝਾਉਣਾ ਸ਼ੁਰੂ ਕਰ ਦਿੱਤਾ, "ਧੀਏ, ਮਰਣ ਵਾਲਾ ਤਾਂ ਮਰ ਕੇ ਫਾਰਿਗ ਹੋ ਗਿਆ। ਮਰਿਆਂ ਦੇ ਨਾਲ ਮਰਿਆਂ ਨ੍ਹੀਂ ਜਾਂਦਾ। ਤੂੰ ਆਪਣੇ ਬਾਰੇ ਸੋਚ।" ਇਕ ਦਿਨ ਮੈਂ ਬੀਬੀ ਨੂੰ ਕਹਿ ਦਿੱਤਾ, "ਜਿੱਦਾਂ ਤੁਹਾਨੂੰ ਚੰਗਾ ਲੱਗਦਾ ਕਰ ਲਉ। ਜਿੱਥੇ ਮੈਂ ਜਾਊਂਗੀ। ਉਥੇ ਮੇਰਾ ਪੁੱਤ ਜਾਊ।" ਪਰ ਜਿੱਦਾਂ ਕੋਈ ਸੋਚਦਾ, ਉਦਾਂ ਕਦੇ ਹੁੰਦਾ ਨਹੀਂ। ਕੁਦਰਤ ਨੂੰ ਪਤਾ ਨਹੀਂ ਕੀ ਮੰਜ਼ੂਰ ਹੁੰਦਾ।.. ਲੋਕਾਂ ਲਈ ਮੈਂ ਇਸ ਘਰ ਦੀ ਮਾਲਕਣ ਹਾਂ। ਮੇਰੇ ਬੈਂਕ ਅਕਾਊਂਟ 'ਚ ਦਸ ਲੱਖ ਰੁਪਿਆ ਹੈ। ਦੇਵ ਹੈ। ਉਸ ਤਾਂ ਇਥੋਂ ਤੱਕ ਕਿਹਾ ਸੀ ਕਿ ਜੇ ਮੇਰੇ ਮਨ 'ਚ ਕੋਈ ਸ਼ੰਕਾ ਹੈ ਤਾਂ ਘਰ ਵੀ ਆਪਣੇ ਨਾਂ ਕਰਵਾ ਲੈ। ਮੈਂ ਉਹਦੇ ਬੁੱਲ੍ਹਾਂ 'ਤੇ ਆਪਣੇ ਬੁੱਲ੍ਹ ਰੱਖ ਦਿੱਤੇ ਸਨ। ਉਹ ਮੇਰਾ ਬਹੁਤ ਖਿਆਲ ਰੱਖਦਾ ਹੈ। ਨਿੱਕੀ ਤੋਂ ਨਿੱਕੀ ਗੱਲ 'ਚ ਮੇਰੀ ਸਲਾਹ ਲੈਂਦਾ ਹੈ।

ਸੰਦੀਪ ਨੂੰ ਕੀ ਮਿਲਿਆ?

ਸੰਦੀਪ ਬਾਹਰਲੇ ਦਰਵਾਜ਼ੇ ਵੱਲ ਦੇਖ ਰਿਹਾ ਹੋਣਾਂ। ਉਹਦੀਆਂ ਨਜ਼ਰਾਂ ਘੜੀ ਦੀਆਂ ਸੂਈਆਂ 'ਤੇ ਟਿਕੀ ਹੋਣੀਆਂ। ਉਹ ਆਪਣੀਆਂ ਉਂਗਲਾਂ ਦੇ ਪਟਾਕੇ ਵਜਾ ਰਿਹਾ ਹੋਣਾਂ। ਉਹਨੂੰ ਪਤਾ-ਮੇਰੇ ਆਉਣ ਦਾ ਸਮਾਂ ਸਾਢੇ ਗਿਆਰਾਂ ਵਜੇ ਹੁੰਦਾ। ਉਦੋਂ ਸਿੱਧੀ ਬੱਸ ਆਉਂਦੀ। ਹੁਣ ਗਿਆਰਾਂ ਚਾਲੀ ਹੋ ਗਏ। ਉਹਦੀ ਬੇਚੈਨੀ ਵੱਧ ਗਈ ਹੋਣੀ। ਉਸ ਵਾਰ-ਵਾਰ ਟੈਲੀਫੋਨ ਦਾ ਨੰਬਰ ਮਿਲਾਇਆ ਹੋਣਾਂ। ਖਿਝਿਆ ਹੋਣਾਂ ਕਿ ਇੰਨੇ ਦਿਨਾਂ ਦਾ ਫੋਨ ਕਿਉਂ ਨਹੀਂ ਮਿਲਿਆ। ਦੇਵ ਦੇ ਮੋਬਾਇਲ 'ਤੇ ਕਿਉਂ ਨਹੀਂ ਫੋਨ ਕੀਤਾ। ਨਾ ਹੀ ਮੁੰਡਿਆਂ ਦੇ ਮੋਬਾਇਲ 'ਤੇ ਫੋਨ ਕੀਤਾ। ਨਿੱਕਾ ਹੁੰਦਾ, ਉਹ ਕੋਠੇ 'ਤੇ ਖੜ੍ਹਾ ਹੁੰਦਾ ਸੀ। ਟੇਢਾ ਹੋ ਕੇ ਗਲੀ 'ਚ ਦੂਰ ਤਕ ਨਜ਼ਰ ਦੌੜਾਉਂਦਾ। ਜਿਸ ਦਿਨ ਮੈਂ ਆਉਣਾ ਹੁੰਦਾ ਉਹ ਉਸ ਦਿਨ ਸਕੂਲ ਨਾ ਜਾਂਦਾ।

ਹੁਣ ਉਹ ਕੀ ਕਰ ਰਿਹਾ ਹੋਵੇਗਾ? ਮੈਨੂੰ ਪਤਾ ਨਹੀਂ ਲੱਗ ਰਿਹਾ। ਮੈਂ ਇਹ ਵੀ ਜਾਣਦੀ ਹਾਂ ਕਿ ਉਹ ਕਿਸੇ ਨਾਲ ਬਹੁਤਾ ਖੁੱਲ੍ਹਦਾ ਨਹੀਂ। ਨਾ ਹੀ ਦਿਲ ਦੀ ਗੱਲ ਕਿਸੇ ਨਾਲ ਸਾਂਝੀ ਕਰਦਾ। ਉਹ ਪਿਉ ਦੀ ਘਾਟ ਮਹਿਸੂਸ ਕਰਦਾ। ਮੈਂ ਹੁੰਦਿਆਂ-ਸੁੰਦਿਆਂ ਹੋਇਆਂ ਵੀ ਨਾ ਹੋਇਆਂ ਦੇ ਬਰੋਬਰ ਹਾਂ। ਲਕਛਮੀ ਬਾਰੇ

ਮੈਂ ਕੁਝ ਨਹੀਂ ਕਹਿ ਸਕਦੀ। ਮੈਂ ਉਸ ਕੋਲ ਹਫਤਾ ਵੀ ਨਹੀਂ ਰਹੀ। ਹਫਤੇ ਦਸ ਦਿਨਾਂ ਬਾਅਦ ਟੈਲੀਫੋਨ 'ਤੇ ਉਹ ਦੀ ਰਾਜ਼ੀ-ਬਾਜ਼ੀ ਪੁੱਛ ਲੈਣੀਂ ਹਾਂ। ਉਹਨੇ ਉਸ ਨੂੰ ਮੇਰੇ ਬਾਰੇ ਦੱਸਿਆ ਹੋਣਾਂ-ਦੱਸਿਆ ਨਹੀਂ, ਸਮਝਾਇਆ ਹੋਣਾਂ।

ਦਸ ਵਜੇ ਮੈਨੂੰ ਸਾਹ ਲੈਣਾ ਔਖਾ ਹੋ ਗਿਆ ਸੀ। ਦੇਵ ਨੇ ਪੁੱਛਿਆ ਸੀ, "ਤੇਰੀ ਤਬੀਅਤ ਠੀਕ ਨ੍ਹੀਂ ਲੱਗਦੀ? " ਮੈਂ ਕੋਈ ਜੁਆਬ ਨਹੀਂ ਦਿੱਤਾ ਸੀ। ਸਭ ਕੁਝ ਜਾਣਦਿਆਂ ਹੋਇਆਂ ਵੀ ਉਸ ਮੈਨੂੰ ਇਹ ਕਿਉਂ ਪੁੱਛਿਆ ਸੀ। ਕੀ ਉਸ ਮੈਨੂੰ ਬਾਲੜੀ ਸਮਝ ਰੱਖਿਆ? ਇੱਕ ਮਨ ਤਾਂ ਕਰਦਾ ਸੀ ਕਿ ਉਹਨੂੰ ਪੁੱਛਾਂ- ਆਹ ਸੁੱਕੀਆਂ ਮੌਜਾਂ ਵਾਲੀ ਗੱਲ ਕਰ। ਪਰ ਮਨ ਦੇ ਕਿਸੇ ਕੋਨੇ 'ਚੋਂ ਨਿਕਲਿਆ ਸੀ ਕਿ ਇਹਨੇ ਕੱਲ੍ਹ ਨੂੰ ਚਲਾ ਜਾਣਾ। ਐਵੇਂ ਕਿਉਂ ਜਾਂਦੇ ਹੋਏ ਦਾ ਮਨ ਦੁਖੀ ਕਰਨਾ। ਭੱਜ-ਭਜਾਈ 'ਚ ਮੇਰੇ ਕੋਲ ਸੋਚਣ ਦਾ ਖੁੱਲ੍ਹਾ ਸਮਾਂ ਵੀ ਨਹੀਂ ਸੀ। ਮੈਂ ਆਪਣੇ ਆਪ ਨੂੰ ਹੋਰ ਵੀ ਵਿੱਜੀ ਕਰ ਲਿਆ ਸੀ।

ਸੰਦੀਪ, ਅੱਜ ਵੀ ਕੋਠੇ 'ਤੇ ਜ਼ਰੂਰ ਗਿਆ ਹੋਣਾਂ। ਮੈਨੂੰ ਉਹਦੀ ਆਦਤ ਦਾ ਪਤਾ। ਹੋਰਨਾਂ ਦੇ ਨਾਲ-ਨਾਲ ਲਕਛਮੀ ਨੇ ਵੀ ਪੁੱਛਿਆ ਹੋਣਾ, "ਮੰਮੀ ਜੀ ਅਜੇ ਤੀਕ ਕਿਉਂ ਨ੍ਹੀਂ ਆਏ? " ਉਹ ਚੁੱਪ ਹੀ ਰਿਹਾ ਹੋਣਾਂ। ਉਸ ਤੋਂ ਕੁਝ ਬੋਲਿਆ ਹੀ ਨਹੀਂ ਗਿਆ ਹੋਣਾਂ। ਸਮੇਂ ਦਾ ਵੀ ਕੀ ਅਜੀਬ ਇਤਫ਼ਾਕ ਹੈ ਕਿ ਉਹ ਤੇ ਦੇਵ ਇਕੋ ਦਿਨ ਦੋ ਵੱਖਰੇ-ਵੱਖਰੇ ਮੁਲਕਾਂ ਨੂੰ ਜਾ ਰਹੇ ਹਨ।

ਪਤਾ ਨਹੀਂ ਉਹਨੇ ਬਰੇਕਫਾਸਟ ਕਰ ਲਿਆ ਹੋਣਾਂ ਕਿ ਨਹੀਂ? ਉਸ ਸਵੇਰ ਦੀ ਚਾਹ ਨਾਲ ਇਕ ਰਸ ਲੈਣਾ ਹੁੰਦਾ। ਬਰੇਕਫਾਸਟ ਲਈ ਆਲੂਆਂ ਜਾਂ ਮੇਥੀ ਵਾਲੇ ਪਰਾਉਂਠੇ। ਉਸ ਮੈਨੂੰ ਜ਼ਰੂਰ ਉਡੀਕਿਆ ਹੋਣਾਂ। ਲਕਛਮੀ ਨੇ ਉਹਨੂੰ ਰੋਟੀ ਲਈ ਜ਼ੋਰ ਪਾਇਆ ਹੋਣਾਂ। ਉਹ ਦੋ ਵਾਰ ਰੋਟੀ ਪਾ ਕੇ ਲਿਆਈ ਹੋਣੀਂ। ਪਰ ਉਸ ਮੇਰੇ ਆਏ ਬਿਨਾਂ ਰੋਟੀ ਨਹੀਂ ਖਾਣੀਂ। ਬਾਹਰ ਜਾਣ ਤੋਂ ਦੋ ਦਿਨ ਪਹਿਲਾਂ ਉਹਨੂੰ ਕੁਝ ਵੀ ਸੁਆਦ ਨਾ ਲੱਗਦਾ। ਉਹਦੀ ਭੁੱਖ ਅੱਧੀ ਰਹਿ ਜਾਂਦੀ। ਉਹਦੀ ਜੀਭ ਨੂੰ ਕੋਈ ਚੀਜ਼ ਚੰਗੀ ਨਾ ਲੱਗਦੀ। ਮੈਂ ਆਪ ਉਸ ਲਈ ਰੋਟੀ ਪਾ ਕੇ ਲਿਆਉਂਦੀ। ਉਹ ਬੱਚਿਆਂ ਵਾਂਗੂੰ ਜ਼ਿੱਦ ਕਰਦਾ, "ਮੰਮੀ ! ਅੱਜ ਤੁਸੀਂ ਆਪ ਖਿਲਾਉ। ਮੈਂ ਦੋ ਸਾਲ 'ਕੱਲੇ ਨੇ ਰੋਟੀ ਖਾਣੀ।" ਮੈਂ ਨਿੱਕੀਆਂ-ਨਿੱਕੀਆਂ ਬੁਰਕੀਆਂ ਉਸਦੇ ਮੂੰਹ 'ਚ ਪਾਉਂਦੀ। ਉਹ ਮੇਰਾ ਹੱਥ ਫੜ ਲੈਂਦਾ। "ਹੋਰ ਨ੍ਹੀਂ ਖਾਇਆ ਜਾਂਦਾ," ਕਹਿ ਉਹ ਹੱਥ ਧੋਣ ਲਈ ਉੱਠ ਖੜ੍ਹਦਾ। ਫੇਰ ਉਹ ਮੇਰੀ ਗੋਦ 'ਚ ਸਿਰ ਰੱਖ ਕੇ ਪੈ ਜਾਂਦਾ। ਦੂਜੇ ਦਿਨ ਮੈਂ ਜਾਣ ਨੂੰ ਤਿਆਰ ਹੁੰਦੀ ਤਾਂ ਉਹ ਹੈਰਾਨਗੀ ਨਾਲ ਪੁੱਛਦਾ, "ਤੁਸੀਂ ਕਿੱਥੇ ਚਲੇ ਹੋ? " ਮੈਂ ਕਾਹਲੀ-ਕਾਹਲੀ ਦੱਸਦੀ, "ਆਪਣੇ ਘਰ। ਤੂੰ ਅਗਲੇ ਹਫਤੇ ਆ ਜਾਈਂ।" ਅੱਗੋਂ ਉਹ ਕੁਝ ਨਾ ਬੋਲਦਾ। ਨਾ ਪੁੱਛਦਾ। ਜਿੱਦਾਂ ਇੱਥੇ ਆ ਕੇ ਮਾਂ-ਪੁੱਤਰ ਦਾ ਰਿਸ਼ਤਾ ਡੈਡਲਾਈਨ 'ਤੇ ਆ ਪਹੁੰਚਦਾ ਹੋਵੇ। ਮੇਰੀ ਇੱਛਾ ਹੁੰਦੀ ਕਿ ਉਹ ਮੇਰੇ ਹੱਥੋਂ ਲਿਫ਼ਾਫ਼ਾ ਫੜੇ। ਖੋਹ ਲਵੇ। ਪਰ ਉਹ ਮੈਨੂੰ ਕੁਝ ਨਾ ਕਹਿੰਦਾ। ਬੱਸ ਸਟੈਂਡ 'ਤੇ ਛੱਡ ਆਉਂਦਾ। ਮੀਲ ਭਰ ਦੇ ਸਫ਼ਰ 'ਚ ਨਾ ਕੁਝ ਪੁੱਛਦਾ। ਨਾ ਕੁਝ ਦੱਸਦਾ। ਮੈਂ ਉਸਦੇ ਨਾਲ ਗੱਲਾਂ ਕਰਨੀਆਂ ਚਾਹੁੰਦੀ। ਮੇਰੀ ਜ਼ਬਾਨ ਮੇਰਾ ਸਾਥ ਨਾ ਦਿੰਦੀ। ਮੈਨੂੰ ਕਈ ਡਰ ਘੇਰ ਲੈਂਦੇ। ਉਥੇ ਹੋਵਾਂ ਤਾਂ ਸੁਣਨਾ ਪੈਂਦਾ, "ਦੇਵ ਇਹਦੇ ਨਾਲੋਂ ਦਸ ਸਾਲ ਵੱਡਾ। ਜਦੋਂ ਵੀ ਛੁੱਟੀ ਆਵੇ ਸ਼ਰਾਬ ਨਾਲ ਰੱਜਿਆ ਰਹਿੰਦਾ। ਇਹ ਇੱਥੇ ਉੱਨਾ ਚਿਰ ਹੀ ਆ ਜਿੰਨਾ ਚਿਰ ਦੇਵ ਜਿਉਂਦਾ। ਅੱਜ ਕੱਲ੍ਹ ਤਾਂ ਢਿੱਡੋਂ ਜੰਮਿਆ ਦਾ ਇਤਬਾਰ ਨ੍ਹੀਂ-ਬੇਗਾਨਿਆਂ ਤੋਂ ਕੋਈ ਕੀ ਆਸ ਰੱਖ ਸਕਦਾ। ਮੁੰਡਿਆਂ ਨੇ ਇਹਨੂੰ ਘਰੋਂ ਕੱਢ ਦੇਣਾ।" ਇਥੇ ਵੀ ਗੱਲਾਂ 'ਚੋਂ ਗੱਲ ਨਿਕਲ ਹੀ ਜਾਂਦੀ, "ਬੁਢਾਪੇ 'ਚ ਸੰਦੀਪ ਨੇ ਹੀ ਕੰਮ ਆਉਣਾ। ਸਿਮਰੋ ਦੀ ਗਤੀ ਇਥੇ ਆ ਕੇ ਹੀ ਹੋਣੀ।"

ਮੇਰਾ ਦਿਮਾਗ ਸੁੰਨ ਹੋਣ ਲੱਗਾ ਹੈ। ਮਨ ਕਾਹਲਾ ਪੈਂਦਾ ਹੈ ਕਿ ਦੌੜ ਕੇ ਸੰਦੀਪ ਕੋਲ ਜਾ ਪਹੁੰਚਾਂ। ਪਰ ਦੇਵ ਨੇ ਮੇਰੇ ਪੈਰਾਂ 'ਚ ਬੇੜੀਆਂ ਪਾ ਰੱਖੀਆਂ ਹਨ। ਉਹਦੇ ਤਰਲਿਆਂ ਦਾ ਕੀ ਕਰਾਂ? "ਇਹਨਾਂ ਦਿਨਾਂ 'ਚ



ਮੈਂ ਤੈਥੋਂ ਵੱਖ ਨ੍ਹੀਂ ਰਹਿ ਸਕਦਾ। ਇੱਕ ਦਿਨ ਦੀ ਕੀ ਗੱਲ ਕਰ ਰਹੀ ਆਂ-ਮੈਥੋਂ ਦੋ ਘੜੀਆਂ ਦਾ ਵਿਛੋੜਾ ਨ੍ਹੀਂ ਝੱਲਿਆ ਜਾਂਦਾ। ਮੈਂ ਕੁਸ਼ ਨ੍ਹੀਂ ਸੁਣਨਾ। ਮੈਂ ਦੋ ਸਾਲਾਂ ਬਾਅਦ ਮੁੜਿਆਂ। ਮੁੜ ਦੋ ਸਾਲਾਂ ਬਾਅਦ ਆਉਣਾਂ। ਦਿਨਾਂ ਦਾ ਹਿਸਾਬ ਤੂੰ ਬਾਅਦ 'ਚ ਕਰ ਲਈਂ। ਹੁਣ ਤੂੰ ਸਾਰੀ ਕਾਇਨਾਤ ਨੂੰ ਭੁੱਲ ਜਾ।" ਜਾਂ ਉਹ ਆਪਣੀਆਂ ਮਜ਼ਬੂਰੀਆਂ ਗਿਣਾਉਣ ਲੱਗ ਜਾਂਦਾ, "ਦੱਸ-ਮੈਂ ਕੀ ਕਰਾਂ? ਮੈਨੂੰ ਸਾਰਿਆਂ ਦਾ ਸੋਚਣਾ ਪੈਂਦਾ। ਬਾਹਰ ਜਾ ਕੇ ਚਾਰ ਪੈਸੇ ਜੁੜ ਗਏ। ਇਥੇ ਰਹਿੰਦਾ ਤਾਂ ਇਹੀ ਭੁੱਖ ਨੰਗ ਨਾਲ ਦੋ ਹੱਥ ਹੋਣਾ ਪੈਣਾ ਸੀ। ਵੀਹਾਂ ਸਾਲਾਂ 'ਚ ਆਪਣੀ ਪਸੰਦ ਦੀ ਕੋਠੀ ਬਣਾ ਲਈ। ਘਰ ਬੰਨ੍ਹ ਲਿਆ। ਚਾਰ ਪੈਸੇ ਬੈਂਕ 'ਚ ਜਮਾਂ ਹੋ ਗਏ। ਬਾਹਰਲੇ ਮੁਲਕ 'ਚ ਕੰਮ ਕਰਨਾ ਬਹੁਤ ਔਖਾ। ਤੈਨੂੰ ਇੱਕ ਘਟਨਾ ਦੱਸਦਾਂ-ਫਰਾਲੇ ਦਾ ਇੱਕ ਮੁੰਡਾ ਮੇਰੇ ਹੇਠਾਂ ਕੰਮ ਕਰਦਾ ਸੀ। ਸੋਲ੍ਹਾਂ ਜਮਾਤਾਂ ਪੜ੍ਹਿਆ। ਇਕ ਦਿਨ ਮੈਂ ਉਹਨੂੰ ਤਾਕੀ ਉਪਰੋਂ ਮਘੋਰਾ ਕੱਢਣ ਲਾ ਦਿੱਤਾ। ਚਹੁੰ ਪਾਸਿਉਂ ਕੰਧਾਂ ਦਾ ਸੇਕ। ਉਪਰੋਂ ਤਿੱਖੀ ਧੁੱਪ। ਅੱਧੇ ਘੰਟੇ ਬਾਅਦ ਉਹ ਪੁੱਠਾ ਹੋ ਕੇ ਡਿਗ ਪਿਆ। ਮੈਂ ਉਹਨੂੰ ਦੌੜ ਕੇ ਚੁੱਕਿਆ। ਉਹਨੂੰ ਪੰਜਾਂ ਮਿੰਟਾਂ ਬਾਅਦ ਹੋਸ਼ ਆਈ। ਉਹ ਕੋਕ ਦੀ ਵੱਡੀ ਬੋਤਲ ਇਕੋ ਸਾਹੇ ਪੀ ਗਿਆ। ਕੱਪੜੇ ਝਾੜੇ। ਮੂੰਹ 'ਚ ਬੁੜਬੁੜਾਇਆ। ਫੇਰ ਪੌੜੀ 'ਤੇ ਜਾ ਚੜ੍ਹਿਆ। ਮੈਂ ਉਹਨੂੰ ਰੋਕਿਆ। ਕਿਹਾ-'ਅੱਜ ਛੁੱਟੀ ਕਰ ਲਾ।' ਉਹ ਬੋਲਿਆ-'ਇੱਥੇ ਕਿਹੜੀ ਮੇਰੀ ਮਾਂ ਬੈਠੀ ਆ। ਭਾਜੀ-ਪੰਜਾਹ ਹਜ਼ਾਰ ਖਰਚ ਕੇ ਆਇਆਂ। ਪਹਿਲਾਂ ਉਹ ਪੂਰੇ ਕਰਨੇ'।"

ਦੇਵ ਨੂੰ ਕਿੱਦਾਂ ਸਮਝਾਵਾਂ। ਕਈ ਵਾਰ ਉਹ ਬਹੁਤ ਹੀ ਛੋਟਾ ਬੱਚਾ ਬਣ ਜਾਂਦਾ। ਜ਼ਿੱਦ ਕਰਨ ਲੱਗ ਜਾਂਦਾ ਜਿੱਦਾਂ ਇਸ ਦੁਨੀਆ 'ਚ ਮੇਰੇ ਸਿਵਾਇ ਉਸ ਦਾ ਕੋਈ ਵੀ ਹੋਰ ਨਾ ਹੋਵੇ। ਵਿਆਹ ਤੋਂ ਬਾਅਦ ਅਸੀਂ ਮੂਕ ਸਮਝੌਤਾ ਕਰ ਲਿਆ ਸੀ ਕਿ ਮੈਂ ਉਹਨੂੰ ਅੰਮ੍ਰਿਤ ਬਾਰੇ ਨਹੀਂ ਪੁੱਛਣਾ। ਉਸ ਗਿਆਨ ਬਾਰੇ ਮੇਰੇ ਨਾਲ ਕੋਈ ਗੱਲ ਨਹੀਂ ਕਰਨੀ। ਮੈਂ ਅੰਮ੍ਰਿਤ ਦੀਆਂ ਬਹੁਤ ਸਾਰੀਆਂ ਚੀਜ਼ਾਂ ਨੂੰ ਹੱਥ ਤੱਕ ਨਾ ਲਾਇਆ। ਡਬਲਬੈੱਡ ਕੁਲਦੀਪ ਦੇ ਕਮਰੇ 'ਚ ਰੱਖਵਾ ਦਿੱਤਾ। ਸਟੀਲ ਦੀ ਅਲਮਾਰੀ ਜਗਜੀਤ ਨੂੰ ਦੇ ਦਿੱਤੀ। ਪੇਟੀ ਕਵਾੜੀਏ ਨੂੰ ਵੇਚ ਦਿੱਤੀ। ਕੱਪੜੇ ਬਿਸ਼ਨੀ ਝਿਊਰੀ, ਸੰਤੀ ਨਾਇਣ ਤੇ ਛੀਬੋ ਮਜਹਬਣ ਨੂੰ ਵੰਡ ਦਿੱਤੇ। ਮੈਂ ਇਸ ਘਰ 'ਚ ਕੋਈ ਵੀ ਅਜਿਹੀ ਚੀਜ਼ ਨਹੀਂ ਰਹਿਣ ਦੇਣੀ ਚਾਹੁੰਦੀ ਸੀ ਜਿਸ 'ਚੋਂ ਅੰਮ੍ਰਿਤ ਦੀ ਯਾਦ ਦਿੱਸੇ। ਜੇ ਕੋਈ ਚੀਜ਼ ਸੁੱਟਣ ਜਾਂ ਨਾ ਦੇਣ ਵਾਲੀ ਰਹਿ ਗਈ ਤਾਂ ਮੈਂ ਉਹ ਨੂੰ ਸਟੋਰ 'ਚ ਸੁੱਟਵਾ ਦਿੱਤਾ। ਦੇਵ ਦੀ ਵੱਡੀ ਭੈਣ ਸੀਮਾ ਦੇ ਜ਼ੋਰ ਪਾਉਣ 'ਤੇ ਵੀ ਮੈਂ ਸੌਂਕਣ ਮੋਹਰਾ ਨਾ ਪਾਇਆ। ਮੈਂ ਆਪਣੇ ਬਚਨਾਂ 'ਤੇ ਕਾਇਮ ਰਹੀ। ਪਰ ਦੇਵ ਨਹੀਂ। ਉਹ ਭਾਵੁਕ ਹੋਇਆ ਦੱਸਣ ਲੱਗ ਜਾਂਦਾ, "ਅੰਮ੍ਰਿਤ ਦੀ ਮੌਤ ਤੋਂ ਬਾਅਦ ਮੇਰੀਆਂ ਸੋਚਾਂ ਨੇ ਮੈਨੂੰ ਪਾਗਲ ਕਰ ਦਿੱਤਾ। ਮੈਨੂੰ ਇਹ ਘਰ ਖਾਣ ਨੂੰ ਦੌੜਦਾ। ਸਭ ਕੁਸ਼ ਓਪਰਾ ਓਪਰਾ ਲੱਗਦਾ। ਮੈਂ ਜ਼ਿਆਦਾ ਸਮਾਂ ਬਾਹਰ ਰਹਿਣ ਲੱਗਾ। ਪਰ ਕਿੰਨਾ ਚਿਰ। ਬੱਚਿਆਂ ਦਾ ਮੋਹ ਮਾਰਦਾ। ਘਰ ਧੂ ਲਿਆਉਂਦਾ। ਮੈਨੂੰ ਨੀਂਦ ਕਿਥੋਂ ਆਉਣੀ ਸੀ। ਪਊਆ ਪੀ ਕੇ ਸੌਣ ਲੱਗਾ। ਤੂੰ ਆਈ ਤਾਂ ਮੇਰੇ ਲਈ ਨੀਂਦ ਵੀ ਨਾਲ ਲੈ ਆਈ।" ਅੰਮ੍ਰਿਤ ਤੋਂ ਬਿਨਾਂ ਮੈਂ ਉਹਦੀ ਨਿੱਕੀ-ਨਿੱਕੀ ਗੱਲ ਧਿਆਨ ਨਾਲ ਸੁਣਦੀ। ਉਹ ਦੀਆਂ ਲੋੜਾਂ ਵੱਲ ਉਚੇਚਾ ਧਿਆਨ ਦਿੰਦੀ। ਹੁਣ ਕੁਝ ਸਮੇਂ ਤੋਂ ਉਹ ਦੇ ਰੂਪ ਬਦਲ ਰਹੇ ਹਨ। ਮੈਨੂੰ ਉਹ ਡਰਾਮੇਬਾਜ਼ ਲੱਗਦਾ ਹੈ। ਮੇਰੇ ਸਾਹਮਣੇ ਕਦੇ ਉਹ ਦਸ ਸਾਲਾਂ ਦਾ ਬੱਚਾ ਬਣ ਜਾਂਦਾ। ਕਦੇ ਪੰਜਾਹ ਸਾਲਾਂ ਦਾ ਦਾਨਾ-ਬਾਨਾ ਬੰਦਾ। ਮੈਂ ਉਸ ਨੂੰ ਲੋੜ ਜਿੰਨਾ ਸਮਝ ਲਿਆ। ਪਰ ਉਸ ਨਹੀਂ। ਸ਼ਾਇਦ ਸਮਝ ਲਿਆ ਹੋਵੇ। ਇਹਦੇ ਬਾਰੇ ਕੀ ਕਹਿ ਸਕਦੀ ਹਾਂ। ਜਦੋਂ ਕਦੇ ਮੇਰਾ ਮਨ ਉਸ ਨਾਲ ਗੱਲਾਂ ਕਰਨ ਨੂੰ ਕਰੇ, ਮੈਂ ਉਹ ਦੇ ਨਾਲ ਸਲਾਹੀਂ ਪੈਣਾ ਚਾਹਾਂ-ਉਹ ਉਪਰੀਆਂ-ਉਪਰੀਆਂ ਗੱਲਾਂ ਕਰਦਾ। ਉਹ ਇਕੱਲਤਾ ਚਾਹੁਣ ਲੱਗਦਾ। ਮੈਥੋਂ ਦੂਰ-ਦੂਰ ਦੌੜਦਾ। ਕੀ ਉਸ ਇਹ ਤਾਂ ਨਹੀਂ ਸਮਝ ਰੱਖਿਆ ਕਿ ਮੈਨੂੰ ਬਾਹਰਲੀਆਂ ਚੀਜ਼ਾਂ ਵੱਟੇ ਖਰੀਦ ਲਿਆ ਹੈ। ਮੈਨੂੰ ਆਪਣੇ ਘਰ ਨਾਲ ਬੰਨ ਲਿਆ ਹੈ। ਨੂੜ ਲਿਆ ਹੈ।

ਮੈਨੂੰ ਦੇਵ ਦੀ ਇਕੋ ਇੱਕ ਆਦਤ ਚੰਗੀ ਲੱਗਦੀ ਹੈ ਕਿ ਸੰਦੀਪ ਨੂੰ ਪਿਉ ਵਾਲਾ ਪਿਆਰ ਦਿੰਦਾ ਹੈ। ਪਰ ਸੰਦੀਪ ਨੇ ਉਸ ਨੂੰ ਕਦੇ ਆਪਣਾ ਪਿਉ ਨਹੀਂ ਮੰਨਿਆ। ਉਸ ਨੂੰ ਪਿਉ ਬਰੋਬਰ ਵੀ ਨਾ ਹੀ ਰੱਖਿਆ। ਉਹ ਆਇਆਂ-ਗਿਆਂ ਸਾਹਮਣੇ ਝਟ ਕੇ ਕਹਿੰਦਾ, "ਮੇਰੇ ਤਿੰਨ ਮੁੰਡੇ ਨੇ।" ਇੱਕ ਵਾਰ ਸੰਦੀਪ ਨੇ ਮੈਨੂੰ ਸਟੀਰਿਉ ਲਈ ਕਿਹਾ ਸੀ। ਮੈਂ ਉਹਨੂੰ ਕਿਹਾ ਕਿ ਉਹ ਆਪ ਚਿੱਠੀ ਲਿਖੇ। ਉਸ ਦਾ ਜੁਆਬ ਸੀ—"ਮੰਮੀ ਮੈਂ ਸਿਰਫ਼ ਤੁਹਾਨੂੰ ਕਹਿ ਸਕਦਾਂ।" ਮੈਂ ਦੇਵ ਨੂੰ ਫੋਨ 'ਤੇ ਕਿਹਾ। ਅਗਲੇ ਮਹੀਨੇ ਸੰਦੀਪ ਲਈ ਸਟੀਰਿਉ ਆ ਗਿਆ। ਉਸ ਦੀ ਪਸੰਦ ਦਾ। ਉਹ ਬਾਹਰ ਵੀ ਉਹਦੀ ਹੱਲਾਸ਼ੇਰੀ ਨਾਲ ਗਿਆ। ਪਰ ਸੰਦੀਪ ਨੇ ਇੱਕ ਵਾਰੀ ਵੀ ਉਹਨੂੰ ਫੋਨ ਨਹੀਂ ਕੀਤਾ। ਉਸ ਨੂੰ ਡੈਡੀ ਕਹਿੰਦਿਆਂ ਉਸ ਦੇ ਬੁੱਲ੍ਹ ਕੰਬਦੇ। ਉਸਦੀ ਜ਼ਬਾਨ ਥਥਲਾਉਣ ਲੱਗ ਜਾਂਦੀ। ਉਸ ਆਪਣੀ ਉਸਾਰੀ ਹੋਈ ਵਿੱਥ ਬਣਾਈ ਰੱਖੀ। ਪੰਦਰਾਂ ਸਾਲਾਂ 'ਚ ਇਹ ਵਿੱਥ ਘਟੀ ਨਹੀਂ, ਇਸ 'ਚ ਹੋਰ ਤ੍ਰੇੜਾਂ ਆਈਆਂ ਹਨ। ਜਦੋਂ ਇਹ ਚਾਰੇ ਜਣੇ ਆਹਮਣੇ-ਸਾਹਮਣੇ ਬੈਠੇ ਹੋਣ ਜਾਂ ਦੇਵ ਉਹਨਾਂ ਨੂੰ ਬੁਲਾ-ਬੁਲਾ ਕੇ ਇਕੱਠਿਆਂ ਆਪਣੇ ਕੋਲ ਬੈਠਾਵੇ, ਉਹ ਇਕੋ ਪਲੇਟ 'ਚੋਂ ਕੋਈ ਚੀਜ਼ ਚੁੱਕ ਕੇ ਖਾ ਰਹੇ ਹੋਣ ਤਾਂ ਮੈਨੂੰ ਲੱਗਦਾ ਜਿੱਦਾਂ ਮੈਂ ਸਭ ਕੁਝ ਪਾ ਲਿਆ ਹੈ ਪਰ ਜਦੋਂ ਉਹਨਾਂ 'ਚੋਂ ਕੋਈ ਵੀ ਨਹੀਂ ਬੋਲਦਾ ਜਾਂ ਸੰਦੀਪ ਉਨ੍ਹਾਂ ਦੀਆਂ ਗੱਲਾਂ ਦਾ ਹੁੰਗਾਰਾ ਨਹੀਂ ਭਰਦਾ ਜਾਂ ਸੰਦੀਪ ਉਨ੍ਹਾਂ 'ਚ ਗਰੀਬੜਾ ਜਿਹਾ ਲੱਗਦਾ ਉਦੋਂ ਮੈਨੂੰ ਧੁੜਕੂੰ ਲੱਗਣ ਲੱਗਦਾ ਹੈ ਜਿੱਦਾਂ ਮੇਰੇ ਸਾਹਮਣੇ ਮੇਰਾ ਜਹਾਨ ਖ਼ਤਮ ਹੋਣ ਜਾ ਰਿਹਾ ਹੈ।

ਸੰਦੀਪ ਬਹੁਤ ਘੱਟ ਗੱਲਾਂ ਕਰਦਾ। ਬੀਬੀ ਕਿਸੇ ਨੂੰ ਉਹਦੇ ਵਿਰੁੱਧ ਬੋਲਣ ਨਹੀਂ ਦਿੰਦੀ। ਘੂਰ ਕੇ ਕਹਿੰਦੀ, "ਘਰ 'ਚ ਇਹ ਤੀਜੇ ਹਿੱਸੇ ਦਾ ਮਾਲਕ ਆ। ਜੇ ਕਿਸੇ ਬਹੁਤੀ ਚੂੰ-ਚਾਅ ਕੀਤੀ ਤਾਂ ਮੈਂ ਇਹਨੂੰ ਇਸ ਦਾ ਬਣਦਾ ਹਿੱਸਾ ਦੇ ਕੇ ਇਹਦੇ ਨਾਲ ਰੋਟੀ ਖਾਣ ਲੱਗ ਜਾਣਾਂ।" ਜਦੋਂ ਮੈਂ ਆਉਂਦੀ ਤਾਂ ਉਹ ਮੈਨੂੰ ਚਾਰ-ਪੰਜ ਸਾਲ ਦੇ ਬੱਚੇ ਵਾਂਗੂੰ ਜੱਫੀ ਪਾ ਲੈਂਦਾ। ਇਹ ਮੇਰੇ ਲਈ ਪਰਮ ਆਨੰਦ ਦੀ ਅਵਸਥਾ ਹੁੰਦੀ। ਉਹਦੇ ਲਈ ਵੀ ਹੁੰਦੀ ਹੋਵੇਗੀ। ਉਹ ਅੱਖਾਂ ਬੰਦ ਕਰੀ ਮੇਰੀ ਗੋਦੀ 'ਚ ਆਪਣਾ ਸਿਰ ਰੱਖ ਦਿੰਦਾ। ਮੈਨੂੰ ਵਾਰ-ਵਾਰ ਜੱਫੀਆਂ ਪਾਉਂਦਾ। ਜਿੱਦਾਂ ਕਈ ਦਿਨਾਂ ਤੋਂ ਉਹ ਇਸ ਵੇਲੇ ਦੀ ਉਡੀਕ 'ਚ ਬੈਠਾ ਹੋਵੇ। ਉਸਦਾ ਇਸ ਘਰ 'ਚ ਮਨ ਨਾ ਲੱਗਦਾ। ਉਹ ਇਥੇ ਸਿਰਫ਼ ਵਕਤ-ਕੱਟੀ ਕਰ ਰਿਹਾ। ਉਸ ਦਾ ਦਮ ਘੁੱਟ ਰਿਹਾ। ਉਸ ਦੀ ਆਪਣੀ ਕੋਈ ਇੱਛਾ ਨਹੀਂ ਰਹੀ। ਉਸ ਦੀ ਅਜਿਹੀ ਹਾਲਤ ਮੇਰੇ ਕੋਲ ਆ ਕੇ ਵੀ ਹੁੰਦੀ। ਉਹ ਦੋ-ਤਿੰਨ ਦਿਨਾਂ ਤੋਂ ਵੱਧ ਨਾ ਰੁਕਦਾ। ਮੈਂ ਚੁੱਪ-ਚਾਪ ਉਸਦੇ ਚਿਹਰੇ ਨੂੰ ਨਿਹਾਰਦੀ। ਮੈਨੂੰ ਉਸਦੀ ਇਹ ਚੁੱਪ ਚੰਗੀ ਨਾ ਲੱਗਦੀ। ਮੈਂ ਉਸਦੇ ਕੁਝ ਕਹਿਣ, ਸੁਣਨ ਦਾ ਇੰਤਜ਼ਾਰ ਕਰਦੀ। ਪੁੱਛਦੀ, "ਸੰਦੀਪ ਬੇਟੇ! ਤੈਨੂੰ ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸ।" ਉਹ ਅੱਖਾਂ ਖੋਲ੍ਹਦਾ। ਬੈੱਡ ਦੇ ਸਿਰਹਾਣੇ ਵੱਲ ਪਿਆ ਪਰਸ ਚੁੱਕ ਕੇ ਪਰ੍ਹੇ ਰੱਖ ਦਿੰਦਾ। ਮੇਰੇ ਮੂੰਹ ਵੱਲ ਸਿੱਧਾ ਹੀ ਦੇਖਦਾ। ਮੇਰੇ ਨਾਲ ਚੁੰਬੜ ਜਾਂਦਾ। ਮੈਂ ਉਸਦੇ ਕੁਤਕੁਤਾਰੀਆਂ ਕੱਢਦੀ। ਉਹ ਮੇਰੇ ਹੱਥ ਨਾ ਫੜਦਾ। ਹੱਸਦਾ-ਹੱਸਦਾ ਲੋਟਪੋਟ ਹੋਈ ਜਾਂਦਾ।

ਮੈਂ ਉਸ ਨੂੰ ਇੱਕ ਵਾਰੀ ਕਿਹਾ ਸੀ, "ਮੈਨੂੰ ਆਪਣਾ ਬਸਤਾ ਤਾਂ ਦਿਖਾਲ।"

"ਤੁਸੀਂ ਕੀ ਦੇਖਣਾ?"

"ਤੇਰੀਆਂ ਕਾਪੀਆਂ ਕਿਤਾਬਾਂ।"

"ਉਹ ਠੀਕ ਨੇ।"

"ਅੱਛਾ ਆਪਣੀ ਰਿਪੋਰਟ ਬੁੱਕ ਲਿਆ।"

"ਮੰਮੀ ਜੀ-ਮੇਰੀ ਮਿਡਲ 'ਚੋਂ ਫਸਟ ਡਿਵੀਜ਼ਨ ਆਈ। ਮੈਂ ਪਚੰਤਰ ਪਰਸੈਂਟ ਮਾਰਕਸ ਲਏ। ਹੁਣ ਮੈਟ੍ਰਿਕ 'ਚੋਂ ਵੀ ਐਨੇ ਨੰਬਰ ਲਊਂਗਾ।"



ਮੈਨੂੰ ਉਸ ਨਿਰਉੱਤਰ ਕਰ ਦਿੱਤਾ ਸੀ। ਮੈਨੂੰ ਉਸ 'ਤੇ ਮਾਣ ਹੈ। ਉਸ ਕਦੇ ਕੋਈ ਉਲਾਂਭਾ ਨਹੀਂ ਲਿਆਂਦਾ। ਕਦੇ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ।

ਕਦੇ ਕਦਾਈਂ ਮੈਨੂੰ ਲੱਗਦਾ ਜਿੱਦਾਂ ਉਹ ਮੈਥੋਂ ਕੁਝ ਪੁੱਛਣਾ ਚਾਹੁੰਦਾ ਹੈ ਪਰ ਬੋਲ ਉਸਦਾ ਸਾਥ ਨਾ ਦਿੰਦੇ। ਇੰਨਾ ਕੁ ਕਹਿੰਦਾ-"ਮੈਂ ਚਾਹੁੰਨਾ......।" ਅਗਾਂਹ ਉਸ ਤੋਂ ਬੋਲਿਆ ਨਾ ਜਾਂਦਾ। ਕੀ ਉਹ ਇਹ ਤਾਂ ਨਹੀਂ ਕਹਿਣਾ ਚਾਹੁੰਦਾ ਸੀ ਕਿ ਮਰਨ ਵੇਲੇ ਉਸਦਾ ਸਿਰ ਮੇਰੀ ਗੋਦੀ 'ਚ ਹੋਵੇ? ਮੈਨੂੰ ਕੰਬਣੀ ਛਿੜਦੀ। ਮੈਨੂੰ ਪਛਤਾਵਾ ਹੋਣ ਲੱਗਦਾ ਕਿ ਆਖ਼ਿਰ ਇਹ ਵਿਚਾਰ ਮੇਰੇ ਮਨ 'ਚ ਕਿਉਂ ਆਇਆ। ਇਹ ਵਿਚਾਰ ਮੇਰੇ ਮਨ 'ਚ ਕਿਉਂ ਘਰ ਕਰੀ ਬੈਠਾ। ਮੈਂ ਤ੍ਰਭਕਦੀ। ਮੈਂ ਅੰਨ੍ਹੇਵਾਹ ਉਸਦਾ ਮੱਥਾ ਚੁੰਮਦੀ। ਉਹ ਹੈਰਾਨਗੀ ਨਾਲ ਮੇਰੇ ਵੱਲ ਦੇਖਦਾ। ਮੈਥੋਂ ਵੱਖ ਹੋ ਕੇ ਸਾਹਮਣੇ ਚੌਂਕੜੀ ਮਾਰ ਕੇ ਬੈਠ ਜਾਂਦਾ। ਕਹਿੰਦਾ, "ਦੇਖੋ! ਤੁਹਾਡਾ ਪੁੱਤ ਕਿੱਡਾ ਵੱਡਾ ਹੋ ਚੱਲਿਆ।" ਉਹ ਇਹ ਮੇਰਾ ਹੌਸਲਾ ਵਧਾਉਣ ਲਈ ਕਹਿੰਦਾ। ਮੈਂ ਇਸ ਗੱਲ ਨੂੰ ਭੁੱਲ ਜਾਂਦੀ ਕਿ ਹੁਣ ਉਹ ਵੱਡਾ ਹੋ ਗਿਆ। ਉਹ ਆਪਣਾ ਆਪ ਸੰਭਾਲ ਸਕਦਾ। ਉਹ ਤਾਂ ਤੀਜੀ ਵਿੱਚ ਪੜ੍ਹਦਿਆਂ ਹੀ ਸਿਆਣਾ ਬਿਆਣਾ ਲੱਗਣ ਲੱਗ ਪਿਆ ਸੀ।

ਹੁਣ ਲਕਛਮੀ ਉਹਨੂੰ ਸੰਭਾਲ ਲਵੇਗੀ। ਉਹ ਦੋ ਸਾਲਾਂ ਬਾਅਦ ਹੁਣ ਮੁੜੇਗਾ। ਮੈਂ ਉਹਨੂੰ ਫੋਨ 'ਤੇ ਕਿਹਾ ਸੀ ਕਿ ਸੰਦੀਪ ਦੇ ਜਾਣ ਤੋਂ ਬਾਅਦ ਉਹ ਮੇਰੇ ਕੋਲ ਆ ਕੇ ਰਹੇ। ਉਸ ਕੋਈ ਜੁਆਬ ਨਾ ਦਿੱਤਾ। ਫੇਰ ਪਤਾ ਲੱਗਾ ਕਿ ਉਹਨੇ ਮੇਰੇ ਕੋਲ ਰਹਿਣੋਂ ਨਾਂਹ ਕਰ ਦਿੱਤੀ ਹੈ। ਸ਼ਾਇਦ ਸੰਦੀਪ ਨੇ ਹੀ ਉਸ ਨੂੰ ਅਜਿਹਾ ਕਹਿਣ ਨੂੰ ਕਿਹਾ ਹੋਵੇ। ਜਾਂ ਕਿਸੇ ਹੋਰ ਨੇ ਕਿ ਮੁੰਡਿਆਂ ਵਾਲੇ ਘਰ 'ਚ ਰਹਿਣਾ ਖਤਰਨਾਕ ਹੋ ਸਕਦਾ। ਮੈਨੂੰ ਇਹ ਦੇ ਬਾਰੇ ਪੱਕਾ ਪਤਾ ਨਹੀਂ। ਮੈਂ ਸਿਰਫ਼ ਆਪਣਾ ਕਿਆਸ ਲਾਇਆ ਹੈ।

ਦੇਵ ਨੂੰ ਮਿਲਣ ਉਹ ਸਿਰਫ਼ ਇੱਕ ਵਾਰੀ ਆਏ ਸੀ। ਓਪਰਿਆਂ ਵਾਂਗ। ਬੱਧੇ-ਰੁੱਧੇ। ਚਾਹ ਦੇ ਕੱਪ ਖਾਲੀ ਹੁੰਦਿਆਂ ਹੀ ਉੱਠ ਖੜੇ ਸੀ, "ਅਸੀਂ ਛੇਤੀ ਚਲੇ ਜਾਣਾ।" ਦੇਵ ਨੇ ਪੁੱਛਿਆ ਸੀ-"ਐਨੀ ਕਾਹਲੀ ਕਾਸ ਲਈ?" "ਅਸੀਂ ਅਜੇ ਕਈ ਹੋਰ ਥਾਈਂ ਜਾਣਾ।" ਉਸ ਲਕਛਮੀ ਵੱਲ ਦੇਖਿਆ ਸੀ। ਲਕਛਮੀ ਨੇ ਉਹਦੇ ਵੱਲ। ਉਹ ਘਰੋਂ ਹੀ ਫੈਸਲਾ ਕਰਕੇ ਤੁਰੇ ਸੀ। ਮੈਂ ਉਦੋਂ ਰਸੋਈ ਦੇ ਦਰਵਾਜ਼ੇ 'ਚ ਖੜੀ ਸੀ। ਦੇਵ ਨੂੰ ਉਹਨਾਂ ਦੀ ਕਾਹਲੀ ਅੱਖਰੀ ਸੀ। ਉਹ ਜਿਸ ਦਿਨ ਦਾ ਬਾਹਰੋਂ ਆਇਆ, ਉਦਣ ਦਾ ਉਹਨਾਂ ਨੂੰ ਉਡੀਕ ਰਿਹਾ ਸੀ। ਉਸ ਮੈਨੂੰ ਵਾਰ-ਵਾਰ ਟੈਲੀਫੋਨ ਕਰਨ ਲਈ ਕਿਹਾ ਸੀ। ਉਹਨਾਂ ਦਾ ਟੈਲੀਫੋਨ ਸੁਣਦਿਆਂ ਹੀ ਉਸ ਇੱਕ ਦਿਨ ਪਹਿਲਾਂ ਹੀ ਖਾਣ-ਪੀਣ ਵਾਲੀਆਂ ਚੀਜ਼ਾਂ ਨਾਲ ਫਰਿੱਜ ਭਰ ਦਿੱਤੀ ਸੀ। ਕੋਈ ਖਾਨਾ ਖ਼ਾਲੀ ਨਹੀਂ ਰਹਿਣ ਦਿੱਤਾ ਸੀ। ਫੇਰ ਵੀ ਉਸ ਨੂੰ ਅਚੋਤਾਈ ਲੱਗੀ ਰਹੀ ਸੀ ਕਿ ਕੋਈ ਚੀਜ਼ ਲਿਆਉਣੀ ਨਾ ਭੁੱਲ ਜਾਵੇ। ਉਹ ਵਾਰ-ਵਾਰ ਪੁੜਪੁੜੀਆਂ 'ਤੇ ਉਂਗਲ ਨਾਲ ਠੋਕਰ ਮਾਰਨ ਲੱਗਦਾ-ਜਿੱਦਾਂ ਕੋਈ ਚੀਜ਼ ਯਾਦ ਕਰ ਰਿਹਾ ਹੋਵੇ। ਸਵੇਰ ਤੋਂ ਹੀ ਉਹ ਕਦੇ ਅੰਦਰ ਆ ਜਾਂਦਾ। ਕਦੇ ਬਾਹਰ ਚਲਾ ਜਾਂਦਾ। ਫੇਰ ਰਸੋਈ 'ਚ ਆ ਕੇ ਖੜ੍ਹ ਜਾਂਦਾ। ਪੁੱਛਣ ਲੱਗਦਾ, "ਸੰਦੀਪ ਤਾਂ ਮੀਟ ਖਾ ਲੈਂਦਾ—ਲਕਛਮੀ ਦਾ ਪਤਾ ਨ੍ਹੀਂ। ਜੇ ਮੈਂ ਲੈ ਆਂਦਾ ਤਾਂ ਕੀ ਪਤਾ ਉਹ ਖਾਊਗਾ ਕਿ ਨ੍ਹੀਂ। ਜੇ ਲਕਛਮੀ ਨਾ ਖਾਂਦੀ ਹੋਈ ਤਾਂ ਸ਼ਾਇਦ ਉਹ ਵੀ ਨਾ ਖਾਵੇ। ਫੇਰ ਜੇ...।" ਮੈਨੂੰ ਉਸ ਦੀ 'ਜੇ' ਨੇ ਖਿਝਾ ਦਿੱਤਾ ਸੀ। ਮੈਥੋਂ ਕਿਹਾ ਗਿਆ ਸੀ, "ਪਤਾ ਨ੍ਹੀਂ ਉਹ ਆਉਣਗੇ ਵੀ ਕਿ ਨ੍ਹੀਂ।" ਉਹ ਮੇਰੇ ਮੂੰਹ ਵੱਲ ਸਿੱਧਾ ਹੀ ਦੇਖਣ ਲੱਗ ਪਿਆ ਸੀ। ਜਿੱਦਾਂ ਮੈਂ ਉਸ ਨੂੰ ਚਿੜ੍ਹਾਉਣ ਲਈ ਇਹ ਕਿਹਾ ਹੋਵੇ।

ਦੇਵ ਨੇ ਉਹਨਾਂ ਨੂੰ ਅੱਜ ਦਾ ਦਿਨ ਰੁਕਣ ਲਈ ਕਿਹਾ ਸੀ। ਸੰਦੀਪ ਨੂੰ ਬਾਂਹੋਂ ਫੜ ਕੇ ਬੈਠਾਇਆ, "ਮੈਂ ਤੈਨੂੰ ਕਹਿਣਾ-ਤੂੰ ਨ੍ਹੀਂ ਜਾਣਾ। ਚੁੱਪ ਕਰਕੇ ਬੈਠ ਜਾ। ਚਲ-ਚਲ ਬੈਠ। ਮੈਂ 'ਪਦਮਾਵਤ' ਫ਼ਿਲਮ ਦੀ ਕੈਸਿਟ ਮੰਗਵਾਈ। ਸਾਰੇ ਕੱਠੇ ਬੈਠਕੇ ਦੇਖਦੇ।" ਸੰਦੀਪ ਬੈਠਾ ਨਾ। ਉਸ ਕਿਹਾ ਸੀ, "ਲਕਛਮੀ ਦੀ ਮਾਸੀ

ਦੇ ਪੰਜ ਫੋਨ ਆ ਚੁੱਕੇ। ਅਸੀਂ ਉਹਨਾਂ ਵੱਲ ਅਵੱਸ਼ ਜਾਣਾ।" ਦੇਵ ਚਿੜ੍ਹ ਗਿਆ। ਮੂੰਹ 'ਚ ਬੁੜਬੜਾਇਆ। ਉਸ ਝੱਟ ਫੈਸਲਾ ਲਿਆ-ਮੌਜ ਕਰੋ। ਮੈਨੂੰ ਆਵਾਜ਼ ਮਾਰੀ, "ਮੁੰਦਰੀ ਲਿਆਓ। ਕਾਹਲੀ-ਕਾਹਲੀ 'ਚ ਭੁੱਲ ਹੀ ਨਾ ਜਾਈਏ। ਗਿਫਟ ਵਾਲਾ ਲਿਫ਼ਾਫ਼ਾ ਕਿਥੇ ਰੱਖਿਆ?" ਮੈਂ ਉਹਨਾਂ ਵਿਚਕਾਰ ਨਹੀਂ ਆਉਣਾ ਚਾਹੁੰਦੀ ਸੀ। ਪਰ ਆਇਆਂ ਬਿਨਾਂ ਸਰਨਾ ਵੀ ਨਹੀਂ ਸੀ। ਮੈਨੂੰ ਅਚਨਚੇਤ ਸੰਦੀਪ ਦਾ ਕਿਹਾ ਯਾਦ ਆ ਗਿਆ, "ਮੰਮੀ, ਇਸ ਘਰ 'ਚ ਆ ਕੇ ਮੇਰਾ ਦਮ ਘੁੱਟਣ ਲੱਗ ਜਾਂਦਾ।" ਮੈਨੂੰ ਪਤਾ ਸੀ ਕਿ ਉਹ ਦੇਵ ਨੂੰ ਨਹੀਂ, ਸਿਰਫ਼ ਤੇ ਸਿਰਫ਼ ਮੈਨੂੰ ਮਿਲਣ ਆਏ ਸੀ। ਆਉਂਦਿਆਂ ਬੈਗ ਮੇਰੇ ਹਵਾਲੇ ਕਰਦਿਆਂ ਹੋਇਆਂ ਕਿਹਾ ਸੀ, "ਇਹ ਤੁਹਾਡੇ ਲਈ ਗਿਫਟਸ ਲਿਆਂਦੇ ਨੇ।" ਦੇਵ ਘਰੇ ਹੋਵੇ ਤਾਂ ਉਹ ਰਾਤ ਨਹੀਂ ਰਹਿੰਦਾ। ਉਹਨੂੰ ਅੱਚੋਤਾਈ ਲੱਗੀ ਰਹਿੰਦੀ। ਮੈਂ ਖ਼ੁਦ ਚਾਹਿਆ ਸੀ ਕਿ ਉਹ ਚਲੇ ਜਾਣ ਕਿਉਂਕਿ ਉਨ੍ਹਾਂ ਦੇ ਮੱਥੇ 'ਤੇ ਉਭਰੀਆਂ ਤਿਉੜੀਆਂ ਨੂੰ ਦੇਖ ਕੇ ਮੇਰਾ ਮੱਥਾ ਠਣਕਿਆ ਸੀ। ਉਹ ਪ੍ਰਾਹੁਣਿਆਂ ਵਾਂਗ ਬੈਠਾ ਸੀ। ਪੈਰੋਂ ਬੂਟ ਵੀ ਨਹੀਂ ਉਤਾਰੇ ਸਨ। ਜਿੱਦਾਂ ਦੌੜ ਜਾਣਾ ਚਾਹੁੰਦਾ ਹੋਵੇ। ਕਮਰੇ 'ਚ ਪਈਆਂ ਨਵੀਆਂ ਚੀਜ਼ਾਂ ਵੱਲ ਉਸ ਇੱਕ ਵਾਰ ਵੀ ਨਹੀਂ ਦੇਖਿਆ ਸੀ, ਭਾਵੇਂ ਦੇਵ ਇਸ ਵਾਰੀ ਲਿਆਂਦੀਆਂ ਚੀਜ਼ਾਂ ਬਾਰੇ ਦੱਸਦਾ ਰਿਹਾ ਸੀ। ਉਹਨੂੰ ਤਾਂ ਇਸ ਸਭ ਕਾਸੇ ਨਾਲ ਕੋਈ ਸਰੋਕਾਰ ਨਹੀਂ ਸੀ। ਉਹਨੇ ਦੋਵੇਂ ਭਰਾਵਾਂ ਬਾਰੇ ਕੁਝ ਵੀ ਨਹੀਂ ਪੁੱਛਿਆ ਸੀ। ਉਸਨੂੰ ਬਲਵਿੰਦਰ ਨਾਲ ਮੋਹ ਪਿਆਰ ਸੀ। ਉਹ ਦੋਵੇਂ ਇਕ-ਦੂਜੇ ਨੂੰ ਫੋਨ ਕਰ ਲੈਂਦੇ। ਉਹ ਮੇਰੇ ਨਾਲ ਵੀ ਬਲਵਿੰਦਰ ਬਾਰੇ ਗੱਲਾਂ ਕਰਦਾ। ਪਰ ਇਕ ਵਾਰ ਵੀ ਉਸ ਦੇ ਸਹੁਰਿਆਂ ਦੇ ਉਸ ਨੂੰ ਮਿਲਣ ਨਹੀਂ ਗਿਆ। ਮੇਰੀ ਇੰਨੀ ਕੁ ਇੱਛਾ ਕਿ ਮੇਰੀ ਨੂੰਹ ਮੇਰੇ ਹੱਥੀਂ ਬਣਾਇਆ ਖਾਣਾ ਖਾਵੇ। ਉਹਨਾਂ ਮੇਰਾ ਕਿਹਾ ਮੰਨ ਲਿਆ। ਉਹਨਾਂ ਫੇਰ ਦੌੜਣ ਦੀ ਕੀਤੀ। ਉਸ ਰਾਤ ਪਹਿਲੀ ਵਾਰ ਮੈਂ ਦੇਵ ਦਾ ਨਵਾਂ ਰੂਪ ਦੇਖਿਆ। ਉਸ ਸੁਆਲਾਂ ਦੀ ਝੜੀ ਲਾ ਦਿੱਤੀ। ਕਈ ਅਜਿਹੇ ਸੁਆਲ ਜਿਨ੍ਹਾਂ ਦਾ ਕਈ ਜੁਆਬ ਹੋ ਹੀ ਨਹੀਂ ਸਕਦਾ। ਮੈਂ ਟਾਲਦੀ ਹੀ ਰਹੀ। ਉਹ ਖਿੱਝਿਆ-ਕੁੜਿਆ ਪਾਸਾ ਵੱਟ ਕੇ ਪੈ ਗਿਆ।

ਬਿੱਟੂ ਕਿਆਂ ਦੇ ਮੋੜ ਤੋਂ ਹੀ ਦੇਵ ਦੀ ਕਿਸੇ ਨਾਲ ਉੱਚੀ-ਉੱਚੀ ਗੱਲਾਂ ਕਰਨ ਦੀ ਆਵਾਜ਼ ਆ ਰਹੀ ਹੈ। ਉਹ ਜਦੋਂ ਮੂਡ 'ਚ ਹੋਵੇ ਤਾਂ ਉਦੋਂ ਹੀ ਇੰਨੀ ਉੱਚੀ ਆਵਾਜ਼ 'ਚ ਬੋਲਦਾ ਹੈ। ਕੇਵਲ ਨੇ ਪਤਾ ਨਹੀਂ ਕਿੰਨੀ ਕੁ ਪਿਲਾ ਦਿੱਤੀ ਹੋਣੀ। ਮੈਨੂੰ ਉਹ ਸ਼ਰਾਬੀ ਹੋਇਆ ਚੰਗਾ ਵੀ ਲੱਗਦਾ ਹੈ। ਜ਼ਹਿਰ ਦਿਖਾਲੀ ਵੀ ਦਿੰਦਾ ਹੈ। ਐਸ ਵੇਲੇ ਉਹ ਮਨ ਦੀਆਂ ਗੰਢਾਂ ਖੋਲ੍ਹਦਾ ਹੈ। ਸੱਚ ਬੋਲਦਾ ਹੈ। ਖਾਸ ਕਰਕੇ ਆਪਣੇ ਕਿਸੇ ਯਾਰ ਬੇਲੀ ਜਾਂ ਰਿਸ਼ਤੇਦਾਰ ਨਾਲ। ਜਿੱਦਾਂ ਰਾਤੀਂ ਅਜਮੇਰ ਨੂੰ ਕਿਸੇ ਗੱਲ ਦਾ ਜੁਆਬ ਦਿੰਦਿਆਂ ਉਸ ਕਿਹਾ ਸੀ, "ਮੈਂ ਤਾਂ ਖੱਟ ਲਿਆ। ਪਟੋਲੇ ਵਰਗੀ ਜਨਾਨੀ ਮਿਲ ਗਈ। ਆਉਂਦੀ ਨੇ ਘਰ ਬਾਰ ਸਾਂਭ ਲਿਆ। ਮੁੰਡਿਆਂ ਦਾ ਪੂਰਾ ਖਿਆਲ ਰੱਖਦੀ। ਇਹਦੇ ਮੁੰਡੇ ਸੰਦੀਪ ਨੂੰ ਉਹਦੀ ਨਾਨੀ ਦੇ ਹਵਾਲੇ ਕੀਤਾ ਹੋਇਆ। ਵੱਡਾ ਡਰ ਤਾਂ ਨਿਆਣੇ ਦਾ ਹੁੰਦਾ। ਨਿਆਣਾ ਜਮਾਉਣ ਵਾਲਾ ਕਜੀਆ ਤਾਂ ਮੈਂ ਅੰਮ੍ਰਿਤ ਦੇ ਹੁੰਦਿਆਂ ਹੀ ਸਦਾ ਸਦਾ ਲਈ ਨਬੇੜ ਦਿੱਤਾ ਸੀ। ਹੁਣ ਸੁੱਕੀਆਂ ਮੌਜਾਂ ਲਈਦੀਆਂ....।"

ਉਸ ਦੇ ਜਾਣ 'ਚ ਸਿਰਫ਼ ਸਤ ਘੰਟੇ ਬਾਕੀ ਹਨ। ਉਹਦੇ ਫਗਵਾੜੇ ਵਾਲੇ ਜੀਜਾ ਸ਼੍ਰੀ ਨੇ ਗਲੀ ਦਾ ਮੋੜ ਮੁੜਦਿਆਂ ਹਾਰਨ ਮਾਰਿਆ ਹੈ। ਮੇਰੇ ਲਈ ਇਹ ਸਮਾਂ ਕਸ਼ਟਦਾਈ ਹੈ। ਚਲ ਮਨਾ-ਪੈਕ ਕੀਤੇ ਸਾਮਾਨ ਦਾ ਭਾਰ ਵੀ ਤੋਲ ਲੈ। ਕੋਈ ਕੰਮ ਤਾਂ ਮੁੱਕੇ। ਦੇਵ ਦੇ ਜਾਣ ਮਗਰੋਂ ਹੀ ਬਲਵਿੰਦਰ ਬਾਰੇ ਵਿਦਿਆ ਨਾਲ ਗੱਲ ਛੇੜਾਂਗੀ।

**ਸੰਪਰਕ**-98148-03254



## ਕਹਾਣੀ / ਮਿੱਟੀ ਨਹੀਂ ਮਰਦੀ / - ਮੇਜਰ ਮਾਂਗਟ

ਰਾਤ ਦੇ ਨੌਂ ਕੁ ਵਜੇ ਦਾ ਸਮਾਂ ਸੀ। ਰੋਟੀ ਖਾਹ ਕੇ ਉਹ ਸੌਣ ਦੀ ਤਿਆਰੀ ਕਰ ਰਹੇ ਸਨ। ਰੂਪ ਅਜੇ ਵੀ ਟੈਲੀਵੀਯਨ ਤੇ ਕੋਈ ਸੀਰੀਅਲ ਵੇਖ ਰਹੀ ਸੀ। ਫੋਨ ਆਇਆ, ਤੇ ਘੰਟੀਆਂ ਵੱਜਦੀਆਂ ਰਹੀਆਂ। ਗੁਰਜਾਪ ਨੇ ਵੇਖਿਆ ਕਿ ਡਿਸਪਲੇਅ ਸਕਰੀਨ ਤੇ ਭਾਰਤ ਦਾ ਨੰਬਰ ਆਇਆ ਹੋਇਆ ਸੀ। ਫੋਨ ਦੂਜੀ ਤੀਜੀ ਵਾਰ ਫੇਰ ਵੱਜਿਆ। ਗੁਰਜਾਪ ਨੇ ਜੱਕੋ ਤੱਕੀ ਵਿੱਚ, ਟੀ ਵੀ ਸੀਰੀਅਲ ਦੇਖ ਰਹੀ ਰੂਪ ਨੂੰ ਕਿਹਾ,

"ਪਿੰਡੋਂ ਫੋਨ ਆਂ। ਵਾਰ ਵਾਰ ਆ ਰਿਹੈ।"

ਉਹ ਇੱਕ ਦਮ ਭੜਕ ਪਈ "ਕੋਈ ਹੋਰ ਸਵਾਲ ਪਾਉਣਾ ਹੋਊ, ਫੇਰ ਪੈਸੇ ਚਾਹੀਦੇ ਹੋਣਗੇ ਕੋਈ ਹੋਰ ਬਹਾਨਾ ਲੱਭ ਲਿਆ ਹੋਊ, ਰਹਿਣ ਦੇ ਤੁਸੀਂ ਨੀ ਚੱਕਣਾ ਫੋਨ।"

ਉਹ ਪਿੰਡ ਵਾਲਿਆਂ ਤੋਂ ਤੰਗ ਆਈ ਪਈ ਸੀ। ਜੋ ਅਜੇ ਵੀ ਕਹਿ ਰਹੀ ਸੀ

"ਜਿਮੇਂ ਏਥੇ ਪੈਸੇ ਦਰਖਤਾਂ ਨੂੰ ਲੱਗਦੇ ਆ।"

ਉਸ ਦੀ ਘੁਰਕੀ ਸੁਣ ਕੇ ਗੁਰਜਾਪ ਦਾ ਫੋਨ ਵਲ ਨੂੰ ਵੱਧਦਾ ਹੱਥ ਰੁਕ ਗਿਆ। ਪਰ ਰੂਪ ਬੋਲਣੋਂ ਨਹੀਂ ਸੀ ਰੁਕੀ,

"ਪੰਦਰਾਂ ਸਾਲ ਹੋ ਗੇ, ਠੇਕੇ ਦਾ ਇੱਕ ਨਵਾਂ ਪੈਸਾ ਨੀ ਦਿੱਤਾ, ਸਾਡੇ ਹਿੱਸੇ ਦਾ ਘਰ ਤੇ ਜ਼ਮੀਨ ਵੀ ਸਾਂਭੀ ਬੈਠੇ ਨੇ, ਦੁਆਨੀ ਦੀ ਕਦੇ ਕੋਈ ਚੀਜ਼ ਨੀ ਭੇਜੀ। ਮਤਲਬ ਤੋਂ ਬਿਨਾਂ ਕਦੇ ਫੋਨ ਨੀ ਕਰਦੇ। ਜਦ ਲੋੜ ਹੁੰਦੀ ਆ ਤਾਂ ਫੋਨ ਤੇ ਫੋਨ ਖਬਰਦਾਰ ਜੇ ਚੁੱਕਿਆ।"

ਗੁਰਜਾਪ ਚੁੱਪ ਹੀ ਰਿਹਾ। ਜਦੋਂ ਪਤਨੀ ਦਾ ਪਾਰਾ ਚੜ੍ਹਿਆ ਹੁੰਦਾ, ਤਾਂ ਉਹ ਚੁੱਪ ਹੀ ਰਹਿੰਦਾ। ਘਰ ਦੇ ਕਲੇਸ਼ ਤੋਂ ਡਰਦਾ ਕਈ ਗੱਲਾਂ ਉਹ ਅੰਦਰ ਹੀ ਪੀ ਜਾਂਦਾ। ਉਹ ਨੂੰ ਇਹ ਵੀ ਡਰ ਰਹਿੰਦਾ, ਕਿ ਸਾਡੀ ਲੜਾਈ ਦਾ ਨਿਆਣਿਆਂ 'ਤੇ ਬੁਰਾ ਅਸਰ ਨਾ ਪਏ। ਹੁਣ ਵੀ ਨਿਆਣੇ ਤਾਂ ਸੌਂ ਚੁੱਕੇ ਸਨ, ਜਿਨਾਂ ਸਵੇਰੇ ਸਕੂਲ ਜਾਣਾ ਸੀ। ਤਾਂ ਵੀ ਉਹ ਗੱਲ ਨੂੰ ਵਧਾਉਣਾ ਨਹੀਂ ਸੀ ਚਾਹੁੰਦਾ।

ਆਪਣੀ ਮੰਮੀ ਨੂੰ ਲਗਾਤਾਰ ਬੋਲਦਿਆਂ ਸੁਣ ਕੇ, ਸੋਨੂੰ ਉੱਠ ਆਇਆ ਸੀ, ਕਿ ਸ਼ਾਇਦ ਮੰਮੀ ਡੈਡੀ ਲੜ ਪਏ ਹੋਣ। ਉਹ ਸਿਆਣਾ ਸੀ। ਛੋਟੀਆਂ ਦੋਨੋ ਤਾਂ ਡਰ ਕੇ ਸਹਿਮ ਜਾਂਦੀਆਂ ਸਨ। ਰੂਪਾ ਅਜੇ ਵੀ ਬੋਲ ਰਹੀ ਸੀ,

"ਮੈਂ ਜਾਣਦੀ ਆਂ ਉਹਨਾਂ ਨੂੰ ਨਿੱਤ ਦਾ ਕੋਈ ਨਵਾਂ ਬਹਾਨਾ। ਕਦੇ ਫਸਲ ਨੀ ਹੋਈ, ਕਦੇ ਮੱਝ ਮਰ ਗਈ, ਕਦੇ ਬੋਰ ਖੜ੍ਹ ਗਿਆ। ਮਾਂ ਪਿਉ ਦੇ ਮਰੇ ਤੋਂ ਧੇਲਾ ਨੀ ਸੀ ਕੱਢਿਆ, ਭੋਗ ਦਾ ਸਾਰਾ ਖਰਚਾ ਸਾਡੇ ਗਲ਼ ਪਾ ਤਾ ਸੀ"

"ਮੰਮੀ ਦਸ ਬੱਜਗੇ ਸੌਣ ਵੀ ਨੀ ਦਿੰਦੇ ਕਿਉਂ ਬੋਲੀ ਜਾਂਦੇ ਓਂ? ਖਬਰਾ ਉਨ੍ਹਾਂ ਨੂੰ ਕੋਈ ਪਰੌਬਲਮ ਹੋਵੇ?" ਸੋਨੂੰ ਬੋਲਿਆ।

"ਮੈਂ ਜਾਣਦੀਆਂ ਉਨ੍ਹਾਂ ਦੀਆਂ ਪਰਾਬਲਮਾਂ ਨੂੰ ਜਾ ਤੂੰ ਵੀ ਜਾ ਕੇ ਪੈ ਜਾ। ਉਦੋਂ ਮਕਾਣਾਂ ਭੋਗ, ਤੇ ਹੋਰ ਸਭ ਖਰਚਾ ਤੇਰੇ ਡੈਡ ਤੋਂ ਕਰਵਾਇਆ ਸੀ। ਨਾਂ ਉਨ੍ਹਾਂ ਦੇ ਮਾਂ ਬਾਪ ਨੀ ਸੀ ਉਹ? ਉਨ੍ਹਾਂ ਦਾ ਨੀ ਸੀ ਕੋਈ ਫਰਜ਼?"

ਫੋਨ ਚੌਥੀ ਵਾਰ ਫੇਰ ਆ ਗਿਆ ਤੇ ਲਗਾਤਾਰ ਵੱਜਦਾ ਰਿਹਾ। ਰੂਪ ਟੀ ਵੀ ਬੰਦ ਕਰਕੇ, ਪੈਰ

ਪਟਕਦੀ ਰਸੋਈ ਵਲ ਨੂੰ ਹੋ ਤੁਰੀ। ਬੁੜ ਬੁੜ ਕਰਦੀ ਉਹ ਸਿੰਕ 'ਚ ਪਏ ਭਾਂਡੇ ਵੀ ਭੰਨ੍ਹਦੀ ਰਹੀ।

ਗੁਰਜਾਪ ਬੇਵਸ ਹੋਇਆ ਲਿਵਿੰਗ ਰੂਮ ਵਿੱਚ ਗੇੜੇ ਕੱਢਦਾ ਰਿਹਾ। ਉਸ ਦਾ ਕਿਚਨ ਕੈਬਨਟ ਵਿੱਚ ਪਈ ਸ਼ਰਾਬ ਦੀ ਬੋਤਲ ਚੁੱਕ ਕੇ ਪੀਣ ਨੂੰ ਦਿਲ ਕੀਤਾ। ਪਰ ਦੂਸਰੇ ਦਿਨ ਕੰਮ ਤੇ ਜਾਣ ਦੇ ਖਿਆਲ ਨੇ ਉਸ ਦੇ ਹੱਥਾਂ ਨੂੰ ਉਸ ਨੂੰ ਰੋਕ ਲਿਆ।

ਸੋਨੂੰ ਚੁੱਪ ਕਰਨ ਲਈ ਕਹਿ ਕੇ, ਮੁੜ ਆਪਣੇ ਬੈੱਡਰੂਮ ਵਿੱਚ ਜਾ ਪਿਆ। ਰੂਪ ਤਾਂ ਅਜੇ ਵੀ ਬੋਲੀ ਜਾ ਰਹੀ ਸੀ।

"ਕੁੜੀ ਦੇ ਵਿਆਹ ਵੇਲੇ ਦੋ ਲੱਖ ਸਾਡੇ ਤੋਂ ਮੰਗਵਾ ਲਿਆ। ਸਾਂਝੀ ਜ਼ਮੀਨ ਦੇ ਨੰਬਰਾਂ ਤੇ ਬਗੈਰ ਪੁੱਛੇ ਕਰਜਾ ਚੱਕ ਲਿਆ। ਕੀਹਨੇ ਕਿਹਾ ਸੀ, ਬਈ ਐਡਾ ਮੈਰਿਜ਼ ਪੈਲੇਸ ਬੁੱਕ ਕਰਵਾਉ? ਕੀਹਨੇ ਕਿਹਾ ਸੀ ਅੱਡੀਆਂ ਚੁੱਕ ਚੁੱਕ ਫਾਹੇ ਲਉ? ਐਨੇ ਦਖਾਵੇ ਕੀਤੇ, ਮਾਰ ਕੇ ਛੱਤੀ ਪ੍ਰਕਾਰ ਦੇ ਭੋਜਨ, ਆਰਕੈਸਟਰੇ ਵਾਲੇ ਅੱਡ ਉਂ ਅਸੀ ਤੰਗ ਆਂ ਹੁਣ ਅਸੀਂ ਕੀ ਕਰੀਏ? ਅਸੀਂ ਨੀ ਨਿਆਣੇ ਪਾਲਣੇ? ਅਸੀਂ ਨੀ ਬਿੱਲ ਬੱਤੀਆਂ ਤਾਰਨੇ ? ਅਖੇ ਨਾਲੇ ਚੋਰੀ ਤੇ ਨਾਲੇ ਸੀਨਾ ਜੋਰੀ। ਦੋ ਘੜੀ ਅਰਾਮ ਵੀ ਨੀ ਕਰਨ ਦਿੰਦੇ ..ਫ਼ੋਨ ਤੇ ਫੋਨ, ਫੋਨ ਤੇ ਫੋਨ।"

ਜਦੋਂ ਫੋਨ ਪੰਜਵੀਂ ਵਾਰ ਵੱਜਿਆ ਤਾਂ ਗੁਰਜਾਪ ਦਾ ਮੱਥਾ ਠਣਕਿਆ, ਕਿਤੇ ਕੋਈ ਐਮਰਜੈਂਸੀ ਹੀ ਨਾ ਹੋਵੇ। ਕਈ ਕੁੱਝ ਦਿਮਾਗ ਵਿੱਚ ਘੁੰਮ ਗਿਆ। ਪਰ ਕਿਸੇ ਬਿਮਾਰ ਠੁਮਾਰ ਦੀ ਤਾਂ ਕੋਈ ਖ਼ਬਰ ਨਹੀਂ ਸੀ। 'ਕੋਈ ਐਕਸੀਡੈਂਟ ਵੀ ਤਾਂ ਹੋ ਸਕਦੈ?' ਉਸਦੇ ਭਰਾ ਕੋਲ ਸਕੂਟਰ ਸੀ ਤੇ ਭਤੀਜੇ ਨੇ ਮੋਟਰਸਾਈਕਲ ਰੱਖਿਆ ਹੋਇਆ ਸੀ।

ਉਸ ਨੇ ਰੂਪ ਦੀ ਪਰਵਾਹ ਨਾਂ ਕਰਦਿਆਂ ਹੋਇਆਂ, ਫੋਨ ਚੁੱਕ ਹੀ ਲਿਆ। ਅਜੇ ਹੈਲੋ ਕਿਹਾ ਹੀ ਸੀ, ਕਿ ਉਧਰੋਂ ਕਿਸੇ ਦੇ ਰੋਣ ਦੀ ਆਵਾਜ਼ ਆਈ। ਉਸ ਨੂੰ ਹਰਮਨ ਦੇ ਹੌਂਕੇ ਸੁਣਾਈ ਦਿੱਤੇ। ਉਹ ਰੋਂਦਾ ਬੋਲਿਆ,

"ਚਾਚਾ ਜੀ ਆਪਾਂ ਪੱਟੇ ਗਏ, ਪਾਪਾ ਨੇ ਸੁਈਸਾਈਡ ਕਰ ਲਿਆ।"

ਤੇ ਉਸ ਦੀਆਂ ਭੁੱਬਾਂ ਨਿੱਕਲ ਗਈਆਂ। ਫੇਰ ਰੋਣ ਦੀਆਂ ਕਿੰਨੀਆਂ ਹੀ ਆਵਾਜ਼ਾਂ, ਢਲ਼ੇ ਹੋਏ ਸਿੱਕੇ ਵਾਂਗ ਉਸਦੇ ਕੰਨੀਂ ਪਈਆਂ।

ਉਹ ਫੋਨ ਫੜੀਂ ਥਾਏਂ ਸੋਫੇ ਤੇ ਬੈਠ ਗਿਆ। ਉਸਦੀ ਧਾਹ ਨਿੱਕਲ ਗਈ। ਲੱਗਦਾ ਸੀ ਬੇਹੋਸ਼ ਹੋ ਕੇ ਡਿੱਗ ਪਵੇਗਾ। ਪਰ ਉਹ ਸੰਭਲ ਗਿਆ।

"ਹੈਂ ਹੈਂ ਕਿਵੇਂ ਹੋ ਗਿਆ? ਕਦੋਂ ਦੀ ਗੱਲ ਆ?" ਉਸ ਨੇ ਸੈਂਕੜੇ ਸਵਾਲ ਦਾਗ ਦਿੱਤੇ।

"ਚਾਚਾ ਜੀ ਬੀਤੀ ਰਾਤ ਪਾਪਾ ਜਦੋਂ ਦੇਰ ਰਾਤ ਤੱਕ ਮੋਟਰ ਤੋਂ ਨੀ ਆਏ, ਤਾਂ ਅਸੀਂ ਦੇਖਣ ਚਲੇ ਗਏ। ਉਹ ਕੋਠੇ ਦੇ ਬਾਹਰ ਡਿੱਗੇ ਪਏ ਸੀ ਤੇ ਮੂੰਹ ਚੋਂ ਝੱਗ ਨਿੱਕਲ ਰਹੀ ਸੀ। ਮੋਟਰ ਵਾਲੇ ਕੋਠੇ ਵਿੱਚ ਸਲਫਾਸ ਦੀ ਖੁੱਲੀ ਸ਼ੀਸ਼ੀ ਪਈ ਸੀ। ਸਾਡੇ ਪਹੁੰਚਣ ਤੱਕ ਤਾਂ ਉਹ ਪੂਰੇ ਹੋ ਚੁੱਕੇ ਸੀ। ਅਸੀਂ ਝੱਟ ਜੀਤੇ ਸਰਪੰਚ ਦੀ ਕਾਰ ਵਿੱਚ ਪਾ ਕੇ ਡਾਕਟਰ ਚੋਪੜਾ ਦੇ ਲੈ ਗਏ। ਉਹ ਕਹਿੰਦਾ ਪੂਰੇ ਹੋ ਚੁੱਕੇ ਨੇ।" ਉਸ ਨੇ ਫੇਰ ਧਾਹ ਮਾਰੀ।

ਗੁਰਜਾਪ ਦੇ ਪੈਰਾਂ ਹੇਠੋਂ ਜ਼ਮੀਨ ਨਿੱਕਲ ਗਈ। ਹੁਣ ਰੂਪ ਵੀ ਪੈਰ ਜਿਹੇ ਮਲਦੀ ਕੋਲ ਆ ਖੜੀ ਸੀ, ਜੋ ਪੁੱਛ ਰਹੀ ਸੀ ਕਿ, "ਹੈਂ ਕੀ ਹੋ ਗਿਆ?"

ਗੁਰਜਾਪ ਦੱਸਦਾ ਹੋਇਆ ਰੋਂਦਾ ਵੀ ਰਿਹਾ। ਉਸਦੇ ਰੋਂਣ ਦੀ ਆਵਾਜ਼ ਸੁਣ ਕੇ ਬੱਚੇ ਵੀ ਸੌਣ ਕਮਰਿਆਂ ਵਿੱਚੋਂ ਹੇਠਾਂ ਆ ਗਏ। ਸਭ ਗੁਰਜਾਪ ਨੂੰ ਸੰਭਾਲਣ ਲੱਗ ਪਏ। ਰੂਪ ਆਪਣੇ ਆਪ ਨੂੰ ਦੋਸ਼ੀ ਜਿਹਾ



ਮਹਿਸੂਸ ਕਰਦੀ ਹੋਈ ਬੋਲੀ,

" ਲੈ ਮੈਨੂੰ ਕੀ ਪਤਾ ਸੀ ਬਈ ਐਂ ਹੋਜੂ।"

ਗੁਰਜਾਪ ਆਪਣੇ ਭਰਾ ਤੇਜਵੰਤ ਦੇ, ਮਨੋਂ ਬਹੁਤ ਨੇੜੇ ਸੀ। ਇਸ ਕਰਕੇ ਹੀ ਨਾਂ ਉਹ ਉਸ ਨਾਲ ਕਦੇ ਲੜ ਸਕਿਆ ਤੇ ਨਾਂ ਹੀ ਕਦੇ ਆਪਣਾ ਹਿੱਸਾ ਮੰਗ ਸਕਿਆ। ਇਸ ਅਚਾਨਕ ਗਿਰੀ ਬਿਜਲੀ ਨੇ ਉਸ ਨੂੰ ਝੰਜੋੜ ਕੇ ਰੱਖ ਦਿੱਤਾ।

ਗੁਭ ਗੁਭਾਟ ਕੱਢ ਕੇ, ਜਦੋਂ ਮਨ ਹਲਕਾ ਹੋ ਗਿਆ, ਤਾਂ ਉਸ ਨੇ ਆਪਣੀ ਭਰਜਾਈ ਨਾਲ ਗੱਲ ਕਰਨ ਲਈ ਫੇਰ ਇੰਡੀਆ ਨੂੰ ਫੋਨ ਕਰ ਲਿਆ। ਅੱਗੋਂ ਭਰਜਾਈ ਨੇ ਹੀ ਚੁੱਕਿਆ ਜੋ ਅਜੇ ਵੀ ਰੋਅ ਰਹੀ ਸੀ ਤੇ ਸਾਰੀ ਵਿਥਿਆ ਬਿਆਨ ਕਰ ਰਹੀ ਸੀ।

"ਉਹ ਬਹੁਤ ਪਰੇਸ਼ਾਨ ਰਹਿੰਦੇ ਤੀ... ਦਸ ਲੱਖ ਦਾ ਬੈਂਕ ਦਾ ਕਰਜ਼ਾ ਤੀ ਬੈਂਕ ਵਾਲੇ ਗੇੜੇ ਮਾਰਦੇ ਰਹੇ ਜ਼ਮੀਨ ਕੁਰਕਣ ਦੀਆਂ ਧਮਕੀਆਂ ਦਿੰਦੇ ਰਹੇ... ਖੇਤੀ ਚੋਂ ਕੁੱਝ ਬਚਦਾ ਨੀ ਸੀ। ਛੋਟੀ ਲਈ ਬਾਹਰਲਾ ਮੁੰਡਾ ਲੱਭਿਆ, ਪਰ ਉਹ ਖੜੇ ਪੈਰ ਵਿਆਹ ਮੰਗਦੇ ਤੀ। ਹੈਰੀ ਆਸਟਰੇਲੀਆ ਜਾਣ ਦੀ ਜਿੱਦ ਕਰਦਾ ਤੀ। ਵੱਡੀ ਦੀਪੀ ਨੂੰ ਸਹੁਰੇ ਤੰਗ ਪਰੇਸ਼ਾਨ ਕਰਦੇ ਤੀ... ਉਪਰੋਂ ਨਿਆਈਂ ਵਾਲਾ ਬੋਰ ਖੜ ਗਿਆ। ਬੱਸ ਕਈ ਟੈਨਸ਼ਨਾਂ ਲੈ ਗੇ। ਟਰੈਕਟਰ ਵੀ ਵੇਚਿਆ, ਗੱਲ ਨੀ ਬਣੀ। ਆੜਤੀਆਂ ਨੇ ਵੀ ਬਾਂਹ ਨਾ ਫੜੀ। ਜਿੱਦਣ ਦਾ ਜ਼ਮੀਨ ਕੁਰਕੀ ਦਾ ਨੋਟਿਸ ਆਇਆ, ਸੋਚ ਸੋਚ ਪਰੇਸ਼ਾਨ ਹੋ ਗੇ ਤੀ। ਦੋ ਦਿਨ ਲਗਾਤਾਰ ਦਾਰੂ ਪੀਂਦੇ ਰਹੇ। ਤੇ ਫੇਰ ਆਹ ਕਦਮ ਚੱਕ ਲਿਆ।"

ਉਸ ਰਾਤ ਘਰ ਵਿੱਚ ਮਾਤਮ ਛਾਇਆ ਰਿਹਾ। ਗੁਰਜਾਪ ਰੁਕ ਰੁਕ ਕੇ ਰੋਂਦਾ ਰਿਹਾ ਤੇ ਰੂਪ ਮੋਮ ਵਾਂਗ ਢਲੀ, ਅਥਰੂ ਵੀ ਵਹਾਉਂਦੀ ਰਹੀ। ਉਸ ਨੇ ਇਹ ਕਦੇ ਨਹੀਂ ਸੀ ਸੋਚਿਆ ਕਿ ਉਸਦਾ ਜੇਠ ਏਦਾਂ ਵੀ ਕਰ ਸਕਦਾ ਹੈ। ਉਹ ਟੈਲੀਵੀਯਨ ਤੇ ਪੰਜਾਬ ਦੇ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖੁਦਕਸ਼ੀਆਂ ਬਾਰੇ ਸੁਣਦੀ ਤਾਂ ਹੁੰਦੀ ਸੀ, ਇਹ ਭਾਣਾ ਉਨ੍ਹਾਂ ਦੇ ਆਪਣੇ ਘਰ ਹੀ ਵਰਤ ਜਾਊ, ਇਹ ਉਸ ਨੇ ਕਦੇ ਨਹੀਂ ਸੀ ਸੋਚਿਆ।

ਹੁਣ ਰੂਪ ਸੋਚ ਰਹੀ ਸੀ, ਕਿ

'ਮਰਨਾ ਕੋਈ ਸੌਖਾ ਕੰਮ ਤਾਂ ਨੀ ਹੁੰਦਾ ਜੇ ਪਾਣੀ ਸਿਰ ਤੋਂ ਹੀ ਲੰਘ ਜੇ ਤਾਂ ਹੀ ਕੋਈ ਖੁਦਕਸ਼ੀ ਕਰਦੈ।'

ਉਹ ਆਪਣੇ ਪਤੀ ਨੂੰ ਚੁੱਪ ਵੀ ਕਰਾਉਂਦੀ ਰਹੀ। ਬੱਚੇ ਬਿਟਰ ਬਿਟਰ ਤੱਕਦੇ ਰਹੇ। ਉਹ ਭਾਵੇਂ ਆਪਣੇ ਇੰਡੀਆ ਵਾਲੇ ਤਾਏ ਨਾਲ ਬਹੁਤੇ ਨਹੀਂ ਸੀ ਜੁੜੇ ਹੋਏ, ਤਾਂ ਵੀ ਮਹਿਸੂਸ ਕਰ ਰਹੇ ਸਨ ਕਿ ਉਹ ਉਨ੍ਹਾਂ ਦੇ ਡੈਡ ਦਾ ਸਕਾ ਭਰਾ ਸੀ।

ਦੋ ਕੁ ਘੰਟੇ ਬਾਅਦ ਇੰਡੀਆ ਤੋਂ ਹੈਰੀ ਦਾ ਫੇਰ ਫੋਨ ਆ ਗਿਆ। ਉਹ ਦੱਸ ਰਿਹਾ ਸੀ।

'ਚਾਚਾ ਜੀ ਬੌਡੀ ਰੱਖਣ ਲਈ ਫਰੀਜ਼ਰ ਦਾ ਪ੍ਰਬੰਧ ਹੋ ਗਿਆ ਏ। ਸਸਕਾਰ ਤੁਹਾਡੇ ਆਇਆਂ ਤੋਂ ਹੀ ਕਰਾਂਗੇ। ਸਭ ਤੁਹਾਨੂੰ ਹੀ ਉਡੀਕਦੇ ਨੇ, ਸਾਨੂੰ ਤਾਂ ਕੁੱਝ ਵੀ ਸਮਝ ਨੀ ਆਉਂਦੀ ਤੁਸੀਂ ਕੱਲ ਨੂੰ ਹੀ ਸਿੱਧੀ ਫਲਾਈਟ ਫੜ ਕੇ ਆ ਜਾਵੋ। ਦਾਗ ਤੁਹਾਡੇ ਆਇਆਂ ਤੋਂ ਈ ਲਾਮਾਂਗੇ।'

ਗੁਰਜਾਪ ਲਈ ਹੁਣ ਨਵਾਂ ਫਿਕਰ ਸ਼ੁਰੂ ਹੋ ਗਿਆ। ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਉਸਦਾ ਪਾਸਪੋਰਟ ਕਿੱਥੇ ਹੈ ਤੇ ਕਦੋਂ ਮੁੱਕਣਾ ਹੈ। ਪਹਿਲਾਂ ਉਸ ਨੇ ਪਤਨੀ ਨੂੰ ਕਹਿ ਕੇ ਪਾਸਪੋਰਟ ਲਭਾਇਆ, ਜਿਸ ਦੇ ਖਤਮ ਹੋਣ ਵਿੱਚ ਅਜੇ ਸਾਲ ਬਾਕੀ ਪਿਆ ਸੀ।ਦੂਸਰੇ ਦਿਨ ਉਸ ਨੇ ਸਭ ਤੋਂ ਪਹਿਲਾਂ ਆਪਣੇ ਕੰਮ ਤੇ ਫੋਨ ਕਰਨਾ ਸੀ ਤੇ ਫੇਰ ਐਮਰਜੈਂਸੀ ਵੀਜ਼ਾ ਲੈਣ ਲਈ ਕੌਂਸਲੇਟ ਦੇ ਦਫਤਰ ਟੋਰਾਂਟੋ ਡਾਊਨ ਟਾਊਨ ਜਾਣਾ ਸੀ।

'ਕੰਮ ਵਾਲੇ ਪਤਾ ਨਹੀਂ ਕਿੰਨੇ ਕੁ ਦਿਨਾਂ ਦੀਆਂ ਛੁੱਟੀਆਂ ਦੇਣਗੇ' ਉਹ ਸੋਚਦਾ ਰਿਹਾ।

ਅਚਾਨਕ ਪਈ ਬਿਪਤਾ ਨਾਲ ਨਵਾਂ ਖਰਚਾ ਵੀ ਆ ਪਿਆ ਸੀ। ਉਧਰ ਨਿਆਣਿਆਂ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਵਾਲੀਆਂ ਸਨ। ਰੂਪ ਦਾ ਕੰਮ ਅਜੇ ਨਵਾਂ ਸੀ, ਉਹ ਕਿਸੇ ਵੀ ਹਾਲਤ ਵਿੱਚ ਨਿਆਣਿਆਂ ਨੂੰ ਇਕੱਲੇ ਛੱਡ ਕੇ ਉਸਦੇ ਨਾਲ ਨਹੀਂ ਸੀ ਜਾ ਸਕਦੀ।

ਦੂਸਰੇ ਦਿਨ ਰੂਪ ਨੇ ਸੁਵੱਖਤੇ ਹੀ ਬੈਂਕ ਤੋਂ ਜਾ ਕੇ ਡਾਲਰ ਲਿਆ ਦੇਣੇ ਸੀ। ਟਿਕਟਾਂ ਉਸਨੇ ਵੀਜ਼ਾ ਕਾਰਡ ਤੋਂ ਚੁੱਕਣ ਦੀ ਸਲਾਹ ਦਿੱਤੀ। ਗੁਰਜਾਪ ਇਹ ਵੀ ਜਾਣਦਾ ਸੀ ਕਿ ਰੂਪ ਅੰਦਰੋਂ ਖੁਸ਼ ਨਹੀਂ ਹੈ। ਜਦੋਂ ਵੀ ਚਾਰ ਪੈਸੇ ਜੁੜਨ ਲੱਗਦੇ ਨੇ, ਤਾਂ ਕੋਈ ਅਜਿਹਾ ਖਰਚਾ ਆ ਪੈਂਦਾ ਏ। ਅਜਿਹੇ ਮੌਕੇ ਤਾਂ ਉਹ ਲੜ ਵੀ ਨਹੀਂ ਸੀ ਸਕਦੀ। ਉਹ ਬੜੀ ਅਜੀਬ ਜਿਹੀ ਮਾਨਸਿਕ ਹਾਲਤ ਵਿੱਚੋਂ ਗੁਜ਼ਰ ਰਿਹਾ ਸੀ।

ਅਜੇ ਕੈਨੇਡਾ ਵਿੱਚ ਉਸਦੇ ਭਰਾ ਦੇ ਮਰਨ ਦਾ ਪਤਾ, ਰਿਸ਼ਤੇਦਾਰਾਂ ਨੂੰ ਨਹੀਂ ਸੀ ਲੱਗਿਆ। ਸਭ ਤੋਂ ਪਹਿਲਾਂ ਤਾਂ ਉਸਨੇ ਆਪਣੇ ਕੰਮ ਤੇ ਫੋਨ ਕਰਨਾ ਸੀ।

ਕੰਮ ਵਾਲਿਆਂ ਨੂੰ ਤਾਂ ਕੰਮ ਤੱਕ ਮਤਲਬ ਹੋਣਾ ਸੀ, ਖੁਸ਼ੀਆਂ ਗਮੀਆਂ ਉਸਦੀਆਂ ਆਪਣੀਆਂ ਸਨ। ਉਹ ਇਹ ਵੀ ਨਹੀਂ ਸੀ ਚਾਹੁੰਦਾ ਕਿ ਰਿਸ਼ਤੇਦਾਰ ਤੜਕੇ ਹੀ ਅਫਸੋਸ ਕਰਨ ਆਉਣ ਲੱਗ ਪੈਣ, ਤੇ ਉਸ ਤੋਂ ਹੋਰ ਕੋਈ ਵੀ ਕੰਮ ਨਾ ਹੋਵੇ। ਬਾਅਦ ਵਿੱਚ ਤਾਂ ਸਭ ਨੂੰ ਪਤਾ ਲੱਗ ਹੀ ਜਾਣਾ ਸੀ।

ਦੁਨੀਆਂ ਉਸ ਨੂੰ ਰੰਗਮੰਚ ਦੇ ਕਲਾਕਾਰਾਂ ਵਰਗੀ ਜਾਪੀ, ਜੋ ਵਕਤ ਅਨੁਸਾਰ ਆਪਣਾ ਰੋਲ ਬਦਲ ਲੈਂਦੀ ਸੀ। ਰੂਪ ਵੀ ਤਾਂ ਹੁਣ ਏਸੇ ਤਰ੍ਹਾਂ ਕਰ ਰਹੀ ਸੀ। ਪਹਿਲਾਂ ਜੇਠ ਨੂੰ ਗਾਲ਼ਾਂ ਕੱਢਦੀ ਰਹੀ ਤੇ ਹੁਣ ਰੋਅ ਰਹੀ ਸੀ।

ਉਸ ਦੇ ਮਨ ਦੀ ਪੀੜ ਨੂੰ ਤਾਂ ਸਿਰਫ ਉਹ ਹੀ ਮਹਿਸੂਸ ਕਰ ਸਕਦਾ ਸੀ।

ਉਸ ਰਾਤ ਨੀਂਦ ਨੇ ਤਾਂ ਕੀ ਆਉਣਾ ਸੀ..,ਪਰ ਤਾਂ ਵੀ ਉਹ ਬੱਤੀ ਬੁਝਾ ਕੇ ਪੈ ਗਿਆ। ਬੈਡ-ਰੂਮ ਦੀ ਖਿੜਕੀ ਵਿੱਚੋਂ ਅਸਮਾਨ ਵਿੱਚ ਚਮਕਦੇ ਤਾਰੇ ਦਿਖਾਈ ਦਿੰਦੇ ਰਹੇ।

'ਭਰਾ ਦੀ ਕਿਤੇ ਕੋਈ ਉਮਰ ਸੀ ਜਾਣ ਸੀ?'

ਉਸ ਨੇ ਰੱਬ ਨਾਲ ਸ਼ਿਕਵਾ ਕੀਤਾ। ਪਚਵੰਜਾ ਸਾਲ ਕੀ ਉਮਰ ਹੁੰਦੀ ਆ? ਭਰਾ ਅੰਬਰ ਦਾ ਤਾਰਾ ਬਣਕੇ ਕਿਤੇ ਬਹੁਤ ਦੂਰ ਚਲਾ ਗਿਆ ਸੀ।

ਉਸ ਦੀਆਂ ਵੱਡੇ ਭਰਾ ਤੇਜਵੰਤ ਨਾਲ ਸੈਂਕੜੇ ਯਾਦਾਂ ਜੁੜੀਆਂ ਹੋਈਆਂ ਸਨ, ਜੋ ਯਾਦ ਦੀ ਪਟੜੀ ਤੇ, ਰੇਲ ਗੱਡੀ ਦੇ ਡੱਬਿਆਂ ਵਾਂਗ ਦੌੜ ਰਹੀਆਂ ਸਨ। ਨਿੱਕੇ ਹੁੰਦੇ ਇਕੱਠੇ ਖੇਡੇ, ਲੜੇ, ਘੁਲ਼ੇ ਤੇ ਗੁੱਸੇ ਗਿਲੇ ਵੀ ਹੁੰਦੇ ਰਹੇ। ਦੋਹਾਂ ਭਰਾਵਾਂ ਵਿੱਚ ਪਿਆਰ ਵੀ ਬਹੁਤ ਸੀ। ਉਹ ਇੱਕ ਦੂਜੇ ਦਾ ਕਦੇ ਵਿਸਾਹ ਨਾ ਕਰਦੇ।

'ਤੇਜਵੰਤ ਦੀ ਬਾਹਰਵੀ ਜਮਾਤ ਵਿੱਚ ਹੀ ਬਰੇਕ ਲੱਗ ਗਈ, ਜਦੋਂ ਅੰਗਰੇਜੀ ਵਿੱਚੋਂ ਆਈ ਕੰਪਾਰਟਮੈਂਟ ਹੀ ਉਸ ਤੋਂ ਕਲੀਅਰ ਨਾ ਹੋਈ। ਦੋ ਵਾਰ ਰੀ-ਅਪੀਅਰ ਹੋਣ ਤੋਂ ਬਾਅਦ ਫੇਰ ਰਿਵਰਸ ਲੱਗ ਗਿਆ। ਤੇ ਉਹ ਸ਼ਰਮ ਦਾ ਮਾਰਾ ਮੁੜ ਕਾਲਜ ਹੀ ਨਹੀਂ ਸੀ ਗਿਆ। ਬਾਪੂ ਨਾਲ ਖੇਤੀ ਕਰਵਾਉਣ ਲੱਗ ਪਿਆ'

ਉਸ ਨੇ ਬਾਪੂ ਨੂੰ ਮਨਾ ਕੇ ਟਰੈਕਟਰ ਵੀ ਲੈ ਲਿਆ ਕਿ ਲੋਕਾਂ ਦੀ ਜ਼ਮੀਨ ਵਾਹ ਕੇ ਪੈਸਾ ਵੀ ਕਮਾਊ ਤੇ ਕਿਸ਼ਤਾਂ ਵੀ ਲਾਹੂ। ਫੇਰ ਕਦੇ ਡੀ ਟੀ ਚੌਂਦਾਂ, ਕਦੇ ਆਈਸ਼ਰ, ਕਦੇ ਮੈਸੀ ਤੇ ਕਦੇ ਇੰਟਰਨੈਸ਼ਨਲ ਤੋਂ ਹੁੰਦਾ ਉਹ ਵੀ ਫੋਰਡ ਟਰੈਕਰ ਤੱਕ ਆ ਗਿਆ। ਹਰਾ ਇਨਕਲਾਬ ਜ਼ੋਰਾਂ ਤੇ ਸੀ। ਫੇਰ ਘਰ ਘਰ ਟਰੈਕਟਰ ਹੋ ਗਏ। ਕਿਰਾਏ ਦੀ ਵਾਹੀ ਦਾ ਕੰਮ ਬਹੁਤ ਘਟ ਗਿਆ। ਖਰਚੇ ਵਧਣ ਲੱਗੇ ਤੇ ਸੰਦਾਂ ਦੀ ਟੁੱਟ ਭੱਜ ਹੋਣ ਲੱਗੀ। ਖਾਦਾਂ ਬੀਜਾਂ ਦੇ ਰੇਟ ਅਸਮਾਨੀ ਚੜ੍ਹਨ ਲੱਗੇ। ਕਦੇ ਇੰਜਣ ਖੜ ਜਾਂਦਾ ਤੇ ਕਦੇ ਬੋਰ ਬੰਦ ਹੋ ਜਾਂਦਾ।



ਫੇਰ ਵੀ ਉਹ ਬਾਪੂ ਦੇ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਦਾ ਰਿਹਾ।

ਭਰਾ ਨੂੰ ਲੱਗਦਾ ਸੀ ਕਿ ਉਹ ਨਵੀਨ ਖੇਤੀ ਢੰਗ ਅਪਣਾ ਕੇ ਲਹਿਰਾਂ ਬਹਿਰਾਂ ਕਰ ਦੇਵੇਗਾ, ਪਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਨੇ ਉਸ ਦੀ ਕੋਈ ਵੀ ਪੇਸ਼ ਨਾ ਜਾਣ ਦਿੱਤੀ। ਫਸਲਾਂ ਨੂੰ ਕਦੇ ਮੌਸਮ ਦੀ ਮਾਰ ਪੈ ਜਾਂਦੀ ਤੇ ਕਦੇ ਸਰਕਾਰ ਦੀ। ਜੇ ਝਾੜ ਵਧ ਜਾਂਦਾ ਤਾਂ ਅਗਲੇ ਫਸਲ ਨਾ ਚੁਕਦੇ। ਉਹ ਵੀ ਪੰਜਾਬ ਦੇ ਬਾਕੀ ਕਿਸਾਨਾਂ ਵਾਂਗ ਮੰਡੀਆਂ ਵਿੱਚ ਰੁਲਦਾ ਰਹਿੰਦਾ। ਜੇ ਸਬਜ਼ੀਆਂ ਭਾਜੀਆਂ ਬੀਜਦਾ ਤਾਂ ਵਿੱਕਰੀ ਨਾ ਹੁੰਦੀ ਜਾਂ ਮੰਡੀ ਹੀ ਨਾ ਲੱਭਦੀ। ਉਸ ਨੇ ਵੀ ਪੁੱਤਾਂ ਵਾਂਗ ਪਾਲ਼ੇ, ਆਲੂਆਂ ਟਮਾਟਰਾਂ ਦੀਆਂ ਭਰੀਆਂ ਟਰਾਲੀਆਂ ਮਜ਼ਬੂਰਨ ਸੜਕਾਂ ਤੇ ਸੁੱਟੀਆਂ।

ਖਾਣਪੀਣ ਦਾ ਉਹ ਮੁੱਢ ਤੋਂ ਹੀ ਸ਼ੁਕੀਨ ਸੀ। ਖੇਤੀ ਜਦੋਂ ਘਾਟੇ ਦਾ ਸੌਦਾ ਬਣ ਗਈ, ਤਾਂ ਉਹ ਵੀ ਟੁੱਟਣ ਲੱਗਾ। ਪਰ ਉਹ ਗੁਰਜਾਪ ਨੂੰ ਪੜ੍ਹਨ ਲਈ ਪ੍ਰੇਰਦਾ ਰਿਹਾ, ਕਿ ਉਹ ਪੜ੍ਹ ਕੇ ਚੰਗੀ ਨੌਕਰੀ ਲੱਭੇ। ਗੁਰਜਾਪ ਐਮ ਐਸ ਸੀ ਕਰ ਗਿਆ। ਪੜ੍ਹਾਈ ਦਾ ਸਾਰਾ ਖਰਚਾ ਅਤੇ ਉਸਦਾ ਜੇਬ ਖਰਚਾ ਵੀ ਭਾਈ ਹੀ ਦਿੰਦਾ ਰਿਹਾ। ਉਸ ਨੇ ਜੋ ਕੱਪੜੇ ਕਹਿਣੇ ਭਾਈ ਨੇ ਲੈ ਦੇਣੇ। ਬਾਪੂ ਨੇ ਸਾਰੀਆਂ ਜਿੰਮੇਵਾਰੀਆਂ ਤੇ ਲਾਣੇਦਾਰੀ ਵੀ ਉਸੇ ਨੂੰ ਹੀ ਸੰਭਾਲੀ ਹੋਈ ਸੀ। ਉਹ ਉਦੋਂ ਦਾ ਹੀ ਦਸ ਏਕੜ ਜ਼ਮੀਨ ਤੇ ਖੇਤੀ ਕਰਦਾ ਆ ਰਿਹਾ ਸੀ। ਘਰ ਮੱਝਾਂ ਗਾਵਾਂ ਵੀ ਰੱਖੀਆਂ ਹੋਈਆਂ ਸਨ। ਫੇਰ ਉਸਦਾ ਦਾ ਵਿਆਹ ਹੋ ਗਿਆ ਤੇ ਬੱਚੇ ਵੀ ਹੋ ਗਏ।

ਵੱਡੇ ਭਰਾ ਦੇ ਵਿਆਹ ਤੋਂ ਬਾਅਦ ਗੁਰਜਾਪ ਵੀ ਵਿਆਹ ਕਰਵਾ ਕੇ ਕੈਨੇਡਾ ਨਿੱਕਲ ਆਇਆ। ਦੂਰੀਆਂ ਵੱਧ ਗਈਆਂ। ਭਰਾ ਨੇ ਭੈਣ ਦਾ ਵਿਆਹ ਵੀ ਕੀਤਾ ਤੇ ਫੇਰ ਉਹ ਆਪਣੇ ਟੱਬਰ ਬਾਰੇ ਸੋਚਣ ਲੱਗ ਪਿਆ।

ਗੁਰਜਾਪ ਨੂੰ ਇੱਕ ਹੋਰ ਯਾਦ ਆਈ। ਭਰਾ ਜਿਸ ਕੁੜੀ ਨੂੰ ਪਿਆਰ ਕਰਦਾ ਸੀ, ਉਸ ਨਾਲ ਉਸਦਾ ਵਿਆਹ ਨਹੀਂ ਸੀ ਹੋ ਸਕਿਆ ਤੇ ਜਿਸ ਨਾਲ ਵਿਆਹ ਹੋਇਆ ਸੀ, ਉਹ ਉਸ ਨੂੰ ਸਮਝਦੀ ਨਹੀਂ ਸੀ। ਬਿਨਾਂ ਗੱਲ ਤੋਂ ਹੀ ਕਲੇਸ਼ ਪਾਈ ਰੱਖਦੀ। ਭਰਾ ਜ਼ਿਆਦਾਤਰ ਮੋਟਰ ਤੇ ਹੀ ਰਹਿੰਦਾ। ਉਥੇ ਹੀ ਭਈਆਂ ਨੂੰ ਲਾ ਕੇ ਦਾਰੂ ਕਢਵਾ ਲੈਂਦਾ। ਦਾਰੂ ਦੇ ਨਾਲ ਨਾਲ ਉਹ ਭੁੱਕੀ ਤੇ ਅਫੀਮ ਵੀ ਖਾਣ ਲੱਗ ਪਿਆ, ਜਿਸ ਨਾਲ ਖਰਚੇ ਹੋਰ ਵੀ ਵਧ ਗਏ। ਦੋ ਕੁੜੀਆਂ ਤੇ ਮੁੰਡਾ ਅੰਗਰੇਜੀ ਸਕੂਲਾਂ ਵਿੱਚ ਲਾਏ ਹੋਏ ਸਨ।

ਯਾਦ ਦੀ ਫਿਰਕੀ ਘੁੰਮਦੀ ਰਹੀ।

ਫੇਰ ਬਾਪੂ ਬਿਮਾਰ ਰਹਿਣ ਲੱਗਿਆ, ਮਾਂ ਤੇ ਬਾਪ ਦੋਨੋ ਅੱਗੜ ਪਿੱਛੜ ਤੁਰ ਗਏ। ਭਰਾ ਹੋਰ ਵੀ ਉਦਾਸ ਹੋ ਗਿਆ ਅਤੇ ਹੋਰ ਵੀ ਨਸ਼ੇ ਵਿੱਚ ਰਹਿਣ ਲੱਗਿਆ।

ਗੁਰਜਾਪ ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕਿਸਾਨ ਮੇਲੇ ਯਾਦ ਆਏ, ਜਿੱਥੇ ਉਹ ਹਰ ਸਾਲ ਇਕੱਠੇ ਜਾਂਦੇ ਸਨ। ਕਦੇ ਕੈਰੋਂ ਭਵਨ ਅਤੇ ਕਦੇ ਕਿਸਾਨ ਭਵਨ ਵਿੱਚ ਠਹਿਰਦੇ। ਉਹ ਸਾਰੀਆਂ ਰੰਗੀਨੀਆਂ ਯਾਦ ਆਈਆਂ। ਅਜਿਹੇ ਮੇਲੇ ਤੋਂ ਪ੍ਰਭਾਵਤ ਹੋ ਕੇ ਉਸਦੇ ਭਰਾ ਨੇ ਕੰਬਾਈਨ ਵੀ ਖਰੀਦ ਲਈ ਸੀ ਤੇ ਦੂਰ ਦੁਰਾਡੇ ਤੱਕ ਵੀ ਕਬਾਈਨ ਲੈ ਕੇ ਲੋਕਾਂ ਦੀਆਂ ਫਸਲਾਂ ਵੱਢਣ ਜਾਂਦਾ। ਫੇਰ ਕੰਬਾਈਨਾਂ ਵੀ ਆਮ ਹੀ ਹੋ ਗਈਆਂ। ਉਹ ਕੰਮ ਵੀ ਜ਼ਿਆਦਾ ਦੇਰ ਨਾ ਚੱਲਿਆ। ਦੋਹਾਂ ਦੇ ਦੋਸਤ ਸਾਂਝੇ ਸਨ ਤੇ ਖਾਣ ਪੀਣ ਵੀ ਸਾਂਝਾ ਸੀ। ਜੇ ਜ਼ਮੀਨ ਸਾਂਝੀ ਸੀ ਤਾਂ ਐਡੀ ਕਿਹੜੀ ਗੱਲ ਸੀ? ਪਰ ਰੂਪ ਇਨ੍ਹਾਂ ਗੱਲਾਂ ਨੂੰ ਨਹੀਂ ਸੀ ਸਮਝਦੀ।

ਜਿਸ ਭਰਾ ਨੇ ਪੜ੍ਹਾ ਲਿਖਾ ਕੇ ਉਸ ਨੂੰ ਕੈਨੇਡਾ ਤੋਰਿਆ। ਉਹ ਉਸ ਦੇ ਅਹਿਸਾਨ ਕਿਵੇਂ ਭੁੱਲ ਜਾਂਦਾ? ਕਿਵੇਂ ਲੋੜ ਪਈ ਤੋਂ ਮੱਦਦ ਨਾ ਕਰਦਾ? ਮਾਂ ਬਾਪ ਦੋਨਾਂ ਦੇ ਸਾਂਝੇ ਸਨ, ਭੈਣ ਵੀ ਸਾਂਝੀ ਸੀ। ਪਰ

ਰੂਪ ਇਹ ਕਲੇਸ਼ ਪਾਈਂ ਰੱਖਦੀ ਕਿ ਪੈਸੇ ਕਿਉਂ ਭੇਜੇ।

'ਸਾਈਕਲ ਤੋਂ ਲੈ ਕੇ ਮੋਟਰ ਸਾਈਕਲ, ਫੇਰ ਕਾਰ ਤੱਕ, ਸਭ ਭਰਾ ਦੀ ਕਮਾਈ ਨਾਲ ਹੀ ਲਏ ਗਏ। ਕੱਪੜੇ ਲੀੜੇ, ਹੋਟਲਾਂ ਕੰਨਟੀਨਾਂ ਦੇ ਬਿੱਲ ਵੀ ਉਹ ਹੀ ਉਤਾਰਦਾ ਰਿਹਾ। ਕਿੱਥੇ ਕਿੱਥੇ ਮੱਦਦ ਨਹੀਂ ਸੀ ਕਰਦਾ।'

ਉਹ ਸਿਰਾਹਣੇ ਵਿੱਚ ਮੂੰਹ ਦੇ ਕੇ ਲਗਾਤਾਰ ਹੰਝੂ ਵੀ ਵਹਾ ਰਿਹਾ ਸੀ। ਜਿਵੇਂ ਉਸ ਦੀ ਸੱਜੀ ਬਾਂਹ ਟੁੱਟ ਗਈ ਹੋਵੇ।

ਰੂਪ ਨੂੰ ਗੂੜੀ ਨੀਂਦ ਆ ਗਈ ਸੀ। ਉਸਦੇ ਘੁਰਾੜੇ ਗੁਰਜਾਪ ਨੂੰ ਪਰੇਸ਼ਾਨ ਕਰ ਰਹੇ ਸਨ। ਉਹ ਚਾਹੁੰਦਾ ਸੀ ਕਿ ਪਤਨੀ ਉਸ ਦੇ ਅੱਥਰੂ ਪੂੰਝੇ ਤੇ ਹੋਰ ਗੱਲਾਂ ਕਰੇ, ਪਰ ਪਤਨੀ ਤਾਂ ਸਹੁਰੇ ਪਰਿਵਾਰ ਨੂੰ ਆਪਣਾ ਸਮਝਦੀ ਹੀ ਨਹੀਂ ਸੀ। ਉਸ ਨੂੰ ਤਾਂ ਦੂਸਰੇ ਦਿਨ ਕੰਮ ਤੇ ਜਾਣ ਦਾ ਫਿਕਰ ਵਧੇਰੇ ਸੀ।

ਮਨ ਵਿੱਚ ਯਾਦਾਂ ਦੇ ਕਾਫਲੇ ਚੱਲਦੇ ਰਹੇ ਅਤੇ ਅਸਮਾਨ ਵਿੱਚ ਚੰਦਰਮਾਂ ਬੱਦਲਾਂ ਨਾਲ ਲੁਕਣਮੀਟੀ ਖੇਡਦਾ ਰਿਹਾ।

1993 ਤੱਕ ਭਾਵੇਂ ਪੰਜਾਬ ਵਿੱਚੋਂ ਕਾਲਾ ਦੌਰ ਲੱਗਭੱਗ ਖਤਮ ਹੋ ਗਿਆ ਸੀ, ਪਰੰਤੂ ਪੁਲੀਸ ਮੁਕਾਬਲੇ ਤੇ ਟਾਂਵੀਆਂ ਟਾਂਵੀਆਂ ਵਾਰਦਾਤਾਂ ਅਜੇ ਹੀ ਹੁੰਦੀਆਂ ਰਹਿੰਦੀਆਂ। ਪੁਲੀਸ ਨੌਜਵਾਨਾ ਨੂੰ ਘਰੋਂ ਚੁੱਕ ਕੇ ਲੈ ਜਾਂਦੀ। ਉਦੋਂ ਹੀ ਉਸਦੇ ਭਰਾ ਨੇ ਉਸ ਨੂੰ ਬਾਹਰਲੇ ਮੁਲਕ ਜਾਣ ਲਈ ਮਨਾਇਆ ਸੀ। ਪਾਸਪੋਰਟ ਬਣਵਾ ਕੇ, ਉਹ ਉਸਦੇ ਕਈ ਹੀਲੇ ਵਸੀਲੇ ਬਣਾਉਂਦਾ ਰਿਹਾ। ਉਸ ਨੂੰ ਲੱਗਦਾ ਸੀ ਕਿ ਪੰਜਾਬ ਵਿੱਚ ਤਾਂ ਨੌਕਰੀ ਮਿਲਣੀ ਨਹੀਂ। ਫੇਰ ਆਪਣੇ ਕਿਸੇ ਦੋਸਤ ਦੀ ਵਿਚੋਲਗੀ ਨਾਲ ਉਸ ਨੇ ਇਹ ਕੈਨੇਡਾ ਵਾਲਾ ਰਿਸ਼ਤਾ ਲੱਭਿਆ ਸੀ। ਉਸ ਨੂੰ ਕੈਨੇਡਾ ਭੇਜ ਕੇ ਉਹ ਕਿੰਨਾ ਖੁਸ਼ ਹੋਇਆ ਸੀ। ਪਰ ਰੂਪ ਤਾਂ ਇਸ ਨੂੰ ਵੀ ਭਰਾ ਦੀ ਜ਼ਮੀਨ ਸਾਂਭਣ ਲਈ ਖੇਡੀ ਚਾਲ ਚਾਲ ਦੱਸਦੀ ਸੀ।

ਹੁਣ ਤਾਂ ਉਸ ਨੇ ਫੇਸ ਬੁੱਕ ਤੇ ਵਟਸ ਐਪ ਅਕਾਊਂਟ ਵੀ ਬਣਾ ਲਏ ਸੀ। ਉਹ ਅਕਸਰ ਹੀ ਕੋਈ ਫੋਟੋ ਜਾਂ ਸਟੇਟਸ ਪਾਈਂ ਰੱਖਦਾ। ਉਹ ਸਾਰੇ ਸੁੱਖ ਸੁਨੇਹੇ ਵੀ ਮੈਸਿਜ ਬੌਕਸ ਵਿੱਚ ਹੀ ਭੇਜ ਦਿੰਦਾ। ਕੁੱਝ ਦਿਨ ਪਹਿਲਾਂ ਪਾਏ ਸਟੇਟਸ 'ਏ ਐਂਡਲੈੱਸ ਜਰਨੀ' ਨੂੰ ਉਹ ਸਮਝ ਨਹੀਂ ਸੀ ਸਕਿਆ, ਤੇ ਨਾਂ ਹੀ ਉਸ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਸੀ। ਅੱਜ ਉਸ ਨੂੰ ਉਸਦੇ ਅਨੰਤ ਸਫ਼ਰ ਤੇ ਜਾਣ ਦੀ ਗੱਲ ਸਮਝ ਆਣ ਲੱਗੀ। ਹੁਣ ਤਾਂ ਸਮਾਂ ਤਾਂ ਹੱਥੋਂ ਜਾ ਚੁੱਕਾ ਸੀ।

'ਭਰਾ ਬਿਲਕੁੱਲ ਟੁੱਟ ਚੁੱਕਾ ਹੋਊ, ਉਦਾਸੀ ਤੇ ਕਰਜ਼ੇ ਨੇ ਲੈ ਲਿਆ ਹੋਊ' ਉਹ ਪਿਆ ਡੁਸਕਦਾ ਰਿਹਾ।

ਕਦੇ ਗੁਰਜਾਪ ਆਪ ਵੀ ਖੇਤਾਂ ਵਿੱਚ ਕੰਮ ਕਰਵਾਉਣ ਚਲੇ ਜਾਂਦਾ। ਉਹ ਇਕੱਠੇ ਭਰੀਆਂ ਢੋਂਹਦੇ, ਥ੍ਰੈਸ਼ਰ ਵਿੱਚ ਰੁੱਗ ਲਾਉਂਦੇ, ਵੱਟਾਂ ਪਾਉਂਦੇ, ਸਿੰਚਾਈ ਤੇ ਗੋਡੀ ਕਰਦੇ। ਸਪਰੇਅ ਉਹ ਆਪ ਹੀ ਕਰਦਾ ਤੇ ਆਖਦਾ

'ਰਹਿਣ ਦੇ ਤੈਨੂੰ ਚੜ੍ਹ ਜੂ'

'ਕੀ ਜ਼ਿੰਦਗੀ ਦੇ ਸਾਰੇ ਜ਼ਹਿਰ ਪੀਣ ਲਈ ਸਿਰਫ ਉਹ ਹੀ ਸੀ?'

ਕਦੇ ਸੁਸਾਇਟੀ ਦੇ, ਕਦੇ ਆੜਤੀਆਂ ਦੇ ਤੇ ਕਦੇ ਬੈਂਕਾ ਦੇ ਤਰਲੇ ਕਰਦਾ ਫਿਰਦਾ ਰਹਿੰਦਾ। ਦੋ ਪੈਗ ਲਾ ਕੇ ਉਹ ਦਿਹਾਤੀ ਪ੍ਰੋਗਰਾਮ ਵੀ ਬੜੀ ਰੀਝ ਨਾਲ ਸੁਣਦਾ ਹੁੰਦਾ ਸੀ। ਕੰਮ ਛੱਡ ਕੇ ਲੀਡਰਾਂ ਦੀਆਂ ਰੈਲੀਆਂ ਤੇ ਤੁਰ ਪੈਂਦਾ। ਪਰ ਔਖੇ ਵੇਲੇ ਕਿਸੇ ਲੀਡਰ ਨੇ ਉਸਦੀ ਬਾਤ ਨੀ ਸੀ ਪੁੱਛੀ।

ਹੁਣ ਤਾਂ ਗੁਰਜਾਪ ਨੇ ਵੀ ਪਤਨੀ ਦੀ ਘੂਰ ਤੋਂ ਡਰਦਿਆਂ ਉਸਦਾ ਫੋਨ ਚੁੱਕਣਾ ਛੱਡ ਦਿੱਤਾ ਸੀ।



ਉਹ ਵੀ ਆਪਣੇ ਧੀ ਪੁੱਤ ਨੂੰ ਕੈਨੇਡਾ ਕੱਢਣਾ ਚਾਹੁੰਦਾ ਸੀ, ਪਰ ਉਸਦਾ ਲੋਟ ਨਹੀਂ ਸੀ ਆ ਰਿਹਾ।

ਆਪਣੇ ਵਿਆਹ ਤੋਂ ਪਹਿਲਾਂ ਹਰ ਉਹ ਜਣੇ ਖਣੇ ਨੂੰ ਦਿੱਲੀ ਚੜਾਉਣ ਤੁਰ ਪੈਂਦਾ। ਤੇ ਮੁੜਨ ਲੱਗਿਆ ਆਖਦਾ,

'ਕਦੇ ਸਾਡੀ ਵੀ ਵਾਰੀ ਆਊ?'

'ਹੁਣ ਤਾਂ ਉਹ ਕਿਸੇ ਹੋਰ ਹੀ ਮੁਲਕ ਤੁਰ ਗਿਆ ਸੀ, ਜਿੱਥੋਂ ਕਦੇ ਕੋਈ ਵਾਪਿਸ ਨਹੀਂ ਪਰਤਦਾ'

ਪਤਨੀ ਦੇ ਘੁਰਾੜੇ ਹੋਰ ਉੱਚੇ ਹੋ ਗਏ ਸਨ।

ਪਿਛਲੀ ਵਾਰ ਉਸ ਨੇ ਮੁੰਡੇ ਨੂੰ ਸਟੂਡੈਂਟ ਵੀਜ਼ੇ ਤੇ ਕੈਨੇਡਾ ਜਾਂ ਆਸਟਰੇਲੀਆ ਭੇਜਣ ਲਈ ਮੱਦਦ ਮੰਗੀ ਸੀ। ਉਸਦੇ ਪੁੱਤਰ ਹੈਰੀ ਨੇ ਛੇ ਬੈਂਡ ਨਾਲ ਆਈਲੈਟਸ ਕਰ ਲਈ ਸੀ ਤੇ ਉਹ ਬਹੁਤ ਖੁਸ਼ ਸੀ। ਪਰ ਉਸ ਕੋਲ ਦਾਖਲੇ ਲਈ ਤੇ ਬਾਹਰਲੀ ਪੜ੍ਹਾਈ ਦੇ ਖਰਚਿਆਂ ਲਈ ਪੈਸੇ ਨਹੀਂ ਸਨ। ਕੁੜੀ ਵੀ ਪੜ੍ਹਨ ਨੂੰ ਹੁਸ਼ਿਆਰ ਸੀ।

ਉਹ ਉਸਦੀ ਕੋਈ ਸਹਾਇਤਾ ਨਹੀਂ ਸੀ ਕਰ ਸਕਿਆ। ਉਨ੍ਹਾਂ ਦੀ ਤਾਂ ਆਪਣੀ ਆਈ ਚਲਾਈ ਮਸਾਂ ਚੱਲਦੀ ਸੀ। ਅਜਿਹਾ ਕਰਨ ਨਾਲ ਘਰ ਕਲੇਸ਼ ਵੀ ਪੈਂਦਾ ਸੀ। ਅੱਜ ਉਹ ਪਛਤਾ ਰਿਹਾ ਸੀ।

ਨੀਂਦ ਨਹੀਂ ਸੀ ਆ ਰਹੀ। ਉਹ ਦੂਸਰੇ ਦਿਨ ਬਾਰੇ ਸੋਚਣ ਲੱਗਿਆ। ਤੜਕੇ ਉੱਠ ਕੇ ਕੱਪੜੇ ਤਿਆਰ ਕਰਨੇ ਨੇ। ਵੀਜ਼ਾ ਲੈਣ ਜਾਣਾ ਏ ਤੇ ਟਿਕਟ ਚੁੱਕਣੀ ਆ। ਭਵਜਲ ਵਰਗੀ ਰਾਤ, ਉਸ ਨੇ ਜਾਗੋ ਮੀਟੀ ਵਿੱਚ ਹੀ ਗੁਜ਼ਾਰ ਦਿੱਤੀ। ਦੂਸਰਾ ਦਿਨ ਚੜ੍ਹ ਪਿਆ।

ਉੱਠਣ ਸਾਰ ਉਸ ਨੇ ਕੰਮ ਤੇ ਫੋਨ ਕਰ ਦਿੱਤਾ। ਮਨੇਜਮੈਂਟ ਨੇ ਰਸਮੀਂ ਦੁੱਖ ਦਾ ਪ੍ਰਗਟਾਵਾਂ ਕਰਦਿਆਂ ਕੰਮ ਬਿਜੀ ਹੋਣ ਦਾ ਵੇਰਵਾ ਵੀ ਪਾ ਦਿੱਤਾ। ਗੁਰਜਾਪ ਨੂੰ ਇੱਕ ਹਫਤੇ ਦੀ ਛੁੱਟੀ ਦੇ ਨਾਲ ਦੋ ਹਫਤੇ ਵਕੇਸ਼ਨ ਵਿੱਚੋਂ ਦੇ ਦਿੱਤੇ। ਰੂਪ ਨੂੰ ਦੂਰ ਦਾ ਰਿਸ਼ਤਾ ਹੋਣ ਕਾਰਨ, ਕੰਮ ਤੋਂ ਸਿਰਫ ਦੋ ਦਿਨ ਦੀ ਛੁੱਟੀ ਹੀ ਮਿਲੀ। ਸਾਰਾ ਦਿਨ ਤਿਆਰੀ ਕਰਦਿਆਂ ਤੇ ਭੱਜ ਨਸਾਈ ਵਿੱਚ ਹੀ ਨਿੱਕਲ ਗਿਆ।

ਲਿਜਾਣ ਵਾਲੇ ਅਟੈਚੀਆਂ ਵਿੱਚ ਸਿਰਫ ਉਸਦਾ ਆਪਣਾ ਸਮਾਨ ਸੀ, ਹੋਰ ਉਸ ਨੇ ਕਰਨਾ ਵੀ ਕੀ ਸੀ? ਉਹ ਕਿਹੜਾ ਖੁਸ਼ੀ-ਨਾਮੇ ਚੱਲਿਆ ਸੀ। ਕਿਸੇ ਦੀ ਮੱਦਦ ਨਾਲ ਉਸ ਨੂੰ ਕੌਂਸਲੇਟ ਦੇ ਦਫਤਰ ਤੋਂ ਹੰਗਾਮੀਂ ਵੀਜ਼ਾ ਵੀ ਮਿਲ ਗਿਆ ਸੀ। ਬੈਂਕ ਤੋਂ ਲਿਆਂਦੇ ਸੌ ਸੌ ਦੇ ਨੋਟ ਬਟੂਏ ਵਿੱਚ ਪਾ ਜਾਣ ਤੋਂ ਪਹਿਲਾਂ ਉਹ ਬੱਚਿਆਂ ਨੂੰ ਮਿਲਦਾ ਰਿਹਾ।

ਰੂਪ ਵੀ ਉਦਾਸ ਸੀ। ਭਾਰਤ ਜਾਣ ਵਾਲੇ ਬੰਦੇ ਦੀ ਸੁੱਖ ਸਾਂਦ ਦਾ ਫਿਕਰ ਉਸ ਨੂੰ ਵੀ ਸੀ। ਗੁਰਜਾਪ ਤੋਂ ਬਿਨਾਂ ਘਰੇ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਆਉਣੀਆਂ ਸਨ। ਗੱਡੀਆਂ ਗੈਰਾਜ ਲੈ ਕੇ ਜਾਣੀਆਂ, ਤੇਲ ਪਾਣੀ ਬਦਲਣਾ, ਘਾਹ ਕੱਟਣਾ, ਘਰ ਦੀ ਮੇਨਟੀਨੈਂਸ ਤੇ ਬਿੱਲ-ਬੱਤੀਆਂ ਦੀ ਅਦਾਇਗੀ ਸਭ ਗੁਰਜਾਪ ਦੇ ਜਿੰਮੇ ਹੀ ਸਨ। ਸ਼ਾਮ ਨੂੰ ਉਹ ਸਾਰੇ ਗੁਰਜਾਪ ਨੂੰ ਏਅਰਪੋਰਟ ਛੱਡਣ ਚਲੇ ਗਏ। ਰਾਤੀ ਨੌਂ ਵਜੇ ਉਸਦੀ ਭਾਰਤ ਨੂੰ ਉਡਾਣ ਸੀ।

ਟੱਬਰ ਛੱਡ ਕੇ ਮੁੜ ਗਿਆ। ਗੁਰਜਾਪ ਸੋਚਾਂ ਵਿੱਚ ਡੁੱਬਿਆ ਜਹਾਜ਼ ਵਿੱਚ ਜਾ ਬੈਠਾ। ਸਫਰ ਬਹੁਤ ਹੀ ਬੋਝਲ ਜਾਪ ਰਿਹਾ ਸੀ। ਉਸ ਨੂੰ ਅਹਿਸਾਸ ਹੋਇਆ ਕਿ ਖੁਸ਼ੀ ਸਮੇਂ ਤੇ ਗ਼ਮੀ ਦੇ ਸਫਰ ਵਿੱਚ ਕਿੰਨਾ ਫਰਕ ਹੁੰਦਾ ਏ। ਜਦੋਂ ਵੀ ਉਹ ਕੁੱਝ ਖਾਣ ਪੀਣ ਲੱਗਦਾ, ਭਰਾ ਦਾ ਚਿਹਰਾ ਅੱਖਾਂ ਅੱਗੇ ਘੁੰਮਣ ਲੱਗਦਾ। ਭਰਾ ਨੂੰ ਉਸਦੇ ਪਿੰਡ ਜਾਣ ਦਾ ਕਿੰਨਾ ਚਾਅ ਹੋਇਆ ਕਰਦਾ ਸੀ। ਪਰ ਹੁਣ ਤਾਂ ਭਰਾ ਦੀ ਮ੍ਰਿਤਕ ਦੇਹ ਉਸ ਨੂੰ ਉਡੀਕਦੀ ਹੋਊ। ਉਹ ਆਪਣੇ ਅਥਰੂ ਨਾ ਰੋਕ ਸਕਿਆ।

ਭਰਾ ਦੇ ਪਰਿਵਾਰ ਦਾ ਵਿਰਲਾਪ ਉਸ ਤੋਂ ਦੇਖਿਆ ਨਹੀਂ ਸੀ ਜਾਣਾ ਤੇ ਉੱਤੋਂ ਲੋਕਾਂ ਦੇ ਬੋਲ ਵੀ

ਸੁਣਨੇ ਪੈਣੇ ਸਨ। ਉਸ ਦੀਆਂ ਅੱਖਾਂ ਡੁੱਬਡਬਾਉਂਦੀਆਂ ਰਹੀਆਂ। ਜਹਾਜ਼ ਵਿੱਚ ਕੁੱਝ ਵੀ ਚੰਗਾ ਨਾ ਲੱਗਦਾ ਤੇ ਉਦਾਸੀ ਭਾਰੂ ਹੋ ਜਾਂਦੀ। ਇਹ ਚੌਦਾਂ ਘੰਟਿਆਂ ਦਾ ਸਫ਼ਰ ਉਸ ਨੂੰ ਚੌਦਾਂ ਸਾਲ ਦੇ ਬਨਵਾਸ ਵਾਂਗ ਜਾਪਿਆ। ਦਿੱਲੀਉਂ ਇੰਡੋ ਕਨੇਡੀਅਨ ਬੱਸ ਲੈ ਕੇ ਉਹ ਸਵੇਰੇ ਸੱਤ ਵਜੇ ਲੁਧਿਆਣੇ ਜਾ ਉੱਤਰਿਆ, ਜਿੱਥੇ ਹੈਰੀ ਉਸ ਦੀ ਉਡੀਕ ਕਰਦਾ ਸੀ।

ਹੈਰੀ ਆਪਣੇ ਚਾਚੇ ਨੂੰ ਗਲਵੱਕੜੀ ਪਾ ਕੇ ਧਾਂਹੀ ਰੋਇਆ। ਉਹ ਬੜੀ ਮੁਸ਼ਕਲ ਨਾਲ ਹੀ ਕੁੱਝ ਗੱਲਾਂ ਕਰ ਸਕਿਆ। ਜਿਵੇਂ ਕਿ "ਪਾਪਾ ਕਰਜ਼ੇ ਕਰਕੇ ਬਹੁਤ ਅੱਪਸੈੱਟ ਰਹਿੰਦੇ ਸੀ। ਭੈਣ ਦੇ ਵਿਆਹ ਵੇਲੇ ਚੁੱਕਿਆ ਕਰਜ਼ਾ ਪ੍ਰੇਸ਼ਾਨ ਕਰਦਾ ਸੀ। ਦੋ ਕਿੱਲੇ ਜ਼ਮੀਨ ਗਹਿਣੇ ਪਈ ਸੀ, ਉਸਦਾ ਝੋਰਾ ਕਰਦੇ ਸੀ। ਟਰੈਕਰ ਤੇ ਕੰਬਾਈਨ ਦੇ ਲੋਨ ਅਜੇ ਤੱਕ ਚੱਲਦੇ ਸਨ ਤੇ ਬੈਂਕਾਂ ਵਾਲੇ ਬਹੁਤ ਤੰਗ ਕਰਦੇ ਸੀ। ਆੜਤੀਆਂ ਦਾ ਉਧਾਰ ਖੜ੍ਹਾ ਸੀ। ਜਦ ਛਾਪਾ ਪੈਂਦਾ ਸੀ ਤਾਂ ਪਾਪਾ ਲੁਕ ਜਾਂਦੇ। ਲੋਕ ਮਖੌਲ ਉਡਾਉਂਦੇ। ਪਾਪਾ ਸ਼ਰਾਬ ਬਹੁਤ ਪੀਣ ਲੱਗ ਪਏ ਸਨ। ਜ਼ਮੀਨ ਕੁਰਕੀ ਦਾ ਨੋਟਿਸ ਵੀ ਆਇਆ ਹੋਇਆ ਸੀ। ਉਹਦੇ ਕਰਕੇ ਤਾਂ ਬਹੁਤਾ ਅੱਪਸੈੱਟ ਹੋ ਗਏ। ਫੇਰ ਮੋਟਰ ਤੇ ਜਾ ਕੇ ਦਵਾਈ ਪੀ ਲਈ'

ਉਹ ਮੁੜ ਮੁੜ ਉਹ ਹੀ ਗੱਲਾਂ ਦੱਸਦਾ ਰਿਹਾ। ਏਸੇ ਤਰ੍ਹਾਂ ਗੱਲਾਂ ਕਰਦੇ ਕਰਦੇ ਉਹ ਘਰ ਅੱਪੜ ਗਏ।

ਲੱਗਿਆ ਸੀ ਜਿਵੇਂ ਪਿੰਡ ਵਿੱਚ ਮੁਰਦੇਹਾਣੀ ਛਾਈ ਪਈ ਹੋਵੇ। ਹਰ ਘਰ ਵੱਢ ਖਾਣ ਨੂੰ ਆ ਰਿਹਾ ਸੀ। ਗਲੀਆਂ ਉਦਾਸ ਤੇ ਸੁੰਨੀਆਂ ਪਈਆਂ ਸਨ। ਉਸਦੇ ਵਿਹੜੇ ਵੜ੍ਹਨ ਸਾਰ ਹੀ ਉਸਦੀ ਭਰਜਾਈ ਛਿੰਦੋ ਨੇ ਧਾਹ ਮਾਰੀ ਤੇ ਰੋਂਦੀ ਕਰਲਾਉਂਦੀ ਭਤੀਜੀ ਸਿਮਰਨ ਉਸ ਨੂੰ ਚਿੰਬੜ ਗਈ। ਗੁਰਜਾਪ ਦੀਆਂ ਵੀ ਭੁੱਬਾਂ ਨਿੱਕਲ ਗਈਆਂ।

ਉਹ ਸਾਹਸ ਇਕੱਠਾ ਕਰਕੇ ਅੰਦਰ ਨੂੰ ਤੁਰ ਪਿਆ। ਸਾਹਮਣੇ ਦਲਾਨ ਵਿੱਚ ਪਏ ਫਰੀਜ਼ਰ ਵਿੱਚ, ਭਰਾ ਦੀ ਦੇਹ ਰੱਖੀ ਹੋਈ ਸੀ। ਫੇਰ ਕਿੰਨੀਆਂ ਹੀ ਔਰਤਾਂ ਰੋਣ ਲੱਗੀਆਂ। ਉਨ੍ਹਾਂ ਨਾਲ ਚਿਰਾਂ ਤੋਂ ਰਹਿ ਰਿਹਾ ਸਾਂਝੀ ਰਾਮੂ ਵੀ ਰੋਅ ਰਿਹਾ ਸੀ। ਉਹ ਵੀ ਕਹਿ ਰਿਹਾ ਸੀ

"ਸਰਦਾਰ ਜੀ ਤੁਰ ਗਈ ਹਮ ਸਭ ਕੋ ਛੋੜ ਕਰ'

ਗੁਰਜਾਪ ਫਰੀਜਰ ਕੋਲ ਜਾ ਖੜ੍ਹਿਆ। ਕਿਸੇ ਨੇ ਕੱਪੜਾ ਚੁੱਕ ਕੇ ਮਰੇ ਪਏ ਭਰਾ ਦਾ ਮੂੰਹ ਨੰਗਾ ਕੀਤਾ। ਚਿਹਰੇ ਤੇ ਕਾਲਖ ਫਿਰ ਗਈ ਸੀ ਤੇ ਅੱਖਾਂ ਅੰਦਰ ਨੂੰ ਧਸ ਗਈਆਂ ਸਨ। ਭਰਾ ਨੂੰ ਵੇਖ ਕੇ ਗੁਰਜਾਪ ਦੀਆਂ ਭੁੱਬਾਂ ਨਿੱਕਲ ਗਈਆਂ। ਕਿੰਨੇ ਹੀ ਲੋਕ ਉਸ ਨੂੰ ਫੜ ਕੇ ਲਾਸ਼ ਤੋਂ ਦੂਰ ਲੈ ਗਏ। ਕੋਈ ਬਜ਼ੁਰਗ ਕਹਿ ਰਿਹਾ ਸੀ "ਰੱਬ ਦਾ ਭਾਣਾ ਹੈ ਸਾਊਆ।"

ਉਸੇ ਸ਼ਾਮ ਨੂੰ ਸੰਸਕਾਰ ਕਰ ਦਿੱਤਾ ਗਿਆ। ਭਰਾ ਨੂੰ ਵਿਦਾ ਕਰਕੇ ਗੁਰਜਾਪ ਵੀ ਲੋਕਾਂ ਨਾਲ ਘਰ ਆ ਗਿਆ। ਪਿੱਛੇ ਰਹਿ ਗਿਆ ਸੀ ਇੱਕ ਖਲਾਅ ਤੇ ਉਦਾਸੀ। ਹੈਰੀ ਨੂੰ ਆਪਣੇ ਭਵਿੱਖ ਦੀ ਚਿੰਤਾ ਸੀ। ਗੁਰਜਾਪ ਦੀਆਂ ਜਿੰਮੇਵਾਰੀਆਂ ਹੋਰ ਵਧ ਗਈਆਂ ਸਨ। ਇਹ ਅਹਿਸਾਸ ਤਾਂ ਉਸ ਨੂੰ ਹੋਰ ਲੋਕ ਵੀ ਕਰਾ ਗਏ ਸਨ।

ਜੀਤੇ ਸਰਪੰਚ ਨੇ ਖੁਦਕਸ਼ੀ ਬਾਰੇ ਪੁਲੀਸ ਨੂੰ ਦੇ ਲੈ ਕੇ ਨਿਬੇੜਾ ਕਰਾ ਲਿਆ ਸੀ। ਪੋਸਟਮਾਰਟਮ ਵੇਲੇ ਵੀ ਉਹ ਹੀ ਨਾਲ ਸੀ। ਉਹ ਅਜੇ ਵੀ ਮੂਹਰੇ ਮੂਹਰੇ ਫਿਰਦਾ ਸੀ। ਉਸ ਨਾਲ ਹਿਸਾਬ ਕਿਤਾਬ ਅਜੇ ਬਾਅਦ ਵਿੱਚ ਕਰਨਾ ਸੀ।

ਉਹ ਭੋਗ ਦੀਆਂ ਸਲਾਹਾਂ ਕਰਨ ਲੱਗੇ। ਉਹ ਜਾਣਦਾ ਸੀ ਕਿ ਉਸ ਕੋਲ ਇਹ ਸਾਰੇ ਖਰਚੇ ਤੇ ਜਿੰਮੇਵਾਰੀਆਂ ਚੁੱਕਣ ਦੀ ਹਿੰਮਤ ਭਾਵੇਂ ਨਹੀਂ ਹੈ, ਪਰ ਉਸ ਨੂੰ ਹੁਣ ਸਭ ਕਰਨਾ ਹੀ ਪੈਣਾ ਸੀ। ਉਸ ਨੂੰ ਰੂਪ ਦੀ ਖਿਝ ਅਤੇ ਬੇਵਸੀ ਦਾ ਵੀ ਅਹਿਸਾਸ ਸੀ। ਬੱਚਿਆਂ ਦੇ ਖਰਚਿਆਂ ਤੇ ਪੜ੍ਹਾਈ ਦਾ ਵੀ ਫਿਕਰ ਸੀ। ਉਸ



ਨੇ ਸਾਰੇ ਕੰਮ ਜਲਦੀ ਨਿਬੇੜ ਕੇ ਆਪਣੇ ਕੰਮ ਤੇ ਵਾਪਿਸ ਮੁੜਨਾ ਸੀ। ਉਹ ਤਾਂ ਏਥੇ ਕੋਈ ਬਹਾਨਾ ਵੀ ਨਹੀਂ ਸੀ ਘੜ ਸਕਦਾ। ਪਰ ਪਿੰਡ ਦੇ ਲੋਕ, ਸ਼ਰੀਕਾ ਭਾਈਚਾਰਾ ਤੇ ਭਰਾ ਦਾ ਪਰਿਵਾਰ ਇਹ ਗੱਲਾਂ ਨਹੀਂ ਸੀ ਸਮਝ ਸਕਦੇ।

ਭੋਗ ਦੀ ਵਿਉਂਤ ਬਣਾ ਲਈ ਗਈ। ਦੁਖੜੇ ਤਾਂ ਮੁੱਕਣ ਵਾਲੇ ਨਹੀਂ ਸਨ। ਸੂਰਜ ਡੁੱਬਦਿਆਂ ਹੀ ਪਿੰਡ ਦੇ ਲੋਕ ਅਫਸੋਸ ਕਰਨ ਆਉਣ ਲੱਗੇ। ਵੱਡੇ ਦਲਾਨ ਵਿੱਚ ਦੋਲੇ, ਪੱਲੀਆਂ ਚਾਦਰਾਂ ਵਿਛਾ ਕੇ ਇੱਕ ਦੋ ਪੱਖੇ ਲਾ ਦਿੱਤੇ ਗਏ। ਆਉਣ ਵਾਲੇ ਭਰਾ ਦੇ ਚੰਗੇ ਸੁਭਾਅ ਦੀ ਇੱਕ ਅੱਧੀ ਗੱਲ ਕਰਕੇ ਵਿਸ਼ਾ ਬਦਲ ਲੈਂਦੇ। ਕੋਈ ਕਿਸਾਨਾਂ ਦੇ ਕਰਜ਼ਿਆਂ ਦੀ ਤੇ ਕੋਈ ਸਿਆਸਤ ਦੀ ਗੱਲ ਤੋਰ ਲੈਂਦਾ। ਲੋਕਾਂ ਵਲੋਂ ਏਧਰਲੀਆਂ ਉਧਰਲੀਆਂ ਗੱਲਾਂ ਦੇ ਨਾਲ ਨਾਲ ਸਰਕਾਰਾਂ ਨੂੰ ਵੀ ਕੋਸਿਆ ਜਾਂਦਾ ਰਿਹਾ।

ਲੋਕਾਂ ਦੀਆਂ ਗੱਲਾਂ ਤੋਂ ਪਤਾ ਲੱਗ ਰਿਹਾ ਸੀ, ਕਿ ਪੰਜਾਬ ਵਿੱਚ ਕਿਸਾਨ ਤੇ ਖੇਤੀਬਾੜੀ ਦੋਨੋਂ ਬੁਰੀ ਤਰ੍ਹਾਂ ਨਿੱਘਰ ਚੁੱਕੇ ਨੇ। ਮਹਿੰਗਾਈ, ਮੰਡੀਆਂ ਵਿੱਚ ਰੁਲਦੀਆਂ ਫਸਲਾਂ, ਨਸ਼ੇ ਤੇ ਮੌਸਮਾਂ ਦੀ ਮਾਰ ਨੇ ਬੁਰਾ ਹਾਲ ਕੀਤਾ ਪਿਆ ਸੀ। ਕਈਆਂ ਨੇ ਗੁਰਜਾਪ ਨੂੰ ਭਰਾ ਦੇ ਪਰਿਵਾਰ ਦੀ ਮੱਦਦ ਲਈ ਜ਼ਮੀਨ ਨਾ ਵੰਡਾਉਣ ਲਈ ਸਲਾਹ ਦਿੱਤੀ। ਕੋਈ ਭਤੀਜੀ ਸਿਮਰਨ ਨੂੰ ਬਾਹਰ ਲੈ ਜਾਣ ਲਈ ਕਹਿ ਰਿਹਾ ਸੀ।

ਸਾਲਾਂ ਦਾ ਪਿਆ ਠੇਕਾ ਹੁਣ ਉਹ ਕਿਹੜੇ ਮੂੰਹ ਨਾਲ ਮੰਗ ਲੈਂਦਾ? ਉਧਰ ਰੂਪ ਦਾ ਕਹਿਣਾ ਸੀ ਕਿ 'ਜ਼ਮੀਨ ਤੇ ਠੇਕੇ ਵਾਲਾ ਕੰਮ ਵੀ ਨਿਬੇੜ ਕੇ ਆਇਉ ਤੇ ਉੱਥੇ ਉਸੇ ਨਾਲ ਹੀ ਖਰਚੇ ਦਾ ਸਾਰ ਲਿਉ' ਉਸ ਦੀ ਹਾਲਤ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਸੀ।

ਕਿਸੇ ਨੇ ਸਲਾਹ ਦਿੱਤੀ ਕਿ ਭਤੀਜੇ ਹੈਰੀ ਨੂੰ ਹਰ ਹਾਲਤ ਵਿੱਚ ਬਾਹਰ ਲੈ ਜਾਵੇ। ਉਥੇ ਹੀ ਪੜ੍ਹਾਵੇ ਤੇ ਸੈੱਟ ਕਰਵਾਵੇ। ਹਰ ਕੋਈ ਪਾਣੀ ਵਿੱਚ ਮਧਾਣੀ ਪਾਈਂ ਬੈਠਾ ਸੀ। ਉਸਦੇ ਬੱਚਿਆਂ ਤੇ ਪਤਨੀ ਬਾਰੇ ਕੋਈ ਨਹੀਂ ਸੀ ਸੋਚ ਰਿਹਾ। ਉਸ ਦਾ ਆਪਣਾ ਫਿਕਰ ਕਰਨ ਵਾਲਾ ਵੀ ਕੋਈ ਨਹੀਂ ਸੀ। ਲੋਕਾਂ ਦੀਆਂ ਗੱਲਾਂ ਨੂੰ ਮੋੜਾ ਦੇਣ ਲਈ ਉਸ ਨੇ ਵੀ ਇੱਕ ਸਵਾਲ ਕਰ ਦਿੱਤਾ ਕਿ,

"ਕੀ ਸਲਫਾਸ ਹਰ ਕਿਸਾਨ ਦੇ ਘਰ ਹੁੰਦੀ ਆ?"

ਲੋਕਾਂ ਨੇ ਹਾਂ ਵਿੱਚ ਸਿਰ ਹਿਲਾਉਂਦਿਆਂ, ਨੀਵੀਂਆਂ ਪਾ ਲਈਆਂ ਸਨ। ਉਨ੍ਹਾਂ ਦੀਆਂ ਅੱਖਾਂ ਵਿੱਚੋਂ ਕੋਈ ਦਰਦ ਡੁੱਲ ਡੁੱਲ ਪੈ ਰਿਹਾ ਸੀ। ਸਾਰੇ ਚਿਹਰੇ ਉਸ ਨੂੰ ਆਪਣੇ ਭਰਾ ਦੇ ਚਿਹਰੇ ਵਰਗੇ ਜਾਪਣ ਲੱਗੇ। ਹਰ ਕਿਸਾਨ ਦੇ ਘਰ ਮੌਤ ਛੁਪ ਕੇ ਬੈਠੀ ਜਾਪੀ।

ਚਾਚਾ ਬਖਤਾਵਰ ਬੋਲ ਰਿਹਾ ਸੀ, "ਪੰਜਾਬ ਦਾ ਬੇੜਾ ਡੋਬਤਾ।"

"ਕਿਉਂ?"

ਗੁਰਜਾਪ ਪੁੱਛਣਾ ਚਾਹੁੰਦਾ ਸੀ। ਪਰ ਇਹ ਗੱਲਾਂ ਵਧਾਉਣ ਦਾ ਵੇਲਾ ਨਹੀਂ ਸੀ।

ਫੇਰ ਤਾਇਆ ਕਸ਼ਮੀਰਾ ਬੋਲਿਆ "ਆਹ ਸਪਰੇਆਂ ਤਾਂ ਨਿਰੀ ਜੈਹਰ ਨੇ ਬਠਿੰਡੇ ਵਲੋਂ ਕਹਿੰਦੇ ਪੂਰੀ ਟਰੇਨ ਕੈਂਸਰ ਮਰੀਜਾਂ ਨਾਲ ਭਰ ਕੇ ਰਾਜਸਥਾਨ ਨੂੰ ਜਾਂਦੀ ਆ।"

"ਤੂੰ ਕੈਂਸਰ ਨੂੰ ਰੋਨਾ ਏਂ, ਮੈਨੂੰ ਲੱਗਦੈ ਮੁੰਡਿਆਂ ਨੂੰ ਚਿੱਟੇ ਤੇ ਸਮੈਕ ਨੇ ਮਾਰ ਤਾ ਚੰਗੇ ਨੇ ਜੋ ਆਪਣੀ 'ਲਾਦ ਬਾਹਰ ਕੱਢੀ ਜਾਂਦੇ ਨੇ। ਤੂੰ ਵੀ ਭਾਈ ਪਹਿਲਾਂ ਹੈਰੀ ਦਾ ਸੋਚ ਸਾਰਾ ਪੰਜਾਬ ਤਾਂ ਬਾਹਰ ਤੁਰਿਆ ਜਾਂਦੈ। ਏਥੇ ਰਹਿਣ ਦਾ ਹੁਣ ਕੋਈ ਹੱਜ ਨੀ।"

"ਮਰਨ ਵਾਲਾ ਮਰ ਗਿਆ, ਇਹ ਹੋਰ ਈ ਗੱਲਾਂ ਛੱਡੀ ਜਾਂਦੇ ਨੇ।"

ਕਦੇ ਉਸ ਨੂੰ ਲੱਗਦਾ ਕਿ ਉਹ ਲੋਕਾਂ ਦੇ ਦਿਲ ਦੀ ਆਵਾਜ਼ ਸੁਣ ਦਾ ਰਿਹਾ ਏ।

"ਦੇਖ ਲਉ ਪੰਜਾਬ ਕਦੇ ਸੋਨੇ ਦੀ ਚਿੜ੍ਹੀ ਹੁੰਦਾ ਸੀ।" ਗੁਰਜਾਪ ਨੇ ਫੇਰ ਗੱਲ ਬਦਲੀ।

ਨਵਜੋਤ ਬੋਲਿਆ "ਅੰਕਲ ਸੋਨੇ ਦੀ ਚਿੜੀ ਤਾਂ ਹੁਣ ਸਲਫਾਸ ਲੈਂਡ ਬਣ ਗਈ।"

"ਸਲਫਾਸ ਲੈਂਡ।" ਜਿਵੇਂ ਕੋਈ ਹਥੌੜਾ ਉਸ ਦੇ ਸਿਰ ਵਿੱਚ ਵੱਜਿਆ।

ਉਸ ਰਾਤ ਉਹ ਚੰਗੀ ਤਰ੍ਹਾਂ ਸੌਂ ਨਾ ਸਕਿਆ। ਕੈਨੇਡਾ ਤੋਂ ਉਸਦੀ ਪਤਨੀ ਫੋਨ ਕਰਦੀ ਰਹੀ। ਹਾਲ ਚਾਲ ਪੁੱਛਣ ਤੋਂ ਬਾਅਦ ਜ਼ਮੀਨ ਦੇ ਬਟਵਾਰੇ ਦੀ ਯਾਦ ਦਵਾਉਂਦੀ ਕਿ "ਇਹ ਕੰਮ ਵੀ ਹੁਣ ਨਿਬੇੜ ਕੇ ਆਇਉਂ" ਉਹ ਹਾਂ ਹੂੰ ਕਰ ਛੱਡਦਾ। ਉਸ ਨੂੰ ਆਪਣੇ ਬੱਚੇ ਯਾਦ ਆਉਂਦੇ, ਘਰ ਯਾਦ ਆਉਂਦਾ ਤੇ ਮੁੜ ਕੰਮ ਤੇ ਜਾਣ ਦਾ ਫਿਕਰ ਸਤਾਉਂਦਾ।

'ਭਰਾ ਨੇ ਮੁੜ ਕਦੇ ਵੀ ਆਪਣੇ ਬੱਚਿਆਂ ਨੂੰ ਨਹੀਂ ਸੀ ਦੇਖਣਾ' ਉਹ ਉਦਾਸ ਹੋ ਜਾਂਦਾ। ਕਿਤੇ ਵੀ ਦਿਲ ਨਾ ਲੱਗਦਾ।

ਘਰੇ ਸਹਿਜ ਪਾਠ ਦਾ ਪ੍ਰਕਾਸ਼ ਹੋ ਗਿਆ। ਲੋਕ ਤਾਂ ਆਉਣੋਂ ਘਟ ਗਏ, ਪਰੰਤੂ ਚੈਨਲਾ ਵਾਲੇ, ਅਖਬਾਰਾਂ ਵਾਲੇ ਆ ਟਪਕਦੇ। ਕਈ ਸਿਆਸੀ ਲੀਡਰ ਗੇੜੇ ਮਾਰਨ ਲੱਗੇ। ਅਖੇ ਇਹ ਕਿਸਾਨਾਂ ਦੀਆਂ ਖੁਦਕਸ਼ੀਆਂ ਦਾ ਮਾਮਲਾ ਏ ਉਸ ਦੇ ਭਰਾ ਦੀ ਖੁਦਕਸ਼ੀ ਵੀ ਸਰਕਾਰ ਵਿਰੋਧੀ ਲਹਿਰ ਦਾ ਹਿੱਸਾ ਬਣ ਗਈ। ਵਿਰੋਧੀ ਪਾਰਟੀਆਂ ਨੂੰ ਨਵਾਂ ਮੁੱਦਾ ਮਿਲ ਗਿਆ ਤੇ ਟੀ ਵੀ ਚੈਨਲਾਂ ਨੂੰ ਟੀ ਆਰ ਪੀ ਵਧਾਉਣ ਦਾ ਚਸਕਾ। ਭੋਗ ਵਾਲੇ ਦਿਨ ਅਜੇ ਪਤਾ ਨਹੀਂ ਕੀ ਕੁੱਝ ਹੋਣਾ ਸੀ। ਵੋਟਾਂ ਦੀ ਫਸਲ ਖਿੜ ਰਹੀ ਸੀ।

ਉਹ ਰੋਜ ਸਵੇਰੇ ਉੱਠ ਕੇ ਅਖਬਾਰ ਪੜ੍ਹਦਾ, ਕਿਸਾਨਾਂ ਦੀਆਂ ਖੁਕਸ਼ੀਆਂ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਸੀ। ਪੰਜਾਬ ਵਿੱਚ ਕਦੇ ਬੇਮੌਸਮੀ ਮੀਂਹ ਪੈ ਜਾਂਦਾ ਤੇ ਕਦੇ ਗੜੇ ਮਾਰ ਹੋ ਜਾਂਦੀ। ਪੱਕੀਆਂ ਫਸਲਾਂ ਬਾਰਬਾਦ ਹੋ ਜਾਂਦੀਆਂ। ਤਾਂ ਉਸ ਦੇ ਮੂੰਹੋਂ ਵੀ ਸਹਿਜੇ ਹੀ ਨਿੱਕਲ ਜਾਂਦਾ 'ਜੱਟਾ ਤੇਰੀ ਜੂਨ ਬੁਰੀ'

ਸ਼ਹਿਰੋਂ ਬਣਾ ਕੇ ਲਿਆਂਦੀ ਤੇਜਵੰਤ ਦੀ ਵੱਡੀ ਫੋਟੋ ਮਹਾਰਾਜ ਅੱਗੇ ਰੱਖੀ ਹੋਈ, ਉਸ ਨੂੰ ਕਈ ਸੁਆਲ ਕਰਦੀ ਪ੍ਰਤੀਤ ਹੁੰਦੀ ਸੀ।

"ਜਾਣ ਤੋਂ ਪਹਿਲਾਂ ਆਪਣੇ ਭਤੀਜੇ ਦਾ ਕੁੱਝ ਕਰ ਕੇ ਜਾਵੀਂ। ਸਾਰਾ ਪੰਜਾਬ ਬਾਹਰ ਨੂੰ ਨਿੱਕਲਿਆ ਜਾਂਦਾ ਹੈ। ਇਹ ਕਿਉਂ ਨੀ ਜਾ ਸਕਦਾ?" ਜਿਵੇਂ ਭਾਈ ਪੁੱਛ ਰਿਹਾ ਹੋਵੇ।

ਅਖਬਾਰਾਂ ਸਟੂਡੈਂਟ ਵੀਜਾ ਦਵਾਉਣ ਵਾਲਿਆਂ ਦੀਆਂ ਮਸ਼ਹੂਰੀਆਂ ਨਾਲ ਭਰੀਆਂ ਹੁੰਦੀਆਂ। ਸ਼ਹਿਰ ਜਾਂਦਾ ਤਾਂ ਥਾਂ ਥਾਂ ਆਈਲੈਟਸ ਕਰਾਉਣ ਵਾਲੇ ਸੈਂਟਰ ਦਿਖਾਈ ਦਿੰਦੇ। ਜਿੱਧਰ ਦੇਖੋ ਕੋਈ ਮਾਰੂ ਹਵਾ ਸ਼ੁਕਦੀ ਪ੍ਰਤੀਤ ਹੁੰਦੀ।

ਜਿੱਥੇ ਗੁਰਜਾਪ ਤੇ ਤੇਜਵੰਤ ਪੜ੍ਹੇ ਸਨ, ਉਹ ਪ੍ਰਾਇਮਰੀ ਸਕੂਲ ਬੰਦ ਹੋ ਗਿਆ ਸੀ ਤੇ ਉਥੇ ਸੁਸਾਇਟੀ ਬਣ ਗਈ। ਸੱਥ ਵਾਲਾ ਬਰੋਟਾ ਵੱਢ ਦਿੱਤਾ ਗਿਆ ਸੀ। ਪਿੰਡ ਦੇ ਦਰਵਾਜ਼ੇ ਹੁਣ ਕੋਈ ਨਹੀਂ ਸੀ ਬੈਠਦਾ।

ਇੱਕ ਦਿਨ ਗੁਰਜਾਪ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਨ ਸ਼ਹਿਰ ਜਾ ਵੜ੍ਹਿਆ। ਲੱਗਦਾ ਹੀ ਨਹੀਂ ਸੀ ਕਿ ਪੰਜਾਬ ਹੈ। ਪਹਿਰਾਵਾਂ, ਖਾਣ ਪੀਣ, ਬੈਠਣ ਉੱਠਣ ਸਭ ਕੁੱਝ ਬਦਲ ਚੁੱਕਾ ਸੀ। ਕੰਧਾਂ ਦੇ ਪਿਛੇ ਬਣੇ ਖੋਲਿਆਂ ਵਿੱਚ ਸ਼ੀਸ਼ੀਆਂ ਸਰਿੰਜਾਂ ਦੇ ਢੇਰ ਸਨ। ਪਤਾ ਲੱਗਿਆ ਕਿ ਬਹੁਤ ਸਾਰੇ ਨੌਜਵਾਨ ਚਿੱਟਾ ਤੇ ਸਮੈਕ ਪੀਣ ਲੱਗ ਪਏ ਨੇ।

"ਰੋਜਗਾਰ ਤਾਂ ਮਿਲਦਾ ਨੀ, ਨਿਰਾਸ਼ਾ ਵਿੱਚ ਡੁੱਬਿਆ ਬੰਦਾ ਹੋਰ ਕੀ ਕਰੂ?" ਉਹ ਸੋਚਦਾ ਰਿਹਾ।

ਹੁਣ ਉਸ ਨੂੰ ਸਮਝ ਆਈ ਕਿ ਮਾਪੇ ਧੜਾ ਧੜ ਆਪਣੀ ਉਲਾਦ ਨੂੰ ਬਾਹਰ ਕਿਉਂ ਕੱਢ ਰਹੇ ਨੇ? ਪੰਜਾਬ ਖ਼ਾਲੀ ਹੋ ਰਿਹਾ ਸੀ। ਉਹ ਉਦਾਸ ਹੋ ਗਿਆ।

ਉਸ ਸ਼ਾਮ ਉਸ ਨੇ ਦਾਣਾ ਮੰਡੀ ਦਾ ਗੇੜਾ ਕੱਢਿਆ। ਧਾਨ ਦੀ ਫ਼ਸਲ ਮੰਡੀਆਂ ਵਿੱਚ ਰੁਲ ਰਹੀ ਸੀ।



ਕਿਸਾਨ ਉਸੇ ਤਰ੍ਹਾਂ ਮੰਡੀ ਵਿੱਚ ਰੁਲ ਰਿਹਾ ਸੀ ਤੇ ਵੱਡੇ ਢਿੱਡਾਂ ਵਾਲੇ ਮੂੰਹ 'ਚ ਦਾਣਾ ਚੱਬਕੇ "ਅਜੇ ਨਮੀਂ ਬਹੁਤ ਆ ਕਹਿ ਕੇ ਤੁਰ ਜਾਂਦੇ ਸਨ ਤੇ ਕਿਸਾਨਾਂ ਦੇ ਚਿਹਰੇ ਉੱਤਰ ਜਾਂਦੇ। ਉਸ ਨੂੰ ਸਾਰੇ ਰਾਹ ਸਿਵਿਆਂ ਵਲ ਜਾਂਦੇ ਪ੍ਰਤੀਤ ਹੋਵੇ।

ਉਸ ਨੇ ਮੌਜੂਦਾ ਸਰਕਾਰ ਨੂੰ ਗਾਲ ਕੱਢੀ।

'ਜਿੱਧਰ ਦੇਖੋ ਮੈਰਿਜ ਪੈਲੇਸ, ਜਿੱਧਰ ਦੇਖੋ ਠੇਕੇ ਭਲਾਂ ਸਕੂਲ ਕੀ ਦੰਦੀ ਵੱਢਦੇ ਨੇ' ਉਹ ਸੋਚਦਾ ਰਿਹਾ

ਉਸ ਨੇ ਇੱਕ ਪਰੈੱਸ ਤੋਂ ਭੋਗ ਵਾਲੇ ਕਾਰਡ ਚੁੱਕੇ ਤੇ ਫੈਸਲਾ ਕੀਤਾ ਕਿ ਕਿਸੇ ਲੀਡਰ ਨੂੰ ਭੋਗ ਤੇ ਨੀ ਵੜ੍ਹਨ ਦੇਣਾ।

ਕਿਰਾਏ ਦੀ ਗੱਡੀ ਵਿੱਚ ਉਹ ਘਰ ਨੂੰ ਤੁਰ ਪਿਆ। ਰਸਤੇ ਵਿੱਚ ਦੇਖਿਆਂ ਫਸਲਾਂ ਝੂਮ ਰਹੀਆਂ ਸਨ। ਧਰਤੀ ਦੀ ਕੁੱਖ ਅਜੇ ਜਿੰਦਾ ਸੀ। ਉਹ ਆਪਣੇ ਖੇਤਾਂ ਕੋਲੋਂ ਲੰਘ ਰਿਹਾ ਸੀ। ਸਫੈਦੇ ਦੇ ਰੁੱਖ ਬਹੁਤ ਵੱਡੇ ਜਾਪ ਰਹੇ ਸਨ। ਮੋਟਰ ਵਾਲਾ ਕੋਠਾ ਖਸਤਾ ਹਾਲਤ ਵਿੱਚ ਖੜ੍ਹਾ ਸੀ। ਉਸ ਨੂੰ ਤੇਜਵੰਤ ਦੇ ਭੁਲੇਖੇ ਪਏ। ਪਰ ਉਹ ਤਾਂ ਕਿਤੇ ਦੂਰ ਜਾ ਚੁੱਕਾ ਸੀ। ਉਸ ਨੇ ਸਰਸਰੀ ਹੀ ਡਰਾਈਵਰ ਨੂੰ ਕਿਹਾ। ਲੋਕ ਈ ਕੰਮ ਕਰਨਾ ਛੱਡਗੇ, ਫ਼ਸਲਾਂ ਤਾਂ ਅਜੇ ਵੀ ਬਥੇਰੀਆਂ ਹੁੰਦੀਆਂ ਨੇ।

ਤਾਂ ਉਸਦਾ ਜਵਾਬ ਸੀ " ਭਲਾ ਮਿੱਟੀ ਵੀ ਕਦੇ ਮਰਦੀ ਆ"

'ਇੱਕ ਫਸਲ ਤੋਂ ਬਾਅਦ ਦੂਜੀ ਫੇਰ ਤੀਜੀ। ਅੱਗੇ ਤੋਂ ਅੱਗੇ।'

ਉਸ ਨੂੰ ਹੈਰੀ ਦਾ ਖਿਆਲ ਆਇਆ।

"ਬਾਈ ਦੀ ਅਗਲੀ ਫਸਲ।" ਉਸ ਨੇ ਮਨ ਹੀ ਮਨ ਕਿਹਾ।

"ਜਵਾਨੀ ਫਸਲ ਵਾਂਗ ਈ ਹੁੰਦੀ ਆ ਇੱਕ ਫਸਲ ਤਬਾਹ ਹੋ ਗੀ ਤਾਂ ਕੀ? ਪੰਜਾਬ ਫੇਰ ਉੱਠ ਪਏਗਾ' ਡਰਾਈਵਰ ਸ਼ਿੰਦਾ ਕਹਿ ਰਿਹਾ ਸੀ।

'ਭਰਾ ਵੀ ਮਿੱਟੀ 'ਚ ਮਿਲ ਕੇ ਮਿੱਟੀ ਵਾਂਗ ਜਿੰਦਾ ਹੈ' ਉਹ ਸੋਚਣ ਲੱਗਿਆ।

'ਮੇਰੀ ਫਸਲ ਕਿਸੇ ਹੋਰ ਜ਼ਮੀਨ ਤੇ ਆ ਮੈਨੂੰ ਵੀ ਕੋਈ ਉਡੀਕ ਰਿਹਾ ਏ।'

ਉਸ ਨੂੰ ਆਪਣੇ ਬੱਚੇ ਤੇ ਪਤਨੀ ਯਾਦ ਆਏ।

ਉਸਦਾ ਜੀ ਕੀਤਾ ਕਿ ਕੈਨੇਡਾ ਨੂੰ ਦੌੜ ਜਾਵੇ

ਭੋਗ ਵਿੱਚ ਅਜੇ ਦੋ ਦਿਨ ਬਾਕੀ ਸਨ।

**ਸੰਪਰਕ**-416-727-2071

'ਕਹਾਣੀ ਧਾਰਾ' ਬਾਰੇ ਜਾਣਕਾਰੀ

| | | |
|---|---|---|
| 1. | ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. | ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. | ਛਾਪਕ, ਪ੍ਰਕਾਸ਼ਕ ਤੇ ਮਾਲਕ | ਭਗਵੰਤ ਰਸੂਲਪੁਰੀ |
| 4. | ਕੌਮੀਅਤ | ਭਾਰਤੀ |
| 5. | ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. | ਸੰਪਾਦਕ | ਭਗਵੰਤ ਰਸੂਲਪੁਰੀ |
| 7. | ਕੌਮੀਅਤ | ਭਾਰਤੀ |
| 8. | ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਭਗਵੰਤ ਰਸੂਲਪੁਰੀ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 15 ਜਨਵਰੀ, 2020 ਦਸਤਖਤ

ਭਗਵੰਤ ਰਸੂਲਪੁਰੀ, ਪ੍ਰਕਾਸ਼ਕ

## ਕਹਾਣੀ / **ਕੇਸਰ ਦਾ ਕੁੰਦਨ** / - ਕਰਨੈਲ ਸਿੰਘ ਵਜੀਰਾਬਾਦ

ਸੂਬੇ ਵਿਚ ਵਿਰੋਧੀ ਪਾਰਟੀ ਨੇ ਅਤੇ ਗਰਮਦਲੀਆਂ ਨੇ ਆਮ ਹੜਤਾਲ ਕਰ ਦਿੱਤੀ। ਸਾਰਾ ਪੰਜਾਬ ਚੁੱਪ ਅਤੇ ਸੁੰਨਸਾਨ ਲੱਗ ਰਿਹਾ ਸੀ। ਬਜ਼ਾਰ ਬਿਲਕੁਲ ਬੰਦ ਪਏ ਸੀ ਤੇ ਬਜ਼ਾਰ ਵਿਚ ਇੱਕ ਤਰ੍ਹਾਂ ਸੰਨਾਟਾ ਛਾ ਗਿਆ ਜਿਵੇਂ ਬਜਾਰ ਅੱਧੀ ਰਾਤ ਨੂੰ ਘੂਕ ਸੁੱਤਾ ਪਿਆ ਹੋਵੇ। ਪੰਜਾਬ ਦੀਆਂ ਵੱਡੀਆਂ ਸੜਕਾਂ ਤਾਂ ਚੁੱਪ ਹੀ ਸਨ ਸਗੋਂ ਲਿੰਕ ਸੜਕਾਂ 'ਤੇ ਵੀ ਕੋਈ ਫਿਰਦਾ ਨਜ਼ਰ ਨਹੀਂ ਆ ਰਿਹਾ ਸੀ। ਘਰਾਂ ਵਿਚ ਮਰੀਜ਼ ਵੀ ਤੰਗ ਸਨ ਅਤੇ ਘਰ ਦੇ ਵੀ ਤੰਗ ਪ੍ਰੇਸ਼ਾਨ ਸਨ। ਹਸਪਤਾਲ ਜਾਣ ਲਈ ਸਾਰੇ ਰਸਤੇ ਬੰਦ ਪਏ ਸੀ। ਹਰ ਥਾਂ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਸ਼ਮਸਾਨ ਘਾਟ ਵਿਚ ਕੋਈ ਮੁਰਦਾ ਫੂਕ ਕੇ ਗਏ ਹੋਣ। ਨਾ ਕੋਈ ਬੱਸ, ਕਾਰ, ਟਰੱਕ ਵੱਡੀ ਗੱਡੀ ਤੋਂ ਲੈ ਕੇ ਸਾਇਕਲ ਤੱਕ ਨਹੀਂ ਚੱਲਦੇ ਸਨ। ਰੇਲ ਗੱਡੀਆਂ ਵੀ ਸਰਕਾਰ ਨੇ ਹਾਲਾਤ ਨੂੰ ਦੇਖਦੇ ਹੋਏ ਬੰਦ ਕਰ ਦਿੱਤੀਆਂ ਸਨ। ਸਕੂਲ ਕਾਲਜ ਵੀ ਬੰਦ ਪਏ ਸਨ ਪਰ ਕਚਹਿਰੀਆਂ ਖੁੱਲ੍ਹੀਆਂ ਸਨ ਕਿਉਂਕਿ ਬੰਦ ਵਾਲੇ ਦਿਨ ਹਰ ਕੈਦੀ ਨੂੰ ਆਪਣੇ ਕੇਸ ਭੁਗਤਣ ਲਈ ਜਾਣਾ ਤਾਂ ਪੈਣਾ ਹੀ ਸੀ।

ਦੋ ਸਿਪਾਹੀ ਇਕ ਨੌਜਵਾਨ ਕੈਦੀ ਨੂੰ ਫਤਿਹਗੜ੍ਹ ਸਾਹਿਬ ਕਚਹਿਰੀ 'ਚ ਤਰੀਕ ਭੁਗਤਾ ਕੇ ਕਿਵੇਂ ਨਾ ਕਿਵੇਂ ਸਰਹਿੰਦ ਜੀ.ਟੀ. ਰੋਡ 'ਤੇ ਆ ਗਏ। ਉਹ ਜੀ. ਟੀ. ਰੋਡ 'ਤੇ ਇੱਕ ਪੱਕੇ ਥੜੇ 'ਤੇ ਬੈਠ ਗਏ। ਉਨ੍ਹਾਂ ਦੇ ਵਿਚਕਾਰ ਨੌਜਵਾਨ ਕੈਦੀ ਵੀ ਬੈਠ ਗਿਆ। ਉਸਦੇ ਹੱਥਾਂ ਨੂੰ ਹੱਥਕੜੀਆਂ ਲੱਗੀਆਂ ਹੋਈਆਂ ਸਨ। ਦੁਕਾਨਾਂ ਸਾਰੀਆਂ ਬੰਦ ਸਨ। ਚੌਂਕ ਦੇ ਅੱਡੇ 'ਤੇ ਚਾਹਪਾਣੀ ਦਾ ਕੋਈ ਇੰਤਜ਼ਾਮ ਨਹੀਂ ਸੀ। ਪੰਜਾਬ ਬੰਦ ਦਾ ਮਤਲਬ ਬਜਾਰ ਵਿਚ ਕੋਈ ਹਰਕਤ ਨਹੀਂ। ਜੀ.ਟੀ. ਰੋਡ ਤੇ ਲਾਗੇ ਫ਼ੌਜੀ ਪੜਾਵ ਵਿਚ ਕਈ ਕੁੱਤੇ ਇੱਕ ਮਰੀ ਹੋਈ ਗਾਂ ਨੂੰ ਨੋਚ ਨੋਚ ਕੇ ਖਾ ਰਹੇ ਸਨ। ਕਦੇ ਕਦੇ ਉਹ ਆਪਸ ਵਿਚ ਲੜ ਵੀ ਪੈਂਦੇ ਸਨ।

ਇੱਕ ਪਚਵੰਜਾ ਛਪੰਜਾ ਸਾਲ ਦੀ ਔਰਤ ਕਿਸੇ ਆਦਮੀ ਦੇ ਸਾਇਕਲ 'ਤੇ ਬੈਠ ਕੇ ਚੌਂਕ 'ਚ ਪਹੁੰਚ ਗਈ ਪਰ ਸਾਇਕਲ ਵਾਲਾ ਉਸ ਨੂੰ ਛੱਡ ਕੇ ਵਾਪਸ ਮੁੜ ਗਿਆ। ਉਸ ਦੇ ਕੋਲ ਇੱਕ ਖਾਕੀ ਰੰਗ ਦਾ ਵੱਡਾ ਸਾਰਾ ਝੋਲਾ ਸੀ। ਉਸ ਵਿਚ ਕੀ ਸੀ ਉਸ ਔਰਤ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਪਤਾ। ਉਹ ਵੀ ਕਿਸੇ ਬੱਸ ਦੀ ਉਡੀਕ ਕਰਨ ਲੱਗੀ। ਉਸ ਨੇ ਪਹਿਲਾਂ ਕਿਸੇ ਨੂੰ ਨਹੀਂ ਦੇਖਿਆ ਸੀ ਬੱਸ ਕਿਸੇ ਸਾਧਨ ਦੀ ਉਡੀਕ ਵਿਚ ਸੀ।

ਥੋੜ੍ਹੀ ਦੇਰ ਬਾਅਦ ਉਸ ਦੀ ਨਿਗਾਹ ਉਨ੍ਹਾਂ ਤਿੰਨਾਂ ਬੰਦਿਆਂ 'ਤੇ ਗਈ। ਦੋ ਹੱਟੇ-ਕੱਟੇ ਪੁਲਿਸ ਵਾਲਿਆਂ ਵਿਚਕਾਰ ਇੱਕ ਸੋਹਣਾ ਸੁਨੱਖਾ ਨੌਜਵਾਨ ਗੱਭਰੂ ਹੱਥਕੜੀਆਂ ਵਿਚ ਬੈਠਾ ਸੀ। ਨੌਜਵਾਨ ਦਾ ਰੰਗ ਗੋਰਾ ਕੱਦ ਛੇ ਫੁੱਟ ਦੇ ਕਰੀਬ, ਅੱਖਾਂ ਮੋਟੀਆਂ। ਸਿਰ ਦੇ ਵਾਲ਼ ਕਈ ਮਹੀਨਿਆਂ ਤੋਂ ਕਟਾਏ ਨਹੀਂ ਸਨ ਤੇ ਦਾੜ੍ਹੀ ਦੇ ਵਾਲ਼ ਵੀ ਕਾਫੀ ਵਧੇ ਹੋਏ ਸਨ। ਉਹ ਨੀਵੀਂ ਪਾਈ ਉਨ੍ਹਾਂ ਪੁਲਿਸ ਵਾਲਿਆਂ ਨਾਲ ਹੌਲੀ ਹੌਲੀ ਗੱਲਾਂ ਕਰ ਰਿਹਾ ਸੀ। ਉਨ੍ਹਾਂ ਦੀ ਹੌਲੀ ਜਿਹੀ ਵਾਰਤਾਲਾਪ ਉਸ ਔਰਤ ਨੂੰ ਸੁਣਾਈ ਨਹੀਂ ਦੇ ਰਹੀ ਸੀ। ਔਰਤ ਪੈਰ ਮਲਦੀ ਮਲਦੀ ਥੋੜ੍ਹੀ ਜਿਹੀ ਉਨ੍ਹਾਂ ਵੱਲ ਸਿਰਕ ਗਈ। ਫਿਰ ਵੀ ਉਨ੍ਹਾਂ ਦੀ ਵਾਰਤਾ ਨਹੀਂ ਸੁਣਦੀ ਸੀ।

ਤਿੰਨੇ ਉਹ ਅਤੇ ਚੌਥੀ ਔਰਤ ਚਾਰਾਂ ਤੋਂ ਬਿਨਾ ਹੋਰ ਕੋਈ ਵੀ ਨਹੀਂ ਸੀ। ਚਾਰੇ ਹੀ ਬੇਸਬਰੀ



ਨਾਲ ਕਿਸੇ ਵਾਹਨ ਦੀ ਉਡੀਕ ਕਰ ਰਹੇ ਸੀ। ਔਰਤ ਨੇ ਦੋਹਾਂ ਸਿਪਾਹੀਆਂ ਦੇ ਜੇਬਾਂ ਉੱਤੇ ਲੱਗੀਆਂ ਨੇਮ ਪਲੇਟਾਂ ਪੜ੍ਹ ਲਈਆਂ। ਇੱਕ ਦਾ ਨਾਂ ਜੰਗ ਸਿੰਘ ਅਤੇ ਦੂਸਰੇ ਦਾ ਓਮ ਪ੍ਰਕਾਸ਼ ਸੀ। ਉਨ੍ਹਾਂ ਦੀ ਉਮਰ ਚਾਲੀ-ਪੰਤਾਲੀ ਕੁ ਸਾਲਾਂ ਦੀ ਸੀ। ਅੱਜ ਉਹ ਵੀ ਬਹੁਤ ਪ੍ਰੇਸ਼ਾਨ ਨਜ਼ਰ ਆ ਰਹੇ ਸੀ। ਹੋ ਸਕਦਾ ਸਵੇਰ ਦੇ ਭੁੱਖੇ ਤਿਹਾਏ ਹੋਣ। ਦੂਜਾ ਪ੍ਰੇਸ਼ਾਨੀ ਪੰਜਾਬ ਬੰਦ ਹੋਣ ਕਰਕੇ ਕੋਈ ਬੱਸ ਨਹੀਂ ਮਿਲ ਰਹੀ ਸੀ।

"ਵੇ ਵੀਰੋ, ਇਹ ਮੁੰਡੇ ਨੂੰ ਕਾਹਤੋਂ ਫੜ ਕੇ ਲਿਆਏ ਹੋ?" ਲਾਭ ਕੌਰ ਨੇ ਪੁੱਛਿਆ।

ਦੋਵੇਂ ਸਿਪਾਹੀ ਇੱਕ ਦੂਜੇ ਵੱਲ ਤੱਕ ਚੁੱਪ ਕਰ ਗਏ। ਉਹ ਇਸ ਸੁੰਨਸਾਨ ਥਾਂ 'ਤੇ ਓਪਰੀ ਔਰਤ ਨੂੰ ਕੋਈ ਜਵਾਬ ਦੇਣਾ ਮੁਨਾਸਬ ਨਾ ਸਮਝਿਆ। ਔਰਤ ਆਪਣੇ ਵੱਲੋਂ ਪੁੱਛੇ ਸਵਾਲ ਦਾ ਜਵਾਬ ਉਡੀਕ ਰਹੀ ਸੀ। ਉਸਨੇ ਸੋਚ ਕੇ ਉਹੀ ਸਵਾਲ ਫਿਰ ਪੁੱਛ ਲਿਆ, "ਵੇ ਭਾਈ ਪੁਲਿਸ ਵਾਲੇ ਵੀਰੋ, ਇਸ ਮੁੰਡੇ ਦਾ ਕੀ ਕਸੂਰ ਸੀ ਜਿਸ ਦੀ ਵਜ੍ਹਾ ਕਰਕੇ ਅੱਜ ਇਹਦੇ ਹੱਥਕੜੀਆਂ ਲੱਗੀਆਂ ਹੋਈਆਂ ਨੇ?"

ਦੋਹਾਂ ਸਿਪਾਹੀਆਂ 'ਚੋਂ ਜੰਗ ਸਿੰਘ ਨੇ ਸਿਰਫ਼ ਇੰਨਾ ਹੀ ਕਿਹਾ, "ਬੀਬੀ ਜੀ, ਅੱਜ ਦੇ ਸਮੇਂ ਸ਼ਰੀਫ ਆਦਮ ਨੂੰ ਕੌਣ ਹੱਥਕੜੀਆਂ ਲਾਉਂਦਾ ਏ। ਜੇ ਇਹਨੇ ਕੋਈ ਕਸੂਰ ਕੀਤਾ ਹੋਵੇਗਾ ਤਦੇ ਹੀ ਇਸ ਦੇ ਅੱਜ ਹੱਥਕੜੀਆਂ ਲੱਗੀਆਂ ਹੋਈਆਂ ਨੇ।"

"ਵੇ ਕਾਕਾ ਤੂੰ ਕਿਹੜੇ ਪਿੰਡ ਦਾ ਏ?" ਲਾਭ ਕੌਰ ਨੇ ਸਿੱਧਾ ਸਵਾਲ ਮੁਜ਼ਰਮ ਮੁੰਡੇ ਨੂੰ ਹੀ ਪੁੱਛ ਲਿਆ।

ਮੁੰਡੇ ਨੇ ਨੀਵੀਂ ਪਾ ਕੇ ਕਿਹਾ, "ਤਰਖੇੜੀ।"

ਦੋਵੇਂ ਸਿਪਾਹੀ ਉਸ ਨੂੰ ਅੱਖਾਂ ਰਾਹੀਂ ਘੂਰਨ ਲੱਗ ਪਏ।

ਤਰਖੇੜੀ ਪਿੰਡ ਦਾ ਨਾਂ ਸੁਣਦਿਆਂ ਹੀ ਲਾਭ ਕੌਰ ਇੱਕ ਵਾਰ ਤਾਂ ਚਕਰਾ ਗਈ। ਫਿਰ ਉਹ ਸੰਭਲ ਕੇ ਉਨ੍ਹਾਂ ਦੇ ਹੋਰ ਨੇੜੇ ਹੋ ਗਈ। ਉਸ ਨੇ ਹੱਥਕੜੀ ਵਾਲੇ ਮੁੰਡੇ ਨੂੰ ਫਿਰ ਹੋਰ ਪ੍ਰਸ਼ਨ ਪੁੱਛਿਆ:

"ਤਰਖੇੜੀ ਤੋਂ ਕੀਹਦਾ ਮੁੰਡਾ ਏਂ ਕਾਕਾ?"

"ਬੀਬੀ ਮੈਂ ਕੇਸਰ ਸਿੰਘ ਦਾ ਵੱਡਾ ਮੁੰਡਾ ਹਾਂ।"

ਬੀਬੀ ਕੇਸਰ ਸਿੰਘ ਦਾ ਨਾਂ ਸੁਣ ਕੇ ਹੋਰ ਵੀ ਠਠੰਬਰ ਗਈ।

"ਮਨਾ ਇਹ ਮੁੰਡਾ ਉਹੀ ਮੁੰਡਾ ਤਾਂ ਨੀ.....।"

"ਬੀਬੀ ਜੀ ਤੁਸੀਂ ਕਿੱਧਰ ਨੂੰ ਜਾਣਾ ਏ?" ਓਮ ਪ੍ਰਕਾਸ਼ ਸਿਪਾਹੀ ਨੇ ਗੱਲ ਦਾ ਰੁੱਖ ਬਦਲਦਿਆਂ ਪੁੱਛਿਆ।

"ਵੇ ਭਾਈ ਜੇ ਕੋਈ ਸਾਧਨ ਮਿਲੇਗਾ ਤਾਂ ਹੀ ਕਿਧਰੇ ਜਾ ਹੋਵੇਗਾ, ਨਹੀਂ ਤਾਂ ਮੈਂ ਵਾਪਸ ਸਾਨੀਪੁਰ ਨੂੰ ਮੁੜ ਜਾਵਾਂਗੀ।"

"ਫੇਰ ਵੀ, ਜੇ ਕੋਈ ਸਾਧਨ ਮਿਲ ਹੀ ਗਿਆ ਤਾਂ ਬੀਬੀ ਤੁਸੀਂ ਕਿਹੜੇ ਸ਼ਹਿਰ ਜਾਣਾ ਹੋਵੇਗਾ?"

"ਭਾਈ ਮੈਂ ਤਾਂ ਭਾਦਸੋਂ ਹੀ ਜਾਣਾ ਹੈ। ਉਹ ਹੀ ਮੇਰਾ ਪਿੰਡ ਹੈ। ਇੱਥੇ ਸਾਨੀਪੁਰ ਤਾਂ ਮੇਰੀ ਛੋਟੀ ਨਣਦ ਰਹਿੰਦੀ ਏ। ਮੈਂ ਤਾਂ ਉਸ ਨੂੰ ਮਿਲਣ ਆਈ ਸੀ ਕਿਉਂਕਿ ਉਸ ਦੀ ਛੋਟੀ ਕੁੜੀ ਦਾ ਵਿਆਹ ਧਰਿਆ ਹੋਇਆ ਏ।" ਲਾਭ ਕੌਰ ਨੇ ਸਿਪਾਹੀ ਓਮ ਪ੍ਰਕਾਸ਼ ਦੀ ਇੱਕ ਗੱਲ ਦੇ ਕਈ ਜਵਾਬ ਦੇ ਦਿੱਤੇ।

"ਲੱਗਦਾ ਏ ਪੰਜ ਵਜੇ ਤੋਂ ਬਾਅਦ ਸਾਰੀਆਂ ਬੱਸਾਂ ਚੱਲਣ ਲੱਗ ਜਾਣਗੀਆਂ ਅਤੇ ਹੋਰ ਵੀ ਵਾਹਨ।" ਸਿਪਾਹੀ ਜੰਗ ਸਿੰਘ ਨੇ ਕੁਵੇਲਾ ਹੁੰਦਾ ਦੇਖਕੇ ਕਿਹਾ।

"ਵੇ ਕਾਕੇ, ਭਾਈ ਤੇਰਾ ਨਾਂ ਕੀ ਏ?" ਲਾਭ ਕੌਰ ਦੋ ਸਿਪਾਹੀਆਂ ਦੇ ਵਿਚਕਾਰ ਫਸੇ ਕੈਦੀ ਨੂੰ

ਪੁੱਛ ਰਹੀ ਸੀ।

"ਬੀਬੀ ਜੀ ਮੇਰਾ ਨਾਂ ਕੁੰਦਨ ਸਿੰਘ ਹੈ।" ਨੀਵੀਂ ਪਾ ਕੇ ਹੀ ਕੁੰਦਨ ਨੇ ਬੀਬੀ ਵਲੋਂ ਪੁੱਛੇ ਸਵਾਲ ਦਾ ਜਵਾਬ ਦਿੱਤਾ।

ਕੁੰਦਨ ਦਾ ਨਾਂ ਸੁਣਦਿਆਂ ਹੀ ਲਾਭ ਕੌਰ ਨੇ ਇੱਕ ਪਾਸੇ ਮੂੰਹ ਕਰਕੇ ਅੱਖਾਂ ਭਰ ਲਈਆਂ ਅਤੇ ਬਹਾਨੇ ਨਾਲ ਆਪਣੀਆਂ ਅੱਖਾਂ ਚੁੰਨੀ ਨਾਲ ਸਾਫ਼ ਕਰ ਲਈਆਂ ਅਤੇ ਫਿਰ ਉਤਵਾਲੇ ਮਨ ਨਾਲ ਫਿਰ ਪੁੱਛ ਲਿਆ, "ਭਲਾਂ ਕਾਕਾ ਤੇਰੀ ਮਾਂ ਦਾ ਕੀ ਨਾਂ ਏ?"

"ਜੀ, ਉਹ ਤਾਂ ਮਰ ਗਈ ਸੀ। ਮੇਰੀ ਸੁਰਤ ਸੰਭਾਲਣ ਤੋਂ ਪਹਿਲਾਂ ਹੀ। ਮੈਨੂੰ ਤਾਂ ਉਸ ਦੀ ਸ਼ਕਲ ਵੀ ਯਾਦ ਨਹੀਂ।" ਕੁੰਦਨ ਨੇ ਆਪਣੀ ਮਾਂ ਬਾਰੇ ਕਿਹਾ।

ਮਨਾਂ ਇਹ ਤਾਂ ਸੌ ਵਿਸਵੇ ਮੇਰਾ ਹੀ ਕੁੰਦਨ ਹੋ ਸਕਦਾ ਏ। ਹੋ ਸਕਦਾ ਨਹੀਂ ਇਹੀ ਮੇਰਾ ਕੁੰਦਨ ਹੈ, ਜਿਸ ਨੂੰ ਮੈਂ ਇਕ ਦੋ ਦੇ ਨੂੰ ਇਹਦੇ ਪਿਓ ਕੇਸਰ ਕੋਲ ਛੱਡ ਕੇ ਆਪਣੇ ਪੇਕੇ ਆ ਗਈ ਸੀ।

ਲਾਭ ਕੌਰ ਉਹਦੇ ਮੂਹਰੇ ਹੋ ਕੇ ਬੈਠਦੀ ਨੇ ਪੁੱਛਿਆ, "ਵੇ ਕੁੰਦਨਾਂ ਤੂੰ ਕਿਹੜਾ ਕਸੂਰ ਕੀਤਾ ਸੀ ਜਿਸ ਦੀ ਵਜ੍ਹਾ ਕਰਕੇ ਅੱਜ ਤੈਨੂੰ ਸਰਕਾਰ ਨੇ ਹੱਥਕੜੀਆਂ ਵਿਚ ਜਕੜ ਰੱਖਿਆ ਏ?"

"ਬੀਬੀ ਤੂੰ ਇਸ ਮੁੰਡੇ ਤੋਂ ਇਹੋ ਜਿਹੇ ਸਵਾਲ ਕਿਉਂ ਪੁੱਛ ਰਹੀ ਏਂ? ਤੇਰਾ ਇਸ ਨਾਲ ਕੋਈ ਵਾਸਤਾ ਹੈ?" ਜੰਗ ਸਿੰਘ ਨੇ ਜਰਾ ਤਲਖੀ ਨਾਲ ਲਾਭ ਕੌਰ ਨੂੰ ਘੂਰਿਆ।

ਜੰਗ ਸਿੰਘ ਦੇ ਤਲਖੀ ਭਰੇ ਲਫ਼ਜ਼ਾਂ ਨੇ ਲਾਭ ਕੌਰ ਨੂੰ ਰੋਣ ਲਈ ਮਜ਼ਬੂਰ ਕਰ ਦਿੱਤਾ। ਉਹ ਸਿਸਕੀਆਂ ਲੈਂਦੀ ਉਥੋਂ ਉੱਠ ਕੇ ਇੱਕ ਪਾਸੇ ਜਾ ਕੇ ਖੜ੍ਹ ਗਈ। ਉਹ ਕਦੇ ਕਦੇ ਕੁੰਦਨ ਨੂੰ ਨਿਗਾਹ ਮਾਰ ਲੈਂਦੀ।

"ਵੇ ਮੁੰਡਿਓ ਇਸ ਦੀ ਅਗਲੀ ਪੇਸ਼ੀ ਕਦੋਂ ਏ?"

"ਦੋ ਮਹੀਨੇ ਬਾਅਦ ਵੀਹ ਅਗਸਤ ਨੂੰ"

ਫੌਜੀ ਪੜਾਵ ਵਿਚ ਕੁੱਤਿਆਂ ਤੋਂ ਇਲਾਵਾ ਬਹੁਤ ਸਾਰੀਆਂ ਗਿਰਝਾਂ ਵੀ ਉਤਰ ਆਈਆਂ ਜੋ ਆਪਣਾ ਆਪਣਾ ਭੋਜਨ ਖਾ ਕੇ ਉਡ ਰਹੀਆਂ ਨੇ। ਲਾਭ ਕੌਰ ਆਪਣੇ ਬੀਤੇ ਸਮੇਂ ਨੂੰ ਯਾਦ ਕਰਨ ਲੱਗ ਪਈ।

ਤੀਹ ਸਾਲ ਪਹਿਲਾਂ ਲਾਭ ਕੌਰ ਦਾ ਵਿਆਹ ਤਰਖੇੜੀ ਦੇ ਕੇਸਰ ਸਿੰਘ ਨਾਲ ਹੋਇਆ ਸੀ। ਦੋਹਾਂ ਦਾ ਵਿਚੋਲਾ ਤਰਖੇੜੀ ਪਿੰਡ ਦਾ ਸੁੱਚਾ ਸਿੰਘ ਸੀ ਜਿਸ ਨੂੰ ਗੱਲ ਕਰਨ ਵਿਚ ਬਹੁਤ ਮੁਹਾਰਤ ਸੀ। ਕਿਸੇ ਦੂਸਰੇ ਬੰਦੇ ਦੀ ਗੱਲ ਨੂੰ ਭੁੰਜੇ ਨਹੀਂ ਗਿਰਨ ਦਿੰਦਾ ਸੀ। ਉਹ ਚਾਰ ਪਿੰਡਾਂ ਦਾ ਦੁੱਧ ਚੁੱਕ ਕੇ ਭਾਦਸੋਂ ਪਹੁੰਚ ਜਾਂਦਾ ਫਿਰ ਉਹ ਸਾਰਾ ਦੁੱਧ ਸੈਂਟਰ ਵਿਚ ਪਾ ਦਿੰਦਾ। ਉਸ ਦੀ ਭਾਦਸੋਂ 'ਚ ਕਈ ਘਰਾਂ 'ਚ ਜਾਣਕਾਰੀ ਵਧ ਗਈ ਸੀ। ਨੇਤਰ ਸਿੰਘ ਦਾ ਭਾਦਸੋਂ ਵਿਚ ਮੱਝਾਂ ਦੇ ਦੁੱਧ ਦਾ ਚੰਗਾ ਕਾਰੋਬਾਰ ਸੀ। ਇੱਕ ਦਿਨ ਨੇਤਰ ਸਿੰਘ ਸੁੱਚਾ ਸਿੰਘ ਨੂੰ ਰਸਮੀ ਤੌਰ 'ਤੇ ਕਹਿ ਬੈਠਾ, "ਸੁੱਚਾ ਸਿਹਾਂ ਤੂੰ ਤਾਂ ਕਈ ਪਿੰਡਾਂ ਵਿੱਚ ਫਿਰਦਾ ਰਹਿੰਦਾ ਏ। ਆਪਣੀ ਧੀ ਜਵਾਨ ਹੋ ਗਈ ਏ। ਵੀਹ ਸਾਲ ਦੀ ਹੋ ਗਈ ਏ। ਕੋਈ ਚੰਗਾ ਜਿਹਾ ਮੁੰਡਾ ਦੇਖ ਕੇ ਰੱਖੀਂ। ਲੋਕਾਂ ਚਾਰੀ ਆਪਾਂ ਵਧੀਆ ਵਿਆਹ ਕਰ ਦੇਵਾਂਗੇ ਅਤੇ ਤੇਰਾ ਵੀ ਮਾਣ ਤਾਣ ਕਰ ਦਿਆਂਗੇ।"

"ਮੈਂ ਸੋਚ ਕੇ ਕਲ੍ਹ ਨੂੰ ਹੀ ਦੱਸ ਦਿਆਂਗਾ ਬਾਈ ਜੀ।" ਸੁੱਚਾ ਸਿੰਘ ਨੇ ਸੋਚ ਕੇ ਕਿਹਾ।

ਮਹੀਨੇ ਦੋ ਦੇ ਅੰਦਰ ਅੰਦਰ ਸੁੱਚਾ ਸਿੰਘ ਨੇ ਨੇਤਰ ਸਿੰਘ ਦੀ ਧੀ ਦੀ ਕੁੜਮਾਈ ਤਰਖੇੜੀ ਵਾਸੀ ਬੰਤ ਸਿੰਘ ਦ ਲਾਡਲੇ ਕੇਸਰ ਸਿੰਘ ਨਾਲ ਕਰਵਾ ਦਿੱਤੀ। ਖਾਹਸ਼ ਮੁਤਾਬਕ ਲਾਭ ਕੌਰ ਦਾਜ ਵੀ ਲੈ ਗਈ। ਬਰਾਤ ਦੀ ਵੀ ਖਾਤਰਦਾਰੀ ਕੀਤੀ ਗਈ। ਦੋਵੇਂ ਪਰਿਵਾਰ ਵਿਆਹ ਤੋਂ ਖੁਸ਼ ਨਜ਼ਰ ਆ ਰਹੇ



ਸਨ। ਲਾਭ ਕੌਰ ਦੀ ਸੱਸ ਮੇਲੋ ਬੜੀ ਦਾਨੀ ਸੁਭਾਅ ਵਾਲੀ ਔਰਤ ਸੀ। ਸਹੁਰਾ ਬੰਤ ਸਿੰਘ ਫੌਜ ਵਿਚੋਂ ਪੈਨਸ਼ਨ ਲੈ ਕੇ ਇੱਕ ਸਰਕਾਰੀ ਬੈਂਕ ਵਿਚ ਸਕਿਉਰਟੀ ਗਾਰਡ ਦੇ ਤੌਰ 'ਤੇ ਤੈਨਾਤ ਸੀ। ਵਿਆਹ ਤੋਂ ਬਾਅਦ ਬੰਤ ਸਿੰਘ ਨੇ ਆਪਣੇ ਬੈਂਕ ਦੇ ਸਾਰੇ ਕਰਮਚਾਰੀਆਂ ਨੂੰ ਠੰਡੀ ਅਤੇ ਗਰਮ ਪਾਰਟੀ ਦਿੱਤੀ ਸੀ।

ਬੰਤ ਸਿੰਘ ਦੇ ਦੋ ਮੁੰਡੇ ਸਨ। ਵੱਡਾ ਮੁੰਡਾ ਜੋ ਕੇਸਰ ਤੋਂ ਪੰਜ ਸਾਲ ਵੱਡਾ ਸੀ ਇੱਕ ਪਿੰਡ ਦੇ ਗੁਰਦੁਆਰੇ ਵਿਚ ਪਾਣੀ ਦੀ ਸੇਵਾ ਨਿਭਾ ਰਿਹਾ ਸੀ। ਉਹ ਆਪਣੇ ਪਰਿਵਾਰ ਨਾਲ ਗੁਰਦੁਆਰੇ ਵਿਚ ਬਣੇ ਇੱਕ ਕਮਰੇ 'ਚ ਰਹਿ ਰਿਹਾ ਸੀ। ਉਸ ਦੇ ਕੋਈ ਬੱਚਾ ਨਹੀਂ ਸੀ।

ਕੇਸਰ ਸਿੰਘ ਅਤੇ ਲਾਭ ਕੌਰ ਦੀ ਚੰਗੀ ਨਿਭ ਰਹੀ ਸੀ। ਲਾਭ ਕੌਰ ਆਪਣੇ ਸੱਸ ਸਹੁਰੇ ਦੀ ਖੂਬ ਸੇਵਾ ਕਰਦੀ ਅਤੇ ਉਨ੍ਹਾਂ ਦਾ ਹਰ ਤਰਾਂ ਦਾ ਖਿਆਲ ਰੱਖਦੀ ਸੀ। ਕੇਸਰ ਸਿੰਘ ਅੱਠਵੀਂ ਜਮਾਤ ਤੋਂ ਅੱਗੇ ਨਹੀਂ ਟੱਪ ਸਕਿਆ। ਬੰਤ ਸਿੰਘ ਨੇ ਕਾਫੀ ਜੋਰ ਲਾਇਆ ਆਪਣੇ ਦੋਹਾਂ ਬੱਚਿਆਂ ਨੂੰ ਚੰਗੀ ਤਾਲੀਮ ਦਿਵਾਉਣ ਲਈ ਪਰ ਕਿਸੇ ਨੇ ਵੀ ਪੂਰੀਆਂ ਨਾ ਪਾਈਆਂ।

ਕੇਸਰ ਸਿੰਘ ਪਿੰਡ ਦੇ ਇੱਕ ਤਕੜੇ ਜਗੀਰਦਾਰੀ ਦੇ ਨੌਕਰੀ ਕਰ ਲਈ। ਜਗੀਰਦਾਰ ਨੇ ਕੇਸਰ ਨੂੰ ਕੰਮ ਸਮਝਾ ਦਿੱਤਾ ਕਿ ਸਾਰੇ ਕਾਰੋਬਾਰ ਦੀ ਨਿਗਰਾਨੀ ਰੱਖਣੀ, ਕਾਮਿਆਂ ਤੋਂ ਕਹਿ ਕੇ ਕੰਮ ਕਰਵਾਉਣਾ ਅਤੇ ਫਸਲਵਾੜੀ ਦਾ ਹਿਸਾਬ ਕਿਤਾਬ ਹਰ ਰੋਜ ਕਾਪੀ 'ਤੇ ਨੋਟ ਕਰਦੇ ਰਹਿਣਾ। ਉਸ ਨੂੰ ਮਹੀਨੇ ਦਾ ਦੋ ਹਜ਼ਾਰ ਮਿਲ ਜਾਂਦਾ ਸੀ। ਕੇਸਰ ਸਿੰਘ ਦੇ ਬਾਬੇ ਦਾਦੇ ਚਮੜਾ ਰੰਗਣ ਦਾ ਕੰਮ ਕਰਦੇ ਹੁੰਦੇ ਸੀ ਅਤੇ ਉਨ੍ਹਾਂ ਕੋਲ ਪੈਸਿਆਂ ਦੀ ਕੋਈ ਕਮੀ ਨਹੀਂ ਸੀ ਉਸ ਜ਼ਮਾਨੇ ਵਿਚ।

ਤਿੰਨ ਸਾਲਾਂ ਬਾਅਦ ਕੇਸਰ ਸਿੰਘ ਦੇ ਘਰ ਇੱਕ ਲੜਕੇ ਨੇ ਜਨਮ ਲਿਆ ਜਿਸ ਦਾ ਨਾਂ ਕੇਸਰ ਤੋਂ ਵੱਡੇ ਭਾਈ ਹਰੀ ਸਿੰਘ ਨੇ ਗੁਰਦੁਆਰੇ 'ਚੋਂ ਵਾਕ ਲੈ ਕੇ ਕੁੰਦਨ ਸਿੰਘ ਰੱਖ ਲਿਆ। ਗੋਰਾ ਚਿੱਟਾ ਤੇ ਹੱਸਮੁੱਖ ਬੱਚਾ। ਮਾਂ ਬਾਪ ਦਾ ਦਿਲ ਲੱਗ ਗਿਆ ਅਤੇ ਦਾਦਾ ਦਾਦੀ ਨੂੰ ਵੀ ਇੱਕ ਖਿਡਾਉਣਾ ਮਿਲ ਗਿਆ। ਲਾਭ ਕੌਰ ਬੱਚੇ ਦਾ ਪੂਰਾ ਖਿਆਲ ਰੱਖਦੀ।

ਜਗੀਰਦਾਰਨੀ ਸੁਰਜੀਤ ਕੌਰ ਕੇਸਰ ਸਿੰਘ ਦੀ ਪੱਕੀ ਡਿਊਟੀ ਲਗਾ ਦਿੱਤੀ ਕਿ ਉਹ ਸਵੇਰ ਚਾਰ ਵਜੇ ਮੱਝਾਂ ਨੂੰ ਕੱਖ ਕੰਡਾ ਪਾ ਕੇ ਪੰਜ ਵਜੇ ਤੋਂ ਪਹਿਲਾਂ ਪਹਿਲਾਂ ਤਿੰਨਾਂ ਮੱਝਾਂ ਦੀ ਧਾਰ ਕੱਢਣ ਵਿਚ ਬਹੂ ਦੀ ਮਦਦ ਕਰਨੀ ਹੈ ਅਤੇ ਉਸ ਤੋਂ ਬਾਅਦ ਨਿਗਰਾਨੀ ਵਾਲਾ ਕੰਮ ਸਾਂਭਣਾ। ਇਸ ਕੰਮ ਨੂੰ ਕੇਸਰ ਨੇ ਦੁਚਿਤੀ ਵਿਚ ਹਾਂ ਕਰ ਦਿੱਤੀ ਕਿਉਂਕਿ ਘਰ ਪਿੰਡ ਤੋਂ ਦੂਸਰੇ ਪਾਸੇ ਹੋਣ ਕਰਕੇ ਇੰਨੇ ਸਾਝਰੇ ਉੱਠ ਕੇ ਆਉਣਾ ਔਖਾ ਮਹਿਸੂਸ ਕੀਤਾ।

ਕੇਸਰ ਸਵੇਰੇ ਚਾਰ ਵਜੇ ਉੱਠ ਕੇ ਮੂੰਹ ਵਿਚ ਦਾਤਣ ਲੈ ਕੇ ਜੈਲਦਾਰਾਂ ਦਾ ਦਰਵਾਜਾ ਖੜਕਾ ਦਿੰਦਾ। ਫਿਰ ਉਹ ਰਾਤ ਦਾ ਕੁਤਰਿਆ ਹੋਇਆ ਚਾਰਾ ਡੰਗਰਾਂ ਨੂੰ ਪਾ ਦਿੰਦਾ ਤੇ ਆਪ ਉਹ ਨਲਕੇ ਕੋਲ ਬੈਠ ਕੇ ਦਾਤਣ ਕਰਨ ਲੱਗ ਪੈਂਦਾ। ਅੱਧੇ ਘੰਟੇ ਬਾਅਦ ਜੈਲਦਾਰਾਂ ਦੀ ਬਹੂ ਕੁਲਮੀਤ ਬਾਲਟੀ ਲੈ ਕੇ ਡੰਗਰਾਂ ਕੋਲ ਆ ਜਾਂਦੀ। ਕੇਸਰ ਵੀ ਮੱਝਾਂ ਦੇ ਸਿਰਹਾਣੇ ਖੜ੍ਹ ਜਾਂਦਾ ਕਿਤੇ ਦੂਸਰੀ ਮੱਝ ਧਾਰ ਕੱਢਣ ਵਾਲੀ ਦੇ ਸਿੰਗ ਨਾ ਫਸਾ ਦੇਵੇ। ਪਹਿਲੀ ਦੀ ਧਾਰ ਕੱਢ ਕੇ ਦੁੱਧ ਅੰਦਰ ਰੱਖਣ ਚਲੀ ਜਾਂਦੀ ਫਿਰ ਓਹੀ ਬਾਲਟੀ ਲੈ ਕੇ ਦੂਜੀ ਮੱਝ ਦੀ ਧਾਰ ਕੱਢ ਲੈਂਦੀ ਤੇ ਉਸ ਦੁੱਧ ਵਾਲੀ ਬਾਲਟੀ ਨੂੰ ਅੰਦਰ ਵੱਡੇ ਪਤੀਲੇ 'ਚ ਰੱਖ ਖਾਲੀ ਬਾਲਟੀ ਲੈ ਕੇ ਆ ਜਾਂਦੀ। ਕੇਸਰ ਦਾ ਕੰਮ ਸਿਰਫ ਆਪਣੇ ਪਰਨੇ ਨਾਲ ਮੱਝ ਤੋਂ ਮੱਖੀਆਂ ਉਡਾਉਣਾ ਸੀ। ਮੱਝਾਂ ਸੀਲ ਬਣ ਕੇ ਧਾਰਾਂ ਦਿੰਦੀਆਂ ਰਹਿੰਦੀਆਂ। ਕੇਸਰ ਅਤੇ ਕੁਲਮੀਤ ਵਿਚਕਾਰ ਕੋਈ ਗੱਲਬਾਤ ਨਾ ਹੁੰਦੀ।

ਕੇਸਰ ਨੂੰ ਸਵੇਰ ਵਾਲੀ ਡਿਊਟੀ ਕਰਦਿਆਂ ਛੇ ਮਹੀਨੇ ਹੋ ਗਏ। ਕੁਲਮੀਤ ਦਾ ਘਰ ਵਾਲਾ

ਭੁਪਿੰਦਰ ਸਿੰਘ ਕਲਕੱਤੇ ਟਰੱਕਾਂ ਦਾ ਵੱਡਾ ਮਾਲਕ ਸੀ। ਉਸ ਦੇ ਕੋਲ ਕਰੀਬ ਵੀਹ ਟਰੱਕ ਚਲਦੇ ਸਨ। ਜੈਲਦਾਰ ਵਰਸਾ ਸਿੰਘ ਦੇ ਕੋਲ ਛੇ ਸੌ ਵਿਘੇ ਜ਼ਮੀਨ ਸੀ ਜੋ ਉਹ ਖੁਦ ਕਾਮਿਆਂ ਤੋਂ ਕਰਾਉਂਦਾ ਸੀ। ਉਸ ਦੀ ਵੱਡੀ ਧੀ ਤਿੰਨ ਸਾਲ ਪਹਿਲਾਂ ਵਿਆਹ ਕਰਾ ਕੇ ਅਮਰੀਕਾ ਚਲੀ ਗਈ ਸੀ। ਘਰ ਵਿਚ ਜੈਲਦਾਰ, ਜੈਲਦਾਰਨੀ ਅਤੇ ਕੁਲਮੀਤ ਹੀ ਰਹਿੰਦੇ ਸੀ। ਕੁਲਜੀਤ ਦੇ ਬੱਚਾ ਕੋਈ ਨਹੀਂ ਸੀ। ਉਨ੍ਹਾਂ ਦੇ ਵਿਆਹ ਹੋਏ ਨੂੰ ਪੰਜ ਸਾਲ ਹੋ ਗਏ ਸੀ।

ਭੁਪਿੰਦਰ ਸਿੰਘ ਦੋ ਮਹੀਨੇ ਬਾਅਦ ਚੱਕਰ ਮਾਰਦਾ ਸੀ। ਇੱਕ ਹਫਤਾ ਰਹਿ ਕੇ ਵਾਪਸ ਚਲਾ ਜਾਂਦਾ ਸੀ। ਕੁਲਮੀਤ ਭੁਪਿੰਦਰ ਨੂੰ ਬਹੁਤ ਪਿਆਰ ਕਰਦੀ ਸੀ ਪਰ ਉਸਦੇ ਪਿਆਰ ਬਦਲੇ ਕੁਲਮੀਤ ਨੂੰ ਓਨਾਂ ਪਿਆਰ ਨਹੀਂ ਮਿਲਦਾ ਸੀ। ਕੁਲਮੀਤ ਅਕਸਰ ਭੁਪਿੰਦਰ ਨੂੰ ਕਹਿੰਦੀ ਰਹਿੰਦੀ, "ਸਰਦਾਰ ਜੀ ਏਡੇ ਵੱਡੇ ਕਾਰੋਬਾਰ ਦਾ ਕੀ ਫਾਈਦਾ ਜੇ ਘਰ 'ਚ ਪਿਆਰ ਹੀ ਨ ਹੋਵੇ। ਇਸ ਕਾਰੋਬਾਰ ਨੂੰ ਸਾਂਭਣ ਵਾਲਾ ਕੋਈ ਦਿਸਦਾ ਨਾ ਹੋਵੇ। ਹੁਣ ਤੁਸੀਂ ਕਲਕੱਤੇ ਵਾਲਾ ਕੰਮ ਛੱਡ ਕੇ ਇੱਥੇ ਫਾਰਮ ਵਾਲਾ ਕੰਮ ਸਾਂਭ ਲਵੋ ਜਾਂ ਇੱਥੇ ਹੀ ਕੋਈ ਹੋਰ ਬਿਜਨੇਸ ਤੋਰ ਲਵੋ।"

"ਕਲਕੱਤੇ ਵਾਲੇ ਕਾਰੋਬਾਰ ਨੂੰ ਬੰਦ ਕਰਨਾ ਮੁਸ਼ਕਲ ਹੈ। ਉਸ ਕਾਰੋਬਾਰ ਨੂੰ ਮੈਂ ਛੱਡ ਕੇ ਵੀ ਨਹੀਂ ਆ ਸਕਦਾ ਅਤੇ ਮੈਂ ਤੈਨੂੰ ਵੀ ਨਹੀਂ ਛੱਡ ਸਕਦਾ। ਸੋ ਥੋੜ੍ਹਾ ਸਮਾਂ ਹੋਰ ਲੰਘਾਓ ਫਿਰ ਆਪਾਂ ਇਕੱਠੇ ਰਹਿਣ ਲੱਗ ਪਵਾਂਗੇ ਅਤੇ ਨਾਲ ਬਾਪੂ ਜੀ ਤੇ ਬੀਬੀ ਜੀ ਦੀ ਸੇਵਾ ਵੀ ਇਕੱਠਿਆਂ ਕਰਾਂਗੇ।" ਭੁਪਿੰਦਰ ਸਿੰਘ ਨੇ ਕੁਲਜੀਤ ਨੂੰ ਆਪਣੇ ਕਲਾਵੇ 'ਚ ਲੈਂਦਿਆਂ ਕਿਹਾ।

"ਹੋਰ ਕਿੰਨਾ ਸਮਾਂ ਇੰਤਜਾਰ ਕਰਨਾ ਪਵੇਗਾ?"

"ਬੱਸ! ਸਾਲ ਦੋ ਸਾਲ।" ਭੁਪਿੰਦਰ ਇਹ ਕਹਿਕੇ ਕਲਕੱਤੇ ਜਾਣ ਲਈ ਤਿਆਰ ਹੋ ਗਿਆ ਕਿਉਂਕਿ ਕਲਕੱਤੇ ਨੂੰ ਉਨ੍ਹਾਂ ਦੀ ਇਕ ਗੱਡੀ ਨੇ ਜਾਣਾ ਸੀ ਜਿਸ ਗੱਡੀ 'ਚ ਉਹ ਆਇਆ ਸੀ। ਕੁਲਮੀਤ ਨੇ ਅੱਖਾਂ ਭਰ ਲਈਆਂ ਅਤੇ ਆਪਣੀ ਸੱਸ ਨੂੰ ਜਾ ਕੇ ਕਿਹਾ, "ਬੀਬੀ ਜੀ, ਇਹ ਕਮਾਈ ਦਾ ਕੀ ਫਾਇਦਾ ਜਿਸ ਵਿਚ ਨਾ ਮੈਨੂੰ ਖੁਸ਼ੀ ਮਿਲਦੀ ਏ ਤੇ ਨਾ ਤੁਹਾਨੂੰ। ਤੁਸੀਂ ਆਪਣੇ ਪੁੱਤ ਨੂੰ ਸਮਝਾਓ। ਜ਼ਮਾਨਾ ਬਹੁਤ ਮਾੜਾ ਹੈ।"

"ਪੁੱਤ ਮੈਂ ਤਾਂ ਕਈ ਵਾਰ ਤੇਰੇ ਬਾਪੂ ਜੀ ਨੂੰ ਵੀ ਕਹਿ ਕੇ ਦੇਖ ਲਿਆ ਕਿ ਮੁੰਡਾ ਦੂਰ ਬੈਠਾ ਏ ਤੇ ਨੂੰਹ ਇਕੱਲੀ ਹੌਕੇ ਲੈਂਦੀ ਰਹਿੰਦੀ ਏ।"

"ਜਾਂ ਫਿਰ ਮੈਨੂੰ ਵੀ ਕਲਕੱਤੇ ਭੇਜ ਦਿਓ..... ਉਥੇ ਜਾ ਕੇ ਮੈਂ ਵੀ ਦੇਖ ਆਵਾਂ ਸਰਦਾਰ ਜੀ ਦਾ ਕਾਰੋਬਾਰ।" ਕੁਲਮੀਤ ਨੇ ਆਪਣੀ ਸੱਸ ਦੇ ਸਿਰ ਕੰਘਾ ਕਰਦੀ ਨੇ ਕਿਹਾ।

"ਟਰੱਕਾਂ ਦੇ ਕਾਰੋਬਾਰ ਵਿਚ ਤੂੰ ਇਕੱਲੀ ਤੀਵੀਂ ਮਾਨੀ ਕੀ ਕਰੇਂਗੀ। ਉੱਥੇ ਸੌ ਤਰ੍ਹਾਂ ਤਰ੍ਹਾਂ ਦੇ ਲੋਕ ਆਉਂਦੇ ਜਾਂਦੇ ਨੇ....ਨਾਲੇ ਟਰੱਕ ਡਰਾਈਵਰਾਂ ਦੀ ਬੋਲੀ ਤੀਵੀਂ ਦੇਖ ਕੇ ਬਦਲ ਜਾਂਦੀ ਏ ਕਿਉਂਕਿ ਉਹ ਵੀ ਕਈ ਕਈ ਮਹੀਨੇ ਆਪਣੇ ਪਰਿਵਾਰਾਂ ਤੋਂ ਦੂਰ ਸੜਕਾਂ ਨੂੰ ਨੱਪਦੇ ਰਹਿੰਦੇ ਨੇ, ਸੋ ਥੋੜ੍ਹਾ ਚਿਰ ਹੋਰ ਸਬਰ ਕਰ।" ਕੁਲਮੀਤ ਦੀ ਸੱਸ ਨੇ ਆਪਣੀ ਬਹੂ ਨੂੰ ਪਿਆਰ ਨਾਲ ਸਮਝਾਇਆ।

ਸਮਾਂ ਆਪਣੀ ਗਰਾਰੀ ਘੁਮਾਉਂਦਾ ਰਿਹਾ। ਇਕ ਦਿਨ ਜਗੀਰਦਾਰ ਦੇ ਮੁੰਡੇ ਭੁਪਿੰਦਰ ਨੂੰ ਕਰਕੱਤਿਓਂ ਫੋਨ ਆਇਆ ਜਿਸ ਕਰਕੇ ਉਸ ਨੂੰ ਤੁਰੰਤ ਕਲਕੱਤੇ ਜਾਣਾ ਪੈ ਗਿਆ। ਜਾਂਦਾ ਹੋਇਆ ਆਪਣੇ ਕਾਮਿਆਂ ਨੂੰ ਖਾਸ ਤੌਰ 'ਤੇ ਕੇਸਰ ਨੂੰ ਵੱਡੀ ਜੁੰਮੇਵਾਰੀ ਦੇ ਕੇ ਕਲਕੱਤੇ ਲਈ ਚਲਾ ਗਿਆ। ਉਸਨੇ ਚੰਡੀਗੜ੍ਹ ਤੋਂ ਹਵਾਈ ਜਹਾਜ ਰਾਹੀਂ ਕਲਕੱਤੇ ਪਹੁੰਚਣਾ ਸੀ। ਸ਼ਾਮ ਨੂੰ ਉਹ ਕਲਕੱਤੇ ਪਹੁੰਚ ਗਿਆ। ਘਰ ਦੇ ਸਾਰੇ ਜੀ ਫਿਕਰ ਨਾਲ ਅਤੇ ਚੌਕਸੀ ਨਾਲ ਕੰਮ ਦੀ ਦੇਖਭਾਲ ਕਰਦੇ ਰਹੇ।



ਵਿੱਚ ਵਿਚਾਲੇ ਭੁਪਿੰਦਰ ਨੂੰ ਪਿੰਡ ਗੇੜਾ ਮਾਰਨਾ ਪੈ ਗਿਆ ਕਿਉਂਕਿ ਟਰੱਕ ਯੂਨੀਅਨ ਵਿਚ ਝਗੜਾ ਹੋਣ ਕਰਕੇ ਦੋ ਡਰਾਈਵਰਾਂ ਦੀ ਮੌਤ ਹੋ ਗਈ, ਜਿਸ ਦੀ ਵਜ੍ਹਾ ਕਰਕੇ ਭੁਪਿੰਦਰ ਸਿੰਘ ਨੰਬਰਦਾਰ ਅਤੇ ਇੱਕ ਹੋਰ ਗਵਾਹ ਲੈ ਕੇ ਜਹਾਜ ਰਾਹੀਂ ਕਲਕੱਤੇ ਪਹੁੰਚ ਗਿਆ। ਉਸ ਨੇ ਘਰ ਸਿਰਫ ਦੋ ਰਾਤਾਂ ਹੀ ਕੱਟੀਆਂ ਸਨ।

ਭੁਪਿੰਦਰ ਦੇ ਜਾਣ ਤੋਂ ਦੋ ਦਿਨ ਬਾਅਦ ਕੇਸਰ ਸਿੰਘ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਚਾਰ ਵਜੇ ਮੱਝਾਂ ਦੀਆਂ ਧਾਰਾਂ ਕਢਵਾਉਣ ਲਈ ਆ ਗਿਆ। ਆ ਕੇ ਉਸਨੇ ਸਾਰੇ ਡੰਗਰਾਂ ਨੂੰ ਪੱਠੇ ਪਾ ਦਿੱਤੇ ਤੇ ਆਪ ਨਲਕੇ ਕੋਲ ਖੜ੍ਹ ਕੇ ਦਾਤਣ ਕਰਨ ਲੱਗ ਪਿਆ। ਥੋੜ੍ਹੇ ਚਿਰ ਪਿਛੋਂ ਕੁਲਮੀਤ ਵੀ ਖਾਲੀ ਬਾਲਟੀ ਲੈ ਕੇ ਮੱਝਾਂ ਦੇ ਪਾਸ ਚਲੀ ਗਈ। ਮੱਝਾਂ ਦਾ ਤਵੇਲਾ ਕੋਠੀ ਦੇ ਪਿਛਲੇ ਪਾਸੇ ਸੀ। ਕੇਸਰ ਨੇ ਮੱਝ ਦੀ ਕੱਟੀ ਖੋਲ੍ਹ ਦਿੱਤੀ ਜਿਸ ਦੀ ਧਾਰ ਕੱਢਣੀ ਸੀ ਤੇ ਆਪ ਉਹ ਸਿਰਹਾਣੇ ਪਾਸੇ ਖੜ੍ਹ ਗਿਆ। ਦੋ ਮਿੰਟ ਬਾਅਦ ਕੇਸਰ ਨੇ ਕੱਟੀ ਕਿੱਲੇ ਨਾਲ ਬੰਨ੍ਹ ਦਿੱਤੀ ਤੇ ਆਪ ਫਿਰ ਆਪਣੇ ਪਰਨੇ ਨਾਲ ਮੱਝ ਤੋਂ ਮੱਖੀਆਂ ਉਡਾਉਣ ਲੱਗ ਪਿਆ।

"ਕੇਸਰ, ਅੱਜ ਤੂੰ ਹੀ ਮੱਝ ਦੀ ਧਾਰ ਕੱਢ ਦੇ.....ਅੱਜ ਮੇਰਾ ਚਿੱਤ ਠੀਕ ਨਹੀਂ।"

"ਬੀਬੀ ਜੀ ਨੂੰ ਬੁਲਾ ਲਿਓ, ਉਹ ਧਾਰ ਕੱਢ ਦੇਣਗੇ।"

"ਨਹੀਂ, ਨਹੀਂ ਉਹਦੀ ਵੀ ਤਬੀਅਤ ਠੀਕ ਨਹੀਂ। ਤੂੰ ਕੱਢ ਕੇ ਤਾਂ ਦੇਖ ਮੈਂ ਤੇਰੇ ਪਾਸ ਹੀ ਬੈਠਾਂਗੀ...ਜਿੰਨੀ ਕੱਢ ਸਕਦਾ ਏਂ ਕੱਢ ਕੇ ਦੇਖ ਫਿਰ ਮੈਂ ਬਾਕੀਆਂ ਦੀ ਕੱਢ ਦੇਵਾਂਗੀ।"

"ਮੈਂ ਤਾਂ ਕਦੇ ਕਿਸੇ ਡੰਗਰ ਦੀ ਧਾਰ ਨਹੀਂ ਕੱਢੀ। ਮੈਂ ਤਾਂ ਬੱਕਰੀ ਦੀ ਵੀ ਧਾਰ ਨਹੀਂ ਕੱਢ ਸਕਦਾ।"

"ਪਰ ਅੱਜ ਮੈਂ ਤੈਨੂੰ ਮੱਝਾਂ ਦੀ ਧਾਰ ਕੱਢਣੀ ਸਿਖਾ ਦੇਵਾਂਗੀ। ਐਵੇਂ ਨਖਰੇ ਜਿਹੇ ਕਰਦਾ ਏਂ.....ਤੂੰ ਥਣਾਂ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਧੋ ਲੈ।"

ਕੇਸਰ ਗੜਵੀ ਵਿਚਲੇ ਪਾਣੀ ਨਾਲ ਹੌਲੀ ਹੌਲੀ ਥਣਾਂ ਨੂੰ ਧੋਣ ਲੱਗ ਪਿਆ। ਫਿਰ ਉਹ ਥਣਾਂ ਹੇਠ ਬਾਲਟੀ ਰੱਖ ਮੱਝ ਦੀ ਧਾਰ ਕੱਢਣ ਦੀ ਕੋਸ਼ਿਸ਼ ਕਰਦਾ ਪਰ ਉਸ ਤੋਂ ਠੀਕ ਤਰ੍ਹਾਂ ਨਾਲ ਧਾਰ ਨਹੀਂ ਪੈ ਰਹੀ। ਕੋਲ ਬੈਠੀ ਕੁਲਮੀਤ ਉਸ ਨੂੰ ਢੰਗ ਦੱਸ ਰਹੀ ਸੀ ਪਰ ਫਿਰ ਵੀ ਕੇਸਰ ਡਰ ਜਿਹਾ ਰਿਹਾ ਸੀ।

"ਤੈਨੂੰ ਦੁੱਧ ਭਰੇ ਥਣ ਕਿਹੋ ਜਿਹੇ ਲਗਦੇ ਨੇ?" ਕੁਲਮੀਤ ਨੇ ਉਸ ਦੇ ਕੋਲ ਬੈਠੇ ਨੂੰ ਪੁੱਛਿਆ।

"ਦੁੱਧ ਨਾਲ ਭਰੇ ਥਣ ਹੋਰ ਕਿਹੋ ਜਿਹੇ ਲੱਗਣੇ ਸੀ.....।"

"ਹੁਣ ਤੂੰ ਇਕ ਥਣ ਆਪਣੇ ਮੂੰਹ ਵਿਚ ਲੈ ਕੇ ਚੁੰਘ ਕੇ ਦਿਖਾ।" ਕੁਲਮੀਤ ਨੇ ਇੱਕ ਥਣ ਕੇਸਰ ਦੇ ਮੂੰਹ ਵੱਲ ਕਰਦੀ ਨੇ ਕਿਹਾ।

"ਮੈਂ ਨਹੀਂ ਮੂੰਹ ਵਿਚ ਪਾਉਣਾ ਮੇਰੇ ਮੂੰਹ ਲਾਉਣ ਨਾਲ ਦੁੱਧ ਜੂਠਾ ਹੋ ਜਾਵੇਗਾ ਅਤੇ ਮੈਂ ਕਦੇ ਥਣ ਮੂੰਹ ਵਿਚ ਪਾਇਆ ਹੀ ਨਹੀਂ।"

"ਦੇਖ ਮੈਂ ਮੂੰਹ ਵਿਚ ਪਾ ਕੇ ਦੱਸਦੀ ਹਾਂ।" ਉਸ ਨੇ ਮੱਝ ਦਾ ਇਕ ਥਣ ਮੂੰਹ ਵਿਚ ਲੈ ਕੇ ਚੁੰਘਣ ਲੱਗ ਪਈ। ਫਿਰ ਉਸਨੇ ਉਹੀ ਥਣ ਕੇਸਰ ਦੇ ਮੂੰਹ ਵਿਚ ਪਾ ਦਿੱਤਾ। ਉਸ ਨੇ ਵੀ ਦੋ ਚਾਰ ਘੁੱਟਾਂ ਪੀ ਲਈਆਂ।

"ਬਹੁਤ ਮਿੱਠਾ ਦੁੱਧ ਏ।" ਕੇਸਰ ਨੇ ਸਰਸਰੀ 'ਚ ਕਿਹਾ। ਦੁੱਧ ਕੁਲਮੀਤ ਨੇ ਕੱਢਿਆ, ਫਿਰ ਉਹ ਬਾਲਟੀ ਵਾਲਾ ਦੁੱਧ ਅੰਦਰ ਕਿਸੇ ਵੱਡੇ ਭਾਂਢੇ ਵਿਚ ਪਾਉਣ ਚਲੀ ਗਈ। ਵਾਪਸੀ ਤੇ ਕੁਲਮੀਤ ਖਾਲੀ ਬਾਲਟੀ ਵੀ ਲੈ ਆਈ। ਕੇਸਰ ਨੇ ਦੂਜੀ ਮੱਝ ਦਾ ਕਟਰੂ ਵੀ ਖੋਲ੍ਹ ਦਿੱਤਾ।

"ਕਿਹੋ ਜਿਹਾ ਲੱਗਿਆ ਧਾਰ ਕੱਢਣ ਦਾ ਕੰਮ?"

"ਬੱਸ......ਠੀਕ ਹੀ ਲੱਗਿਆ।"

"ਹੁਣ ਤੂੰ ਦੂਜੀ ਮੱਝ ਦੀ ਧਾਰ ਕੱਢ ਕੇ ਦਿਖਾ। ਮੈਂ ਵੀ ਤੇਰੇ ਪਾਸ ਹੀ ਬੈਠਾਂਗੀ।" ਕੁਲਮੀਤ ਅਜੇ ਕੁਝ ਜ਼ਿਆਦਾ ਹੀ ਬਦਲੀ ਬਦਲੀ ਜਿਹੀ ਲੱਗ ਰਹੀ ਸੀ। ਉਸਨੇ ਆਪਣੇ ਸਿਰ 'ਤੇ ਦੁਪੱਟਾ ਵੀ ਨਹੀਂ ਲਿਆ ਹੋਇਆ ਸੀ। ਦੂਜੀ ਮੱਝ ਦੀ ਕੇਸਰ ਧਾਰ ਕੱਢ ਰਿਹਾ ਸੀ ਤੇ ਕੋਲ ਬੈਠੀ ਕੁਲਮੀਤ ਉਸ ਨੂੰ ਤਰ੍ਹਾਂ ਤਰ੍ਹਾਂ ਦੇ ਸਵਾਲ ਵੀ ਪੁੱਛ ਰਹੀ ਸੀ....., "ਤੇਰੇ ਘਰ ਵਾਲੀ ਕਿਹੋ ਜਿਹੀ ਸੁਭਾਅ ਦੀ ਏ?"

"ਬਹੁਤ ਅੱਛੇ ਸੁਭਾਅ ਦੀ ਹੈ।"

"ਤੈਨੂੰ ਕਿੰਨਾ ਪਿਆਰ ਕਰਦੀ ਏ?"

"ਬਹੁਤ ਪਿਆਰ ਕਰਦੀ ਏ।"

"ਜਦੋਂ ਉਹ ਆਪਣੇ ਪੇਕੇ ਜਾਂਦੀ ਹੋਵੇਗੀ ਤਾਂ ਤੈਨੂੰ ਕਿਵੇਂ ਲਗਦਾ ਏ?"

"ਮੈਂ ਕਦੇ ਪੇਕੇ ਇਕੱਲੀ ਛੱਡੀ ਹੀ ਨਹੀਂ।"

"ਤਾਂ ਤੇ ਤੇਰੇ ਘਰ ਵਾਲੀ ਕਰਮਾਂ ਵਾਲੀ ਔਰਤ ਏ ਜਿਸ ਨੂੰ ਤੂੰ ਆਪਣੇ ਤੋਂ ਵੱਖ ਨਹੀਂ ਹੋਣ ਦਿੰਦਾ। ਇਧਰ ਦੇਖ ਕੇਸਰ ਮੇਰੇ ਨਾਲ ਕੀ-ਕੀ ਬੀਤਦੀ ਏ। ਮੇਰਾ ਦੁੱਖ ਸੁਣਨ ਵਾਲਾ ਵੀ ਕੋਈ ਨਹੀਂ।"

"ਮੈਂ ਥੱਕ ਗਿਆ ਹਾਂ ਹੁਣ ਤੁਸੀਂ ਧਾਰ ਕੱਢ ਦਿਓ ਬਾਕੀ ਦੀ....।"

"ਕਦੇ ਕੋਈ ਧਾਰ ਕੱਢਦਾ ਥੱਕਦਾ ਵੀ ਹੁੰਦਾ ਏ?"

ਕੁਲਮੀਤ ਨੇ ਬਾਕੀ ਦੀ ਧਾਰ ਕੱਢ ਕੇ ਪਹਿਲਾਂ ਇੱਕ ਗੜਵੀ ਭਰ ਕੇ ਕੇਸਰ ਨੂੰ ਕਿਹਾ ਇਸ ਨੂੰ ਹੁਣੇ ਹੀ ਮੇਰੇ ਸਾਹਮਣੇ ਪੀ ਜਾ ਬਾਕੀ ਮੈਂ ਅੰਦਰ ਲੈ ਕੇ ਜਾਂਦੀ ਹਾਂ।

ਕੇਸਰ ਨੇ ਗੜਵੀ ਵਾਲਾ ਦੁੱਧ ਸਪੱਸ਼ਟ ਗਟਾਗਟ ਪੀ ਲਿਆ। ਕੁਲਮੀਤ ਨੇ ਕਿਹਾ, "ਅਜੇ ਤੀਜਾ ਕਟਰੂ ਨਹੀਂ ਛੱਡਣਾ। ਇਸ ਦੀ ਧਾਰ ਆਪਾਂ ਫਿਰ ਕੱਢਾਂਗੇ। ਜਰਾ ਅੰਦਰ ਨੂੰ ਆਵੀਂ ਕੇਸਰ।" ਕੁਲਮੀਤ ਦਾ ਸਰੀਰ ਅੰਗੜਾਈਆਂ ਲੈਣ ਲੱਗਿਆ।

"ਅੰਦਰ ਕੀ ਕੰਮ ਏ?"

"ਬੁੱਧੂ ਤੂੰ ਡਰਦਾ ਕਿਉਂ ਏ.....ਅੰਦਰ ਆ ਤਾਂ ਸਹੀ।"

ਕੁਲਮੀਤ ਕੇਸਰ ਨੂੰ ਬਾਂਹ ਤੋਂ ਫੜਕੇ ਅੰਦਰ ਲੈ ਗਈ। ਪੰਜ ਮਿੰਟ ਬਾਅਦ ਉਹ ਕਪੜੇ ਠੀਕ ਕਰਦੇ ਬਾਹਰ ਆ ਗਏ। ਕੁਲਮੀਤ ਬਹੁਤ ਖੁਸ਼ ਦਿਖਾਈ ਦੇ ਰਹੀ ਸੀ ਤੇ ਕੇਸਰ ਨੇ ਤੀਜਾ ਕਟਰੂ ਵੀ ਖੋਲ੍ਹ ਦਿੱਤਾ। ਤੀਜੀ ਮੱਝ ਦੀ ਧਾਰ ਕੁਲਮੀਤ ਨੇ ਹੀ ਕੱਢ ਦਿੱਤੀ।

"ਅਜੇ ਜਾਣਾ ਨਹੀਂ.....ਮੈਂ ਅੰਦਰ ਦੁੱਧ ਰੱਖ ਆਵਾਂ।" ਕੁਲਮੀਤ ਫਿਰ ਕੇਸਰ ਨੂੰ ਉਸੀ ਕਮਰੇ ਵੱਲ ਲੈ ਗਈ ਜਿੱਥੇ ਪਹਿਲਾਂ ਗਏ ਸੀ। 10 ਮਿੰਟ ਬਾਅਦ ਦੋਵੇਂ ਫਿਰ ਕੱਪੜੇ ਠੀਕ ਕਰਦੇ ਬਾਹਰ ਆ ਗਏ।

ਕੇਸਰ ਦਾ ਅਤੇ ਕੁਲਮੀਤ ਦਾ ਲੁਕ ਛਿਪ ਕੇ ਇਸ ਤਰ੍ਹਾਂ ਦਾ ਕੰਮ ਚਲਦਾ ਰਿਹਾ। ਹੁਣ ਕੁਲਮੀਤ ਬੜੀ ਖੁਸ਼ ਦਿਖਾਈ ਦੇ ਰਹੀ ਸੀ। ਉਹ ਭੱਜ ਭੱਜ ਕੇ ਕੰਮ ਨੂੰ ਛੇਤੀ ਨਿਬੇੜ ਦਿੰਦੀ। ਆਪਣੀ ਸੱਸ ਕੋਲ ਬਹਿ ਕੇ ਸੋਹਣੀਆਂ ਗੱਲਾਂ ਕਰਕੇ ਉਸ ਦਾ ਮਨ ਪ੍ਰਚਾਉਣ ਲੱਗ ਜਾਂਦੀ। ਉਹ ਹੁਣ ਆਪਣੇ ਪਤੀ ਦੇਵ ਨੂੰ ਕਦੇ ਕਦੇ ਹੀ ਯਾਦ ਕਰਦੀ ਜਦੋਂ ਉਸ ਦੀ ਕਿਸੇ ਕੰਮ ਬਾਰੇ ਲੋੜ ਹੁੰਦੀ ਰਾਤ ਨੂੰ ਤਾਂ ਕੁਲਮੀਤ ਕੇਸਰ ਦੇ ਸੁਪਨਿਆਂ ਵਿਚ ਗੁੰਮ ਰਹਿੰਦੀ।

ਮਹੀਨੇ ਬਾਅਦ ਗੁਲਮੀਤ ਨੂੰ ਉਲਟੀਆਂ ਲੱਗ ਪਈਆਂ ਤੇ ਜੀ ਕੱਚਾ ਕੱਚਾ ਜਿਹਾ ਹੋਣ ਲੱਗ ਪਿਆ। ਉਸ ਦੀ ਤਬੀਅਤ ਨੂੰ ਦੇਖਕੇ ਉਸ ਦੀ ਸੱਸ ਨੇ ਪੁੱਛਿਆ, "ਕੁੜੇ ਕੁਲਮੀਤ ਤੇਰੀ ਤਬੀਅਤ ਨੂੰ



ਅੱਜ ਕੀ ਹੋ ਗਿਆ। ਜੇ ਤੂੰ ਠੀਕ ਨਹੀਂ ਤਾਂ ਚੱਲ ਤਿਆਰ ਹੋ ਜਾ ਸ਼ਹਿਰ ਜਾ ਕੇ ਦਵਾਈ ਲੈ ਆਉਂਦੇ ਹਾਂ।"

"ਬੇ ਜੀ ਮੈਂ ਠੀਕ ਹਾਂ, ਕੋਈ ਫਿਕਰ ਕਰਨ ਦੀ ਲੋੜ ਨਹੀਂ।"

"ਤੇ ਫਿਰ ਤੂੰ ਉਲਟੀਆਂ ਕਿਉਂ ਕਰਦੀ ਏਂ?"

"ਬੇ ਜੀ....।" ਇਹ ਕਹਿਕੇ ਉਹ ਅੰਦਰ ਚਲੀ ਗਈ। ਉਸ ਦੇ ਮਗਰ ਹੀ ਉਸ ਦੀ ਸੱਸ ਚਲੀ ਗਈ। ਉਸ ਨੇ ਬਹੂ ਦੀ ਬਾਂਹ ਫੜ ਕੇ ਪੁੱਛਿਆ, "ਤੂੰ ਮੈਥੋਂ ਕੁਛ ਛੁਪਾ ਰਹੀ ਏਂ।"

"ਬੇ ਜੀ, ਮੈਨੂੰ ਦਿਨ ਟੱਪ ਗਏ ਨੇ ਤੇ ਮੈਨੂੰ ਇਉਂ ਲਗਦਾ ਏ ਕਿ ਮੈਂ ਮਾਂ ਬਣਨ ਜਾ ਰਹੀ ਹਾਂ।"

"ਨੀ ਧੀਏ....ਨੀ ਆਹ ਤਾਂ ਤੈਂ ਇਕ ਵਧੀਆ ਖ਼ਬਰ ਸੁਣਾ ਕੇ ਮੇਰੇ ਮਨ ਦੀ ਮੁਰਾਦ ਪੂਰੀ ਕਰਤੀ। ਮੈਂ ਅੱਜ ਹੀ ਕਲਕੱਤੇ ਆਪਣੇ ਮੁੰਡੇ ਨੂੰ ਖੁਸ਼ਖਬਰੀ ਦਾ ਸਨੇਹਾ ਦਿੰਦੀ ਹਾਂ ਨਾਲੇ ਉਥੇ ਹੀ ਤੇਰੇ ਬਾਪੂ ਜੀ ਨੂੰ ਵੀ ਪਤਾ ਲੱਗ ਜਾਊ।"

ਦੋਵੇਂ ਸੱਸ ਨੂੰਹ ਖੁਸ਼ ਰਹਿਣ ਲੱਗ ਪਈਆਂ। ਸਰਜੀਤ ਕੌਰ ਲੱਖਣ ਲਾਉਣ ਲੱਗ ਪਈ ਕਿ ਮੇਰਾ ਮੁੰਡਾ ਕਿਹੜੇ ਦਿਨ ਘਰ ਰਾਤ ਕੱਟ ਕੇ ਗਿਆ ਸੀ। ਜਿਸ ਦਿਨ ਰਾਤ ਕੱਟ ਕੇ ਗਿਆ ਸੀ ਉਸ ਤੋਂ ਮਹੀਨੇ ਬਾਅਦ ਹੀ ਬਹੂ ਨੂੰ ਉਲਟੀਆਂ ਆਈਆਂ ਸਨ। ਉਸ ਦਾ ਲੱਖਣ ਠੀਕ ਹੀ ਨਿਕਲਿਆ।

ਕੁਲਮੀਤ ਰੋਜ ਦੀ ਤਰ੍ਹਾਂ ਕੇਸਰ ਨਾਲ ਮੱਝਾਂ ਦੀਆਂ ਧਾਰਾਂ ਕੱਢ ਲੈਂਦੇ। ਉਹ ਹਰ ਰੋਜ਼ ਇਕ ਗੜਵੀ ਦੁੱਧ ਦੀ ਕੇਸਰ ਨੂੰ ਦੇ ਦਿੰਦੀ ਤੇ ਉਹ ਖੜ੍ਹਾ ਖੜ੍ਹਾ ਹੀ ਪੀ ਜਾਂਦਾ। ਕਦੇ ਕਦੇ ਉਹ ਕੇਸਰ ਨੂੰ ਹਜ਼ਾਰ ਦੋ ਹਜ਼ਾਰ ਰੁਪਿਆ ਵੀ ਫੜਾ ਦਿੰਦੀ। ਮਹੀਨੇ 'ਚ ਦੋ ਵਾਰ ਡੋਲੂ ਭਰ ਕੇ ਦੇਸੀ ਘਿਓ ਦਾ ਫੜਾ ਦਿੰਦੀ। ਹੁਣ ਕੁਲਮੀਤ ਕੇਸਰ ਦਾ ਜ਼ਿਆਦਾ ਹੀ ਖਿਆਲ ਰੱਖਣ ਲੱਗ ਪਈ ਅਤੇ ਕੇਸਰ ਵੀ ਉਸ ਦੀ ਹਰ ਖਾਹਸ਼ ਪੂਰੀ ਕਰਦਾ ਰਹਿੰਦਾ।

ਨੌਂ ਮਹੀਨੇ ਬਾਅਦ ਕੁਲਮੀਤ ਨੇ ਮੁੰਡੇ ਨੂੰ ਜਨਮ ਦਿੱਤਾ। ਘਰਦਿਆਂ ਤੋਂ ਇਲਾਵਾ ਪਿੰਡ ਨੇ ਰਿਸ਼ਤੇਦਾਰਾਂ ਨੇ ਖੁਸ਼ੀ ਮਨਾਈ। ਜਗਾਗੀਦਾਰਾਂ ਦੇ ਘਰ ਖੁਸ਼ੀਆਂ ਸੁਣਨ ਨੂੰ ਮਿਲ ਰਹੀਆਂ।

ਹੁਣ ਕੇਸਰ ਡਰਦਾ ਡਰਦਾ ਚੁੱਪ ਰਹਿਣ ਲੱਗ ਪਿਆ। ਕਿਤੇ ਸਾਡੇ ਪਿਆਰ ਦਾ ਘਰ ਦੇ ਜੀਅ ਨੂੰ ਪਤਾ ਨਾ ਲੱਗ ਜਾਵੇ। ਜਿਸ ਦਿਨ ਘਰ 'ਤੇ ਜਗੀਰਦਾਰ ਹੁੰਦਾ ਜਾਂ ਮੁੰਡਾ ਆਇਆ ਹੁੰਦਾ ਉਸ ਦਿਨ ਉਹ ਮੱਝਾਂ ਦੇ ਕੋਲ ਘੱਟ ਹੀ ਜਾਂਦਾ ਸੀ। ਕੁਲਮੀਤ ਵੀ ਸਮਝ ਜਾਂਦੀ ਤੇ ਉਹ ਇਕੱਲੀ ਹੀ ਧਾਰ ਕੱਢ ਕੇ ਘਰ ਚਲੀ ਜਾਂਦੀ। ਕੁਲਮੀਤ ਦੀ ਸੱਸ ਨੇ ਧਾਰ ਕੱਢਣੀ ਬਿਲਕੁਲ ਹੀ ਬੰਦ ਕਰ ਦਿੱਤੀ।

ਹੁਣ ਕੇਸਰ ਵੀ ਤਿੰਨਾਂ ਮੱਝਾਂ ਦੀਆਂ ਧਾਰਾਂ ਆਪ ਕੱਢ ਲੈਂਦਾ। ਦਿਨ ਵਿਚ ਜਦੋਂ ਕੁਲਮੀਤ ਵਿਹੜੇ 'ਚ ਬੈਠੀ ਆਪਣੇ ਬੱਚੇ ਨੂੰ ਦੁੱਧ ਚੁੰਘਾ ਰਹੀ ਹੁੰਦੀ ਉਦੋਂ ਜੇ ਅਚਾਨਕ ਕੇਸਰ ਆ ਜਾਂਦਾ ਤਾਂ ਕੁਲਮੀਤ ਮੁਸਕੜੀਆਂ ਹੱਸ ਕੇ ਆਪਣੇ ਬੱਚੇ ਨੂੰ ਹੋਲੀ ਜਿਹੀ ਕਹਿੰਦੀ, "ਤੇਰਾ ਡੈਡੀ ਆ ਗਿਆ ਵੇ, ਜਾ ਭੱਜ ਕੇ ਗੋਦੀ ਚੜ੍ਹ ਜਾ।" ਇਹ ਬੋਲ ਕੇਸਰ ਨੇ ਵੀ ਸੁਣ ਲਏ ਸੀ। ਉਹ ਨੀਵੀਂ ਪਾ ਕੇ ਹੱਸਦਾ ਹੋਇਆ ਬਾਹਰ ਨਿਕਲ ਜਾਂਦਾ।

ਆਪਣੇ ਮੁੰਡੇ ਦੀ ਖੁਸ਼ੀ 'ਚ ਕੁਲਮੀਤ ਨੇ ਆਪਣੀ ਸੱਸ ਤੋਂ ਕੇਸਰ ਨੂੰ ਵਧੀਆ ਪੈਂਟ ਕੋਟ ਅਤੇ ਉਸ ਦੇ ਘਰ ਵਾਲੀ ਲਾਭ ਕੌਰ ਨੂੰ ਵੀ ਵਧੀਆ ਸੂਟ ਦਿਵਾ ਦਿੱਤਾ। ਲਾਭ ਕੌਰ ਨੂੰ ਇਸ ਗੁੱਝੇ ਰਾਜ ਦਾ ਕੋਈ ਪਤਾ ਨਹੀਂ ਸੀ।

ਕੇਸਰ ਦਾ ਮੁੰਡਾ ਕੁੰਦਨ ਸਿੰਘ ਦੋ ਸਾਲ ਦਾ ਹੋ ਗਿਆ ਸੀ। ਕੁਲਮੀਤ ਕਦੇ ਕਦੇ ਉਸਨੂੰ ਵੀ ਆਪਣੀ ਕੋਠੀ ਬੁਲਾ ਲੈਂਦੀ ਸੀ, ਕੇਸਰ ਦੇ ਨਾਲ। ਉਸ ਨਾਲ ਕੁਲਮੀਤ ਬੇਹੱਦ ਪਿਆਰ ਕਰਨ ਲਗਦੀ।

ਦੋਹਾਂ ਨੂੰ ਖਿਡਾਉਣੇ ਦੇਕੇ ਉਨ੍ਹਾਂ ਪਾਸ ਆਪ ਬੈਠ ਜਾਂਦੀ ਤੇ ਦੋਹਾਂ ਦੇ ਨੈਣ ਨਕਸ ਮਿਲਾਉਣ ਲੱਗ ਜਾਂਦੀ। ਦੋਹਾਂ ਦਾ ਰੰਗ ਰੂਪ ਗੋਰਾ ਤੇ ਸ਼ਰਾਰਤੀ ਵੀ ਇਕੋ ਜਿਹੇ।

"ਕੁੜੇ ਕੁਲਮੀਤ ਇਨ੍ਹਾਂ ਕੰਮੀਆਂ ਦੇ ਜੁਆਕ ਨੂੰ ਤੂੰ ਬਾਹਲਾ ਆਪਣੇ ਮੁੰਡੇ ਕੋਲ ਨਾ ਬਿਠਾਇਆ ਕਰ ਕਿਉਂਕਿ ਇਨ੍ਹਾਂ ਦੇ ਮੁੰਡੇ ਸਾਫ਼ ਸੁਥਰੇ ਨਹੀਂ ਹੁੰਦੇ, ਨਾਲੇ ਇਨ੍ਹਾਂ ਨੂੰ ਸੌ ਤਰ੍ਹਾਂ ਦੀਆਂ ਬੀਮਾਰੀਆਂ ਚਿੰਮੜੀਆਂ ਹੁੰਦੀਆਂ ਨੇ।"

"ਬੇ ਜੀ, ਇਹ ਬੱਚਾ ਸਾਫ਼ ਸੁਥਰਾ ਏ ਤੇ ਸੋਹਣਾ ਵੀ ਹੈ। ਇਹਨੂੰ ਦੇਖ ਕੇ ਮੇਰਾ ਯੁਵਰਾਜ ਵੀ ਖ਼ੁਸ਼ ਹੋ ਜਾਂਦਾ ਏ।"

"ਪਰ ਫਿਰ ਵੀ ਇਨ੍ਹਾਂ ਤੋਂ ਦੂਰ ਰਹਿਣਾ ਹੀ ਠੀਕ ਏ।" ਜਗੀਰਦਾਰਨੀ ਕਮੀਣਾਂ ਦੇ ਜੁਆਕਾਂ ਨੂੰ ਪਹਿਲਾਂ ਤੋਂ ਹੀ ਘਿਰਣਾ ਕਰਦੀ ਆ ਰਹੀ ਏ। ਉਹ ਤਾਂ ਕੰਮੀਆਂ ਦੀਆਂ ਜ਼ਨਾਨੀਆਂ ਨੂੰ ਆਪਣੇ ਖੇਤਾਂ 'ਚ ਘੱਟ ਹੀ ਵੜਨ ਦਿੰਦੀ ਸੀ। ਕੁਲਮੀਤ ਦਾ ਸੁਭਾਅ ਆਪਣੀ ਸੱਸ ਨਾਲੋਂ ਉਲਟ ਹੈ।

ਜਦ ਤੋਂ ਕੁਲਮੀਤ ਦੇ ਯੁਵਰਾਜ ਨੇ ਜਨਮ ਲਿਆ ਉਹ ਕੇਸਰ ਨੂੰ ਸਭ ਤੋਂ ਵੱਧ ਪਿਆਰ ਕਰਨ ਲੱਗ ਪਈ ਸੀ। ਜਦੋਂ ਸਵੇਰੇ ਮੱਝਾਂ ਦੀਆਂ ਧਾਰਾਂ ਦਾ ਸਮਾਂ ਨੇੜੇ ਆਉਂਦਾ ਕੁਲਮੀਤ ਦੀ ਨੀਂਦ ਹੀ ਉੱਡ ਜਾਂਦੀ ਸੀ। ਉਹ ਬਾਹਰਲੇ ਗੇਟ ਦੀ ਅਵਾਜ਼ ਸੁਣਨ ਨੂੰ ਬੇਤਾਬ ਰਹਿੰਦੀ। ਜਦੋਂ ਬਾਹਰਲਾ ਗੇਟ ਖੜਕਦਾ, ਕੁਲਮੀਤ ਯੁਵਰਾਜ ਨੂੰ ਇੱਕ ਪਾਸੇ ਪਾ ਕੇ ਝੱਟ ਗੇਟ ਖੋਲ੍ਹਣ ਚਲੀ ਜਾਂਦੀ। ਉਹ ਫਿਰ ਅੰਦਰ ਆ ਕੇ ਲੇਟ ਜਾਂਦੀ। ਕੇਸਰ ਦੇ ਮੂੰਹ ਵਿਚ ਦਾਤਣ ਹੁੰਦੀ ਤੇ ਉਹ ਮੱਝਾਂ ਨੂੰ ਪੱਠੇ ਪਾ ਕੇ ਨਲਕੇ ਪਾਸ ਖੜ੍ਹਕੇ ਦਾਤਣ ਕਰਨ ਲਗ ਪੈਂਦਾ। ਥੋੜ੍ਹੀ ਦੇਰ ਬਾਅਦ ਕੁਲਮੀਤ ਇੱਕ ਬਾਲਟੀ ਤੇ ਇੱਕ ਗੜਵੀ ਲੈ ਕੇ ਮੱਝਾਂ ਦੇ ਬਾੜੇ ਵਿਚ ਚਲੀ ਜਾਂਦੀ ਤੇ ਪਿੱਛੇ ਪਿੱਛੇ ਕੇਸਰ ਵੀ ਚਲਾ ਜਾਂਦਾ। ਪਹਿਲੀ ਮੱਝ ਦੀ ਧਾਰ ਕੱਢੀ ਜਾਂਦੀ, ਧਾਰ ਕੱਢਣ ਵੇਲੇ ਉਹ ਦੋਵੇਂ ਹੀ ਮੱਝ ਦੇ ਥੱਲੇ ਬਹਿ ਜਾਂਦੇ। ਨਾਲਧਾਰ ਕੱਢਦੇ ਰਹਿੰਦੇ ਨਾਲ ਹੌਲੀ ਹੌਲੀ ਪਿਆਰ ਭਰੀਆਂ ਗੱਲਾਂ ਕਰੀ ਜਾਂਦੇ। ਪਹਿਲੀ ਮੱਝ ਦੇ ਦੁੱਧ 'ਚੋਂ ਇੱਕ ਗੜਵੀ ਕੇਸਰ ਲਈ ਭਰ ਕੇ ਬਾਕੀ ਅੰਦਰ ਪਾਉਣ ਲਈ ਚਲੀ ਜਾਂਦੀ।

ਦੂਜੀ ਮੱਝ ਦੀ ਧਾਰ ਤੋਂ ਪਹਿਲਾਂ ਉਹ ਦੋਵੇਂ ਸਾਥ ਵਾਲੇ ਕਮਰੇ ਵਿਚ ਚਲੇ ਜਾਂਦੇ। ਫਿਰ ਆ ਕੇ ਦੂਜੀ ਫਿਰ ਤੀਜੀ ਮੱਝ ਦੀ ਧਾਰ ਕੱਢ ਕੇ ਕੁਲਮੀਤ ਖੁਸ਼ੀ ਖੁਸ਼ੀ ਅੰਦਰ ਚਲੀ ਜਾਂਦੀ। ਜਗੀਰਦਾਰਨੀ ਸੁਰਜੀਤ ਕੌਰ ਅਰਾਮ ਨਾਲ ਸੁੱਤੀ ਪਈ ਰਹਿੰਦੀ।

ਕੇਸਰ ਅਤੇ ਕੁਲਮੀਤ ਦਾ ਪਿਆਰ ਹੋਰ ਅੱਗੇ ਵਧਦਾ ਗਿਆ। ਕੁਲਮੀਤ ਕੇਸਰ ਦੀ ਹਰ ਲੋੜ ਪੂਰੀ ਕਰਨ ਨੂੰ ਦੇਰ ਨਹੀਂ ਲਾਉਂਦੀ ਸੀ। ਹੁਣ ਕਦੇ ਕਦੇ ਲਾਭ ਕੌਰ ਵੀ ਜਗੀਰਦਾਰਾਂ ਦੀ ਕੋਠੀ ਆ ਜਾਂਦੀ। ਭੁਪਿੰਦਰ ਸਿੰਘ ਦੋ ਤਿੰਨ ਮਹੀਨੇ ਬਾਅਦ ਆਪਣੇ ਬੱਚਿਆਂ ਨੂੰ ਮਿਲਣ ਪਿੰਡ ਆ ਜਾਂਦਾ। ਭੁਪਿੰਦਰ ਕੁਲਮੀਤ ਨੂੰ ਪਿਆਰ ਕਰਨ ਲੱਗ ਪਿਆ। ਜਿੰਨਾ ਉਹ ਯੁਵਰਾਜ ਨੂੰ ਪਿਆਰ ਕਰਦਾ ਉਸ ਤੋਂ ਵੱਧ ਕੁਲਮੀਤ ਨੂੰ ਕਰਦਾ।

ਹਫ਼ਤਾ ਰਹਿਕੇ ਭੁਪਿੰਦਰ ਸਿੰਘ ਕਲਕੱਤੇ ਨੂੰ ਚਲਾ ਗਿਆ। ਹਫ਼ਤੇ ਲਈ ਕੇਸਰ ਸਿਰਫ਼ ਮੱਝਾਂ ਨੂੰ ਕੱਖ ਕੰਡਾ ਪਾ ਕੇ ਘਰ ਵਾਪਸ ਆ ਜਾਂਦਾ ਜਾਂ ਖੇਤਾਂ ਨੂੰ ਤੁਰ ਜਾਂਦਾ ਤਾਂ ਕਿ ਲਾਭ ਕੌਰ ਨੂੰ ਕਿਸੇ ਕਿਸਮ ਦਾ ਸ਼ੱਕ ਨਾ ਪਵੇ।

ਯੁਵਰਾਜ ਦੋ ਸਾਲ ਦਾ ਅਤੇ ਕੁੰਦਨ ਤਿੰਨ ਸਾਲ ਦਾ ਹੋ ਗਿਆ ਸੀ। ਇੱਕ ਦਿਨ ਦਸੰਬਰ ਦਾ ਮਹੀਨਾ ਹੋਣ ਕਰਕੇ ਠੰਡ ਬਹੁਤ ਪੈ ਰਹੀ ਸੀ। ਓਸ ਵੀ ਮੀਂਹ ਵਾਂਗ ਗਿਰ ਰਹੀ ਸੀ। ਕੇਸਰ ਨੇ ਕੰਬਲ ਦੀ ਬੁੱਕਲ ਮਾਰ ਕੇ ਮੱਝਾਂ ਨੂੰ ਰਾਤ ਦਾ ਟੁੱਕਿਆ ਹੋਇਆ ਆਗਾ ਦਾ ਟੋਕਾ ਪਾ ਦਿੱਤਾ ਤੇ ਆਪ ਦਾਤਣ ਕਰਨ



ਲੱਗ ਪਿਆ। ਦੂਜੀ ਮੱਝ ਦੀ ਧਾਰ ਕੱਢ ਕੇ ਕੇਸਰ ਨੇ ਗੜਵੀ ਵਾਲਾ ਦੁੱਧ ਪੀ ਲਿਆ ਫਿਰ ਕੁਲਮੀਤ ਤੇ ਕੇਸਰ ਮੱਝਾਂ ਵਾਲੇ ਵਾੜੇ ਨਾਲ ਬਣੇ ਕਮਰੇ 'ਚ ਚਲੇ ਗਏ। ਜਗੀਰਦਾਰ ਨੂੰ ਉਸ ਦਿਨ ਸਾਝਰੇ, ਚੰਡੀਗੜ੍ਹ ਕਿਸੇ ਨੇਤਾ ਨੂੰ ਮਿਲਣ ਜਾਣਾ ਸੀ। ਉਹ ਵੀ ਛੇਤੀ ਉੱਠ ਕੇ ਚੁਬਾਰੇ 'ਚੋਂ ਥੱਲੇ ਉਤਰ ਆਇਆ। ਉਸ ਨੇ ਸੋਚਿਆ ਕਿ ਬਹੂ ਮੱਝਾਂ ਦੀ ਧਾਰ ਕੱਢ ਰਹੀ ਹੋਣੀ ਏ। ਉਹ ਹੌਲੀ ਹੌਲੀ ਮੱਝਾਂ ਦੇ ਬਾੜੇ ਅੰਦਰ ਚਲਾ ਗਿਆ। ਉਸ ਨੇ ਉੱਥੇ ਬਾਲਟੀ ਤੇ ਗੜਵੀ ਪਈ ਦੇਖੀ ਪਰ ਬਹੂ ਕਿਤੇ ਨਜ਼ਰ ਨਹੀਂ ਆਈ ਅਤੇ ਨਾ ਹੀ ਕਾਮਾ ਕੇਸਰ ਦਿਖਿਆ। ਉਹ ਹੌਲੀ ਹੌਲੀ ਕਮਰੇ ਦੇ ਕੋਲ ਜਾ ਕੇ ਖੜ੍ਹ ਗਿਆ ਤੇ ਅੰਦਰੋਂ ਬੋਲ ਚਾਲ ਸੁਣਾਈ ਦੇ ਰਹੀ ਸੀ।

"ਮੈਂ ਤਾਂ ਕੇਸਰਾ ਤੈਨੂੰ ਬਹੁਤ ਪਿਅਰਾ ਕਰਦੀ ਹਾਂ, ਤੇਰੇ ਬਿਨਾ ਨਹੀਂ ਰਹਿ ਸਕਦੀ। ਉਹ ਤਾਂ ਟੁੱਟ ਪੈਣਾ ਪਤਾ ਨੀ ਹੋਰ ਕਿੰਨੀਆਂ ਤੀਵੀਆਂ ਨਾਲ ਰਾਤਾਂ ਗੁਜਾਰਦਾ ਹੋਵੇਗਾ।"

"ਮੈਂ ਵੀ ਤੈਨੂੰ ਦੇਖਕੇ ਜੀ ਰਿਹਾ ਹਾਂ।"

ਜੈਲਦਾਰ ਵਰਸਾ ਸਿੰਘ ਹੌਲੀ ਹੌਲੀ ਵਾਪਸ ਮੁੜ ਆਇਆ। ਉਸ ਨੇ ਕਿਸੇ ਨੂੰ ਕੁਝ ਵੀ ਨਹੀਂ ਕਿਹਾ ਤੇ ਤਿਆਰ ਹੋ ਕੇ ਚੰਡੀਗੜ੍ਹ ਚਲਾ ਗਿਆ। ਹੁਣ ਜਗੀਰਦਾਰ ਉਨ੍ਹਾਂ ਦੋਹਾਂ ਤੇ ਚੋਰੀ ਚੋਰੀ ਨਿਗਾਹ ਰੱਖਣ ਲੱਗ ਪਿਆ। ਉਸ ਨੂੰ ਪੂਰਾ ਯਕੀਨ ਹੋ ਗਿਆ ਕਿ ਇਨ੍ਹਾਂ ਦਾ ਪਿਆਰ ਪਤਾ ਨੀ ਕਿੰਨੇ ਕੁ ਸਾਲਾਂ ਦਾ ਚਲਦਾ ਆ ਰਿਹਾ ਹੋਵੇਗਾ।

ਵਰਸਾ ਸਿੰਘ ਨੇ ਇੱਕ ਦਿਨ ਮਲ੍ਹੇਵਾਲ ਆਪਣੇ ਸਾਲੇ ਅਮਰ ਸਿੰਘ ਨੂੰ ਸਾਰੀ ਗੱਲ ਦੱਸ ਦਿੱਤੀ ਤੇ ਇਹ ਫੈਸਲਾ ਕਰ ਲਿਆ ਕਿ ਕੇਸਰ ਨੂੰ ਕੰਮ ਤੋਂ ਹਟਾ ਦਿੱਤਾ ਜਾਵੇ।

"ਕੇਸਰ ਅੱਜ ਆਪਾਂ ਨੇ ਨਾਭੇ ਤੋਂ ਟਰੈਕਟਰ 'ਤੇ ਜਾ ਕੇ ਕੁਝ ਸਮਾਨ ਲੈ ਕੇ ਆਉਣਾ ਏ। ਤੂੰ ਸਮਾਨ ਘਰ ਲੈ ਆਵੀਂ ਤੇ ਮੈਂ ਅੱਜ ਮਾਲ੍ਹੇਵਾਲ ਚਲਾ ਜਾਵਾਂਗਾ।"

ਸ਼ਾਮ ਨੂੰ ਵਰਸਾ ਸਿੰਘ ਕੇਸਰ ਨੂੰ ਨਾਲ ਲੈ ਕੇ ਨਾਭੇ ਚਲਾ ਗਿਆ। ਉਨ੍ਹਾਂ ਦੇ ਜਾਣ ਦਾ ਕੁਲਮੀਤ ਨੂੰ ਨਹੀਂ ਪਤਾ ਸੀ ਅਤੇ ਨਾ ਹੀ ਲਾਭ ਕੌਰ ਨੂੰ। ਵਰਸਾ ਸਿੰਘ ਟਰੈਕਟਰ ਖੜ੍ਹਾ ਕੇ ਕਿਸੇ ਆੜ੍ਹਤੀਏ ਨੂੰ ਮਿਲਣ ਚਲਾ ਗਿਆ। ਉਸ ਦਾ ਸਾਲਾ ਅਮਰ ਸਿੰਘ ਵੀ ਆ ਗਿਆ।

ਰਾਤ ਦੇ ਅੱਠ ਵੱਜ ਗਏ। ਨਾ ਸਮਾਨ ਖਰੀਦਿਆ ਤੇ ਨਾ ਹੀ ਘਰ ਵਾਪਸ ਜਾਣ ਨੂੰ ਕਹਿੰਦੇ ਨੇ। ਫਿਰ ਉਹ ਕੇਸਰ ਨੂੰ ਨਾਲ ਲੈ ਕੇ ਮੱਲ੍ਹੇਵਾਲ ਨੂੰ ਤੁਰ ਪਏ।

"ਕੇਸਰਾ ਆਪਾਂ ਕਲ੍ਹ ਨੂੰ ਹੀ ਸਮਾਨ ਲੈ ਕੇ ਜਾਵਾਂਗੇ ਕਿਉਂਕਿ ਆੜ੍ਹਤੀਏ ਨੇ ਕੱਲ੍ਹ ਨੂੰ ਹੀ ਪੈਸੇ ਦੇਣੇ ਹਨ। ਹੁਣ ਆਪਾਂ ਅਰਾਮਨਾਲ ਸਰਦਾਰ ਜੀ ਦੇ ਪਿੰਡ ਰਾਤ ਕੱਟਾਂਗੇ।"

"ਚੰਗਾ ਜੀ, ਜਿਵੇਂ ਥੋਡੀ ਮਰਜੀ ਏ...।" ਟਰੈਕਟਰ ਪਰ ਬੈਠੇ ਹਲੋਲੇ ਖਾਂਦੇ ਕੇਸਰ ਨੇ ਕਿਹਾ।

ਰਾਤ ਵੇਲੇ ਧੁੰਦ ਪੂਰੀ ਗਿਰ ਰਹੀ ਸੀ। ਰਸਤੇ ਦਾ ਵੀ ਪਤਾ ਨਹੀਂ ਲੱਗ ਰਿਹਾ ਸੀ। ਰਾਤ ਦੇ ਦਸ ਵੱਜ ਗਏ ਸੀ। ਟਰੈਕਟਰ ਹੌਲੀ ਹੌਲੀ ਜਾ ਰਿਹਾ ਸੀ। ਨਹਿਰ ਦੇ ਪੁਲ ਵਿਚਕਾਰ ਟਰੈਕਟਰ ਬੰਦ ਹੋ ਗਿਆ।

"ਕੇਸਰਾ ਟਰੈਕਟਰ ਪਤਾ ਨੀ ਕਿਉਂ ਬੰਦ ਹੋ ਗਿਆ? ਜਰਾ ਥੱਲੇ ਉਤਰ ਕੇ ਧੱਕਾ ਤਾਂ ਲਾ ਜਰਾ।"

ਜਿਉਂ ਹੀ ਕੇਸਰ ਟਰੈਕਟਰ ਤੋਂ ਥੱਲੇ ਉਤਰਿਆ ਤਾਂ ਅਮਰ ਸਿੰਘ ਨੇ ਉਸ ਨੂੰ ਧੱਕੇ ਦੇ ਕੇ ਥੱਲੇ ਸੁੱਟ ਦਿੱਤਾ ਤੇ ਟਰੈਕਟਰ ਨੂੰ ਵਰਸਾ ਸਿੰਘ ਨੇ ਬੈਕ ਕਰਕੇ ਕੇਸਰ ਦੇ ਉਪਰ ਦੀ ਟਾਇਰ ਚੜ੍ਹਾ ਦਿੱਤੇ ਤੇ ਉਹ ਬੇਹੋਸ਼ ਹੋ ਗਿਆ। ਫਿਰ ਵਰਸਾ ਸਿੰਘ ਨੇ ਤੇ ਅਮਰ ਸਿੰਘ ਨੇ ਲੱਤਾਂ ਬਾਹਾਂ ਤੋਂ ਫੜ ਕੇ ਨਹਿਰ 'ਚ ਸੁੱਟ ਕੇ ਟਰੈਕਟਰ ਸਟਾਰਟ ਕਰਕੇ ਮੱਲ੍ਹੇਵਾਲ ਨੂੰ ਤੁਰ ਗਏ।

ਦੂਜੇ ਦਿਨ ਸਵਖਤੇ ਹੀ ਵਰਸਾ ਸਿੰਘ ਟਰੈਕਟਰ ਲੈ ਕੇ ਪਿੰਡ ਪਹੁੰਚ ਗਿਆ। ਉਹ ਅੰਦਰੋਂ ਡਰ ਵੀ ਰਿਹਾ ਸੀ ਕਿ ਮਹਾਂ ਬਹੂ ਮੀਤ ਪੁੱਛ ਹੀ ਨਾ ਲਵੇ ਕਿ ਕੇਸਰ ਸਵੇਰੇ ਧਾਰ ਕਢਾਉਣ ਕਿਉਂ ਨੀ ਆਇਆ। ਉਸਨੂੰ ਡਰ ਇਹ ਵੀ ਸੀ ਕਿ ਕੇਸਰ ਦੇ ਘਰ ਵਾਲੇ ਪੁੱਛਣਗੇ ਕਿ ਰਾਤ ਸਾਡਾ ਮੁੰਡਾ ਕਿਉਂ ਨਹੀਂ ਆਇਆ? ਜਗੀਰਦਾਰਨੀ ਵੀ ਸਵਾਲ ਕਰੇਗੀ ਕਿ ਅੱਜ ਆਪਣਾ ਕਾਮਾ ਮੁੰਡਾ ਕਿੱਥੇ ਹੈ? ਇਸ ਉਥਲ-ਪੁਥਲ ਮਨ ਨਾਲ ਜਗੀਰਦਾਰ ਛੇਤੀ ਛੇਤੀ ਕਲਕੱਤੇ ਜਾਣ ਦੀ ਤਿਆਰੀ ਕਰਨ ਲਗ ਪਿਆ।

"ਕਿਉਂ ਜੀ, ਰਾਤ ਠੀਕ ਠਾਕ ਪਹੁੰਚ ਗਏ ਸੀ ਆਪਣੇ ਸਹੁਰੀਂ?"

"ਹਾਂ, ਠੀਕ ਠਾਕ ਪਹੁੰਚ ਗਿਆ ਸੀ। ਰਾਤੀਂ ਆਪਣੇ ਮੁੰਡੇ ਦਾ ਫੋਨ ਆਇਆ ਸੀ। ਉਸ ਨੇ ਮੈਨੂੰ ਜਲਦੀ ਬੁਲਾਇਆ ਏ। ਕਹਿੰਦਾ ਸੀ ਟਰੱਕ ਯੂਨੀਅਨ 'ਚ ਝਗੜਾ ਹੋ ਗਿਆ।"

"ਕੀ ਕੇਸਰ ਰਾਤ ਥੋਡੇ ਨਾਲ ਹੀ ਮੱਲ੍ਹੇਵਾਲ ਚਲਾ ਗਿਆ ਸੀ?"

ਜੈਲਦਾਰਨੀ ਸੁਰਜੀਤ ਕੌਰ ਨੇ ਇੱਕ ਗੰਭੀਰ ਸਵਾਲ ਪੁੱਛਿਆ।

"ਉਹ ਤਾਂ ਸ਼ਾਮ ਨੂੰ ਹੀ ਮੈਂ ਗੋਬਿੰਦਗੜ੍ਹ ਵਾਲੀ ਬੱਸ ਚੜ੍ਹਾ ਦਿੱਤਾ ਸੀ। ਉਹ ਆਪਣੇ ਘਰ ਪਹੁੰਚ ਗਿਆ ਹੋਣਾ ਏ।" ਜੈਲਦਾਰ ਨਾਲੇ ਪੱਗ ਬੰਨ੍ਹ ਰਿਹਾ ਸੀ ਨਾਲੇ ਇੱਕ ਝੂਠ ਦੀ ਕਹਾਣੀ ਸੁਣਾ ਰਿਹਾ ਸੀ।

"ਪਾਪਾ ਜੀ ਸਵੇਰੇ ਕੇਸਰ ਧਾਰ ਕਢਵਾਉਣ ਨਹੀਂ ਆਇਆ, ਕੀ ਉਹ ਕਿਤੇ ਆਪਣੀ ਹੋਰ ਰਿਸ਼ਤੇਦਾਰੀ ਵਿਚ ਤਾਂ ਨੀ ਚਲਾ ਗਿਆ?"

ਕੁਲਮੀਤ ਨੂੰ ਫਿਕਰ ਲੱਗ ਰਿਹਾ ਸੀ। ਉਹ ਤਾਂ ਕਿਤੇ ਰਾਤ ਵੀ ਨਹੀਂ ਕੱਟ ਸਕਦਾ ਫਿਰ ਰਾਤ ਉਹ ਵਾਪਸ ਕਿਉਂ ਨਹੀਂ ਆਇਆ। ਮੈਨੂੰ ਤਾਂ ਡਰ ਲਗਦਾ ਜਾ ਰਿਹਾ ਏ। ਪਾਪਾ ਜੀ ਵੀ ਸਿੱਧੀ ਗੱਲ ਦੱਸਦੇ ਨੀ। ਮੇਰੇ ਸੁਪਨੇ, ਮੇਰੀਆਂ ਜੀਵਨ ਦੀਆਂ ਰੀਝਾਂ, ਯੁਵਰਾਜ ਲਈ ਪਿਆਰ ਲਾਭ ਕੌਰ ਦਾ ਜੀਵਨ ਸਾਥੀ ਜਿਸ ਨੂੰ ਦੇਖ ਦੇਖ ਉਹ ਖੁਸ਼ ਹੁੰਦੀ ਸੀ। ਕੇਸਰ ਦੇ ਮਾਂ-ਬਾਪ ਰਾਤ ਭਰ ਜਾਗ ਕੇ ਲੰਘਾਈ ਹੋਣੀ ਏ। ਹੁਣ ਮੈਂ ਹੋਰ ਕਿਸ ਤੋਂ ਪਤਾ ਕਰਾਵਾਂ ਕਿ ਸਾਡਾ ਕੇਸਰ ਕਿੱਥੇ ਰਹਿ ਗਿਆ ਏ। ਕੁਲਮੀਤ ਨੂੰ ਕੋਈ ਕੰਮ ਨਹੀਂ ਔੜ ਰਿਹਾ ਸੀ। ਉਸ ਨੇ ਯੁਵਰਾਜ ਨੂੰ ਵੀ ਨਹੀਂ ਸੰਭਾਲਿਆ ਸੀ। ਸਵੇਰੇ ਉਸ ਨੇ ਇਕੱਲੀ ਨੇ ਹੀ ਲਟਾ ਪੀਂਘ ਹੋ ਕੇ ਮੱਝਾਂ ਦੀਆਂ ਧਾਰਾਂ ਕੱਢੀਆਂ ਸਨ। ਉਹ ਅੰਦਰੋਂ ਕੇਸਰ ਲਈ ਗੜਵੀ ਲੈ ਕੇ ਆਈ ਸੀ ਤੇ ਫਿਰ ਖਾਲੀ ਲੈ ਕੇ ਵਾਪਸ ਚਲੀ ਗਈ ਸੀ।

ਜਗੀਰਦਾਰ ਨੇ ਸਵੇਰੇ ਤਿਆਰ ਹੋ ਕੇ ਇਕ ਘੁੱਟ ਚਾਹ ਦਾ ਪੀ ਕੇ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਕੋਠੀ ਤੋਂ ਬਾਹਰ ਨਿਕਲ ਗਿਆ। ਜਾਂਦਾ ਜਾਂਦਾ ਉਸ ਨੇ ਆਪਣੀ ਜੈਲਦਾਰਨੀ ਨੂੰ ਸਿਰਫ ਇੰਨਾ ਹੀ ਕਿਹਾ, "ਮੈਨੂੰ ਮਹੀਨਾ ਵੀ ਲੱਗ ਸਕਦਾ ਏ। ਹਾਂ, ਜੇ ਲੋੜ ਨਾ ਹੋਵੇ ਤਾਂ ਭੁਪਿੰਦਰ ਨੂੰ ਵਾਪਸ ਭੇਜ ਦੇਵਾਂਗਾ। ਕੰਮ ਦਾ ਪੂਰਾ ਖਿਆਲ ਰੱਖਣਾ।" ਜਾਂਦੇ ਹੋਏ ਨੇ ਉਸ ਨੇ ਕੇਸਰ ਦਾ ਨਾਂ ਤੱਕ ਨਾ ਲਿਆ।

ਦਿਨ ਲੰਘਦੇ ਗਏ ਹਫ਼ਤੇ ਲੰਘ ਗਏ ਪੂਰਾ ਮਹੀਨਾ ਹੋ ਗਿਆ, ਕੇਸਰ ਦਾ ਕੋਈ ਥਾਹ ਟਿਕਾਣਾ ਨਾ ਮਿਲਿਆ। ਕੇਸਰ ਦਾ ਬਾਪ ਬੰਤ ਸਿੰਘ ਨੇ ਚਾਰੇ ਪਾਸਿਓਂ ਖੋਜ ਮਾਰੀ ਕਿ ਕਿਤੋਂ ਸੂਹ ਮਿਲ ਜਾਵੇ ਮੇਰੇ ਕੇਸਰ ਦੀ। ਮਸਾਂ ਮਸਾਂ ਮਿਲਿਆ ਸੀ ਮੈਨੂੰ ਮੇਰਾ ਕੇਸਰ ਜਿਸ ਦੀ ਖੁਸ਼ਬੂ ਨਾਲ ਅਸੀਂ ਜੀਅ ਰਹੇ ਸੀ। ਉਸ ਨੇ ਤਾਂ ਕਦੇ ਆਪਣੇ ਸਹੁਰੇ ਵੀ ਰਾਤ ਨਹੀਂ ਸੀ ਕੱਟੀ ਅਤੇ ਨਾ ਹੀ ਨਾਨਕੇ ਜਾਂਦਾ ਸੀ। ਹੁਣ ਤਾਂ ਪੂਰਾ ਮਹੀਨਾ ਵੀ ਲੰਘ ਗਿਆ। ਉਹ ਵਿਹੜੇ ਵਿਚ ਖੜ੍ਹਾ ਖੜ੍ਹਾ ਧਾਹ ਮਾਰ ਕੇ ਰੋਣ ਲੱਗ ਜਾਂਦਾ, "ਵੇ ਮੇਰਿਆ ਕੇਸਰਾ, ਹੁਣ ਤਾਂ ਆ ਜਾ। ਅਸੀਂ ਤਾਂ ਤੈਨੂੰ ਕੁਛ ਕਿਹਾ ਵੀ ਨਹੀਂ ਸੀ। ਮੇਰੀ ਬਹੂ ਨੇ ਵੀ ਤੈਨੂੰ ਕੁਛ ਨੀ



ਕਿਹਾ। ਹੁਣ ਸਾਡਾ ਤੇ ਤੇਰੇ ਪ੍ਰੀਵਾਰ ਦਾ ਕੌਣ ਸਹਾਰਾ ਬਣੇਗਾ। ਹੁਣ ਅਸੀਂ ਕਿਧਰ ਨੂੰ ਜਾਈਏ। ਜੇ ਮੈਨੂੰ ਪਤਾ ਹੁੰਦਾ ਤੂੰ ਸਰਦਾਰਾਂ ਨਾਲ ਸ਼ਾਮ ਨੂੰ ਨਾਭੇ ਜਾਣਾ ਏ ਅਸੀਂ ਤੈਨੂੰ ਨਹੀਂ ਜਾਣ ਦੇਣਾ ਸੀ।"

"ਵੇ ਮੇਰੇ ਬੱਚਿਆ, ਤੇਰੀ ਮਾਂ ਅੰਨ੍ਹੀ ਹੁੰਦੀ ਜਾ ਰਹੀ ਏ। ਹੁਣ ਤੂੰ ਹੀ ਮੈਨੂੰ ਅੰਨ੍ਹੀ ਹੋਣ ਤੋਂ ਰੋਕ ਸਕਦਾ ਏਂ ਕੇਸਰਾ, ਵੇ ਮੇਰੇ ਗੁਲਾਬ ਦੇ ਫੁੱਲਾ ਵੇ ਤੇਰਾ ਬੱਚਾ ਕੁੰਦਨ ਤੈਨੂੰ ਬੁਲਾ ਰਿਹਾ, ਵੇ ਉਸਨੂੰ ਆ ਕੇ ਗੋਦੀ ਚੁੱਕ ਕੇ ਪਿਆਰ ਦੇ।" ਕੇਸਰ ਦੀ ਮਾਂ ਮੇਲੋ ਰੋ ਰੋ ਕੇ ਹਾਏ ਦੁਹਾਈ ਪਾ ਰਹੀ ਸੀ।

ਕਈ ਆਂਢ ਗੁਆਂਢ ਦੀਆਂ ਜਨਾਨੀਆਂ ਲਾਭੋ ਨੂੰ ਢਾਰਸ ਦੇ ਰਹੀਆਂ ਸਨ। ਉਸ ਨੇ ਵੀ ਮਹੀਨੇ 'ਚ ਕੁਛ ਨਹੀਂ ਖਾਧਾ ਸੀ। ਉਸ ਦਾ ਸਿਰ ਦਾ ਸਾਈਂ ਬਿਨਾ ਦੱਸੇ ਪਤਾ ਨੀ ਕਿੱਥੇ ਉਡਾਰੀ ਮਾਰ ਗਿਆ ਏ। "ਕੇਸਰਾ ਤੈਨੂੰ ਕਿਸੇ ਹੋਰ ਗਮਲੇ ਵਿਚ ਤਾਂ ਨੀ ਲਾ ਦਿੱਤਾ। ਤੇਰੀ ਵਾਸ਼ਨਾ ਤੋਂ ਸਾਰਾ ਵਿਹੜਾ, ਸਾਰਾ ਘਰ ਤੈਨੂੰ ਖੁਸ਼ਬੂ ਨੂੰ ਰਸ ਰਿਹਾ ਏ। ਜੀ ਮੈਂ ਹੁਣ ਕਿਧਰ ਨੂੰ ਜਾਵਾਂ ਤੇ ਤੇਰੇ ਪੁੱਤ ਦਾ ਕੀ ਬਣੇਗਾ ਹੁਣ।"

ਕੇਸਰ ਦੇ ਮਾਂ ਬਾਪ ਤੇ ਘਰ ਵਾਲੀ ਤੋਂ ਇਲਾਵਾ ਕੁਲਮੀਤ ਨੇ ਵੀ ਮਨ ਹੀ ਮਨ ਮੁਰਝਾਈ ਜਿਹੀ ਰਹਿਣ ਲੱਗ ਪਈ। ਇੱਕ ਦਿਨ ਉਸ ਨੇ ਰੋਂਦੀ ਹੋਈ ਨੇ ਆਪਣੀ ਸੱਸ ਨੂੰ ਕਿਹਾ, "ਬੇ ਜੀ, ਮੈਂ ਕੇਸਰ ਦੇ ਘਰ ਜਾਣਾ ਚਾਹੁੰਦੀ ਹਾਂ ਉਸ ਦੇ ਪ੍ਰੀਵਾਰ ਨੂੰ ਹੌਸਲਾ ਦੇ ਆਵਾਂ। ਉਨ੍ਹਾਂ ਨੂੰ ਹੌਸਲਾ ਦੇਣ ਵਾਲਾ ਆਪਣੇ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਏ? ਮੈਂ ਅੱਜ ਜ਼ਰੂਰ ਜਾਵਾਂਗੀ। ਤੁਸੀਂ ਚਾਹੇ ਇਸ ਦਾ ਬੁਰਾ ਹੀ ਮਨਾਇਓ।"

"ਆਪਣਾ ਨੌਕਰ ਹੀ ਸੀ ਕੋਈ ਰਿਸ਼ਤੇਦਾਰ ਤਾਂ ਨਹੀਂ ਸੀ। ਆ ਜੂ ਧੱਕੇ ਖਾ ਕੇ ਕਿਤੇ ਕਿਸੇ ਹੋਰ ਪਿੰਡ ਨੌਕਰੀ ਕਰ ਲਈ ਹੋਊ। ਤੂੰ ਕਿਉਂ ਗਮ ਕਰਦੀ ਏ? ਕਮੀਣਾਂ ਤੇ ਬਹੁਤਾ ਹੇਜ ਨਹੀਂ ਕਰੀਦਾ।" ਜਗੀਰਦਾਰਨੀ ਨੇ ਮੱਥੇ ਵੱਟ ਪਾ ਕੇ ਆਪਣੀ ਨੂੰਹ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

"ਬੀ ਜੀ ਮੈਂ ਤਾਂ ਇੱਕ ਵਾਰ ਕੇਸਰ ਦੇ ਘਰ ਜ਼ਰੂਰ ਜਾਵਾਂਗੀ। ਇਹ ਪਤਾ ਵੀ ਕਰਾਂਗੀ ਕਿ ਉਹ ਘਰੋਂ ਕੀ ਕਹਿਕੇ ਗਿਆ ਸੀ ਤੇ ਵਾਪਸ ਕਿਉਂ ਨੀ ਆਇਆ। ਉਨ੍ਹਾਂ ਦਾ ਤਾਂ ਰੋ ਰੋ ਕੇ ਬੁਰਾ ਹਾਲ ਹੋ ਗਿਆ ਹੋਣਾ। ਮੇਰੇ ਜਾਣ ਨਾਲ ਸਭ ਨੂੰ ਜ਼ਰੂਰ ਹੌਸਲਾ ਮਿਲੇਗਾ। ਉਹ ਆਪਣਾ ਘਰੇਲੂ ਨੌਕਰ ਹੀ ਨਹੀਂ ਸੀ ਘਰੇਲੂ ਮੈਂਬਰ ਵੀ ਸੀ। ਆਪਾਂ ਨੂੰ ਉਸ ਪ੍ਰੀਵਾਰ ਦੀ ਹਰ ਤਰ੍ਹਾਂ ਦੀ ਮਦਦ ਕਰਨੀ ਬਣਦੀ ਏ।"

ਕੁਲਮੀਤ ਤਿਆਰ ਹੋ ਕੇ ਇੱਕ ਗੁਆਂਢਣ ਨੂੰ ਨਾਲ ਲੈ ਕੇ ਕੇਸਰ ਦੇ ਘਰ ਪਹੁੰਚ ਗਈ। ਕੁਲਮੀਤ ਅਤੇ ਲਾਭ ਕੌਰ ਨੇ ਮਿਲਕੇ ਧਰਤੀ ਕੰਬਣ ਲਾ ਦਿੱਤੀ। ਉਨ੍ਹਾਂ ਦਾ ਵਿਰਲਾਪ ਸੁਣ ਕੇ ਆਢਣਾ ਗੁਆਂਢਣਾ ਵੀ ਇਕੱਠੀਆਂ ਹੋ ਗਈਆਂ। ਦੋ ਜ਼ਨਾਨੀਆਂ ਨੇ ਮਸਾਂ ਹੀ ਬਠਾਈਆਂ। ਉਹ ਦੋਵੇਂ ਇਕ ਦੂਜੇ ਨੂੰ ਦੇਖ ਦੇਖ ਅੱਖਾਂ ਭਰਦੀਆਂ ਰਹੀਆਂ। ਦੋਹਾਂ ਦੇ ਹੰਝੂ ਮੁੱਕਣ ਵਿਚ ਨਹੀਂ ਆਉਂਦੇ ਸੀ। ਦੋਹਾਂ ਨੂੰ ਕੋਈ ਗੱਲ ਵੀ ਨਹੀਂ ਔੜ ਰਹੀ ਸੀ।

"ਪੁੱਤ ਬਹੂ ਰਾਣੀਏ, ਮੇਰਾ ਕੇਸਰ ਥੋਡੇ ਘਰ ਗਿਆ ਸੀ ਪਰ ਉਹ ਮੁੜ ਕੇ ਨਹੀਂ ਆਇਆ। ਹੁਣ ਤੂੰ ਹੀ ਦੱਸ ਸਕਦੀ ਏ ਕਿ ਮੇਰਾ ਕੇਸਰ ਥੋਨੂੰ ਕੀ ਕਹਿਕੇ ਗਿਆ ਸੀ।" ਮੇਲੋ ਨੇ ਕੁਲਮੀਤ ਦੇ ਮੋਢੇ 'ਤੇ ਹੱਥ ਧਰ ਕੇ ਕਿਹਾ ਤੇ ਨਾਲੇ ਰੋ ਰਹੀ ਸੀ।

"ਬੇ ਜੀ, ਉਸ ਹੀਰੇ ਨੇ ਤਾਂ ਸਾਡੇ ਘਰ ਭਾਗ ਲਾਏ ਸੀ। ਸਾਡਾ ਘਰ ਬਰਕਤਾਂ ਨਾਲ ਭਰਿਆ ਸੀ। ਉਹ ਤਾਂ ਸਾਡਾ ਖਜਾਨਾ ਹੀ ਸੀ। ਅਸੀਂ ਸਾਰੇ ਉਸਨੂੰ ਬੇਹੱਦ ਪਿਆਰ ਕਰਦੇ ਸੀ। ਸਾਰੇ ਕਾਰੋਬਾਰ ਦੀ ਜੁੰਮੇਵਾਰੀ ਦਿੱਤੀ ਹੋਈ ਸੀ। ਉਸ ਤੋਂ ਬਿਨਾਂ ਸਾਡੀਆਂ ਮੱਝਾਂ ਵੀ ਦੁੱਧ ਦੇਣੋਂ ਹੱਟ ਗਈਆਂ ਨੇ। ਮੈਂ ਘਰ ਦੇ ਹਰ ਜੀਅ ਤੋਂ, ਕਾਮਿਆਂ ਤੋਂ ਪੂਰੀ ਪੜਤਾਲ ਕਰ ਲਈ ਏ ਕਿ ਕਿਸੇ ਨੂੰ ਵੀ ਦੱਸ ਕੇ ਗਿਆ ਹੋਣਾ ਏ ਕੇਸਰ, ਪਰ ਮੇਰੇ ਪੱਲੇ ਕੁੱਛ ਨਹੀਂ ਪਿਆ ਸਿਰਫ ਥੋਡੇ ਵਾਂਗ ਹੌਕਿਆਂ ਤੋਂ ਕਿਉਂਕਿ ਉਹ ਮੇਰੇ ਜੁਆਕਾ ਨੂੰ

ਬੇਹੱਦ ਪਿਆਰ ਕਰਦਾ ਸੀ। ਉਹ ਵਿਚਾਰਾ ਮੈਨੂੰ ਪੁੱਛਣਾ ਮੰਮਾ ਅੰਕਲ ਕਿੱਥੇ ਨੇ?" ਇਹ ਕਹਿਕੇ ਕੁਲਮੀਤ ਫਿਰ ਜ਼ੋਰ ਜ਼ੋਰ ਰੋਣ ਲੱਗ ਪਈ। ਲਾਭੋ ਨੇ ਉਸ ਦੀ ਹੀ ਚੁੰਨੀ ਨਾਲ ਉਸਦੇ ਹੰਝੂ ਸਾਫ ਕਰਦਿਆਂ ਕਿਹਾ, "ਬੱਸ ਛੋਟੀ ਸਰਦਾਰਨੀ ਰੋ ਨਾ, ਥੋਡੇ ਘਰ ਦਾ ਬਹੁਤ ਖਿਆਲ ਰੱਖਦਾ ਸੀ।"

"ਤੂੰ ਮੈਨੂੰ ਛੋਟੀ ਭੈਣ ਕਿਹਾ ਕਰ ਸਰਦਾਰਨੀ ਮੈਂ ਕੋਈ ਨੀ। ਮੈਂ ਥੋਡੇ ਪ੍ਰੀਵਾਰ ਦੀ ਹਰ ਤਰ੍ਹਾਂ ਦੀ ਮਦਦ ਕਰਨ ਨੂੰ ਤਿਆਰ ਹਾਂ।"

"ਕੀ ਤੂੰ ਇਨ੍ਹਾਂ ਦਾ ਕੇਸਰ ਵਾਪਸ ਕਰ ਸਕਦੀ ਏਂ? ਥੋਡੇ ਘਰ ਹੀ ਹੈ....।" ਇੱਕ ਅਧਖੜ ਔਰਤ ਨੇ ਜਜਬਾਤ ਵਿਚ ਆ ਕੇ ਕਹਿ ਦਿੱਤਾ।

"ਚਾਚੀ ਜੀ, ਇੱਦਾਂ ਨਾ ਬੋਲੋ, ਇਨ੍ਹਾਂ ਦਾਂ ਤਾਂ ਕੋਈ ਕਸੂਰ ਹੀ ਨਹੀਂ ਹੈ। ਸਰਦਾਰ ਜੀ ਉਸ ਨੂੰ ਨਾਭੇ ਲੈ ਕੇ ਗਏ ਸੀ ਤੇ ਉਹ ਵਾਪਸ ਨਹੀਂ ਆਇਆ। ਪਤਾ ਨੀ ਕਿਹੜੀ ਗੱਡੀ ਚੜ੍ਹ ਕੇ ਪ੍ਰਦੇਸ ਚਲਾ ਗਿਆ ਹੋਊ...।" ਲਾਭੋ ਨੇ ਕੁਲਮੀਤ ਨੂੰ ਢਾਰਸ ਦਿੰਦਿਆਂ ਕਿਹਾ।

"ਮੈਂ ਦੂਜੇ ਜਾਂ ਤੀਜੇ ਦਿਨ ਥੋਡੇ ਘਰ ਜ਼ਰੂਰ ਆਇਆ ਕਰਾਂਗੀ। ਮੈਂ ਵੀ ਥੋਡੇ ਪ੍ਰੀਵਾਰ ਦੀ ਹਾਂ।" ਇਹ ਕਹਿਕੇ ਕੁਲਮੀਤ ਆਪਣੇ ਘਰ ਚਲੀ ਗਈ।

ਛੇ ਮਹੀਨੇ ਬਾਅਦ ਨੇਤਰ ਸਿੰਘ ਆਪਣੀ ਧੀ ਲਾਭ ਕੌਰ ਨੂੰ ਭਾਦਸੋਂ ਲੈ ਗਿਆ ਪਰ ਕੁੰਦਨ ਨੂੰ ਬੰਤ ਸਿੰਘ ਤੇ ਮੇਲੋ ਕੋਲ ਹੀ ਛੱਡ ਦਿੱਤਾ। ਕੁੰਦਨ ਪੜ੍ਹਨ ਪਾ ਦਿੱਤਾ ਗਿਆ। ਪੜ੍ਹਨ ਨੂੰ ਉਹ ਕੇਸਰ ਵਾਂਗ ਫੁਰਤੀਲਾ ਸੀ। ਕੁੰਦਨ ਤੇ ਯੁਵਰਾਜ ਇੱਕ ਸਕੂਲ ਵਿਚ ਪੜ੍ਹਦੇ ਸਨ। ਕੁੰਦਨ ਯੁਵਰਾਜ ਤੋਂ ਦੋ ਜਮਾਤਾਂ ਅੱਗੇ ਸੀ। ਕੁੰਦਨ ਦਾ ਖਰਚ ਕੁਲਮੀਤ ਚੋਰੀ ਚੋਰੀ ਦਿੰਦੀ ਰਹਿੰਦੀ। ਕਦੇ ਕਦੇ ਉਹ ਮੇਲੋਂ ਨੂੰ ਦਾਣਾ ਫੱਕਾ ਤੇ ਰੁਪਿਆ ਵੀ ਫੜਾ ਆਉਂਦੀ।

ਕੁੰਦਨ ਦਸਵੀਂ ਪਾਸ ਕਰਕੇ ਸ਼ਹਿਰ ਵਿਚ ਸੈਲਰ 'ਚ ਮੁਨੀਮ ਦੀ ਨੌਕਰ ਕਰ ਲਈ। ਸੈਲਰ ਵਿਚ ਜਗੀਰਦਾਰ ਦਾ ਵੀ ਹਿੱਸਾ ਸੀ। ਜਗੀਰਦਾਰ ਨੂੰ ਨਹੀਂ ਪਤਾ ਸੀ ਕਿ ਕੁੰਦਨ ਕੇਸਰ ਦਾ ਹੀ ਲਾਡਲਾ ਹੈ ਅਤੇ ਕੁੰਦਨ ਨੂੰ ਵੀ ਨਹੀਂ ਪਤਾ। ਪਰ ਕੁਲਮੀਤ ਨੂੰ ਜ਼ਰੂਰ ਪਤਾ ਸੀ। ਇੱਕ ਦਿਨ ਕੁਲਮੀਤ ਕੌਰ ਸੈਲਰ ਚਲੀ ਗਈ। ਉਸ ਨੇ ਕੁੰਦਨ ਨੂੰ ਪਿਆਰ ਨਾਲ ਪੁੱਛਿਆ, "ਪੁੱਤਰ ਕੁੰਦਨ, ਤੂੰ ਠੀਕ ਠਾਕ ਨੌਕਰੀ ਕਰ ਰਿਹਾ ਹੈ, ਤੇਰੀ ਮਾਂ ਦਾ ਕੀ ਹਾਲ ਏ?"

"ਆਂਟੀ ਜੀ, ਉਹ ਮੈਨੂੰ ਕਦੇ ਮਿਲਣ ਨਹੀਂ ਆਈ ਜਦੋਂ ਉਹ ਚਲੀ ਗਈ। ਮੈਂ ਕਈ ਵਾਰ ਯਾਦ ਕਰਕੇ ਰੋ ਵੀ ਪੈਂਦਾ ਹਾਂ ਪਰ ਉਸ ਦੇ ਇਸ ਵਿਚ ਮੇਰੇ ਲਈ ਮਮਤਾ ਨਹੀਂ ਹੈ।" ਇੰਨਾ ਕਹਿਕੇ ਕੁੰਦਨ ਰੋ ਪਿਆ।

"ਨਾ ਰੋ ਮੇਰੇ ਬੱਚੇ। ਤੂੰ ਮੇਰੇ ਯੁਵਰਾਜ ਦੀ ਤਰ੍ਹਾਂ ਮੇਰਾ ਹੀ ਬੱਚਾ ਲਗਦਾ ਏਂ। ਮੈਂ ਤੈਨੂੰ ਹਰ ਤਰ੍ਹਾਂ ਦੀ ਮਦਦ ਕਰਿਆ ਕਰਾਂਗੀ, ਜਦੋਂ ਤੈਨੂੰ ਪੈਸਿਆਂ ਦੀ ਲੋੜ ਪਈ ਤਾਂ ਤੂੰ ਮੈਨੂੰ ਹੀ ਦੱਸਣਾ ਏ।"

ਦੋ ਸਾਲਾਂ ਵਿਚ ਕੁੰਦਨ ਜਗੀਰਦਾਰਾਂ ਦੇ ਘਰ ਆਉਣ ਜਾਣ ਲਗ ਪਿਆ ਕਿਉਂਕਿ ਉਹ ਉਨ੍ਹਾਂ ਦੇ ਸੈਲਰ ਦਾ ਮੁਨੀਮ ਸੀ। ਕਦੇ ਕਦੇ ਉਹ ਯੁਵਰਾਜ ਨਾਲ ਬੈਠ ਖਾਣਾ ਵੀ ਖਾ ਜਾਂਦਾ।

ਇੱਕ ਦਿਨ ਅਚਾਨਕ ਜਗੀਰਦਾਰ ਨੇ ਕੁੰਦਨ ਨੂੰ ਪੁੱਛ ਹੀ ਲਿਆ, "ਕਾਕਾ ਤੂੰ ਕਿਹੜੇ ਪਿੰਡ ਦਾ ਏਂ?"

"ਜੀ ਮੈਂ ਇਸੀ ਪਿੰਡ ਦਾ ਹਾਂ।"

"ਤੂੰ ਕੀਹਦਾ ਮੁੰਡਾ ਏ ਇਸ ਪਿੰਡ ਵਿਚ?"

"ਜੀ ਮੈਂ ਕੇਸਰ ਸਿੰਘ ਦਾ ਮੁੰਡਾ ਹਾਂ ਜੋ ਕਈ ਸਾਲ ਪਹਿਲਾਂ ਘਰੋਂ ਗਿਆ ਮੁੜਕੇ ਨੀ ਆਇਆ।"



ਇਹ ਸੁਣ ਕੇ ਜਗੀਰਦਾਰ ਦੇ ਪੈਰੋਂ ਹੇਠ ਜ਼ਮੀਨ ਖਿਸਕ ਗਈ। ਉਸਨੇ ਹੋਰ ਸਵਾਲ ਪੁੱਛਣੇ ਮੁਨਾਸਬ ਨਾ ਸਮਝੇ ਤੇ ਉੱਠ ਕੇ ਅੰਦਰ ਚਲਾ ਗਿਆ।

ਜਗੀਰਦਾਰ ਸੋਚਦਾ ਰਿਹਾ ਕਿ ਇੱਕ ਦਿਨ ਇਸ ਨੂੰ ਪਤਾ ਜ਼ਰੂਰ ਲੱਗ ਜਾਵੇਗਾ ਕਿ ਉਸ ਦਾ ਬਾਪ ਕਿੱਥੇ ਗਿਆ ਹੈ। ਹੁਣ ਸੋਚਣਾ ਪਵੇਗਾ ਕਿ ਇਸ ਨੂੰ ਸੈਲਰ 'ਚੋਂ ਕਿਵੇਂ ਕੱਢਿਆ ਜਾਵੇ।

ਜਗੀਰਦਾਰ ਨੇ ਆਪਣੇ ਹਿੱਸੇਦਾਰ ਨੂੰ ਕਿਹਾ, "ਇਸ ਮੁਨੀਮ ਦਾ ਬਾਪ ਸਾਡੇ ਘਰੋਂ ਕਾਫੀ ਸਾਰਾ ਸੋਨਾ ਚੋਰੀ ਕਰਕੇ ਪਤਾ ਨੀ ਕਿੱਥੇ ਚਲਾ ਗਿਆ। ਇਸ ਮੁਨੀਮ ਨੂੰ ਵੀ ਚੋਰੀ ਦੀ ਆਦਤ ਹੈ। ਹੁਣ ਆਪਾਂ ਨੇ ਇਸ ਨੂੰ ਨਹੀਂ ਰੱਖਣਾ।"

"ਇਸ ਨੂੰ ਆਪਾਂ ਛੁੱਟੀ ਕਿਵੇਂ ਕਰਾਂਗੇ?"

"ਇਹ ਕੰਮ ਮੇਰੇ 'ਤੇ ਛੱਡ ਦੇ।"

ਇਕ ਦਿਨ ਜਗੀਰਦਾਰ ਨੇ ਬੈਂਕ ਵਿਚੋਂ ਪੈਸੇ ਕਢਵਾ ਕੇ ਕੁੰਦਨ ਨੂੰ ਫੜਾ ਦਿੱਤੇ ਤੇ ਫਿਰ ਜਗੀਰਦਾਰ ਨੇ ਕੁੰਦਨ ਜਦੋਂ ਰੋਟੀ ਖਾਣ ਬਾਹਰ ਗਿਆ ਤਾਂ ਅੱਧੇ ਪੈਸੇ ਕੁੰਦਨ ਦੇ ਬੈਗ ਵਿਚ ਪਾ ਦਿੱਤੇ। ਸ਼ਾਮ ਨੂੰ ਜਦੋਂ ਹਿਸਾਬ ਮਿਲਾਇਆ ਤਾਂ ਅੱਧੇ ਪੈਸੇ ਗਾਇਬ ਸਨ। ਤਲਾਸ਼ੀ ਲੈਣ 'ਤੇ ਕੁੰਦਨ ਦੇ ਬੈਗ ਵਿਚੋਂ ਪੈਸੇ ਬਰਾਮਦ ਹੋਏ ਅਤੇ ਕੁੰਦਨ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

ਕਈ ਸਾਲ ਮੁਕਦਮਾਂ ਚਲਦਾ ਰਿਹਾ। ਇਸ ਗੱਲ ਦਾ ਕੁਲਮੀਤ ਨੂੰ ਵੀ ਪਤਾ ਲੱਗ ਗਿਆ ਕਿ ਕੁੰਦਨ ਨੂੰ ਧੋਖੇ ਨਾਲ ਫਸਾਇਆ ਗਿਆ। ਉਸ ਨੇ ਆਪਣੇ ਸਹੁਰੇ ਤੋਂ ਪੁੱਛਿਆ, "ਪਾਪਾ ਜੀ, ਤੁਸੀਂ ਕੁੰਦਨ ਨੂੰ ਕਿਉਂ ਫਸਾਇਆ ਏ?"

"ਉਹ ਇੱਕ ਚੋਰ ਹੈ। ਉਸਨੇ ਗੱਲੇ 'ਚੋਂ ਪੈਸੇ ਕੱਢ ਕੇ ਆਪਣੇ ਬੈਗ ਵਿਚ ਪਾਏ ਸਨ। ਪਰ ਤੂੰ ਉਸ ਨਾਲ ਹਮਦਰਦੀ ਕਿਉਂ ਦਿਖਾ ਰਹੀ ਏ।"

ਕੁਲਮੀਤ ਚੁੱਪ ਹੋ ਗਈ। ਇੱਕ ਰਾਤ ਮਲ੍ਹੇਵਾਲਾ ਅਮਰ ਸਿੰਘ ਆਇਆ ਹੋਇਆ ਸੀ। ਸਰਦਾਰ ਵਰਸਾ ਸਿੰਘ ਤੇ ਅਮਰ ਸਿੰਘ ਚੁਬਾਰੇ ਦਾਰੂ ਪੀ ਰਹੇ ਸਨ। ਅਚਾਨਕ ਕੁਲਮੀਤ ਵੀ ਦੂਸਰੇ ਚੁਬਾਰੇ ਵਿੱਚੋਂ ਕੱਪੜੇ ਲੈਣ ਗਈ ਸੀ। ਉਸਨੂੰ ਨਾਲ ਦੇ ਚੁਬਾਰੇ ਦੀਆਂ ਗੱਲਾਂ ਸੁਣਨ ਨੂੰ ਮਿਲੀਆਂ।

"ਜੀਜਾ ਜੀ, ਕੇਸਰ ਦਾ ਪਿੰਡ ਵਿਚ ਤਾਂ ਨਹੀਂ ਪਤਾ ਲੱਗਿਆ ਕਿ ਆਪਾਂ ਨੇ ਮਾਰ ਕੇ ਨਹਿਰ 'ਚ ਸੁੱਟਿਆ ਏ।"

"ਨਹੀਂ, ਨਹੀਂ ਐਵੇਂ ਥੋੜ੍ਹਾ ਪਤਾ ਲੱਗਣਾ ਸੀ। ਮੈਂ ਤਾਂ ਦੂਜੇ ਦਿਨ ਕਲਕੱਤੇ ਚਲਾ ਗਿਆ ਸੀ। ਬਾਅਦ ਵਿਚ ਰੋਣਾ ਧੋਣਾ ਬੰਦ ਹੋ ਗਿਆ ਸੀ। ਹੋਰ ਸੁਣ ਕੇਸਰ ਦੇ ਮੁੰਡੇ ਨੂੰ ਵੀ ਮੈਂ ਜੇਲ੍ਹ ਭਿਜਵਾ ਦਿੱਤਾ ਝੂਠਾ ਕੇਸ ਪਾ ਕੇ।"

"ਚਲ ਚੰਗਾ ਉਹ ਵੀ ਜੇਲ੍ਹ ਵਿਚ ਸੜ ਕੇ ਮਰ ਜਾਵੇਗਾ ਕਿਸੇ ਦਿਨ।" ਅਮਰ ਸਿੰਘ ਨੇ ਚੌਥਾ ਪੈਗ ਖਤਮ ਕਰਦਿਆਂ ਕਿਹਾ।

ਉਨ੍ਹਾਂ ਦੇ ਭੈੜੇ ਕਾਰਨਾਮੇ ਸੁਣ ਕੇ ਕੁਲਮੀਤ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਇੱਕ ਦਿਨ ਉਹ ਕਿਸੇ ਤਕੜੇ ਵਕੀਲ ਪਾਸ ਗਈ ਤੇ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ। ਉਸਨੇ ਵਕੀਲ ਨੂੰ ਕਿਹਾ, "ਮੇਰਾ ਕੁੰਦਨ ਬਰੀ ਹੋਣਾ ਚਾਹੀਦਾ ਏ।"

ਕੁੰਦਨ ਦੀ ਤਰੀਕ 'ਤੇ ਕੁਲਮੀਤ ਕੌਰ ਵੀ ਗਈ ਅਤੇ ਉਸ ਨੇ ਵਕੀਲ ਨੂੰ ਬੜੀ ਬਰੀਕ ਗੱਲਾਂ ਦੀ ਵੀ ਜਾਣਕਾਰੀ ਦਿੱਤੀ। ਕੁੰਦਨ ਦੇ ਬਾਪ ਦੇ ਕਤਲ ਬਾਰੇ ਵੀ ਜਾਣਕਾਰੀ ਦਿੱਤੀ। ਉਹ ਕੁੰਦਨ ਦੇ ਕੋਲ ਖੜ੍ਹੀ ਸੀ ਕਿ ਅਚਾਨਕ ਲਾਭ ਕੌਰ ਵੀ ਉੱਥੇ ਪਹੁੰਚ ਗਈ। ਦੋਵਾਂ ਨੇ ਇੱਕ ਦੂਜੀ ਨੂੰ ਪਛਾਣ ਲਿਆ ਤੇ

ਗਲ ਲੱਗ ਕੇ ਮਿਲੀਆਂ ਤੇ ਆਪਣੇ ਪਿਛਲੇ ਗਮ ਨੂੰ ਦੁਬਾਰਾ ਯਾਦ ਕਰਕੇ ਰੋ ਵੀ ਪਈਆਂ।

"ਭੈਣ ਅੱਜ ਤੁਸੀਂ ਕਿਸ ਨੂੰ ਮਿਲਣ ਆਏ ਹੋ?" ਲਾਭ ਕੌਰ ਨੇ ਕੁਲਮੀਤ ਤੋਂ ਪੁੱਛਿਆ।

"ਭੈਣੇ ਅੱਜ ਮੇਰੇ ਕੁੰਦਨ ਦੀ ਤਰੀਕ ਏ।" ਕੁਲਮੀਤ ਨੇ ਲਾਭ ਕੌਰ ਨੂੰ ਜਵਾਬ ਦਿੱਤਾ।

"ਇਹ ਕਿਹੜਾ ਕੁੰਦਨ ਏ ਤੇ ਇਸ 'ਤੇ ਕੇਸ ਕਿਵੇਂ ਪਿਆ?" ਲਾਭ ਕੌਰ ਨੇ ਕੁਲਮੀਤ ਕੌਰ ਤੋਂ ਪੁੱਛਿਆ।

"ਭੈਣ, ਇਹ ਕੁੰਦਨ ਹੋਰ ਕੋਈ ਨੀ। ਇਹ ਤਾਂ ਤੇਰਾ ਤੇ ਤੇਰੇ ਕੇਸਰ ਦਾ ਹੀ ਕੁੰਦਨ ਏ। ਤੂੰ ਇਸ ਨੂੰ ਪਛਾਣਿਆ ਕਿਉਂ ਨਹੀਂ? ਇਸ 'ਤੇ ਮੇਰੇ ਸਹੁਰੇ ਨੇ ਝੂਠਾ ਕੇਸ ਪਾ ਕੇ ਜੇਲ੍ਹ ਭੇਜਿਆ ਏ। ਮੈਂ ਹੁਣ ਇਸ ਨੂੰ ਬਰੀ ਕਰਕੇ ਹੀ ਦਮ ਲਵਾਂਗੀ ਕਿਉਂਕਿ ਇਹ ਥੋੜੇ ਤੇ ਮੇਰੇ ਪ੍ਰੀਵਾਰ ਦਾ ਜੀਅ ਹੈ।"

"ਤੇਰੇ ਸਹੁਰੇ ਨੂੰ ਪਤਾ ਹੈ?"

"ਨਹੀਂ। ਮੈਂ ਸਭ ਲੁਕ ਛਿਪ ਕੇ ਇਸ ਨੂੰ ਬਰੀ ਕਰਾਵਾਂਗੀ। ਜੇ ਪਤਾ ਵੀ ਲੱਗ ਗਿਆ ਤਾਂ ਮੈਨੂੰ ਕੋਈ ਪ੍ਰਵਾਹ ਨਹੀਂ। ਮੈਂ ਆਪਣੇ ਪਤੀ ਦੇਵ ਨੂੰ ਸਭ ਕੁਝ ਦੱਸ ਦਿੱਤਾ ਹੈ।"

"ਕੀ ਦੱਸ ਦਿੱਤਾ ਏ?" ਲਾਭ ਕੌਰ ਕੁਛ ਜਾਣਨਾ ਚਾਹੁੰਦੀ ਸੀ।

"ਤੇਰੇ ਪਤੀ, ਕੇਸਰ ਨੂੰ ਮੇਰੇ ਸਹੁਰੇ ਤੇ ਉਸ ਦੇ ਸਾਲੇ ਨੇ ਰਾਤ ਨੂੰ ਟਰੈਕਟਰ ਥੱਲੇ ਦੇ ਕੇ ਮਾਰਿਆ ਤੇ ਫਿਰ ਉਸ ਨੂੰ ਤੜਫਦੇ ਨੂੰ ਨਹਿਰ ਵਿਚ ਸੁੱਟ ਦਿੱਤਾ ਸੀ।" ਕੁਲਮੀਤ ਨੇ ਸਭ ਕੁਝ ਦੱਸ ਦਿੱਤਾ।

"ਉਨ੍ਹਾਂ ਨੇ ਕਿਉਂ ਮਾਰਿਆ ਸੀ ਮੇਰੇ ਕੇਸਰ ਨੂੰ?" ਲਾਭ ਕੌਰ ਨੇ ਹੰਝੂ ਭਰਦਿਆਂ ਕਿਹਾ।

"ਮੇਰੇ ਸਹੁਰੇ ਨੂੰ ਸ਼ੱਕ ਸੀ ਕਿ ਮੈਂ ਕੇਸਰ ਦੀ ਹਰ ਪੱਖੋਂ ਮਦਦ ਕਰਦੀ ਰਹਿੰਦੀ ਹੋਵਾਂਗੀ। ਉਸ ਨੂੰ ਸਾਡੇ ਤੇ ਝੂਠੇ ਪਿਆਰ ਦਾ ਵੀ ਸ਼ੱਕ ਸੀ। ਇਸ ਕਰਕੇ ਉਸ ਨੇ ਆਪਣਾ ਕੇਸਰ ਸਾਥੋਂ ਸਦਾ ਸਦਾ ਲਈ ਖੋਹ ਲਿਆ ਤੇ ਆਪਾਂ ਦੋਹਾਂ ਨੂੰ ਰੋਣਾ ਛੱਡ ਗਿਆ।"

"ਭੈਣ, ਮੇਰੇ ਕੁੰਦਨ ਨੂੰ ਮੇਰੇ ਬਾਰੇ ਪਤਾ ਹੈ?" ਲਾਭ ਨੇ ਕੁਲਮੀਤ ਤੋਂ ਪੁੱਛਿਆ।

"ਫਿਲਹਾਲ ਕੋਈ ਪਤਾ ਨਹੀਂ ਹੋਣਾ।"

"ਤੇ ਤੂੰ ਦੱਸੀ ਵੀ ਨਾ। ਜਦੋਂ ਉਹ ਅੱਜ ਬਰੀ ਹੋ ਕੇ ਬਾਹਰ ਆਵੇਗਾ ਤੇ ਫਿਰ ਉਸਨੂੰ ਦੱਸ ਵੀ ਦੇਈਂ। ਤੂੰ ਫਿਰ ਸਾਨੂੰ ਦੋਹਾਂ ਨੂੰ ਆਪਣੇ ਪਿੰਡ ਵੀ ਲੈ ਚਲੀਂ।" ਲਾਭ ਕੌਰ ਨੇ ਵੱਡੀ ਉਮੀਦ ਕਰਕੇ ਕੁਲਮੀਤ ਕੌਰ ਨੂੰ ਕਿਹਾ।

ਕੁੰਦਨ ਨੂੰ ਹਾਕ ਪੈ ਗਈ। ਉਸ ਦੇ ਜੱਜ ਵਾਲੇ ਕਮਰੇ 'ਚ ਕੁਲਮੀਤ ਤੇ ਲਾਭ ਕੌਰ ਵੀ ਚਲੀਆਂ ਗਈਆਂ। ਕੁੰਦਨ ਦੇ ਵਕੀਲ ਨੇ ਤਕੜੀਆਂ ਦਲੀਲਾਂ ਦੇ ਕੇ ਕੁੰਦਨ ਨੂੰ ਬਰੀ ਕਰਾ ਦਿੱਤਾ।

ਕੁੰਦਨ ਤੇ ਕੁਲਮੀਤ ਅਦਾਲਤ ਤੋਂ ਬਾਹਰ ਆ ਗਏ। ਕੁਲਮੀਤ ਨੇ ਵਕੀਲ ਨੂੰ ਉਸ ਦੀ ਬਣਦੀ ਫੀਸ ਵੀ ਦੇ ਦਿੱਤੀ।

"ਕੁੰਦਨ ਬੇਟਾ, ਤੂੰ ਅੱਜ ਕੀ ਮਹਿਸੂਸ ਕਰ ਰਿਹਾ ਏਂ?"

"ਆਂਟੀ, ਅੱਜ ਜੇ ਤੁਸੀਂ ਨਾ ਹੁੰਦੇ ਤਾਂ ਮੈਂ ਜੇਲ੍ਹ ਵਿਚ ਹੀ ਮਰ ਜਾਣਾ ਸੀ।" ਕੁੰਦਨ ਨੇ ਕੁਲਮੀਤ ਦੇ ਗਲ ਲੱਗ ਕੇ ਕਿਹਾ।

"ਅੱਛਾ ਬੇਟਾ, ਅੱਜ ਜੇ ਤੇਰੀ ਮਾਂ ਤੇਰੇ ਕੋਲ ਹੁੰਦੀ ਤਾਂ ਤੂੰ ਕੀ ਕਰਦਾ?"

"ਆਂਟੀ, ਜੇ ਮੇਰੀ ਮਾਂ ਹੁੰਦੀ ਉਹ ਮੈਨੂੰ ਇਕੱਲੇ ਨੂੰ ਛੱਡ ਕੇ ਕਦੇ ਨਾ ਜਾਂਦੀ। ਹੁਣ ਪਤਾ ਨੀ ਉਹ ਇਸ ਸੰਸਾਰ 'ਚ ਹੈ ਵੀ ਕਿ ਨਹੀਂ।" ਕੁੰਦਨ ਨੇ ਅੱਖਾਂ ਭਰ ਲਈਆਂ।

"ਬੇਟਾ, ਜੇ ਮੈਂ ਤੈਨੂੰ ਤੇਰੀ ਮਾਂ ਮਿਲਾ ਦਿਆਂ ਤਾਂ ਤੂੰ ਫਿਰ ਕੀ ਮਹਿਸੂਸ ਕਰੇਗਾ?" ਕੁਲਮੀਤ



ਨੇ ਕੁੰਦਨ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ।

"ਫਿਰ ਤਾਂ ਆਂਟੀ ਅੱਜ ਮੈਂ ਸਵਰਗ ਵਿਚ ਵਾਸ ਕਰ ਜਾਵਾਂਗਾ। ਦੱਸੋ ਮੇਰੀ ਮਾਂ ਕਿੱਥੇ ਹੈ?"

ਕੁਲਮੀਤ ਨੇ ਲਾਭ ਕੌਰ ਨੂੰ ਹੱਥ ਦੇ ਇਸ਼ਾਰੇ ਨਾਲ ਬੁਲਾਇਆ ਤੇ ਕਿਹਾ, "ਬੇਟਾ ਇਹ ਤੇਰੀ ਮਾਂ ਏ।"

ਮਾਂ-ਪੁੱਤ ਇੱਕ ਦੂਜੇ ਨੂੰ ਘੁੱਟ ਕੇ ਜੱਫੀ ਪਾ ਕੇ ਰੋ ਰਹੇ ਸੀ। ਕੁਲਮੀਤ ਨੇ ਆਪਣੀ ਗੱਡੀ ਵਿਚ ਦੋਹਾਂ ਮਾਂ-ਪੁੱਤ ਨੂੰ ਬਿਠਾ ਕੇ ਪਿੰਡ ਤਰਖੇੜੀ ਉਨ੍ਹਾਂ ਦੇ ਘਰ ਲੈ ਤੁਰੀ।

ਉਧਰ ਜੈਲਦਾਰ ਨੇ ਕਲਕੱਤੇ ਤੋਂ ਆਪਣੇ ਪੁੱਤਰ ਨੂੰ ਤਾਰ ਪਾ ਕੇ ਬੁਲਾਇਆ। ਜਗੀਰਦਾਰ ਦੇ ਘਰ ਕਲੇਸ਼ ਛਿੜ ਗਿਆ ਕਿਉਂਕਿ ਲਾਭ ਕੌਰ ਤੇ ਕੁਲਮੀਤ ਵੱਲੋਂ ਥਾਣੇ ਜਾ ਕੇ ਕੇਸਰ ਦੇ ਕਤਲ ਕਰਨ ਦੀ ਰਿਪੋਰਟ ਜੈਲਦਾਰ ਤੇ ਉਸ ਦੇ ਸਾਲੇ ਖਿਲਾਫ਼ ਦਰਜ ਹੋ ਗਈ। ਉਨ੍ਹਾਂ ਦੋਹਾਂ ਨੂੰ ਪੁਲਿਸ ਫੜ ਕੇ ਲੈ ਗਈ। ਕੇਸਰ ਦੇ ਹੱਕ ਵਿਚ ਵੀ ਕੁਲਮੀਤ ਭੁਗਤ ਰਹੀ ਸੀ। ਜਗੀਰਦਾਰ ਦੇ ਮੁੰਡੇ ਨੇ ਆਪਣੀ ਘਰ ਵਾਲੀ ਨੂੰ ਘਰੋਂ ਕੱਢ ਦਿੱਤਾ ਤੇ ਆਪਣੇ ਬਾਪ ਤੇ ਮਾਮੇ ਨੂੰ ਛੁਡਾਉਣ ਲਈ ਹੱਥ ਪੈਰ ਮਾਰਨ ਲੱਗ ਪਿਆ। ਇੱਕ ਦਿਨ ਕੁਲਮੀਤ ਨੇ ਆਪਣੇ ਪਤੀ ਨੂੰ ਕਿਹਾ, "ਸਰਦਾਰ ਜੀ, ਮੈਂ ਇਸ ਘਰ ਦੀ ਅੱਧ ਦੀ ਮਾਲਕਣ ਹਾਂ ਤੇ ਤੁਸੀਂ ਮੈਨੂੰ ਘਰੋਂ ਨਹੀਂ ਕੱਢ ਸਕਦੇ ਤੇ ਤੁਸੀਂ ਕਾਤਲਾਂ ਦੀ ਮਦਦ ਕਰ ਰਹੇ ਹੋ। ਉਨ੍ਹਾਂ ਦੋਹਾਂ ਸਾਲੇ ਭਣੋਈਏ ਨੇ ਇਕ ਰਾਤ ਕੇਸਰ ਨੂੰ ਨਹਿਰ 'ਚ ਸੁੱਟ ਕੇ ਮਾਰਿਆ ਸੀ ਤੇ ਕੁੰਦਨ ਨੂੰ ਵੀ ਮਾਰਨ ਦੀ ਤਿਆਰੀ ਹੋ ਰਹੀ ਸੀ। ਮੈਂ ਗਰੀਬ ਦੇ ਹੱਕ ਵਿਚ ਖੜ੍ਹੀ ਹਾਂ।"

"ਮੈਂ ਆਪਣੇ ਬਾਪ ਤੇ ਮਾਮੇ ਨੂੰ ਜੇਲ੍ਹ ਜਾਂਦੇ ਕਿਵੇਂ ਦੇਖ ਸਕਦਾ ਹਾਂ। ਫੈਸਲਾ ਅਦਾਤਲ ਨੇ ਕਰਨਾ ਹੈ।"

ਕੇਸ ਪੰਜ ਸਾਲ ਚੱਲਿਆ। ਕਲਕੱਤੇ ਵਾਲੀ ਟਰਾਂਸਪੋਰਟ ਵੇਚ ਦਿੱਤੀ ਗਈ। ਘਰ ਦੀ ਹਾਲਤ ਪਤਲੀ ਹੋਣ ਲੱਗ ਪਈ। ਪੰਜ ਸਾਲ ਪਿਛੋਂ ਜੈਲਦਾਰ ਵਿਰਸਾ ਸਿੰਘ ਤੇ ਉਸ ਦੇ ਸਾਲੇ ਅਮਰ ਸਿੰਘ ਨੂੰ ਵੀਹ ਵੀਹ ਸਾਲ ਦੀ ਕੈਦ ਹੋ ਗਈ। ਕੁਲਮੀਤ ਆਪਣੇ ਘਰ ਆ ਗਈ ਤੇ ਪਤੀ ਤੇ ਸੱਸ ਨਾਲ ਰਹਿਣ ਲੱਗ ਪਈ। ਖੇਤੀਬਾੜੀ ਦੀ ਜਿੰਮੇਵਾਰੀ ਵੀ ਕੁਲਮੀਤ 'ਤੇ ਪੈ ਗਈ।

**ਸੰਪਰਕ- 94649-61436**

---

ਸ਼ੁਰੂਆਤ ਮੈਂ ਕਵਿਤਾ ਤੋਂ ਕੀਤੀ। ਕਵਿਤਾ ਦੀ ਚੇਟਕ ਮੈਨੂੰ ਆਪਣੇ ਬਾਬਾ ਜੀ ਤੋਂ ਲੱਗੀ। ਉਹ ਕਿੱਸਾ ਬਹੁਤ ਵਧੀਆ ਪੜ੍ਹਿਆ ਕਰਦੇ ਸਨ, ਤਰੱਨਮ ਵਿਚ। ਉਹ ਅਕਸਰ ਪਿੰਡ ਦੀ ਖੂਹੀ ਉਪਰਲੀ ਪਿਲਕਣ ਹੇਠ ਆਲੇ-ਦੁਆਲੇ ਜੁੜੀ ਭੀੜ ਵਿਚ ਬਹਿ ਕੇ ਕਿੱਸਾ ਸੁਣਾਉਂਦੇ। ਦੁਆਲੇ ਬੈਠੇ ਲੋਕ ਕਿੱਸਾ ਵੀ ਸੁਣੀ ਜਾਂਦੇ ਤੇ ਰੋਈ ਵੀ ਜਾਂਦੇ। ਉਨ੍ਹਾਂ ਕਿੱਸਿਆਂ ਵਿਚ ਪੂਰਨ ਭਗਤ, ਰੂਪ ਬਸੰਤ, ਵਾਰਿਸ ਦੀ ਹੀਰ, ਬੀਰ ਹਕੀਕਤ ਰਾਏ, ਤੋਤਾ-ਮੈਨਾ ਤੇ ਕਈ ਹੋਰ ਕਿੱਸੇ ਹੁੰਦੇ। ਮੈਂ ਚੌਥੀ ਵਿਚ ਪੜ੍ਹਦਾ ਸੀ ਜਦੋਂ ਪਹਿਲੀ ਵਾਰ ਮੈਂ ਆਪਣੇ ਨਾਨਕੀ ਇਕੱਠ ਵਿਚ ਰਾਣੀ ਇੱਛਰਾ ਦਾ ਪ੍ਰਸੰਗ ਸੁਣਾਇਆ ਸੀ। ਮੇਰਾ ਮਾਮਾ ਪ੍ਰੀਤਮ ਵੀ ਚੰਗਾ ਗਾਉਂਦਾ ਸੀ। ਅਸੀਂ ਦੋਵੇਂ ਅੰਨ੍ਹੇ ਮਾਮੇ ਅਮਰੂ ਨੂੰ, ਜਿਹੜਾ ਸਾਧੂ ਸੀ, ਵਾਰੋ ਵਾਰੀ ਕਿੱਸੇ ਸੁਣਾਉਂਦੇ। ਇਉਂ ਮੈਨੂੰ ਕਿੱਸੇ ਪੜ੍ਹਨ ਦਾ ਭੁਸ ਪੈ ਗਿਆ, ਜਿਹੜਾ ਵੱਡੇ ਸਕੂਲ ਵਿਚ ਜਾ ਕੇ ਬਹੁਤ ਵਧ ਗਿਆ ਤੇ ਉਥੇ ਮੈਂ ਕਵਿਤਾ ਦੀਆਂ ਕਿਤਾਬਾਂ ਪੜ੍ਹਨ ਲੱਗਾ। ਦੁਆਬਾ ਖਾਲਸਾ ਸਕੂਲ ਦੀ ਲਾਇਬਰੇਰੀ ਚੰਗੀ ਹੁੰਦੀ ਸੀ ਜਿਥੋਂ ਕਿਤਾਬਾਂ ਮਿਲ ਜਾਂਦੀਆਂ।

**(ਪ੍ਰੇਮ ਗੋਰਖੀ ਦੀ ਗੁਰਬਚਨ ਸਿੰਘ ਭੁੱਲਰ ਵੱਲੋਂ ਕੀਤੀ ਮੁਲਾਕਾਤ 'ਚੋਂ, ਪੁਸਤਕ ਬਚਨ-ਬਿਲਾਸ 'ਚੋਂ)**

---

# ਕਹਾਣੀ / ਸੁਪਨੇ ਵੇਚਣ ਵਾਲਾ/ -ਸ਼ੀਤਲ ਰਾਮ ਬੰਗਾ

ਸਾਡੀ ਗਲੀ ਵਿਚ ਇਕ ਭਾਈ ਹੋਕਾ ਦਿੰਦਾ ਹੈ, "ਲੈ ਲਓ ਭਈ ਸਤਰੰਗੀ ਪੀਂਘਾਂ ਲੈ ਲਓ ਭਈ ਸੁਨਹਿਰੀ ਬੱਦਲ, ਲੈ ਲਓ ਭਈ ਰੀਝਾਂ ਦੀ ਖੱਡੀ, ਲੈ ਲਓ ਭਈ ਸ਼ੇਰ ਤੇ ਸਹੇ ਦੀ ਮਿੱਤਰਤਾ, ਲੈ ਲਓ ਭਈ ਸੁਨਿਹਰੀ ਚੁੰਝ ਵਾਲਾ ਤੋਤਾ, ਲੈ ਲਓ ਭਈ ਅਕਲਦੀਨ ਖੋਤਾ।" ਇਹ ਅਕਸਰ ਪੰਦਰਾਂ ਜਾਂ ਵੀਹ ਦਿਨ ਬਾਅਦ ਗੇੜਾ ਮਾਰਦਾ ਹੈ। ਇਸ ਦੇ ਬੋਲਾਂ ਵਿਚ ਖਿੱਝ ਹੈ ਤੇ ਬਾਣੀ ਵਿਚ ਨਿਮਰਤਾ ਤੇ ਮਿਠਾਸ। ਮੈਂ ਇਸ ਨੂੰ ਕਈ ਵਾਰ ਅਣਗੌਲਿਆ ਕੀਤਾ ਪਰ ਇਕ ਵਾਰ ਉਸ ਨਾਲ ਮੁਲਾਕਾਤ ਲਈ ਮਜ਼ਬੂਰ ਹੋ ਹੀ ਗਿਆ।

"ਪਰ ਉਸ ਦਾ ਵਿਵਰਣ ਕਰਨ ਤੋਂ ਪਹਿਲਾਂ ਮੈਂ ਤੁਹਾਨੂੰ ਆਪਣੇ ਨਾਲ ਸਾਂਝ ਪੁਆ ਲਵਾਂ। ਉਂਝ ਮੈਂ ਜ਼ਿੰਦਗੀ ਦੇ ਬਿਆਸੀ ਸਾਲ ਭੋਗ ਚੁੱਕਾ ਹਾਂ। ਮੈਂ ਗਜ਼ਟਿਡ ਪੋਸਟ ਤੋਂ ਸੇਵਾ ਮੁਕਤ ਹੋਇਆ ਹਾਂ। ਸੋ ਹੁਣ ਤਕ ਜ਼ਿੰਦਗੀ ਦੇ ਅਨੇਕ ਰੰਗ ਵੇਖ ਚੁੱਕਾ ਹਾਂ। ਲੋਕ ਕਹਿੰਦੇ ਹਨ ਹੁਣ ਮੇਰੀ ਸਿਆਣਪ ਤਾਂ ਕਾਇਮ ਹੈ ਪਰ ਯਾਦਾ ਨੇ ਧੁੰਦਲੀ ਚਾਦਰ ਓੜ ਲਈ ਹੈ। ਤੇ ਮੇਰੀਆਂ ਕ੍ਰਿਆਵਾ ਸਵੈ ਚਲਿਤ ਹੋ ਗਈਆਂ ਹਨ। ਭਾਵ ਮੇਰੇ ਦਿਮਾਗ਼ ਨੇ ਸਰੀਰਕ ਕ੍ਰਿਆਵਾ 'ਤੇ ਕੰਟਰੋਲ ਢਿੱਲਾ ਕਰ ਛੱਡਿਆ ਹੈ। ਹੁਣ ਮੈਨੂੰ ਰੋਜ਼ਾਨਾ ਦੇ ਕੰਮਾਂ ਬਾਰੇ ਚੇਤਾ ਨਹੀਂ ਰਹਿੰਦਾ। ਰੋਟੀ ਖਾ ਲਈ ਜਾਂ ਨਹੀਂ? ਮੇਰੇ ਚੇਤੇ ਨਹੀਂ ਰਹਿੰਦਾ। ਮੈਨੂੰ ਮਿਲਣ ਵਾਲਿਆਂ ਦੇ ਨਾਮ ਤੱਕ ਥੋੜੀ ਕੀਤੇ ਯਾਦ ਨਹੀਂ ਆਉਂਦੇ ਤੇ ਉਹ ਹੀ ਦਸਦੇ ਹਨ ਕਿ ਉਹ ਰਹਿਮਾਨ ਸਿੰਘ ਹੈ ਜਾਂ ਓਧੋ ਰਾਜਾ ਜਾਂ ਸ਼ਾਨ ਪ੍ਰਸ਼ਾਦ। ਉਂਝ ਮੇਰੇ ਮਨ ਵਿਚ ਦੁਨੀਆਂ ਵੇਖਣ ਤੇ ਲੋਕਾਂ ਨਾਲ ਜੁੜੇ ਰਹਿਣ ਦੀ ਲਾਲਸਾ ਬਣੀ ਰਹਿੰਦੀ ਹੈ। ਸ਼ਾਇਦ ਇਹ ਲਾਲਸਾ ਹੀ ਮੇਰੇ ਜੀਵਨ ਦੀ ਸਾਹਾਂ ਦੀ ਤੰਦ ਨੂੰ ਚਲਾਉਣ ਵਾਲੀ ਸ਼ਕਤੀ ਹੈ।

ਘਰ ਵਾਲਿਆਂ ਨੇ ਮੇਰੇ ਤੇ ਕਿੰਨੀਆਂ ਹੀ ਰੋਕਾਂ ਲਾ ਰੱਖੀਆਂ ਹਨ। ਇਹ ਨਹੀਂ ਕਰਨਾ, ਆਹ ਨਹੀਂ ਕਰਨਾ, ਰਸੋਈ ਵਿਚ ਨਹੀਂ ਆਉਣਾ, ਗੈਸ ਚਲਦੀ ਛੱਡ ਦਿੰਦਾ, ਬੱਚਿਆਂ ਦੇ ਰੂਮ ਵਿਚ ਨਹੀਂ ਵੜਨਾ, ਬੱਚਿਆਂ ਦੇ ਖਿਡਾਉਣੇ ਉੱਲਟ ਪਲੱਟ ਕਰ ਦਿੰਦਾ। ਮੋਰ ਦੇ ਖੰਭ ਕਾਂ ਦੇ ਲਾ ਦਿੰਦਾ। ਲੂੰਬੜੀ ਦੀ ਪੂਛ ਗਧੇ ਦੇ ਗਲ ਬੰਨ੍ਹ ਦਿੰਦਾ। ਮੂਰਖ ਚੂਹੇ ਨੂੰ ਸ਼ੇਰ ਦੇ ਸਿੰਘਾਸ਼ਨ ਤੇ ਬੈਠਾ ਦਿੰਦਾ। ਲਾਲਚੀ ਠੱਗ ਨੂੰ ਵਿਦਵਾਨਾਂ ਦੀ ਸਭਾ ਦਾ ਸਭਾਪਤੀ ਬਣਾ ਦਿੰਦਾ। ਤੂੰ ਮਿੱਕੀ ਮਾਊਸ ਡਿੱਕੀ ਡੋਨਾਲਡ, ਡਕ ਸਕੂਬੀਡੂ ਦੇ ਨਾਮ ਮਗਨੂੰ, ਸਗਨੂੰ, ਰਕੜ, ਖੜਕ ਰੱਖ ਦਿੰਦਾ।

ਮੈਂ ਦਿਲ ਤੇ ਪੱਥਰ ਰੱਖ ਸਭ ਬਰਦਾਸ਼ਤ ਕਰ ਲੈਂਦਾ ਹਾਂ ਪਰ ਘਰ ਵਾਲਿਆਂ ਨੇ ਮੈਨੂੰ ਇਕ ਖੁਲ੍ਹ ਦੇ ਰੱਖੀ ਹੈ ਕਿ ਮੈਂ ਘਰ ਦੇ ਮੁੱਖ ਦੁਆਰ ਤੇ ਕੁਰਸੀ ਤੇ ਬਹਿ ਸਕਦਾ। ਜੇਬ ਵਿਚ ਕੁਝ ਪੈਸੇ ਵੀ ਰੱਖ ਸਕਦਾ। ਲੋੜ ਪੈਣ ਤੇ ਖਰਚ ਵੀ ਸਕਦਾ ਹਾਂ, ਜਿਵੇਂ ਕੋਈ ਖਿਡੋਣਾ ਖਰੀਦਣਾ ਹੋਵੇ, ਆਪਣੀ ਪਸੰਦ ਦੀ ਸਬਜੀ ਖਰੀਦਣੀ ਹੋਵੇ, ਆਪਣੀ ਪਸੰਦ ਦਾ ਫ਼ਲ ਫ਼ਰੂਟ ਖਰੀਦਣਾ ਹੋਵੇ ਜਾਂ ਥੋੜਾ ਬਹੁਤਾ ਦਾਨ ਕਰਨਾ ਹੋਵੇ। ਵੈਸੇ ਮੈਂ ਇੰਨੇ ਵਿਚ ਹੀ ਖੁਸ਼ ਹਾਂ। ਮੈਂ ਘਰੋਂ ਇਕੱਲਾ ਕਦੇ ਨਹੀਂ ਨਿਕਲਦਾ ਮਤੇ ਰਸਤਾ ਭੁੱਲ ਜਾਵਾ।

ਲਓ ਮੈਂ ਆਪਣਾ ਹੀ ਖਿਲਾਰਾ ਪਾ ਲਿਆ। ਦਰ ਅਸਲ ਮੈਂ ਗੱਲ ਕਰ ਰਿਹਾ... ਸੁਪਨੇ ਵੇਚਣ ਵਾਲੇ ਸਕੀਲੇ ਸ਼ਾਹ ਦੀ। ਮੈਨੂੰ ਉਸ ਨਾਲ ਮੁਲਾਕਾਤ ਕਰ ਕੇ ਬਹੁਤ ਹੈਰਾਨੀ ਹੋਈ। ਉਂਝ ਭਾਵੇਂ ਮੇਰੀ ਕੋਈ ਵੀ



ਹਾਲਤ ਹੋਵੇ ਮੈਂ ਹਾਲੇ ਵੀ ਘੱਟ ਸਿਆਣਾ ਨਹੀਂ। ਮੈਂ ਬੰਦੇ ਦੀ ਇੱਕ ਝਲਕ ਤੋਂ ਹੀ ਉਸਦੇ ਸੁਭਾਓ, ਮਜ਼ਾਕ ਬਾਰੇ ਥੀਸਸ ਲਿਖ ਸਕਦਾ ਹਾਂ। ਸਲੀਕੇ ਸ਼ਾਹ ਦੋਹਰੀ ਜ਼ਿੰਦਗੀ ਜਿਉਂਦਾ ਹੈ। ਵੇਖਣ ਨੂੰ ਉਹ ਸਿੱਧੜ ਲਗਦਾ ਹੈ ਪਰ ਮੈਂ ਉਸ ਦੀਆਂ ਗੱਲਾਂ ਸੁਣ ਹੈਰਾਨ ਹੋ ਗਿਆ। ਉਸ ਦਾ ਭੋਲਾ ਰੂਪ ਢਿੱਲੇ ਮੱਧਮ ਰੰਗ ਦੇ ਸਾਫ਼ ਕੱਪੜੇ ਟੁੱਟਣ ਨੂੰ ਕਰਦੀ ਜੁੱਤੀ, ਲਮਕਦਾ ਨਾਲਾ, ਅੱਖਾਂ ਤੇ ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਸਿਰ 'ਤੇ ਵੱਡੀ ਸਾਰੀ ਖਿਡੋਣਿਆਂ ਨਾਲ ਭਰੀ ਹੋਈ ਟੋਕਰੀ ਜਿਸ ਵਿਚ ਮਿੱਟੀ ਦੇ ਬਣੇ ਸਜ਼ਾ ਕੇ ਰੱਖੇ ਖੂਬਸੂਰਤ ਮੋਰ, ਤੋਤੇ, ਕੁੱਤੇ ਸ਼ੇਰ, ਹਾਥੀ ਚਿੜੀਆਂ ਖਿਡੋਣਾ, ਗੋਲਕਾਂ ਕੁੱਝ ਦ੍ਰਿਸ਼ ਚਿੱਤਰ (ਸੀਨਰੀਆਂ) ਬੱਦਲਾਂ ਤੇ ਸਤਰੰਗੀ ਪੀਂਘਾਂ ਤੇ ਫ਼ੁਲ ਆਦਿ ਦੇ।

ਉਸ ਦਾ ਇਹ ਸਿੱਧੜ ਰੂਪ ਬੱਚਿਆਂ ਨੂੰ ਖਿਡੋਣੇ ਖਰੀਦਣ ਲਈ ਖੂਬ ਪ੍ਰੇਰਦਾ ਹੈ। ਉਂਝ ਉਸ ਦੱਸਿਆ, "ਅੰਕਲ ਜੀ ਮੈਂ ਦਸਵੀਂ ਪਾਸ ਹਾਂ। ਮੈਂ ਕੱਪੜੇ ਦੀ ਦੁਕਾਨ ਤੇ ਸੇਲਜ਼ਮੈਨ ਦਾ ਕੰਮ ਕਰਦਾ ਹਾਂ। ਮੇਰੇ ਤਿੰਨ ਬੱਚੇ ਹਨ। ਦੋ ਬੱਚੇ ਅੰਗ੍ਰੇਜ਼ੀ ਸਕੂਲ ਪੜ੍ਹਦੇ ਹਨ। ਤੀਸਰਾ ਹਾਲੇ ਛੋਟਾ ਹੈ। ਅਸੀਂ ਘੁਮਿਆਰ ਹਾਂ। ਮੇਰੀ ਮਾਂ ਤੇ ਮੇਰੀ ਵਹੁਟੀ ਘਰ ਵਿਚ ਖਿਡੋਣੇ ਬਣਾਉਂਦੀਆਂ ਹਨ। ਮੈਂ ਮਹੀਨੇ ਵਿਚ ਦੋ ਤਿੰਨ ਛੁੱਟੀਆਂ ਕਰਕੇ ਗਲੀ ਗਲੀ ਵੇਚ ਆਉਂਦਾ ਹਾਂ। ਮੇਰੇ ਬਾਪੂ ਨੇ ਮਰਨ ਵੇਲੇ ਕਿਹਾ ਸੀ, ਕਾਕਾ ਕੰਮ ਜਿਹੜਾ ਮਰਜ਼ੀ ਕਰੀਂ ਪਰ ਆਪਣੇ ਕਸਬ ਨੂੰ ਨਾ ਛੱਡੀ। ਕਦੇ ਭੁੱਖਾ ਨਹੀਂ ਮਰੇਗਾ। ਇਸ ਤਰ੍ਹਾਂ ਕਰਨ ਨਾਲ ਚਾਰ ਪੈਸੇ ਵੀ ਬਣ ਜਾਂਦੇ ਹਨ ਅਤੇ ਬੱਚਿਆਂ ਨਾਲ ਦੋਸਤੀ ਕਰ ਕੇ ਮੈਨੂੰ ਅਜੀਬ ਅਨੰਦ ਵੀ ਮਿਲਦਾ ਹੈ।"

ਮੈਂ ਉਸ ਨਾਲ ਗੱਲਬਾਤ ਕਰਕੇ ਆਨੰਦਤ ਹੋ ਗਿਆ। ਮੈਨੂੰ ਜਾਪਿਆ ਜਿਵੇਂ ਮੇਰੇ ਸੱਖਣੇ ਸੁਪਨਿਆਂ ਵਿਚ ਖੁਸ਼ਗਵਾਰ ਰੰਗ ਭਰ ਗਏ ਹੋਣ। ਮੈਂ ਉਸ ਨਾਲ ਦੁਬਾਰਾ ਮੁਲਾਕਾਤ ਦੀ ਉਡੀਕ ਕਰਨ ਲੱਗਾ। ਮੈਂ ਹਮੇਸ਼ਾ ਉਸਦੇ ਰਾਹ ਅੱਖਾਂ ਲਾਈ ਰੱਖਦਾ। ਮੈਂ ਸੋਚਾਂ ਵਿਚ ਗਲਤਾਨ ਹੋ ਜਾਂਦਾ। ਸ਼ਾਇਦ ਸਲੀਕੇ ਸ਼ਾਹ ਬਿਮਾਰ ਹੋ ਗਿਆ ਹੋਵੇ, ਸ਼ਾਇਦ ਉਸ ਦੇ ਮਾਲਕ ਨੇ ਉਸਨੂੰ ਕੰਮ ਤੋਂ ਛੁੱਟੀ ਨਾ ਦਿੱਤੀ ਹੋਵੇ, ਸ਼ਾਇਦ ਉਸਦੇ ਘਰ ਵਾਲਿਆਂ ਨੇ ਖਿਡੋਣੇ ਨਾ ਬਣਾਏ ਹੋਣ, ਸ਼ਾਇਦ ਉਹ ਕਿਧਰੇ ਚਲਾ ਗਿਆ ਹੋਵੇ। ਮੈਂ ਐਵੇਂ ਹੀ ਸੋਚ ਸੋਚ ਪ੍ਰੇਸ਼ਾਨ ਹੋ ਜਾਂਦਾ ਹਾਂ। ਕਾਮਨਾ ਕਰਦਾ ਹਾਂ। ਸਲੀਕੇ ਸ਼ਾਹ ਤੰਦਰੁਸਤ ਹੋਵੇ ਉਂਝ ਤੁਸੀਂ ਹੀ ਦੱਸੋ ਸਲੀਕੇ ਸ਼ਾਹ ਮੇਰਾ ਕੀ ਲਗਦਾ ਹੈ? ਪਰ ਮੇਰਾ ਮਨ ਵਿਆਕੁਲ ਹੈ।

ਅੱਜ ਸਾਡੇ ਘਰ ਮੇਰੀ ਪੋਤੀ ਰਮਣੀਕ ਦਾ ਜਨਮ ਦਿਨ ਮਨਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਮੈਂ ਗੇਟ ਤੇ ਕੁਰਸੀ ਡਾਹ ਕੇ ਆਨੰਦਤ ਹੋਇਆ ਬੈਠਾ ਆਉਣ ਜਾਣ ਵਾਲਿਆਂ ਦੇ ਚਿਹਰਿਆਂ ਤੇ ਖੁਸ਼ੀ ਵੇਖ ਪ੍ਰਸੰਨ ਹੋ ਰਿਹਾ ਹਾਂ। ਸਬੱਬੀ ਹੀ ਮੇਰੀ ਨਜ਼ਰ ਸਲੀਕੇ ਸ਼ਾਹ ਤੇ ਪੈਂਦੀ ਹੈ। ਮੈਨੂੰ ਲਗਦਾ ਹੈ ਜਿਵੇਂ ਮੇਰੀ ਖੁਸ਼ੀ ਨੂੰ ਚਾਰ ਚੰਨ ਲੱਗ ਗਏ ਹੋਣ। ਮੈਂ ਬੜੀ ਕਠਨਾਈ ਨਾਲ ਸੜਕ ਪਾਰ ਕਰਕੇ ਸਲੀਕੇ ਸ਼ਾਹ ਨੂੰ ਬਾਹੋਂ ਪਕੜ ਕੇ ਆਪਣੀ ਕੁਰਸੀ ਕੋਲ ਲਿਆਉਂਦਾ ਹਾਂ ਅਤੇ ਆਪ ਕੁਰਸੀ ਤੇ ਬੈਠ ਆਪਣੇ ਕੋਲ ਹੀ ਬੈਠਾਲ ਲੈਂਦਾ ਹਾਂ। ਅੰਦਰੋਂ ਆਵਾਜ਼ ਆਉਂਦੀ ਹੈ ਭਾਪਾ ਜੀ ਆਵੋ, ਕੇਕ ਕੱਟਣਾ ਹੈ, ਭਾਪਾ ਜੀ ਜਲਦੀ ਆਵੋ ਕੇਕ ਕੱਟਣਾ ਹੈ। ਪਰ ਮੈਂ ਅੰਦਰ ਵੱਲ ਮੂੰਹ ਕਰਕੇ ਬੱਚਿਆਂ ਨੂੰ ਆਵਾਜ਼ਾਂ ਮਾਰਨ ਲਗ ਪੈਂਦਾ ਹਾਂ।

"ਪ੍ਰਿੰਸ, ਅੱਗੂ, ਸੱਗੂ, ਸੋਨੀਆ, ਰਾਇਨਾ, ਸ਼ਾਨੂ, ਰੂਬੀ, ਰਿੰਪੀ, ਰਮਣੀਕ ਸਾਰੇ ਆਵੋ, ਦੇਖੋ ਮੈਂ ਤੁਹਾਡੇ ਲਈ ਕੀ, ਕੀ ਖਰੀਦਣ ਲੱਗਾ।"

ਪਰ ਤਦ ਹੀ ਮੇਰੀ ਪਤਨੀ ਤੈਸ਼ ਵਿਚ, ਮਾਂ ਕਾਲੀ ਦਾ ਰੂਪ ਧਾਰੀ ਧਾਵਾ ਬੋਲਦੀ ਹੈ, "ਇਹ ਕੀ ਡਿਸਟਰਬੈਂਸ ਲਾ ਰੱਖੀ ਹੈ। ਵੱਟ ਇਜ ਦਿਸ ਆਲ ਅਬਾਊਟ। ਜਸੱਟ ਕਮ ਇਨ ਕੇਕ ਕੱਟੀਏ।" ਉਹ

ਸਲੀਕੇ ਸ਼ਾਹ ਨੂੰ ਬਾਂਹ ਤੋਂ ਫੜਕੇ ਧਕੇਲਦੀ ਹੁਕਮ ਚਾੜ੍ਹਦੀ, "ਯੂ ਹੈਵ ਕਰੀਏਟਡ ਮੈਸ ਇਨ ਅਵਰ ਪ੍ਰੋਗਰਾਮ (ਤੂੰ ਸਾਡੇ ਸਮਾਗਮ ਨੂੰ ਖਰਾਬ ਕਰ ਦਿੱਤਾ।" ਉਸ ਦੇ ਇਕ ਧੱਕੇ ਨਾਲ ਹੀ ਉਸਦੇ ਖਿਲੌਣੇ ਮੁੜ ਮਿੱਟੀ ਹੋ ਗਏ। ਮੇਰੀ ਪਤਨੀ ਉਸ ਵਲ ਪੰਜ ਸੌ ਦਾ ਨੋਟ ਸੁੱਟਦੀ ਬੋਲੀ,

"ਟੇਕ ਮਨੀ ਫਲੈਡ ਅਵੇ।" (ਪੈਸੇ ਚੁੱਕ ਤੇ ਤਿੱਤਰ ਹੋ।) ਮੇਰੇ ਇਕ ਦਮ ਪਰਲ ਪਰਲ ਹੰਝੂ ਵਗ ਤੁਰੇ ਸਲੀਕੇ ਸ਼ਾਹ ਮੈਨੂੰ ਧਰਵਾਸ ਦਿੰਦਾ ਬੋਲਿਆ, "ਸਾਹਿਬ ਜੀ ਕਿਓਂ ਮਨ ਖਰਾਬ ਕਰਦੇ ਹੋ। ਮੈਂ ਖਿਡੌਣੇ ਹੋਰ ਬਣਾ ਲਵਾਂਗਾ।" ਉਹ ਬਿਨਾਂ ਪੈਸੇ ਚੁੱਕੇ ਤੁਰ ਪਿਆ ਮੇਰੀਆਂ ਅੱਖਾਂ ਤੋਂ ਉਹਲੇ ਹੋ ਗਿਆ। ਮੈਂ ਸੋਚਦਾ ਖਿਲਾਉਣੇ ਤਾਂ ਹੋਰ ਬਣ ਜਾਣਗੇ ਪਰ ਟੁੱਟੇ ਅਰਮਾਨਾਂ ਦੀ ਮੁਰੰਮਤ ਕਿਸ ਤਰ੍ਹਾਂ ਹੋਵੇਗੀ।

ਪਰ ਕੁਝ ਪਲ ਬਾਅਦ ਮੈਂ ਕੀ ਵੇਖਦਾ ਹਾਂ ਕਿ ਮੇਰੀ ਨੂੰਹ ਸਲੀਕੇ ਸ਼ਾਹ ਨੂੰ ਬੜੇ ਪਿਆਰ ਨਾਲ ਬਾਹੋਂ ਫੜ ਲੈ ਆਉਂਦੀ ਹੈ ਤੇ ਮੈਨੂੰ ਪਿਆਰ ਸਤਿਕਾਰ ਨਾਲ ਦਸਦੀ ਹੈ ਬਾਪੂ ਜੀ ਜੇ ਇਸ ਦੇ ਖਿਲਾਉਣੇ ਟੁੱਟ ਗਏ ਤਾਂ ਕੀ ਹੋਇਆ, ਆਹ ਫੜੋ ਹਜ਼ਾਰ ਰੁਪਿਆ। ਇਸ ਦੀ ਜੇਬ ਵਿਚ ਪਾ ਦੇਵੋ। ਤੁਸੀਂ ਦੋਨੋਂ ਰਮਣੀਕ ਦਾ ਬਰਥ ਡੇ ਕੇਕ ਕੱਟਣ ਲਈ ਸਮਾਗਮ ਵਿੱਚ ਅੰਦਰ ਸ਼ਾਮਲ ਹੋਵੋ ਅਤੇ ਰਮਣੀਕ ਨੂੰ ਹੈਪੀ ਬਰਥ ਡੇ ਕਹੋ!"

ਮੇਰੀਆਂ ਅੱਖਾਂ ਖੁਸ਼ੀ ਦੇ ਹੰਝੂਆਂ ਨਾਲ ਤਰ ਹੋ ਗਈਆਂ।

**ਸੰਪਰਕ-**98158-10630

---

ਖੁਸ਼ਕਿਸਮਤੀ ਨਾਲ ਮੇਰਾ ਸੰਪਰਕ ਅੰਮ੍ਰਿਤਾ ਨਾਲ ਹੋ ਗਿਆ। ਮੇਰੀਆ ਰਚਨਾਵਾਂ ਨੂੰ ਉਹਨਾਂ ਨੇ ਉਤਸਾਹ ਦਿੱਤਾ। ਮਨ ਵਿਚ ਆਇਆ, ਏਡੀ ਵੱਡੀ ਲੇਖਿਕਾ ਮੈਨੂੰ ਇੰਜ ਉਤਸਾਹਤ ਕਰ ਰਹੀ ਹੈ। ਉਹਨਾਂ ਨੇ ਲਿਖਿਆ, "ਤੇਰੇ ਅੰਦਰ ਐਸਾ ਕਲਾਕਾਰ ਛੁਪਿਆ ਬੈਠਾ ਹੈ ਜਿਸਤੋਂ ਮੈਨੂੰ ਬਹੁਤ ਉਮੀਦਾਂ ਨੇ ਕਿ ਤੂੰ ਆਉਣ ਵਾਲੇ ਸਮੇਂ ਵਿਚ ਬੜਾ ਵਧੀਆ ਲਿਖ ਸਕਦਾ ਏਂ।" ਇਸ ਤੋਂ ਬਾਅਦ, ਮੈਂ ਇੱਟਾਂ ਰੋੜਿਆਂ ਵਿਚ ਰੁਲੀ ਜਿਸ ਜ਼ਿੰਦਗੀ ਨੂੰ ਹੰਢਾ ਕੇ ਆਇਆ ਸੀ, ਉਸਨੂੰ ਇਕ ਕਲਾਕਾਰ ਦੇ ਰੰਗਾਂ ਵਾਂਗ ਇਕੱਠਾ ਕਰ ਲਿਆ ਤੇ ਹੁਣ ਤੱਕ ਉਸ ਖਮੀਰ ਨੂੰ ਹੀ ਸਰਕੁਲੇਟ ਕਰ ਰਿਹਾ ਹਾਂ। ਇਸ ਗੱਲ ਦਾ ਮੇਰੀ ਜ਼ਿੰਦਗੀ ਵਿਚ ਬੜਾ ਅਹਿਮ ਰੋਲ ਹੈ। ਵੇਖੋ, ਦਲਬੀਰ ਚੇਤਨ ਹੋਇਆ ਲੈਂਡਲਾਰਡ, ਭੁੱਲਰ ਫ਼ੌਜੀ ਅਫ਼ਸਰ, ਰਸ਼ਿਮ ਬੈਂਕ ਅਧਿਕਾਰੀ, ਸੁਰਿੰਦਰ ਸ਼ਰਮਾ ਸਰਕਾਰੀ ਅਫ਼ਸਰ, ਕਿਰਪਾਲ ਕਜ਼ਾਕ ਠੇਕੇਦਾਰ ਤੇ ਮੰਨਿਆ ਹੋਇਆ ਕਾਰੀਗਰ, ਪਰ ਮੈਥੋਂ ਅੰਮ੍ਰਿਤਾ ਨੇ ਕਿਹੜੀ ਗਰਜ਼ ਪੂਰੀ ਕਰਨੀ ਸੀ? ਮੈਂ ਇਕ ਪੈਟ੍ਰੋਲ ਪੰਪ ਉੱਤੇ ਮਾਮੂਲੀ ਚੌਕੀਦਾਰ ਸੀ। ਮੇਰੇ ਨਾਲ ਕਿਸੇ ਨੂੰ ਕੀ ਗਉਂ ਸੀ। ਤੇ ਖ਼ਾਸ ਕਰ ਅੰਮ੍ਰਿਤਾ ਜੀ ਨੂੰ। ਹੁਣ ਵੇਖੋ ਬਹੁਤੇ ਪਰਚਿਆਂ ਵਾਲੇ ਐਸੇ ਹਨ ਕਿ ਰਚਨਾ ਦੀ ਪਹੁੰਚ ਤੱਕ ਦਾ ਖ਼ਤ ਨਹੀਂ ਲਿਖਦੇ। ਇਸ ਦੇ ਉਲਟ ਅੰਮ੍ਰਿਤਾ ਰਚਨਾ ਬਾਰੇ ਪ੍ਰਤੀਕਰਮ ਹੀ ਨਹੀਂ ਭੇਜਦੀ, ਸਗੋਂ ਜੇ ਦੋ ਚਾਰ ਮਹੀਨੇ ਰਚਨਾ ਨਾ ਭੇਜੋ ਤਾਂ ਖ਼ਤ ਲਿਖੇਗੀ ਕਿ ਤੂੰ ਲਿਖ ਕਿਉਂ ਨਹੀਂ ਰਿਹਾ।

**(ਪ੍ਰੇਮ ਗੋਰਖੀ ਦੀ ਗੁਰਬਚਨ ਸਿੰਘ ਭੁੱਲਰ ਵੱਲੋਂ ਕੀਤੀ ਮੁਲਾਕਾਤ 'ਚੋਂ, ਪੁਸਤਕ ਬਚਨ-ਬਿਲਾਸ 'ਚੋਂ)**

---



## ਕਹਾਣੀ/ ਰੋਟੀ / - ਪ੍ਰੀਤਮ ਸਿੰਘ ਕੈਂਥੋ (ਡਾ.)

ਉਹ ਸਵੇਰੇ ਜੰਗਲ ਪਾਣੀ ਜਾ ਕੇ ਬਾਹਰੋਂ ਆ ਰਿਹਾ ਸੀ ਕਿ ਗਲੀ ਵਿਚ ਮਿੰਨ੍ਹਾ ਮਿੰਨ੍ਹਾ ਜਿਹਾ ਰੌਲਾ ਸੁਣਾਈ ਦਿੱਤਾ। ਲੱਗਦਾ ਸੀ ਜਿਵੇਂ ਇਹ ਝਗੜੇ ਦਾ ਸ਼ੋਰ ਹੋਵੇ। ਵਧਦੇ ਕਦਮਾਂ ਨਾਲ ਪਤਾ ਲੱਗਾ ਕਿ ਕਿ ਸ਼ੋਰ ਕਿਸੇ ਗੰਭੀਰ ਝਗੜੇ ਦਾ ਸੰਕੇਤ ਦੇ ਰਿਹਾ ਸੀ। ਆਪਣੇ ਘਰ ਦੇ ਮੂਹਰੇ ਆਉਂਦਿਆਂ ਹੀ ਉਸ ਨੇ ਮਹਿਸੂਸ ਕੀਤਾ ਕਿ ਤੂੰ ਤੂੰ ਮੈਂ ਮੈਂ ਦਾ ਇਹ ਰੌਲਾ ਤਾਂ ਹੋਰ ਕਿਤਿਉਂ ਨਹੀਂ ਸਗੋਂ ਉਸ ਦੇ ਆਪਣੇ ਘਰ ਵਿਚੋਂ ਹੀ ਆ ਰਿਹਾ ਸੀ। ਇਕ ਦੂਜੇ ਤੇ ਦੂਸ਼ਣ ਲਾਉਂਦੀਆਂ ਉੱਚੀਆਂ ਖਰਵੀਆਂ ਆਵਾਜ਼ਾਂ ਉਸ ਦੇ ਕਦਮਾਂ ਦਾ ਸੁਆਗਤ ਕਰ ਰਹੀਆਂ ਸਨ। ਇਹ ਨਿਰੀ ਕਾਵਾਂ ਰੌਲੀ ਨਹੀਂ ਸੀ, ਸਗੋਂ ਵਿਹੜੇ ਵਿਚ ਉਸ ਦੇ ਮਾਤਾ ਪਿਤਾ ਹੀ ਬੋਲ ਕਬੋਲ ਬੋਲ ਰਹੇ ਸਨ। ਘਰ ਵਿਚ ਲੜਾਈ ਗਹਿ ਗੱਚ ਬਣਦੀ ਜਾ ਰਹੀ ਸੀ। ਦੋਵੇਂ ਇਕ ਦੂਜੇ ਦੀ ਲਾਹ ਪਾਹ ਦੇ ਆਹਰੇ ਲੱਗੇ ਹੋਏ ਸਨ।

ਨਿਰਸੰਦੇਹ ਇਹ ਕਸ਼ਮਕਸ਼ ਦਾ ਭਰਵਾਂ ਰੂਪ ਸੀ। ਉਹ ਬੜਾ ਪਰੇਸ਼ਾਨ ਹੋ ਰਿਹਾ ਸੀ ਕਿਉਂ ਕਿ ਉਸ ਦਾ ਮਾਪਿਆਂ ਨਾਲ ਬੇਹੱਦ ਪਿਆਰ ਸੀ। ਦੋਨੋ ਉਸ ਨੂੰ ਪਿਆਰ ਵੀ ਕਾਫੀ ਕਰਦੇ ਹਨ। ਉਨ੍ਹਾਂ ਨੂੰ ਲੜਦਿਆਂ ਦੇਖ ਕੇ ਉਸ ਨੂੰ ਸੱਲ ਪੈ ਰਹੇ ਸਨ। ਉਸ ਦਾ ਹਿਰਦਾ ਵਲੂੰਧਰਿਆ ਗਿਆ। ਬਚਪਨ ਦਾ ਹਿਰਦਾ ਇੰਨਾ ਸੂਖਮ ਹੁੰਦਾ ਹੈ ਕਿ ਉਹ ਮਾੜੀ ਮੋਟੀ ਜਰਬ ਵੀ ਸਹਿਣ ਨਹੀਂ ਕਰ ਸਕਦਾ। ਮਾਪਿਆਂ ਦਾ ਝਗੜਨਾ ਤਾਂ ਉਹਦੇ ਵਾਸਤੇ ਇਕ ਗਹਿਰੇ ਸਦਮੇ ਦੀ ਨਿਆਈਂ ਸੀ। ਪ੍ਰੰਤੂ ਉਹ ਅਸਮਰਥ ਸੀ। ਚੀਸ ਵੱਟ ਕੇ ਸਹਿ ਹੀ ਸਕਦਾ ਸਾਂ। ਪ੍ਰੰਤੂ ਮਨ ਅੰਦਰੋ ਅੰਦਰੀ ਭਰਿਆ ਪੀਤਾ ਸੀ। ਮਾਤਾ ਪਿਤਾ ਪ੍ਰਤੀ ਪਿਆਰ, ਸਤਿਕਾਰ ਮਾਤਾ ਪਿਤਾ ਦੇ ਆਪਸੀ ਗਹਿ ਗੱਚ ਤਕਰਾਰ ਕਾਰਨ ਮਾਂਦ ਪੈਣ ਦੀ ਕਗਾਰ ਤੇ ਜਾ ਪੁੱਜਿਆ। ਏਥੋਂ ਹੀ ਸੋਚਾਂ ਉਭਰਦੀਆਂ ਹਨ। ਘਰ ਦੀਆਂ ਬੇਅੰਤ ਕਮਜ਼ੋਰੀਆਂ ਹੁੰਦੀਆਂ ਹਨ ਜਿਸ ਨਾਲ ਘਰ ਜਰਜਰਾ ਹੋ ਜਾਂਦਾ ਹੈ। ਘਰ ਦੀ ਵੱਡੀ ਗੱਲ ਜਿਹੜੀ ਕਮਜ਼ੋਰੀ ਪੈਦਾ ਕਰਦੀ ਹੈ, ਉਹ ਹੈ ਪੈਸੇ ਧੇਲੇ ਦੀ ਕਿੱਲਤ। ਇਹ ਘਾਟ ਜਿੱਥੇ ਘਰ ਨੂੰ ਕਮਜ਼ੋਰ ਕਰਦੀ ਹੈ, ਉੱਥੇ ਘਰ ਦੇ ਜੀਆਂ ਵਿਚਲੇ ਪਿਆਰ ਨੂੰ ਵੀ ਨਾਸ ਕਰਦੀ ਹੈ। ਸਿਰਫ ਦੋਹਾਂ ਜੀਆਂ ਵਿਚ ਹੀ ਨਹੀਂ, ਸਗੋਂ ਬੱਚਿਆਂ ਤੇ ਵੀ ਘਿਨੌਣਾ ਅਸਰ ਕਰਦੀ ਹੈ। ਬੱਚਿਆਂ ਦੀ ਮਾਨਸਿਕਤਾ ਦੁਰਬਲ ਹੁੰਦੀ ਜਾਂਦੀ ਹੈ। ਉਂਝ ਘਰ ਦੀ ਹਾਲਤ ਉਸ ਤੋਂ ਗੁੱਝੀ ਨਹੀਂ ਸੀ। ਉਹ ਇਹ ਤੇ ਜਾਣਦਾ ਸੀ ਕਿ ਘਰ ਕੁਝ ਸਮੇਂ ਤੋਂ ਲੋੜਾਂ ਥੋੜਾਂ ਦਾ ਮੁਹਤਾਜ ਹੁੰਦਾ ਜਾ ਰਿਹਾ ਸੀ। ਪੈਸੇ ਦੀ ਆਮਦ ਦੇ ਸਾਧਨ ਘਟਦੇ ਜਾ ਰਹੇ ਸਨ ਪੈਸੇ ਦੀ ਕਿੱਲਤ ਕਾਰਣ ਆਏ ਦਿਨ ਕਲੇਸ਼ ਹੀ ਰਹਿਣ ਲੱਗ ਪਿਆ ਸੀ। ਨਿੱਤ ਦਾ ਕਲੇਸ, ਬੋਲ-ਕੁਬੋਲ ਹੁੰਦਾ ਹੋਇਆ ਪਰਵਾਰਕ ਪਿਆਰ ਨੂੰ ਵੀ ਆਪਣੀ ਲਪੇਟ ਵਿਚ ਲੈਂਦਾ ਜਾ ਰਿਹਾ ਸੀ। ਮਾਨਸਿਕਤਾ ਡਾਵਾ ਡੋਲ ਹੁੰਦੀ ਹੋਈ ਘਰ ਦੇ ਹਰ ਜੀਅ ਦਾ ਸਕੂਨ ਭੰਗ ਕਰ ਰਹੀ ਸੀ।

ਮਾਤਾ ਜੀ ਬਹੁਤ ਹੀ ਨਿਮੋਝੂਣੇ ਹੋਏ ਬੋਲ ਰਹੇ ਹਨ। ਉਸ ਨੇ ਬੜੀ ਘਬਰਾਹਟ ਵਿਚ ਕੌੜੇ ਬੋਲ ਬੋਲਦੀ ਮਾਂ ਨੂੰ ਪੁੱਛਿਆ, ਮਾਤਾ ਕੀ ਗੱਲ ਹੋਈ? ਕਿਉਂ ਝਗੜ ਰਹੇ ਹੋ? ਮਾਤਾ, ਪੁੱਤਰ ਤੋਂ ਬੇ ਧਿਆਨੀ ਪਹਿਲਾਂ ਨਾਲੋਂ ਵੀ ਵੱਧ ਤਿੱਖੀ ਤੜਪਦੀ ਆਵਾਜ਼ 'ਚ ਪਿਤਾ ਨੂੰ ਬੋਲੀ, "ਨਾ ਮੈਂ ਚੁੱਲ੍ਹੇ 'ਚ ਅੱਗ ਬਾਲਣ ਲਈ ਲੱਕੜੀਆਂ ਦੀ ਥਾਂ ਆਪਣੀਆਂ ਲੱਤਾਂ ਡਾਹਵਾਂ?" ਭਾਵੁਕ ਵਹਿਣਾਂ ਵਿਚ ਗੋਤੇ ਲਾਉਂਦੀ ਹੋਈ ਮਾਤਾ ਦਾ ਲਹਿਜ਼ਾ ਕਾਬੂ ਵਿਚ ਨਹੀਂ ਸੀ। ਪਤਾ ਨਹੀਂ ਉਹ ਪਿਤਾ ਨੂੰ ਪੁੱਛ ਰਹੀ ਸੀ ਕਿ ਘਰ ਦੀ ਹਾਲਤ ਸੰਬੰਧੀ ਦੱਸ ਰਹੀ ਸੀ। ਖਬਰੇ ਉਹ ਮਾਨਵ ਦੀ ਤੜਪਣਾ ਨਾਲ ਭਰੇ ਪੀਤੇ ਸਨ ਤੇ ਪਿਤਾ ਜੀ ਨੂੰ ਸਿੱਧੇ ਬੋਲ ਰਹੀ ਸਨ ਕਿ ਮੈਂ ਅੱਗ ਬਾਲਣ ਲਈ ਲੱਕੜੀਆਂ ਲਈ ਆਪਣੀਆਂ ਲੱਤਾਂ ਚੁੱਲ੍ਹੇ 'ਚ ਡਾਹਵਾਂ। ਭਾਵੁਕ ਵਹਿਣ ਵਿਚ ਬੋਲਦੀ ਹੋਈ ਮਾਤਾ ਜੀ ਦਾ ਲਹਿਜਾ ਵੀ ਕੰਟਰੋਲ ਵਿਚ ਨਹੀਂ ਸੀ। ਪਿਤਾ, ਅੱਗ ਬਗੋਲਾ

ਹੋ ਗਿਆ ਤੇ ਜਵਾਬ ਦਿੱਤਾ, "ਨਾ ਫਿਰ ਤੂੰ ਆਪਣੀਆਂ ਕਾਹਨੂੰ ਮੇਰੀਆਂ ਲੱਤਾਂ ਹੀ ਚੁੱਲ੍ਹੇ ਵਿਚ ਡਾਹ ਦੇ। ਤੇਰੇ ਕਲੇਜੇ ਠੰਡ ਪੈ ਜਾਊ।"

ਨਾ ਸਵਾਲ ਹੀ ਸਲੀਕੇ ਵਾਲਾ ਸੀ ਤੇ ਨਾ ਹੀ ਜਵਾਬ। ਗੁੱਸੇ ਦੇ ਵਹਿਣਾਂ ਵਿਚ, ਤਕਰਾਰ ਵਿਚ ਇਸ ਤਰ੍ਹਾਂ ਹੀ ਬੋਲਿਆ ਜਾਂਦਾ ਹੈ। ਗੁੱਸੇ ਵਿਚ ਤਕਰਾਰ ਕਰ ਰਹੇ ਸਨ। ਜ਼ਾਹਰ ਸੀ ਕਿ ਮਜਬੂਰੀ ਦੇ ਥਪੇੜੇ ਅਤੇ ਦੁੱਖਾਂ ਦੇ ਭਾਰ ਨਾਲ ਘੁਲਦੀ ਜ਼ਿੰਦਗੀ ਬੋਲ ਰਹੀ ਸੀ। ਹਿਰਦੇ ਭਾਵੇਂ ਦੋਹਾਂ ਦੇ ਬੋਲ ਰਹੇ ਸਨ। ਇਹ ਤਕਰਾਰ, ਆਰਥਿਕ ਮੰਦਹਾਲੀ ਦੀ ਮੂੰਹ ਬੋਲਦੀ ਤਸਵੀਰ ਸੀ। ਇਹ ਤਕਰਾਰ ਵੱਧਦੀ ਰਹੀ। ਵੱਧਦੀ ਵੀ ਕਿਉਂ ਨਾ! ਆਰਥਿਕ ਮੰਦਹਾਲੀ ਦੀ ਹੱਦ ਪਈ ਬੋਲ ਰਹੀ ਸੀ। ਮਾਤਾ ਜੀ ਕਰਦੇ ਵੀ ਕੀ! ਪਿਤਾ ਨੇ ਚੁੱਪ ਵੱਟ ਲਈ, ਕਦੇ ਕਦੇ ਵਿਚੇ ਕੋਈ ਨਾ ਕੋਈ ਜਵਾਬ ਵਿਚ ਬੇਤੁਕੀ ਜਿਹੀ ਗੱਲ ਕਰ ਦਿੰਦੇ। ਫਿਰ ਅਚਾਨਕ ਵਰ੍ਹ ਪਏ, " ਹਰ ਵੇਲੇ ਤੇਰਾ ਇਹੀ ਹਾਲ ਰਹਿੰਦਾ ਹੈ। ਕਦੇ ਘਰੇ ਇਹ ਨਹੀਂ, ਕਦੇ ਔਹ ਨਹੀਂ। ਹੁਣ ਚਾਹ ਦਾ ਵੇਲਾ ਹੈ। ਅਤੇ ਤੂੰ ਹੁਣ ਇਹ ਬਾਲਣ ਦਾ ਮਸਲਾ ਸ਼ੁਰੂ ਕਰ ਲਿਆ ਆ, ਉਹ ਵੀ ਇਸ ਵੇਲੇ ਕੀ ਘਰ ਵਿਚ ਚੁੱਲ੍ਹੇ ਵਿਚ ਅੱਗ ਬਾਲਣ ਲਈ ਕੁਝ ਵੀ ਨਹੀਂ?"

"ਮੇਰਾ ਦਿਮਾਗ ਖਰਾਬ ਏ ਤੇ ਮੈਂ ਝੂਠ ਬੋਲਦੀ ਹਾਂ? ਮੈਂ ਐਵੇਂ ਵਾਧੂ ਬੋਲ ਕੇ ਤੰਗ ਕਰਦੀ ਹਾਂ? ਮਾਤਾ ਫਿਰ ਭੜਕ ਪਈ ਅਤੇ ਆਪਣੀ ਗੱਲ ਜਾਰੀ ਰੱਖਦਿਆਂ ਬੋਲੀ, "ਜੇ ਇਸ ਵੇਲੇ ਘਰੇ ਬਾਲਣ ਲਈ ਕੁਝ ਨਹੀਂ ਤਾਂ ਮੈਂ ਕੀ ਕਰਾਂ? ਅਤੇ ਨਾ ਹੀ ਮੈਂ ਤੰਗ ਕਰਨਾ ਚਾਹੁੰਦੀ ਆ। ਜੇ ਘਰ ਵਿਚ ਐਸ ਵੇਲੇ ਕੁਝ ਹੈ ਨਹੀਂ ਤਾਂ ਮੈਂ ਕੀ ਕਰਾਂ। ਬੋਲਣ ਲਈ ਤਾਂ ਤੁਸੀਂ ਮੈਨੂੰ ਮਜਬੂਰ ਕਰਦੇ ਹੋ। ਮੇਰੀ ਕੋਈ ਗੱਲ ਹੀ ਨਹੀਂ ਗੌਲਦੇ ਤੇ ਚਾਹ ਦੀ ਉਡੀਕ ਕਰਦੇ ਹੋ।" ਪਿਤਾ ਹੋਰੀਂ ਚੁੱਪ ਵੱਟੀ ਰੱਖੀ ਅਤੇ ਮਾਤਾ ਨੇ ਆਪਣੀ ਗੱਲ ਜਾਰੀ ਰੱਖੀ। ਲੱਗਦਾ ਸੀ ਕਿ ਅੱਜ ਉਸ ਨੇ ਦਿੱਲ ਦੀ ਸਾਰੀ ਭੜਾਸ ਕੱਢ ਛੱਡਣੀ ਹੈ। ਪਿਤਾ ਨੂੰ ਸੰਬੋਧਿਤ ਹੁੰਦੀ ਉਸ ਕਿਹਾ, "ਲੋੜਾਂ ਥੋੜਾਂ ਦੀ ਮਾਰ ਮੈਂ ਕਿੰਨਾ ਕੁ ਚਿਰ ਝੱਲ ਸਕਦੀ ਆਂ। ਇਹ ਨਿੱਕਾ ਬੈਠਾ ਆ, ਮਹਿਸੂਸ ਕਰਦਾ ਹੋਵੇਗਾ। ਤੁਹਾਡੇ ਦਿਮਾਗ਼ ਵਿਚ ਇੰਨਾ ਵੀ ਮਹਿਸੂਸ ਨਹੀਂ ਹੁੰਦਾ ਕਿ ਵਿਚਾਰਾ ਪੜ੍ਹਦਾ ਆ ਤੇ ਦਿਨ ਰਾਤ ਮਿਹਨਤ ਵੀ ਕਰਦਾ ਆ, ਉਸ ਵਿਚਾਰੇ ਨੂੰ ਦੁੱਧ ਬਗੈਰਾ ਤਾਂ ਕੀ ਮਿਲਣਾ ਆ, ਸਗੋਂ ਤੁਸੀਂ ਉਹਦੇ ਦਿਲ ਨੂੰ ਵੀ ਝੁਲਸ ਕੇ ਰੱਖ ਦਿੱਤਾ ਹੈ। ਮੈਨੂੰ ਪਤਾ ਕਿ ਮੈਂ ਕਿੱਦਾ ਘਰ ਦਾ ਗੁਜਾਰਾ ਚਲਾ ਰਹੀ ਆਂ। ਪਿਤਾ ਸੁਣ ਰਿਹਾ ਸੀ। ਸ਼ਾਇਦ ਜਵਾਬ ਹੀ ਨਹੀਂ ਸੀ ਅਹੁੜ ਰਿਹਾ। ਬੀ ਜੀ ਸੌਂ ਰਹੇ ਸਨ ਕਿ ਬੱਚਾ ਵਿਚਾਰਾ ਅਜੇ ਨਿਆਣਾ ਹੀ ਤਾਂ ਹੈ। ਉਹ ਇਹ ਗੱਲ ਤਾਂ ਸਮਝਦਾ ਹੈ ਕਿ ਘਰ ਵਿਚ ਗਰੀਬੀ ਹੈ, ਮੰਦੀ ਹਾਲਤ ਹੈ। ਇਹ ਗਰੀਬੀ ਹੀ ਸਭ ਝਗੜਿਆਂ ਝੇੜਿਆਂ ਦੀ ਜੜ੍ਹ ਹੈ। ਪਰ ਏਨੀ ਸਮਝ ਰੱਖਣ ਦੇ ਬਾਵਜੂਦ ਉਹ ਕੁਝ ਕਰਨ ਦੇ ਸਮਰੱਥ ਨਹੀਂ ਹੈ। ਉਹ ਦੁਬਿਧਾ ਜਿਹੀ ਦੀ ਹਾਲਤ ਵਿਚ ਹੈ। ਆਪਣੇ ਪਿਤਾ ਜੀ ਨੂੰ ਕੁਝ ਕਹਿ ਨਹੀਂ ਸਕਦਾ। ਉਹ ਉਨ੍ਹਾਂ ਨੂੰ ਕੁਝ ਕਹਿਣ ਦੀ ਬਜਾਏ ਆਪਣੇ ਪਿਤਾ ਨੂੰ ਜੋਦੜੀ ਕਰ ਰਿਹਾ ਹੈ ਕਿ ਉਹ ਘਰ ਦੀ ਹਾਲਤ ਨੂੰ ਸਮਝੇ ਅਤੇ ਸੁਧਾਰਨ ਲਈ ਲੋੜੀਂਦੇ ਯਤਨ ਕਰੇ। ਭਾਪਾ ਜੀ ਨੂੰ ਆਪਣੇ ਪੁੱਤਰ ਨਾਲ ਡੂੰਘਾ ਪਿਆਰ ਹੈ। ਸੱਚੇ ਪਿਆਰ ਦਾ ਵਾਸਾ ਹੈ ਉਨ੍ਹਾਂ ਦੇ ਹਿਰਦੇ ਵਿਚ।

ਪਰ ਫਿਰ ਉਹ ਕਿਉਂ ਨਹੀਂ ਬੱਚੇ ਦੇ ਪਿਆਰ ਦੀ ਖਾਤਰ ਘਰ ਦੀ ਹਾਲਤ ਨੂੰ ਬੇਹਤਰ ਬਣਾਉਂਦਾ। ਬੀ ਜੀ ਸੋਚ ਰਹੇ ਸਨ।

ਬੀ ਜੀ ਸੋਚਦੇ ਹਨ ਕਿ ਬੱਚੇ ਨਾਲ ਪਿਆਰ ਤਾਂ ਬਥੇਰਾ ਕਰਦਾ ਹੈ ਪਰ ਉਹ ਇਸ ਬੱਚੇ ਨੂੰ ਪਾਲਣ ਪੋਸ਼ਣ ਲਈ ਕੁਝ ਕਰਦਾ ਕਿਉਂ ਨਹੀਂ। ਮੈਂ ਤਾਂ ਜ਼ਿੰਦਗੀ ਕੱਟ ਲਈ ਹੈ। ਪਰ ਇਸ ਨਿੱਕੇ ਲਈ ਤਾਂ ਕੁਝ ਕਰੇ। ਫਿਰ ਇਸ ਤੇ ਅਸਰ ਹੀ ਨਹੀਂ ਹੁੰਦਾ। ਭਾਈਆ ਜੀ (ਸਹੁਰਾ ਸਾਹਿਬ) ਨੇ ਕਿੰਨੇ ਕੰਮਾਂ 'ਚ ਪਾਇਆ। ਖੁਦ ਉਨ੍ਹਾਂ ਦਾ ਕਿੰਨਾ ਕੰਮ ਸੀ, ਕਿੰਨਾ ਚੰਗਾ ਕਾਰੋਬਾਰ ਸੀ। ਉਨ੍ਹਾਂ ਦੇ ਹੁੰਦੇ ਤੁਸੀਂ ਫਾਇਦਾ ਕਿਉਂ ਨਾ ਲਿਆ, ਬੀ ਜੀ ਫਿਰ ਭਾਪੇ ਨੂੰ ਕੋਸਣ ਲੱਗੀ। ਉਨ੍ਹਾਂ ਦੀ ਜਮ੍ਹਾਂ ਪੂੰਜੀ ਵੀ ਖਤਮ ਕਰ ਦਿੱਤੀ। ਮਕੈਨਿਕ ਦੇ ਕੰਮ 'ਚ ਪਾਇਆ ਪਰ ਕਾਮਯਾਬ ਨਾ ਹੋਏ। ਦੁਕਾਨ 'ਤੇ ਬਠਾਇਆ, ਉੱਥੇ ਵੀ ਫੇਲ੍ਹ ਹੋਏ। ਸਿਲਾਈ ਦਾ



ਕੰਮ ਸਿਖਾਇਆ, ਉਹਦੇ ਵਿਚ ਵੀ ਦਿਲਚਸਪੀ ਨਾ ਲਈ। ਜੇ ਕਿਤੇ ਕੋਈ ਕਪੜਾ ਲੈਣ ਲਈ ਆ ਜਾਂਦਾ ਤਾਂ ਸਮਝਦੇ ਜਿਵੇਂ ਇਸ ਤੋਂ ਸਾਰੇ ਸਾਲ ਦੇ ਪੈਸੇ ਆ ਜਾਣੇ ਆਂ। ਕੱਪੜੇ ਸੀਂਅ ਤੇ ਫਿਰ ਮਿਹਨਤਾਨਾ ਵੀ ਚੰਗੀ ਤਰ੍ਹਾਂ ਨਾਲ ਮੰਗਣਾ। ਅਲਗਾ ਆਖਦਾ, ਮਾਸਟਰ ਜੀ ਦੇ ਦਿਆਂਗਾ। ਜਾਂ ਕਿਸੇ ਨੇ ਆਖਣਾ ਕਿ ਆਹ ਲਓ, ਬਾਕੀ ਫਿਰ ਦੇ, ਦਿਆਂਗਾ। ਇਹ ਵੀ ਕਹਿ ਕੇ ਥੱਕ ਗਈ ਆਂ ਕਿ ਜੇ ਇਸ ਕੰਮ 'ਚ ਦਿਸਚਸਪੀ ਨਹੀਂ ਤਾਂ ਹੋਰ ਕੁਛ ਕਰ ਲਓ। ਲੋਕ ਕਿੰਨੇ ਤਰ੍ਹਾਂ ਦੇ ਕੰਮ ਕਰਦੇ ਹਨ। ਲੋਕ ਸਾਈਕਲਾਂ ਤੇ ਸਮਾਨ ਵੇਚਦੇ ਹਨ। ਸਬਜ਼ੀ ਭਾਜੀ ਵੇਚਦੇ ਹਨ, ਕੀ ਕੁਝ ਨਹੀਂ ਕਰਦੇ। ਕਹਿ ਕਹਿ ਬੇਬੱਸ ਹੋ ਗਈ ਆਂ। ਇਹ ਤਾਂ ਬਾਬੂ ਜੀ ਕੁਝ ਵੀ ਕਰ ਸਕਣ ਯੋਗੇ ਨਹੀਂ। ਕੀ ਕਰ੍ਹਾਂ! ਇਨ੍ਹਾਂ ਦੀ ਤਾਂ ਸ਼ਾਨ 'ਚ ਫਰਕ ਪੈਂਦਾ ਆ।

ਸੁਣ ਸੁਣ ਜਿਵੇਂ ਹੋਰ ਜਰਿਆ ਨਾ ਜਾਂਦਾ ਹੋਵੇ। ਮੈਂ ਕਹਿਨਾਂ ਹੁਣ ਤੂੰ ਜ਼ਿਆਦਾ ਵਧੀ ਜਾਂਦੀ ਆਂ। ਜਿਵੇਂ ਨਾ ਕਿਵੇਂ ਕੁਝ ਨਾ ਕੁਝ ਤਾਂ ਕਰਦਾ ਹੀ ਆਂ, ਤਾਂ ਹੀ ਘਰ ਚਲਦਾ ਆ। ਮੈਨੂੰ ਕਿਹੜਾ ਪਤਾ ਨਹੀਂ।

ਕਦ ਦੇ ਬਾਹਰੋਂ ਆਏ ਹੋਏ ਹੋ, ਬੀ ਜੀ ਨੇ ਫਿਰ ਨਵੇਂ ਸੁਰ ਨਾਲ ਬੋਲਣਾ ਸ਼ੁਰੂ ਕੀਤਾ।

ਕਿਉਂ ਸੁਧਾ ਝੂਠ ਬੋਲਣ ਤੇ ਲੱਕ ਬੰਨ੍ਹ ਰੱਖਿਆ ਹੈ। ਹੁਣ ਫਿਰ ਭਾਪਾ ਜੀ ਚੁੱਪ ਹਨ। ਜਵਾਬ ਹੀ ਪੱਲੇ ਨਹੀਂ ਤਾਂ ਕੀ ਉਤਰ ਦੇਣ। ਬੀ ਜੀ ਵੀ ਕੀ ਕਰ ਸਕਦੇ ਸੀ, ਸਵਾਏ ਬੋਲਣ ਦੇ। ਆਂਢ ਗੁਆਂਢ ਦੇ ਕੰਮਾਂ 'ਚ ਹੱਥ ਵਿਟਾਂਦੀ ਹੈ ਤਾਂ ਕੁਝ ਨਾ ਕੁਝ ਘਰ ਦਾ ਤੋਰਾ ਤੁਰੀ ਜਾਂਦਾ ਹੈ ਤੇ ਇਸ ਬੱਚੇ ਦੇ ਮੂੰਹ 'ਚ ਕੁਛ ਪੈਂਦਾ ਆ। ਬੀ ਜੀ ਦੇ ਹਿਰਦੇ ਵਿਚ ਪਤਾ ਨਹੀਂ ਕਿੰਨਾ ਕੁਝ ਭਰਿਆ ਪਿਆ ਹੈ। ਦੁੱਖਾਂ ਦਾ ਜਿਵੇਂ ਹੜ੍ਹ ਆਇਆ ਹੋਵੇ। ਗਰੀਬੀ ਦੁੱਖਾਂ ਦੀ ਖਾਣ ਹੈ। ਇਨ੍ਹਾਂ ਦੁੱਖਾਂ ਦਾ ਉਬਾਲ ਤਾਂ ਕੱਢਣਾ ਹੀ ਹੋਇਆ। ਬੋਲਣ ਦੇ ਸਵਾਏ ਉਸ ਕੋਲ ਹੈ ਹੀ ਕੀ। ਹਾਲਾਤ ਨਾਲ ਜੂਝਦਿਆਂ ਖਿਝ ਚੜ੍ਹਦੀ ਹੈ। ਆਪਣੇ ਆਪ ਨੂੰ ਕੋਸਦੀ ਵੀ ਹੈ ਕਿ ਹਾਏ ਰੱਬਾ ਮੈਂ ਕੋਈ ਹੁਨਰ ਕਿਉਂ ਨਾ ਸਿੱਖ ਲਿਆ ਤਾਂ ਕਿ ਕੋਈ ਕੰਮ ਕਾਰ ਕਰਨ ਜੋਗੀ ਹੋ ਜਾਂਦੀ। ਪਰ ਕਿਸਮਤ ਦੇ ਮੂਹਰੇ ਕਿਸ ਦਾ ਜ਼ੋਰ ਹੈ!

ਮੈਂ ਦੱਸੋ ਕੀ ਕਰਾਂ! ਮੈਂ ਮਿਹਨਤ ਮਜ਼ੂਰੀ ਕਰਕੇ ਘਰ ਦਾ ਤੋਰਾ ਤੋਰਦੀ ਆਂ। ਤੁਹਾਨੂੰ ਫ਼ਿਕਰ ਹੀ ਕੋਈ ਨਹੀਂ। ਦੱਸੋ ਮੈਂ ਕੀ ਕਰਾਂ! ਮੇਰਾ ਗੁਆਂਢ ਕਿੰਨਾ ਚੰਗਾ ਆ, ਹਰ ਅੜਦੀ ਸਰਦੀ ਵੇਲੇ ਉਹ ਬਹੁਤ ਮਦਦ ਕਰਦੇ ਹਨ। ਮੈਂ ਵੀ ਪੂਰਾ ਸਾਥ ਦਿੰਦੀ ਆਂ। ਹਰ ਨਿੱਕੇ ਮੋਟੇ ਕੰਮ 'ਚ ਉਨ੍ਹਾਂ ਦੇ ਕਾਰਜ ਵਿਚ ਥੱਕ ਜਾਂਦੀ ਆਂ। ਉਹ ਕੋਈ ਹੱਕ ਵੀ ਨਹੀਂ ਰੱਖਦੇ। ਮੇਰੀ ਕੀਤੀ ਮਿਹਨਤ ਦੀ ਪੂਰੀ ਤਰ੍ਹਾਂ ਕਦਰ ਕਰਦੇ ਹਨ। ਜਿਸ ਤਰ੍ਹਾਂ ਦਾ ਸਾਥ ਮੇਰੇ ਗੁਆਂਢ ਨੇ ਦਿੱਤਾ ਹੈ। ਮੈਂ ਉਨ੍ਹਾਂ ਦੇ ਅਹਿਸਾਨਾਂ ਦਾ ਬਦਲਾ ਨ੍ਹੀਂ ਦੇ ਸਕਦੀ। ਉਹ ਮੈਨੂੰ ਚਿਤਾਰਦੇ ਨਹੀਂ ਤਾਂ ਵੀ ਮੈਂ ਅੰਦਰੋਂ ਦੁਖੀ ਹਾਂ। ਆਪਣੇ ਆਦਮੀ ਦੇ ਹੁੰਦੇ ਸੁੰਦੇ ਮੈਨੂੰ ਅਜਿਹਾ ਕੰਮ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਆ। ਮੁੰਡਾ ਭਾਵੇਂ ਅਜੇ ਨਿੱਕਾ ਆ, ਪਰ ਉਹ ਮੇਰੇ ਇਸ ਮੁਸ਼ੱਕਤ ਭਰੇ ਕੰਮ ਕਰਕੇ ਅੰਦਰੋਂ ਦੁਖੀ ਆ, ਪਰ ਮੈਂ ਵੀ ਕੀ ਕਰਾਂ! ਉਹਦੇ ਕਰਕੇ ਜਫ਼ਰ ਜਾਲ ਰਹੀ ਆਂ।

ਤੂੰ ਤਾਂ ਅੱਜ ਲੈਕਚਰ ਹੀ ਕਰਨ ਡਹੀ ਹੋਈ ਆਂ। ਮੈਂ ਆਪਣੇ ਵਲੋਂ ਆਪਣੀ ਪੂਰੀ ਕੋਸ਼ਿਸ਼ ਕਰ ਰਿਹਾ ਹਾਂ। ਪਰ ਕੋਈ ਕੰਮ ਕਰਾਉਣ ਹੀ ਨਹੀਂ ਆਉਂਦਾ।

ਜ਼ਰੂਰੀ ਨਹੀਂ, ਇਹੀ ਕੰਮ ਕਰਨਾ ਆ। ਕੋਈ ਹੋਰ ਕੰਮ ਕਿਉਂ ਨਹੀਂ ਕਰਦੇ। ਜਦ ਵੇਹਲੇ ਬਹਿ ਕੇ ਗੁਜ਼ਾਰਾ ਹੁੰਦਾ ਹੋਵੇ ਤਾਂ ਖੇਚਲ ਕਰਨ ਦੀ ਕੀ ਲੋੜ ਆ। ਬੀ ਜੀ ਬੋਲੀ ਜਾ ਰਹੇ ਸਨ। ਤੁਸੀਂ ਤਾਂ ਬਾਬੂ ਬਣ ਕੇ ਵਿਹਲੇ ਬੈਠੇ ਰਹਿਣਾ ਹੈ।

ਤੇਰਾ ਕੀ ਖਿਆਲ ਆ ਕਿ ਮੈਂ ਸਬਜੀ ਭਾਜੀ ਵੇਚਾਂ! ਤਾਂ ਹੀ ਤੈਨੂੰ ਚੈਨ ਆਉਣੀ ਆ।

ਕੀ ਹਰਜ ਆ। ਲੋਕ ਕਰਦੇ ਆ। ਬੀ ਜੀ ਦਾ ਉੱਤਰ ਸੀ। ਭਾਪਾ ਜੀ ਦਾ ਹਿਰਦਾ ਬਲ ਉੱਠਿਆ। ਇਹ ਮੇਰੀ ਹਰ ਤਰ੍ਹਾਂ ਬੇਇੱਜ਼ਤੀ ਕਰਨ ਦੀ ਠਾਣੀ ਬੈਠੀ ਆ। ਪਤਾ ਨਹੀਂ ਕਿਉਂ ਇਹ ਵਾਰ ਵਾਰ ਮੈਨੂੰ ਸਬਜੀ ਆਦਿ ਵੇਚਣ ਲਈ ਮਜਬੂਰ ਕਰਦੀ ਹੈ।

"ਤੂੰ ਤਾਂ ਮੈਨੂੰ ਹੀਣਾ ਬਣਾ ਕੇ ਖੁਸ਼ ਏਂ।"

"ਤੁਹਾਨੂੰ ਕੌਣ ਸਮਝਾਵੇ ਕਿ ਕੋਈ ਕੰਮ ਹੀਣਾ ਨਹੀਂ ਬਣਾਉਂਦਾ। ਸਾਰੇ ਕੰਮ ਠੀਕ ਹੀ ਹੁੰਦੇ ਹਨ। ਆਪਣੀ ਸੋਚ ਹੀ ਹੈ ਜੋ ਕਿਸੇ ਕੰਮ ਨੂੰ ਉੱਚਾ ਨੀਵਾਂ ਬਣਾਉਂਦੀ ਹੈ। ਦਿਲ ਨਾਲ ਕੰਮ ਕਰੋ। ਉਸ ਦਾ ਫ਼ਲ ਤੁਹਾਨੂੰ ਜ਼ਰੂਰ ਮਿਲ ਜਾਵੇਗਾ। ਮਿਹਨਤ ਦੀ ਕਮਾਈ ਨਾਲ ਵਧੀਆ ਬਣੀ ਹਾਲਤ ਤੁਹਾਡੇ ਕੰਮ ਨੂੰ ਹੋਰ ਸਵਾਰ ਦੇਵੇਗੀ।"

ਕਿੱਥੋਂ ਬੀ ਜੀ ਇੰਨੀਆਂ ਸਿਆਣੀਆਂ ਗੱਲਾਂ ਕਰ ਰਹੀ ਸੀ। ਉਹ ਤਦੇ ਹੀ ਇਹ ਗੱਲਾਂ ਕਰ ਰਹੀ ਸੀ। ਕਿਉਂਕਿ ਉਹ ਕਿਰਤ ਨਾਲ ਘਰ ਦਾ ਨਿਰਬਾਹ ਕਰਨ ਜੋਗੀ ਜੁ ਹੋਈ ਸੀ।

"ਮੈਂ ਨਹੀਂ ਇਹ ਕੰਮ ਕਰਨਾ ਜਿਸ ਲਈ ਵਾਰ ਵਾਰ ਅਲਾਪ ਰਹੀ ਏਂ।"

"ਨਾ ਕਰੋ, ਤੁਹਾਡੀ ਮਰਜ਼ੀ। ਮੈਂ ਜ਼ਰੂਰ ਤੁਹਾਡੀ ਆਤਮਾ ਨੂੰ ਦੁਖੀ ਕਰਨਾ ਆਂ। ਜੋ ਹੁਣ ਕੰਮ ਕਰਦੇ ਹੋ, ਇਹੀ ਪਿਆਰ ਨਾਲ ਕਰਦੇ ਰਹੋ। ਦਿਲ ਲਾ ਕੇ ਕਰੋ। ਖਿਆਲ ਕਰੋ ਆਪਣੇ ਪੁੱਤ ਦਾ। ਮਿਹਨਤ ਕਰੋਗੇ ਤਾਂ ਇਹ ਪੜ੍ਹ ਜਾਏਗਾ। ਫਿਰ ਤੁਸੀਂ ਆਪਣੀ ਮਰਜ਼ੀ ਕਰ ਲਓ।

ਬੀ ਜੀ ਚਾਰੇ ਪਾਸਿਓਂ ਭਾਪਾ ਜੀ ਨੂੰ ਘੇਰ ਰਹੀ ਸੀ। ਭਾਪਾ ਜੀ ਦੇ ਹਿਰਦੇ ਅੰਦਰ ਅਜੀਬ ਕਸ਼ਮਕਸ਼ ਪੈਦਾ ਹੋ ਰਹੀ ਸੀ। ਉਹ ਆਪਣੇ ਕੰਮ ਬਾਰੇ ਮਹਿਸੂਸ ਵੀ ਕਰਦੇ ਹਨ ਤੇ ਆਪਣੇ ਬੱਚੇ ਦੀ ਬੇਹਤਰੀ ਲਈ ਉਨ੍ਹਾਂ ਦੇ ਹਿਰਦੇ ਵਿਚ ਅਥਾਹ ਪਿਆਰ ਵੀ ਹੈ। ਉਹ ਵੀ ਚਾਹੁੰਦੇ ਸਨ ਕਿ ਮੇਰਾ ਬੱਚਾ ਵੱਡਾ ਹੋ ਕੇ ਉਨ੍ਹਾਂ ਦਾ ਸਹਾਰਾ ਬਣੇਗਾ। ਪਰ ਉਨ੍ਹਾਂ ਦਾ ਆਪਣੇ ਕੰਮ ਪ੍ਰਤੀ ਪੂਰੀ ਤਨਦੇਹੀ ਨਾਲ ਕਰਨ ਲਈ ਅੰਦਰੋਂ ਕੋਈ ਪ੍ਰੇਰਣਾ ਨਹੀਂ ਸੀ ਉੱਠ ਰਹੀ। ਬੜੇ ਕਲਪ ਰਹੇ ਸਨ। ਉਪਰੋਂ ਦੁੱਖ ਉਨ੍ਹਾਂ ਨੂੰ ਇਹ ਵੀ ਹੋ ਰਿਹਾ ਸੀ ਕਿ ਐਸ ਵੇਲੇ ਚਾਹ ਦੇ ਸਮੇਂ ਇਹ ਬਹਿਸ ਛੇੜੀ ਜਾ ਰਹੀ ਹੈ।

ਬੀ ਜੀ ਵੀ ਕੀ ਕਰਦੇ! ਉਹ ਆਪਣੀ ਜਗ੍ਹਾ ਸੱਚੇ ਸਨ। ਉਹ ਕਿੱਦਾਂ ਉਹਨਾਂ ਦੇ ਮਨ ਵਿਚ ਕੰਮ ਪ੍ਰਤੀ ਲਗਾਓ ਪੈਦਾ ਕਰਦੇ। ਇਹ ਭਾਪਾ ਜੀ ਦੀ ਅੰਦਰੋਂ ਇਜ਼ਤ ਵੀ ਕਰਦੇ ਸਨ। ਪ੍ਰੰਤੂ ਮਜਬੂਰੀ ਹੀ ਉਨ੍ਹਾਂ ਨੂੰ ਬੋਲਣ ਤੇ ਮਜਬੂਰ ਕਰਦੀ ਸੀ। ਹੁਣ ਘੁੱਗੂ ਬਣ ਕੇ ਕਿਉਂ ਬੈਠੇ ਹੋ। ਮੈਂ ਬੇਵਜ੍ਹਾ ਤਾਂ ਨਹੀਂ ਕਹਿੰਦੀ। ਮੇਰਾ ਹਿਰਦਾ ਅੰਦਰੋਂ ਕੁਰਲਾ ਉੱਠਦਾ ਹੈ। ਮੈਂ ਕੀ ਕਰਾਂ। ਮੈਂ ਅੰਦਰੋਂ ਕਿੰਨੀ ਦੁਖੀ ਆਂ। ਤੁਹਾਡੇ ਸਿਰ ਤੇ ਜੂੰ ਨਹੀਂ ਸਰਕਦੀ। ਮੈਂ ਤੁਹਾਨੂੰ ਕਹਿੰਦੀ ਆਂ ਕਿ ਜੇ ਤੁਸੀਂ ਹੋਰ ਕੰਮ ਨਹੀਂ ਕਰਨਾ ਤਾਂ ਇਹੀ ਕਰੋ, ਦਿਲ ਲਾ ਕੇ ਕਰੋ। ਨਿੱਕੇ ਦਾ ਹੀ ਖਿਆਲ ਕਰ ਲਓ।

ਠੀਕ ਆ ਮੈਂ ਕਦੋਂ ਕਹਿਨਾਂ ਕਿ ਮੈਂ ਕੰਮ ਨਹੀਂ ਕਰਨਾ। ਪਰ ਤੂੰ ਵੀ ਤਾਂ ਉਸ ਵੇਲੇ ਚਿੰਜੜੀ ਛੇੜਦੀ ਆਂ, ਜਦੋਂ ਚਾਹ ਪਾਣੀ ਦਾ ਵੇਲਾ ਹੁੰਦਾ।

ਮੈਂ ਹੋਰ ਕਿਸ ਵੇਲੇ ਗੱਲ ਛੇੜਾਂ! ਹਰ ਵੇਲੇ ਮੈਨੂੰ ਕਲਪਣਾ ਆ ਚੂੰਬੜਦੀ ਆ। ਗਰੀਬੀ ਵੀ ਰੱਬ ਕਿਸੇ ਨੂੰ ਨਾ ਦੇਵੇ। ਫਿਰ ਇਹ ਗਰੀਬੀ ਤਾਂ ਤੁਸੀਂ ਆਪ ਹੀ ਸਹੇੜੀ ਹੋਈ ਆ।

ਭਾਪਾ ਜੀ ਦੇ ਹਿਰਦੇ ਵਿਚ ਕਲਪਣਾ ਫਿਰ ਵੱਧਦੀ ਹੈ। ਹਰ ਵੇਲੇ ਮੈਨੂੰ ਮੇਹਣੇਂ ਦੇਣੋਂ ਨਹੀਂ ਹੱਟਦੀ। ਉਨ੍ਹਾਂ ਦੇ ਦਿਲ ਅੰਦਰ ਖਿਝ, ਖਿਝਾਹਟ ਵਧਦੀ ਜਾਂਦੀ ਹੈ। ਆਦਮੀ ਜਿੰਨਾ ਮਰਜ਼ੀ ਗਲਤ ਹੋਵੇ, ਉਹ ਆਪਣੇ ਬਾਰੇ ਬਹੁਤੀ ਆਲੋਚਨਾ ਬਰਦਾਸ਼ਤ ਨਹੀਂ ਕਰ ਸਕਦਾ। ਇਹ ਇਨਸਾਨ ਦੀ ਫ਼ਿਤਰਤ ਹੈ।

"ਬਥੇਰਾ ਲੈਕਚਰ ਕਰ ਲਿਆ ਆ। ਹੁਣ ਚਾਹ ਦਾ ਕੱਪ ਤਾਂ ਫੜਾ ਦੇ।"

"ਹਾਂ, ਹੁਣ ਚਾਹ ਵੇਲੇ ਮੇਰਾ ਦਿਲ ਫਿਰ ਤੜਪਦਾ ਆ। ਚੀਨੀ ਵੀ ਮੁੱਕਣ ਤੇ ਆ ਗਈ ਆ। ਗੁੜ ਦੀ ਚਾਹ ਤਾਂ ਤੁਹਾਨੂੰ ਭਾਉਂਦੀ ਹੀ ਨਹੀਂ। ਅਮੀਰੀ ਤਾਂ ਪੂਰੀ ਆ ਤੁਹਾਡੇ ਵਿਚ। ਪਰ ਇਹ ਸੱਧਰਾਂ ਪੂਰੀਆਂ ਕਰਨ ਲਈ ਮਿਹਨਤ ਵੀ ਤਾਂ ਚਾਹੀਦੀ ਆ। ਫਿਰ ਤੁਸੀਂ ਕਹਿਣਾ ਕਿ ਤੂੰ ਹੱਟਦੀ ਹੀ ਨਹੀਂ। ਪਰ ਮੈਂ ਕੀ ਕਰਾਂ।" ਹਰ ਗੱਲ ਤੇ ਮੇਰਾ ਦਿਲ ਕਲਪਦਾ ਆ।

"ਹੁਣ ਤੂੰ ਚਾਹ ਦੇਣੀ ਕਿ ਨਹੀਂ।"

"ਤੈਨੂੰ ਚਾਹ ਸੁੱਝਦੀ ਆ। ਜਿਹੜੀ ਗੱਲ ਮੈਂ ਕਹੀ ਆ। ਉਸ ਦਾ ਜਵਾਬ ਹੀ ਨਹੀਂ। ਪਹਿਲਾਂ ਜਾ ਕੇ ਚੀਨੀ ਬਗੈਰ ਹੀ ਲੈ ਆਓ। ਨਾਲੇ ਚਾਹ ਪੱਤੀ ਵੀ ਲਗ ਭਗ ਖਤਮ ਹੀ ਆ।"



ਭਾਪਾ ਜੀ ਅੰਦਰ ਗੁੱਸਾ ਬੀ ਜੀ ਦੀ ਹਰ ਗੱਲ ਤੇ ਉੱਬਲ ਰਿਹਾ ਸੀ। ਪਰ ਉਹ ਹੁਣ ਏਨਾ ਭੱਖ ਪਿਆ ਤੇ ਉਹ ਆਪਣੀ ਹੋਸ਼ ਹਵਾਸ ਖੋਹ ਬੈਠੇ। ਉੱਠੇ ਤੇ ਬੀ ਜੀ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਸਵੇਰ ਦੀ ਮੇਰੇ ਮਗਰ ਲੱਗੀ ਹੋਈ ਆ ਤੇ ਮੈਨੂੰ ਮੁੰਡੇ ਸਾਹਮਣੇ ਬੇਇੱਜ਼ਤ ਕਰ ਰਹੀ ਆ। ਜਿਵੇਂ ਮੈਂ ਕੁਝ ਵੀ ਨਹੀਂ ਕਰ ਰਿਹਾ।

"ਮੈਂ ਚਾਹ ਕਿਵੇਂ ਬਣਾਵਾਂ ਜਦੋਂ ਮੇਰੇ ਕੋਲ ਪੂਰਾ ਸਮਾਨ ਹੀ ਨਹੀਂ ਤਾਂ।"

ਭਾਪਾ ਜੀ ਦਾ ਗੁੱਸਾ ਹੋਰ ਭੜਕ ਪਿਆ ਤੇ ਲਗਦੇ ਸਾਰ ਉਸ ਨੇ ਸੋਟੀ ਚੁੱਕ ਕੇ ਜ਼ੋਰ ਜ਼ੋਰ ਦੀ ਮਾਰਨ ਲੱਗ ਪਏ। ਮੁੰਡਾ ਭਾਵੇਂ ਛੋਟਾ ਸੀ। ਪਰ ਉਸ ਨੇ ਹਿੰਮਤ ਕਰਕੇ ਭਾਪਾ ਜੀ ਦੇ ਹੱਥੋਂ ਸੋਟੀ ਖੋਹ ਲਈ ਤੇ ਭਾਪਾ ਜੀ ਵੱਲ ਘੂਰ ਕੇ ਦੇਖਿਆ,

" ਹੁਣ ਤੁਸੀਂ ਹੋਰ ਨਹੀਂ ਮਾਰ ਸਕਦੇ।"

ਬੀ ਜੀ ਰੋ ਰਹੀ ਸੀ। ਰੋ ਹੀ ਨਹੀਂ ਸੀ ਰਹੀ। ਉੱਚੀ ਉੱਚੀ ਵਿਰਲਾਪ ਵੀ ਕਰ ਰਹੀ ਸੀ। ਇਕ ਤਾਂ ਉਨ੍ਹਾਂ ਦੀਆਂ ਸੱਟਾਂ ਦੁੱਖ ਰਹੀਆਂ ਸਨ। ਦੂਜਾ ਘਰ ਵਿਚ ਚੀਜ਼ਾਂ ਦੀ ਘਾਟ ਨੇ ਹੋਰ ਦੁਖੀ ਕੀਤਾ ਹੋਇਆ ਸੀ। ਬੀ ਜੀ ਰੋ ਰੋ ਕੇ ਬੱਦਹਾਲ ਹੋ ਗਈ ਤੇ ਅੰਤ ਨੂੰ ਥੱਕ ਗਈ ਤੇ ਆਪਣਾ ਉਬਾਲ ਕੱਢਿਆ, " ਰੱਬਾ ਮੇਰਿਆ, ਕੀ ਕਸੂਰ ਆ ਮੇਰਾ! ਬਗੈਰ ਕਸੂਰ ਦੇ ਏਨੀ ਸਜ਼ਾ ਕਿਉਂ ਦਿੱਤੀ ਜਾ ਰਹੀ ਆ। ਦੁਖੀ ਹੋ ਕੇ ਅਤੇ ਰੋ ਰੋ ਕੇ ਆਪਣਾ ਹਾਲ ਬੁਰਾ ਕਰ ਲਿਆ ਤੇ ਅੰਤ ਵਿਚ ਸ਼ਾਂਤ ਹੋ ਗਈ ਅਤੇ ਦਿਲ ਨੇ ਸਬਰ ਕਰ ਲਿਆ ਕਿ ਮਨਾਂ ਜ਼ਿੰਦਗੀ ਵਿਚ ਇਹੀ ਕੁਝ ਲਿਖਿਆ ਹੈ। ਭੁਗਤ ਰਹੀ ਆਂ।

ਉਧਰ ਭਾਪਾ ਜੀ ਨੇ ਵੀ ਆਪਣਾ ਗੁੱਸਾ ਬੀ ਜੀ ਨੂੰ ਮਾਰ ਮਾਰ ਕੇ ਕੱਢ ਲਿਆ ਸੀ। ਮੁੰਡੇ ਦੇ ਰੋਕਣ ਨੇ ਤਾਂ ਉਹਨਾਂ ਦਾ ਗੁੱਸਾ ਹੋਰ ਵੀ ਠੰਢਾ ਕਰ ਦਿੱਤਾ ਤੇ ਅੱਗੋਂ ਕੋਈ ਇਸ਼ਾਰਾ ਮਿਲ ਗਿਆ ਕਿ ਬੀ ਜੀ ਤੇ ਹੱਥ ਨਹੀਂ ਚੁੱਕਣਾ।

ਭਾਪਾ ਜੀ ਦਾ ਗੁੱਸਾ ਭਾਵੇਂ ਠੰਢਾ ਤਾਂ ਹੋ ਗਿਆ ਸੀ ਪਰ ਦਿਲ ਅੰਦਰ ਵਿਸ਼ ਜਿਹੀ ਘੁਲ਼ ਰਹੀ ਸੀ। ਦਰਅਸਲ ਮੁੰਡੇ ਨੇ ਮਾਂ ਦਾ ਪੱਖ ਲੈਂਦਿਆਂ ਉਹਨਾਂ ਦੀ ਹਉ ਨੂੰ ਸੱਟ ਮਾਰੀ ਸੀ, ਜਿਵੇਂ ਉਹ ਹੁਣ ਆਪਣੀ ਮਨਮਾਨੀ ਨਹੀਂ ਸੀ ਕਰ ਸਕਦੇ। ਉੱਧਰ ਬੀ ਜੀ ਨੇ ਆਪਣੀਆਂ ਅੰਦਰਲੀਆਂ ਖੁੱਭੀਆਂ ਗੱਲਾਂ ਨੂੰ ਬਾਹਰ ਕੱਢ ਕੇ ਤੇ ਭਾਪਾ ਜੀ ਨੂੰ ਸੁਣਾ ਕੇ ਆਪਣੇ ਦਿਲ ਦੀ ਹਵਾੜ ਕੱਢ ਲਈ ਸੀ। ਅਖੀਰ ਰੱਬ ਦਾ ਭਾਣਾ ਮੰਨ ਕੇ ਸ਼ਾਂਤ ਚਿੱਤ ਜਿਹੀ ਹੋ ਗਈ ਸੀ?। ਅੰਦਰੋਂ ਅੰਦਰੀਂ ਮਹਿਸੂਸ ਕੀਤਾ ਕਿ ਭਾਵੇਂ ਭਾਪੇ ਹੋਰਾਂ ਦਾ ਕਸੂਰ ਤਾਂ ਹੈ ਗਾ ਏ ਕਿ ਉਹ ਘਰ ਦੀਆਂ ਜ਼ੁਮੇਂਵਾਰੀਆਂ ਨੂੰ ਨਹੀਂ ਸਮਝਦੇ, ਪਰ ਉਹ ਸੋਚ ਰਹੀ ਸੀ ਕਿ ਉਹਦੀ ਲਾਹ ਪਾਹ ਕੁਝ ਜ਼ਿਆਦਾ ਹੀ ਕਰ ਦਿੱਤੀ ਹੈ ਤੇ ਨਾ ਹੀ ਰੋਟੀ ਪਾਣੀ ਪੁੱਛਿਆ ਤੇ ਚਾਹ ਤਕ ਵੀ ਨਹੀਂ ਦਿੱਤੀ। ਹੁਣ ਉਸ ਦਾ ਹਿਰਦਾ ਪੰਘਰ ਗਿਆ ਸੀ ਤੇ ਉਹ ਦਿਲੋਂ ਚਾਹੁੰਦੀ ਸੀ ਕਿ ਮੈਂ ਉਸ ਨੂੰ ਰੋਟੀ ਤੇ ਚਾਹ ਆਦਿਕ ਦੇ ਦਿਆਂ। ਬਥੇਰੀਆਂ ਸੁਣਾ ਦਿੱਤੀਆਂ ਹਨ।

ਭਾਪਾ ਜੀ ਆਪਣੀ ਬੇਪਤੀ ਹੋਈ ਹੋਣ ਕਰਕੇ ਅੰਦਰੋਂ ਅੰਦਰੀ ਰਿੱਝ ਰਹੇ ਸਨ। ਬਜਾਏ ਹੋਰ ਬੋਲਣ ਦੇ ਉਹ ਚੁੱਪ ਵੱਟੀ ਮੋਨ ਜਿਹੇ ਬਣੇ ਹੋਏ ਸਨ।

ਬੀ ਜੀ ਨੇ ਕਿਹਾ, ਹੁਣ ਰੋਟੀ ਤਾਂ ਖਾ ਲਓ। ਰੋਟੀ ਸਾਹਮਣੇ ਵੀ ਰੱਖ ਦਿੱਤੀ। ਕਿਹਾ, ਚਾਹ ਵੀ ਦਿੰਦੀ ਆਂ।

ਉਹ ਪਹਿਲੋਂ ਵਾਂਗ ਹੀ ਚੁੱਪ ਚਾਪ ਘੂਰੀ ਵੱਟੀ ਬੈਠੇ ਰਹੇ ਤੇ ਕੋਈ ਹੁੰਘਾਰਾ ਨਾ ਭਰਿਆ। ਸੱਪ ਵਾਂਗ ਵਿਸ਼ ਘੋਲ ਰਹੇ ਸਨ।

**108, Lans Downe Road, Seven Kings, ILFORD, (ESSEX) 1 G 3 8 N G, U.K., Tel:0208-597-3764**

## ਆਪਣੇ ਅੰਦਰਵਾਰ 'ਤੇ ਝਾਤ: ਬੁੱਢਾ ਹੋਇਆ ਸ਼ੇਖ ਫਰੀਦ /- ਪ੍ਰੇਮ ਪ੍ਰਕਾਸ਼

ਅੱਜ 14 ਅਕਤੂਬਰ, 2019 ਨੂੰ ਮੈਂ 87 ਸਾਲ, 6 ਮਹੀਨੇ ਤੇ 7 ਦਿਨਾਂ ਦਾ ਹੋ ਗਿਆ ਹਾਂ। ਏਸ ਲੰਮੀ ਉਮਰ 'ਚ ਮੈਂ ਬੜੇ ਪਾਪੜ ਵੇਲ਼ੇ ਨੇ। ਜਿਨ੍ਹਾਂ ਵਿਚੋਂ ਕਿਸੇ ਨੂੰ ਵੀ ਮੈਂ ਨਾ ਬਹੁਤਾ ਮਾੜਾ ਤੇ ਨਾ ਬਹੁਤਾ ਚੰਗਾ ਮਨੰਦਾ ਹਾਂ। ਹਰੇਕ ਧੰਦੇ ਨੇ ਮੇਰੇ ਤਜਰਬਿਆਂ 'ਚ ਏਨਾ ਵਾਧਾ ਕੀਤਾ ਏ ਕਿ ਮੈਨੂੰ ਫ਼ਖ਼ਰ ਹੁੰਦਾ ਏ। ਮੈਨੂੰ ਲੱਗਦਾ ਏ ਕਿ ਮੈਂ ਵੱਧ ਤੋਂ ਵੱਧ ਪੜ੍ਹੇ ਲਿਖੇ ਅਤੇ ਤਜਰਬੇਕਾਰ ਲੋਕਾਂ ਵਿਚੋਂ ਹਾਂ। -1947 ਦੀ ਦੇਸ-ਵੰਡ ਵੇਲ਼ੇ ਮੈਂ 15 ਕੁ ਸਾਲ ਦਾ ਸੀ ਤੇ ਨੌਵੀਂ 'ਚ ਪੜ੍ਹਦਾ ਸੀ। ਮੈਂ ਖੰਨੇ ਦੀਆਂ ਦੋ ਲਾਇਬ੍ਰੇਰੀਆਂ ਵਿਚੋਂ ਕਿਤਾਬਾਂ ਕਢਵਾ ਕੇ ਉਰਦੂ ਤੇ ਹਿੰਦੀ ਸਾਹਿਤ ਦੀਆਂ ਬਹੁਤ ਸਾਰੀਆਂ ਰਚਨਾਵਾਂ ਪੜ੍ਹ ਚੁੱਕਿਆ ਸੀ। ਮੈਂ ਧਰਮਾਂ ਤੇ ਜਾਤਾਂ ਬਾਰੇ ਆਪਣੇ ਫੈਸਲੇ ਕਰਨ ਲੱਗ ਪਿਆ ਸੀ। ਜਦ 1949 'ਚ ਮੈਂ ਦਸਵੀ ਪਾਸ ਕੀਤੀ ਤਾਂ ਮੇਰੇ ਸਾਹਮਣੇ ਮਸਲਾ ਕੋਈ ਨੌਕਰੀ ਜਾਂ ਕੰਮ ਕਰਨ ਦਾ ਸੀ। ਮੈਂ ਹੋਰ ਪੜ੍ਹਨਾ ਚਾਹੁੰਦਾ ਸੀ, ਪਰ ਘਰ ਦੇ ਹਾਲਾਤ ਵਿਗੜ ਗਏ ਸੀ। ਸਾਡੀਆਂ ਜ਼ਮੀਨਾਂ ਦੋ ਸਾਲ ਤੋਂ ਵਿਹਲੀਆਂ ਪਈਆਂ ਸਨ। ਬਹੁਤੀ ਜ਼ਮੀਨ ਹੋਣ ਕਰ ਕੇ ਸਰਕਾਰ ਵੱਲੋਂ ਖੋਹ ਲੈਣ ਦਾ ਵੀ ਡਰ ਸੀ। ਉਹਨਾਂ ਦਿਨਾਂ 'ਚ ਪੈਪਸੂ 'ਚ 'ਮੁਜ਼ਾਰਾ ਐਕਟ' ਬਨਣ ਲੱਗਿਆ ਸੀ। ਜੀਹਦੇ ਨਾਲ ਜ਼ਮੀਨ ਦੀ ਮਾਲਕੀ ਦੀ ਸੀਮਾਂ ਬੰਨ੍ਹਣ ਤੇ ਵਾਧੂ ਜ਼ਮੀਨ ਮਜ਼ਾਰਿਆਂ ਨੂੰ ਦੇਣ ਦੀਆਂ ਗੱਲਾਂ ਹੁੰਦੀਆਂ ਸਨ।

ਸਾਡੀ ਬਹੁਤੀ ਜ਼ਮੀਨ ਬਗੁਜ਼ਰਾਂ ਪਿੰਡ 'ਚ ਸੀ, ਕੋਈ 386 ਵਿੱਘੇ। ਸਾਡੇ ਸਾਹਮਣੇ ਉਥੇ ਦੀ ਜ਼ਮੀਨ ਨੂੰ ਬਚਾਓਣ ਤੇ ਘਰ ਨੂੰ ਚਲਾਓਣ ਲਈ ਖੇਤੀ ਕਰਨਾ ਹੀ ਇਕ ਰਾਹ ਸੀ।

ਸੋ ਮੈਂ ਚਾਰ ਸਾਲ ਪਿੰਡ ਬਡਗੁਜ਼ਰਾਂ 'ਚ ਖੇਤੀ ਕੀਤੀ। ਬਲਦਾਂ, ਊਠ ਤੇ ਟਰੈਕਟਰ ਨਾਲ ਹੱਲ੍ਹ ਵਾਹਿਆ। ਟਿਊਬ ਵੈੱਲ ਦੀ ਮਕੈਨਕੀ ਸਿੱਖੀ ਤੇ ਫੇਰ ਚਲਾਇਆ।...ਫ਼ੇਰ ਮਨ ਕੌੜੇ ਬਾਪ ਦਾ ਭਾਰ ਨਾ ਝੱਲ ਸਕਿਆ ਤਾਂ ਜੇ. ਬੀ. ਟੀ. ਕਰ ਕੇ ਪ੍ਰਾਇਮਰੀ ਸਕੂਲ ਮਾਸਟਰ ਬਣ ਗਿਆ। ਨੌਂ ਸਾਲ ਜ਼ਿਲ੍ਹਾ ਜਲੰਧਰ 'ਚ ਸਕੂਲਾਂ 'ਚ ਮਾਸਟਰੀ ਦੀ ਝੱਖ ਮਾਰੀ। ... ਫੇਰ ਅੰਦਰ ਕੋਈ ਭੁਚਾਲ ਜਿਹਾ ਆਇਆ ਤਾਂ ਮੈਂ ਸਰਕਾਰੀ ਨੌਕਰੀ ਛੱਡ ਕੇ ਫੇਰ ਖੇਤੀ 'ਚ ਜਾ ਵੜਿਆ। ਭਾਈ ਨਾਲ ਗੜਬੜ ਹੋਣ ਲੱਗੀ ਤਾਂ ਬਾਪ ਨੇ ਸਮਝਾਇਆ ਕਿ ਇਹ ਪੜ੍ਹੇ ਲਿਖੇ ਬੰਦਿਆਂ ਦਾ ਕੰਮ ਨਹੀਂ। ਫੇਰ ਮੈਂ ਜਰਨਲਿਜ਼ਮ ਦਾ ਕੋਰਸ ਕਰ ਕੇ ਉਰਦੂ ਅਖ਼ਬਾਰ 'ਚ ਸਬ-ਐਡੀਟਰ ਲੱਗ ਗਿਆ। ਅਖ਼ਬਾਰਾਂ ਦੀ 26 ਸਾਲ ਦੀ ਨੌਕਰੀ ਕਰਦਿਆਂ ਮੇਰਾ ਹੱਥ ਤੰਗ ਈ ਰਿਹਾ, ਪਰ ਤਜਰਬਾ ਤੇ ਗਿਆਨ ਬਹੁਤ ਵਧਿਆ। ਹੱਥ ਸੌਖਾ ਕਰਨ ਲਈ ਕਦੇ ਮੇਰੇ ਪਿੰਡੋਂ ਦਾਨਾ ਫੱਕਾ ਤੇ ਕਈ ਹੋਰ ਚੀਜ਼ਾਂ ਆ ਜਾਂਦੀਆਂ ਤੇ ਕਦੇ ਸਮਰਾਲੇ, ਮੇਰੇ ਸਹੁਰਿਆਂ ਤੋਂ ਆ ਜਾਂਦੀਆਂ। ਉਹ ਵੀ ਜ਼ਮੀਨਾਂ ਵਾਲੇ ਨੇ। ਉਹ ਆਪਣੀ ਧੀ ਨੂੰ ਦੇਂਦੇ ਈ ਰਹਿੰਦੇ ਸੀ। ਬਸ ਖਿੱਚ ਧੂ ਕਰ ਕੇ ਗੁਜ਼ਾਰਾ ਚੰਗਾ ਚੱਲਦਾ ਰਿਹਾ। ਜਰਨਲਿਸਟ ਹੋਣ ਕਰ ਕੇ ਜਲੰਧਰ ਦੀ ਪੌਸ਼ ਕਾਲੋਨੀ 'ਚ ਸਸਤਾ ਪਲਾਟ ਮਿਲ ਗਿਆ। ਉਹਦੇ 'ਤੇ ਆਪਣਾ ਮਕਾਨ ਬਣਾ ਲਿਆ। ਜੀਹਦੇ ਲਈ ਮੇਰੇ ਹਿੱਸੇ ਦੀ ਜ਼ਮੀਨ ਦੇ ਪੈਸੇ ਖੇਤੀ ਕਰਦੇ ਛੋਟੇ ਭਾਈ ਨੇ ਦੇ ਦਿੱਤੇ ਸਨ। ਫੇਰ ਕੁਝ ਪੈਸੇ ਫੇਰ ਵੇਚੀ ਜ਼ਮੀਨ ਦੇ ਮਿਲ ਗਏ। ਫੇਰ ਦੋ ਧੀਆਂ ਦੇ ਕਾਰਜ ਕੀਤੇ ਤੇ ਫੇਰ ਪੁੱਤ ਵੀ ਵਿਆਹ ਲਿਆ।

ਮੈਨੂੰ ਹੁਣ ਸੋਚਦੇ ਨੂੰ ਹੈਰਾਨੀ ਹੁੰਦੀ ਏ ਕਿ ਮੈਂ ਏਨਾ ਨਿਕੰਮਾ ਬੰਦਾ ਏਨੇ ਸਾਰੇ ਕੰਮ ਕਿਵੇਂ ਕਰਦਾ ਰਿਹਾ ਸੀ। ਫੇਰ ਸਮਝ ਪੈਂਦੀ ਏ ਕਿ ਇਹ ਮੈਂ ਨਹੀਂ, ਮੇਰੀ ਪਤਨੀ ਜਨਕ ਦੁਲਾਰੀ ਕਰਦੀ ਰਹੀ ਸੀ। ਘਰ ਅਸਲ 'ਚ ਘਰਵਾਲੀ ਦਾ ਈ ਹੁੰਦਾ ਏ। ਮਕਾਨ ਬਨਾਓਣਾ ਤੇ ਬੱਚਿਆਂ ਦਾ ਵਿਆਹ ਕਰਨਾ, ਇਹ ਸਾਰੇ ਕੰਮ



ਮੇਰੀ ਘਰਵਾਲੀ ਨੇ ਈ ਕੀਤੇ। ਮੈਂ ਤਾਂ ਪ੍ਰਾਹੁਣਿਆਂ ਵਾਂਗ ਈ ਬੈਠਾ ਰਹਿੰਦਾ ਸੀ। 1974 'ਚ ਅਸੀਂ ਨਵੇਂ ਮਕਾਨ 'ਚ ਗਏ ਤਾਂ ਆਲੇ ਦੁਆਲੇ ਖੁੱਲ੍ਹਾ ਥਾਂ ਹੋਣ ਕਰ ਕੇ ਮੈਨੂੰ ਗਾਵਾਂ ਰੱਖਣ ਦਾ ਚਸਕਾ ਯਾਦ ਆ ਗਿਆ। ਫੇਰ ਕੁੱਤੇ ਵੀ ਰੱਖਦਾ ਰਿਹਾ।

ਜਦ ਮੇਰੀ ਪਤਨੀ ਜਨਕ ਦੁਲਾਰੀ ਤਿੰਨ ਸਤੰਬਰ, 2016 ਨੂੰ ਲੰਮੀ ਬਿਮਾਰੀ ਦੇ ਬਾਅਦ ਪਰਲੋਕ ਚਲੀ ਗਈ ਸੀ ਤਾਂ ਮੇਰੇ ਲਈ ਘਰ ਦੀ ਸੰਭਾਲ ਦਾ ਏਡਾ ਮਸਲਾ ਨਹੀਂ ਸੀ ਬਣਿਆ। ਮੈਂ ਸਾਰੇ ਕੰਮ ਆਪਣੇ ਪੁੱਤ ਤੇ ਨੂੰਹ 'ਤੇ ਛੱਡ ਦਿੱਤੇ ਸਨ। ਵੱਡੇ ਟੱਬਰ 'ਚ ਨਿਕੰਮਿਆਂ ਦਾ ਵੀ ਕੰਮ ਵਾਹਵਾਹ ਚੱਲ ਜਾਂਦਾ ਏ।

ਜਦ ਮੈਂ 1990 'ਚ ਅਖਬਾਰ 'ਹਿੰਦ ਸਮਾਚਾਰ' ਤੋਂ ਰਿਟਾਇਰ ਹੋਇਆ ਤਾਂ ਮੇਰਾ ਮੁੰਡਾ ਦੁਕਾਨ ਕਰਦਾ ਸੀ, ਪਰ ਕਮਾਉਂਦਾ ਕੁਝ ਨਹੀਂ ਸੀ। ਜਿਸ ਦਿਨ ਮੈਂ ਰਿਟਾਇਰ ਹੋ ਕੇ ਘਰ ਆਇਆ ਤਾਂ ਉਹ ਬੂਹੇ 'ਤੇ ਖੜ੍ਹਾ ਸੀ। ਮੈਂ ਉਹਨੂੰ ਦੱਸਿਆ ਕਿ ਅੱਜ ਮੈਂ ਰਿਟਾਇਰ ਹੋ ਗਿਆ ਹਾਂ। ਜੇ ਤੂੰ ਘਰ ਦਾ ਖਰਚ ਚਲਾ ਨਹੀਂ ਸਕਦਾ ਏਂ ਤਾਂ ਦੱਸ, ਮੈਂ ਨੌਕਰੀ ਨਹੀਂ ਛੱਡਦਾ। ਅਖ਼ਬਾਰ ਦੇ ਮਾਲਕਾਂ ਨੂੰ ਮੇਰੀ ਲੋੜ ਏ। ਉਹਨਾਂ ਨੂੰ ਉਰਦੂ ਦਾ ਹੋਰ ਐਡੀਟਰ ਨਹੀਂ ਲੱਭਦਾ।"

ਮੁੰਡਾ ਕਹਿੰਦਾ, "ਤੁਸੀਂ ਹੁਣ ਕੰਮ ਨਾ ਕਰੋ। ਕੋਈ ਲੋੜ ਨਹੀਂ।"

ਮੈਂ ਓਸੇ ਵੇਲੇ ਆਪਣੀ ਜੇਬ 'ਚ ਹੱਥ ਪਾਇਆ ਤੇ ਤਿੰਨ ਕੁ ਸਿਗਰਟਾਂ ਵਾਲੀ ਡੱਬੀ ਕੱਢੀ ਤੇ ਮਰੋੜ ਕੇ ਬਾਹਰ ਸੁੱਟ ਦਿੱਤੇ ਤੇ ਕਿਹਾ, "ਅੱਜ ਤੋਂ ਸਿਗਰਟ ਤੇ ਸ਼ਰਾਬ ਦੀ ਛੁੱਟੀ।"

ਮੈਂ ਮੁੜ ਕੇ ਇਹ ਚੀਜ਼ਾਂ ਨਹੀਂ ਵਰਤੀਆਂ। ਮੁੰਡਾ ਵੀ ਆਪਣੇ ਕੰਮ 'ਤੇ ਧਿਆਨ ਦੇਣ ਲੱਗ ਪਿਆ ਸੀ।

ਫੇਰ ਇਹ ਕਿਸੇ ਕੁਦਰਤ ਦੀ ਜਾਦੂਗਰੀ ਈ ਸੀ ਕਿ ਮੇਰਾ ਹੱਥ ਨੌਕਰੀ ਵੇਲ਼ੇ ਨਾਲੋਂ ਸੌਖਾ ਹੋ ਗਿਆ। ਇਕ ਤਾਂ ਮਨਮੋਹਨ ਬਾਵਾ ਦੇ ਚਿੱਤਰਕਾਰ ਭਰਾ ਮਨਜੀਤ ਬਾਵਾ ਨੇ ਮੈਨੂੰ ਕੇਂਦਰੀ ਸਰਕਾਰ ਵੱਲੋਂ ਚਾਰ ਹਜ਼ਾਰ ਰੁਪਏ ਮਹੀਨੇ ਦੀ ਪੈਨਸ਼ਨ ਲਵਾ ਦਿੱਤੀ। ਜਿਹੜੀ ਦਸ ਕੁ ਸਾਲ ਮਿਲਦੀ ਰਹੀ। ਫੇਰ ਕੁਝ ਪੈਸੇ 'ਲਕੀਰ' ਵਿਚੋਂ ਵੀ ਬਚ ਰਹਿੰਦੇ ਸਨ। ਫੇਰ ਮੈਨੂੰ ਸਾਹਿਤ ਤੋਂ ਕਮਾਈ ਹੋਣ ਲੱਗ ਪਈ। ਹੁਣ ਸੋਚਦਾ ਹਾਂ ਤਾਂ ਹੈਰਾਨੀ ਹੁੰਦੀ ਏ ਕਿ ਮੈਂ ਜਿੰਨਾ ਪੈਸਾ ਸਾਰੀਆਂ ਨੌਕਰੀਆਂ 'ਚ ਕਮਾਇਆ ਸੀ, ਓਸ ਤੋਂ ਕਿਤੇ ਵੱਧ ਪੈਸਾ ਮੈਨੂੰ ਸਾਹਿਤ ਤੋਂ ਮਿਲਣ ਲੱਗ ਪਿਆ ਸੀ। ਮੈਨੂੰ ਇਨਾਮ ਵੀ ਤੁੱਕੇ ਨਾਲ ਈ ਬੜੇ ਮਿਲੇ ਤੇ ਉਹਨਾਂ ਵਿਚ ਪੈਸਾ ਵੀ ਬਹੁਤ ਮਿਲਿਆ। ਜਿਹੜੇ ਲੋਕ ਕਹਿੰਦੇ ਨੇ ਕਿ ਪੰਜਾਬੀ 'ਚ ਲਿਖਣਾ ਤਾਂ ਭੁੱਖੇ ਮਰਨ ਵਾਲੀ ਗੱਲ ਏ, ਉਹ ਗੱਲ ਮੇਰੇ ਲਈ ਉੱਕਾ ਝੂਠ ਸਿੱਧ ਹੋ ਗਈ ਏ। ਮੈਂ ਸਾਹਿਤ ਤੋਂ ਨੌਂ ਸਾਢੇ ਨੌਂ ਲੱਖ ਰੁਪਏ ਕਮਾਏ ਹੋਣਗੇ ਤੇ ਏਨੇ ਈ ਪੈਸੇ ਇਨਾਮਾ ਸਨਮਾਨਾਂ ਤੋਂ ਕਮਾਏ ਨੇ।

ਆਮ ਲੇਖਕ ਗਰੀਬੀ ਦੀਆਂ ਕਹਾਣੀਆਂ ਲਿਖਦੇ ਨੇ, ਉਹੋ ਜਿਹੀ ਹੀ ਜ਼ਿੰਦਗੀ ਜਿਉਂਦੇ ਨੇ ਜਾਂ ਕਦੇ ਜਿਉਂਦੇ ਸਨ। ਮੈਂ ਖਾਂਦੇ ਪੀਂਦੇ ਜ਼ਮੀਨਾਂ ਵਾਲੇ ਤੇ ਸ਼ਾਹੂਕਾਰਾ ਕਰਨ ਵਾਲੇ ਘਰ ਦਾ ਜੀ ਹਾਂ। ਗਰੀਬੀ ਦੇਖੀ ਈ ਨਹੀਂ ਕਦੇ। ਬਾਅਦ 'ਚ ਥੋੜ੍ਹੇ ਕੁ ਤਜਰਬੇ ਹੋਏ ਸਨ। ... ਤੇ ਫੇਰ ਪੰਜਾਬੀ ਸਾਹਿਤ ਨੇ ਮੈਨੂੰ ਰਜਾ ਦਿੱਤਾ। ... ਹੈ ਨਾ ਇਹ ਆਮ ਲੇਖਕਾਂ ਦੇ ਕਹਿਣ ਤੋਂ ਉਲਟ ਗੱਲ! ਆਮ ਲੇਖਕ ਕਹਿੰਦੇ ਨੇ ਕਿ ਪੰਜਾਬੀ 'ਚ ਸਾਹਿਤ ਰਚਣਾ ਤਾਂ ਨੰਗੀ ਤਲਵਾਰ 'ਤੇ ਤੁਰਨਾ ਏ। ਪਰ ਮੈਨੂੰ ਪੰਜਾਬੀ ਸਾਹਿਤ ਨੇ ਪੈਸਾ ਵੀ ਬੇਅੰਤ ਦਿੱਤਾ ਤੇ ਸ਼ੁਹਰਤ ਵੀ ਬਹੁਤ ਰੱਜਵੀ ਦਿੱਤੀ।

ਅਸਲ 'ਚ ਮੇਰਾ ਇਹ ਕੰਮ 1992 'ਚ ਮੈਨੂੰ ਸਾਹਿਤ ਅਕੈਡੇਮੀ ਦਾ ਐਵਾਰਡ ਮਿਲਣ 'ਤੇ ਸ਼ੁਰੂ ਹੋਇਆ। ਜਲੰਧਰ ਦੇ ਇਕ ਪ੍ਰਕਾਸ਼ਕ ਨੇ ਮੈਨੂੰ ਆਪਣੀ ਜੀਵਨੀ '**ਬੰਦੇ ਅੰਦਰ ਬੰਦੇ**' ਲਿਖਣ 'ਤੇ ਢਾਈ

ਹਜ਼ਾਰ ਰੁਪਏ ਦਿੱਤੇ। ਮੈਂ ਇਹ ਕਿਤਾਬ ਇਕ ਮਹੀਨੇ 'ਚ ਲਿਖ ਦਿੱਤੀ ਸੀ। ਫੇਰ ਲਾਹੌਰ ਬੁੱਕ ਸ਼ਾਪ ਵਾਲਿਆਂ ਨੇ ਮੇਰੀ ਇਕ ਕਿਤਾਬ ਛਾਪਣ ਲਈ ਢਾਈ ਹਜ਼ਾਰ ਰੁਪਏ ਪੇਸ਼ਗੀ ਦੇ ਦਿੱਤੇ। ਫੇਰ 'ਲੋਕਗੀਤ ਪ੍ਰਕਾਸ਼ਨ' ਵਾਲਿਆਂ ਨੇ ਪੈਸੇ ਦੇ ਕੇ ਮੇਰੀ ਕਿਤਾਬ '**ਮੁਕਤੀ**' ਦਾ ਨਵਾਂ ਐਡੀਸ਼ਨ ਛਾਪ ਦਿੱਤਾ। ਫੇਰ ਮੇਰੀਆਂ ਕਈ ਕਿਤਾਬਾਂ ਚਾਲੀ ਕੁ ਸਾਲ ਕਈ ਯੂਨੀਵਰਸਿਟੀਆਂ ਦੇ ਐਮ. ਏ. ਦੇ ਕੋਰਸਾਂ 'ਚ ਲਗੱਦੀਆਂ ਰਹੀਆਂ। ਤਿੰਨ ਕਿਤਾਬਾਂ ਦੇ ਇਕ ਜਾਂ ਦੋ ਐਡੀਸ਼ਨ ਮੈਂ ਆਪ ਵੀ ਛਪਵਾ ਕੇ ਕਿਤਾਬਾਂ ਵੇਚਣ ਵਾਲਿਆਂ ਨੂੰ ਵੇਚੇ। ਤੇ ਫੇਰ ਪ੍ਰਕਾਸ਼ਨ ਜਗਤ 'ਚ ਮੇਰੀਆਂ ਕਿਤਾਬਾਂ ਦੀ ਮੰਗ ਵਧ ਗਈ।

ਫੇਰ ਮੇਰਾ ਵਾਸਤਾ 'ਲੋਕਗੀਤ ਪ੍ਰਕਾਸ਼ਨ' ਨਾਲ ਪੱਕੇ ਤੌਰ 'ਤੇ ਪੈ ਗਿਆ। ਉਹਨਾਂ ਨੇ ਮੇਰੀਆਂ ਸਾਰੀਆਂ ਕਿਤਾਬਾਂ ਦੇ ਨਵੇਂ ਐਡੀਸ਼ਨ ਛਾਪ ਦਿੱਤੇ। ਮੇਰੇ ਕੋਲੋਂ ਨਵੀਆਂ ਕਿਤਾਬਾਂ ਲਿਖਵਾਈਆਂ। ਫੇਰ ਬਹੁਤ ਸਾਰੀਆਂ ਕਿਤਾਬਾਂ ਦੇ ਪੰਜਾਬੀ ਅਨੁਵਾਦ ਕਰਾਏ। ਹਰੇਕ ਦੇ ਚੋਖੇ-ਚੋਖੇ ਪੈਸੇ ਦਿੱਤੇ। ਮੈਂ ਅਨੁਵਾਦ ਖਤਮ ਕਰ ਕੇ ਚੰਡੀਗੜ੍ਹ ਜਾ ਕੇ ਹਰੀਸ਼ ਜੈਨ ਨੂੰ ਕਿਤਾਬ ਦੀ ਸੀ. ਡੀ. ਦੇਂਦਾ ਸੀ ਤੇ ਪੈਸਿਆਂ ਦੇ ਚੈੱਕ ਲੈ ਆਉਂਦਾ ਸੀ। ਚੈੱਕ ਉਹਨਾਂ ਦਾ ਬੇਟਾ ਰੋਹਿਤ ਜੈਨ ਦੇਂਦਾ ਸੀ। ਉਹ ਆਉਂਦਾ ਸੀ ਤਾਂ ਉਹ ਚੈੱਕ ਦੇ ਕੇ ਮੈਨੂੰ ਅੱਡੇ 'ਤੇ ਛੱਡਣ ਲਈ ਆਪਣੇ ਡਰਾਈਵਰ ਨੂੰ ਆਖ ਦੇਂਦਾ ਸੀ। ਜਿੰਨਾ ਚਿਰ ਉਹ ਨਹੀਂ ਸੀ ਆਉਂਦਾ ਮੈਂ ਤੇ ਹਰੀਸ਼ ਜੈਨ ਗੱਲਾਂ ਕਰਦੇ ਰਹਿੰਦੇ ਸੀ। ਹਰੀਸ਼ ਜੈਨ ਆਮ ਪ੍ਰਕਾਸ਼ਕਾਂ ਵਰਗਾ ਪ੍ਰਕਾਸ਼ਕ ਨਹੀਂ। ਉਹ ਬਹੁਤ ਵਿਦਵਾਨ ਤੇ ਹਰੇਕ ਗੱਲ ਨੂੰ ਸਮਝਣ ਵਾਲਾ ਬੰਦਾ ਏ। ਦੇਸ਼ 'ਚ ਚੱਲੀਆਂ ਕਰਾਂਤੀਕਾਰੀ ਲਹਿਰਾਂ ਦੀਆ ਘਟਨਾਵਾਂ ਉਹਨੂੰ ਜ਼ਬਾਨੀ ਯਾਦ ਨੇ। ਮੈਨੂੰ ਉਹਨਾਂ ਨਾਲ ਕੀਤੀਆਂ ਗੱਲਾਂ ਵੀ ਬੜਾ ਕੁਝ ਦੇ ਜਾਂਦੀਆਂ ਸਨ। ਏਸੇ ਤਰ੍ਹਾਂ 'ਲਾਹੌਰ ਬੁੱਕ ਸ਼ਾਪ' ਵਾਲੇ ਸਰਦਾਰ ਜੀਵਨ ਸਿੰਘ ਵੀ ਮੇਰੇ ਨਾਲ ਗੱਲਾਂ ਕਰਦੇ ਰਹਿੰਦੇ ਸੀ। ਉਹ ਵੀ ਬਹੁਤ ਸਿਆਣੇ ਸਨ। ਉਹ ਮੈਨੂੰ ਲਾਹੌਰ ਦੇ ਤਜਰਬੇ ਸੁਣਾਉਂਦੇ ਰਹਿੰਦੇ ਸਨ।

ਮੇਰਾ ਨਵਾਂ ਪ੍ਰਕਾਸ਼ਕ ਹਰੀਸ਼ ਜੈਨ ਜਦ ਮੇਰੀਆਂ ਕਿਤਾਬਾਂ ਚੋਖੇ ਪੈਸੇ ਦੇ ਕੇ ਫਟਾਫਟ ਛਾਪ ਰਿਹਾ ਸੀ ਤਾਂ ਓਹਨੇ ਮੈਨੂੰ ਕਿਹਾ ਕਿ ਮੈਂ ਕਿਸੇ ਹੋਰ ਪ੍ਰਕਾਸ਼ਕ ਦੀ ਛਾਪੀ ਆਪਣੀ ਆਤਮ ਕਥਾ '**ਬੰਦੇ ਅੰਦਰ ਬੰਦੇ**' ਦਾ ਅਧਿਕਾਰ ਵੀ ਸਾਨੂੰ ਲੈ ਦਿਓ। ਅਸੀਂ ਬਹੁਤ ਸੋਹਣੀ ਕਿਤਾਬ ਛਾਪ ਦਿਆਂਗੇ। ਪਰ ਮੇਰੇ ਓਸ ਜਲੰਧਰ ਵਾਲੇ ਪ੍ਰਕਾਸ਼ਕ ਨੇ ਅਧਿਕਾਰ ਛੱਡਣ ਤੋਂ ਇਨਕਾਰ ਕਰ ਦਿੱਤਾ ਤੇ ਕਿਤਾਬ ਦੀਆਂ 25 ਕਾਪੀਆਂ ਸਾਂਭ ਕੇ ਰੱਖ ਲਈਆਂ। ਫੇਰ ਮੈਂ ਓਸੇ ਕਿਤਾਬ ਦਾ ਖਹਿੜਾ ਈ ਛੱਡ ਦਿੱਤਾ ਤੇ ਮੁੜ ਕੇ ਇਕ ਨਵੀਂ ਆਤਮ ਕਥਾ ਲਿਖ ਦਿੱਤੀ। ਜਿਹੜੀ '**ਆਤਮ ਮਾਯਾ**' ਨਾਂ ਨਾਲ ਛਾਪੀ ਗਈ।

ਕੋਈ ਵੀ ਲੇਖਕ ਜਦ ਕੁਝ ਵਰ੍ਹਿਆਂ ਤੋਂ ਬਾਅਦ 'ਆਤਮ ਕਥਾ' ਲਿਖਦਾ ਏ ਤਾਂ ਉਹਦੀ ਸੋਚ ਤੇ ਹਾਲਾਤ ਬਹੁਤ ਬਦਲ ਜਾਂਦੇ ਨੇ। ਕਿਉਂਕਿ ਸਾਰੇ ਲੋਕ ਪਰਿਵਰਤਨਸ਼ੀਲ ਹੁੰਦੇ ਨੇ। ਜਿਵੇਂ ਜਿਵੇਂ ਸਮਾਂ ਬਦਲਦਾ ਰਹਿਦਾ ਏ, ਤਿਉਂ ਤਿਉਂ ਬੰਦੇ ਆਪਣੇ ਹਾਲਾਤ ਦੇ ਨਾਲ-ਨਾਲ ਬਦਲਦੇ ਰਹਿੰਦੇ ਨੇ। ਮੇਰੇ ਮਾਮਲੇ 'ਚ ਤਾਂ ਮੇਰੇ ਹਾਲਾਤ ਖਾਸ ਤੌਰ 'ਤੇ ਤੇਜ਼ੀ ਨਾਲ ਬਦਲਦੇ ਰਹੇ ਨੇ। ਜਿਨ੍ਹਾਂ ਦੇ ਨਾਲ ਮੇਰੀ ਸੋਚ, ਕਾਰਜ ਤੇ ਸ਼ੈਲੀ ਵੀ ਬਦਲਦੇ ਰਹੇ। ਆਤਮ ਕੱਥਾ ਦਿਨੋ ਦਿਨ ਉਲਝਦੀ ਰਹੀ। ਉਹਨੂੰ ਸਮੇਟਣ ਲਈ ਮੈਨੂੰ ਚਾਰ ਆਤਮ ਕਥਾਵਾਂ ('**ਬੰਦੇ ਅੰਦਰ ਬੰਦੇ**', '**ਆਤਮ ਮਾਇਆ**', '**ਦੇਖ ਬੰਦੇ ਦੇ ਭੇਖ**', '**ਮੇਰੀ ਉਰਦੂ ਅਖ਼ਬਾਰ ਨਵੀਸੀ**') ਲਿਖੀਆਂ ਤੇ ਛਪਵਾਈਆਂ। ਆਖਰੀ ਆਤਮ ਕਥਾ, ਜਿਹੜੀ ਮੇਰੇ ਉਰਦੂ ਅਖਬਾਰਾਂ ਦੇ ਅਨੁਭਵਾਂ ਬਾਰੇ ਸੀ, ਖਾਸ ਤੌਰ 'ਤੇ ਹਰੀਸ਼ ਜੈਨ ਨੇ ਕਹਿ ਕੇ ਲਿਖਵਾਈ ਸੀ। ਅਸਲ 'ਚ ਮੈਨੂੰ ਅਖਬਾਰਾਂ, ਅਖਬਾਰਾਂ ਵਿਚ ਕੰਮ ਕਰਦੇ ਲੇਖਕਾਂ ਤੇ ਏਸ ਕਿੱਤੇ ਤੋਂ ਈ ਸਖਤ ਨਫਰਤ ਸੀ। ਮੈਂ ਕਿਸੇ ਨੂੰ ਦੱਸਦਾ ਈ ਨਹੀਂ ਸੀ ਕਿ ਮੈਂ ਅਖਬਾਰ ਵਿਚ ਕੰਮ ਕਰਦਾ ਹਾਂ। ਪਰ ਦੇਖੋ ਕੁਦਰਤ ਦੀ ਖੇਡ – ਮੈਂ ਜਿਹੜੇ ਕੰਮ ਨੂੰ ਨਫਰਤ ਕਰਦਾ ਸੀ, ਮੈਨੂੰ ਓਸੇ ਕੰਮ ਨੂੰ ਕਰਨਾ ਪਿਆ। ਉਹ ਕੰਮ ਕਰ ਕੇ ਘਰ ਚਲਾਓਣਾ ਪਿਆ ਸੀ। ਇਹ ਕੁਦਰਤ



ਮੈਥੋਂ ਪਤਾ ਨਹੀਂ ਕਾਹਦਾ ਬਦਲਾ ਲੈਂਦੀ ਰਹੀ ਸੀ?

ਜਿਵੇਂ ਮੈਂ ਕਹਿੰਦਾ ਹੁੰਦਾ ਹਾਂ ਕਿ ਕਹਾਣੀ ਮੈਂ ਨਹੀਂ ਲਿਖਦਾ, ਕਹਾਣੀ ਮੈਥੋਂ ਲਿਖ ਹੋ ਜਾਂਦੀ ਏ। ਉਵੇਂ ਬਹੁਤ ਸਾਰੇ ਕੰਮ ਮੈਂ ਚਾਹ ਕੇ ਕਰਾਂ ਨਾ ਕਰਾਂ, ਆਪੇ ਹੋਈ ਜਾਂਦੇ ਨੇ। ... ਹੁਣ 2019 'ਚ ਵੀ ਮੈਨੂੰ ਲੱਗਦਾ ਏ ਕਿ ਮੇਰੇ ਅੰਦਰ ਤਾਂ ਬੜਾ ਕੁਝ ਲੁਕਾਇਆ ਪਿਆ ਏ, ਜਿਹੜਾ ਮੈਂ ਲਿਖਿਆ ਈ ਨਹੀਂ। ਤੇ ਕੁਝ ਅਜਿਹਾ ਵੀ ਏ, ਜਿਹੜਾ ਮੈਂ ਨਾਲ ਈ ਲੈ ਜਾਣਾ ਚਾਹੁੰਦਾ ਹਾਂ। ਜਿਹੜਾ ਮੈਂ ਕਿਸੇ ਨੂੰ ਦੱਸਣਾ ਨਹੀਂ ਚਾਹੁੰਦਾ। ਜਿਹੜਾ ਕੁਝ ਮੈਂ ਦੱਸਣਾ ਚਾਹੁੰਦਾ ਹਾਂ, ਉਹ ਮੈਂ ਕਹਾਣੀਆਂ ਵਿਚ ਦੱਸ ਦਿੱਤਾ ਏ। ਤੁਸੀਂ ਮੇਰੀਆਂ ਕਹਾਣੀਆਂ : '**ਡੈੱਡਲਾਈਨ, ਸ਼ਵੇਤਾਂਬਰ ਨੇ ਕਿਹਾ ਸੀ, ਪਰਫਾਰਮੈਂਸ, ਸੁਮਰੋ ਬੇਗਮ, ਸ਼ੋਲਡਰ ਬੈਗ, ਬਿੰਦੀ, ਕਪਾਲ ਕਿਰਿਆ, ਕਾਨ੍ਹੀ, ਤਾਸ਼**' ਤੇ ਹੋਰਾਂ ਨੂੰ ਪੜ੍ਹ ਕੇ ਦੇਖ ਲਓ। ... ਤੇ ਫੇਰ ਮੈਥੋਂ ਕੁਝ ਅਣਕਹੇ ਦੇ ਲਿਖੇ ਜਾਣ ਦੀ ਉਡੀਕ ਕਰੋ।

ਕਦੇ ਮੈਨੂੰ ਲੱਗਦਾ ਏ ਕਿ ਹਰੇਕ ਕਹਾਣੀ ਅਤੇ ਸਾਰੇ ਸ਼ੁਭ ਜਾਂ ਅਸ਼ੁਭ ਕੰਮ ਦੇ ਆਪਣੇ ਆਪਣੇ ਭਾਗ ਹੁੰਦੇ ਨੇ। ਏਸੇ ਤਰ੍ਹਾਂ ਮੈਂ ਜਿਹੜੀ ਵੀ ਲਿਖਤ ਰਚਦਾ ਹਾਂ, ਉਹਦੇ ਵੀ ਆਪਣੇ ਭਾਗ ਨੇ। ਭਾਗਾਂ ਦਾ ਮਤਲਬ ਇਥੇ ਕਿਸਮਤ ਨਹੀਂ, ਬਸ ਤੀਰ ਜਾਂ ਤੁੱਕਾ ਹੋਣਾ ਏ। ਨਿਸ਼ਾਨੇ 'ਤੇ ਲੱਗ ਜਾਵੇ ਤਾਂ ਤੀਰ, ਨਾ ਲੱਗੇ ਤਾਂ ਤੁੱਕਾ। ਕਦੇ ਕਿਸੇ ਚੰਗੇ ਸ਼ਿਕਾਰੀ ਦੇ ਤੀਰ ਵੀ ਤੁੱਕੇ ਬਨਣ ਲੱਗ ਪੈਂਦੇ ਨੇ ਤੇ ਕਦੇ ਕਿਸੇ ਅਣਜਾਣ ਦੇ ਤੁੱਕੇ ਵੀ ਤੀਰ ਬਣ ਜਾਂਦੇ ਨੇ। ਕਹਾਣੀ ਲਿਖਣ ਵੇਲੇ ਵੀ ਇਹੋ ਹਾਲ ਹੁੰਦਾ ਏ। ਏਸ ਗੱਲ ਨੂੰ ਏਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਏ ਕਿ ਕਿਸੇ ਬਾਪ ਦੇ ਪੰਜ ਪੁੱਤ ਹੁੰਦੇ ਨੇ। ਚਲੋ ਛੱਡੋ ... ਮੈਂ ਆਪਣੀ ਗੱਲ ਦੱਸ ਕੇ ਸਮਝਾਉਂਦਾ ਹਾਂ। ਅਸੀਂ ਪੰਜ ਭਾਈ ਹਾਂ। ਪੰਜੇ ਵੱਖੋ ਵੱਖਰੇ ਸੁਭਾਅ ਵਾਲੇ ਨੇ। ਪੰਜਾਂ ਦੀ ਮਾਇਕ ਹਾਲਤ ਤੇ ਮਨੋਵਿਗਿਆਨ ਵੱਖਰਾ ਵੱਖਰਾ ਏ। ਉਹ ਚਾਰੇ ਸਾਰੇ ਬਹੁਤ ਅਮੀਰ ਨੇ ਤੇ ਮੈਂ ਸਭ ਦੇ ਸਾਹਮਣੇ ਗਰੀਬ ਹਾਂ। ਜਦ ਮੈਨੂੰ ਕੋਈ ਵੀ ਬੰਦਾ ਇਹ ਗੱਲ ਚਿਤਾਰਦਾ ਏ ਤਾਂ ਮੈਂ ਕਹਿੰਦਾ ਹਾਂ ਕਿ ਮੈਂ ਵੀ ਇਹਨਾਂ ਜਿੰਨਾ ਪੈਸਾ ਕਮਾ ਸਕਦਾ ਸੀ, ਪਰ ਮੈਂ ਸਭ ਤੋਂ ਵੱਧ ਸ਼ੁਹਰਤ ਕਮਾਈ ਏ, ਸਾਹਿਤਕਾਰ ਵਜੋਂ। ਇਹਨਾਂ ਵਿਚੋਂ ਕੋਈ ਵੀ ਆਪਣਾ ਧਨ ਖਰਚ ਕੇ ਏਨੀ ਸ਼ੁਹਰਤ ਨਹੀਂ ਕਮਾ ਸਕਦਾ। ਕੋਈ ਕਮਾ ਕੇ ਦਿਖਾਵੇ!

ਹੁਣ ਮੇਰੀ ਇਹ ਗੱਲ ਵੀ ਮੇਰਾ ਛੱਡਿਆ ਹੋਇਆ ਤੀਰ ਏ। ਪਰ ਹੋ ਸਕਦਾ ਏ ਕਿ ਇਹ ਭਾਈਆਂ ਤੇ ਹੋਰ ਲੋਕਾਂ ਲਈ ਤੁੱਕਾ ਹੀ ਹੋ ਹੋਵੇ। ਬਿਲਕੁਲ ਇਹੋ ਹਾਲ ਕੋਈ ਵੀ ਰਚਨਾ ਕਰਨ ਵੇਲ਼ੇ ਹੁੰਦਾ ਏ। ਉਹ ਜਦ ਛਪਦੀ ਏ ਤਾਂ ਆਮ ਪਾਠਕਾਂ, ਖਾਸ ਪਾਠਕਾਂ ਤੇ ਆਲੋਚਕਾਂ ਦੀਆਂ ਸੋਚਾਂ 'ਚ ਖਬਰੇ ਐਵੇਂ ਤੁੱਕਾ ਜਿਹਾ ਈ ਹੋਵੇ। ਹੁਣ ਮੈਂ ਏਨੀ ਉਮਰ ਭੋਗਦਾ ਹੋਇਆ ਕਈ ਤੰਗੀਆਂ ਮੰਨਦਾ ਹਾਂ। ਦੰਦ ਤੇ ਜਾੜ੍ਹਾਂ ਟੁੱਟੀ ਜਾਂਦੇ ਨੇ। ਕੁਝ ਵੀ ਖਾਣਾ ਔਖਾ ਹੋ ਗਿਆ ਏ। ਬੜੀਆਂ ਜੁਗਤਾਂ ਕਰ ਕੇ ਢਿੱਡ ਭਰਦਾ ਹਾਂ। ਦਿਲ ਲਾਓਣ ਲਈ ਕੰਪਿਊਟਰ 'ਤੇ ਆ ਬਹਿੰਦਾ ਹਾਂ ਤੇ ਕੁਝ ਨਾ ਕੁਝ ਰੋਜ਼ ਲਿਖਦਾ ਹਾਂ। ਫੇਰ ਇਹ ਸੋਚ ਕੇ ਆਪਣੇ ਆਪ 'ਤੇ ਹੱਸਦਾ ਹਾਂ ਕਿ ਜਦ ਮੈਂ '**ਲਕੀਰ**' ਕੱਢਦਾ ਸੀ ਤਾਂ ਮਿਲਣ ਵਾਲੇ ਲੇਖਕ ਤੇ ਲੇਖਕਾਵਾਂ ਆਉਂਦੇ ਈ ਰਹਿੰਦੇ ਸਨ। ਹੁਣ ਕੋਈ ਵੀ ਨਹੀਂ ਆਉਂਦਾ। ਸੋਚਦਾ ਹਾਂ ਕਿ ਮੇਰੇ ਹਾਣ ਦੇ ਯਾਰ ਦੋਸਤ ਤਾਂ ਜਲੰਧਰ ਵਿਚ ਰਹੇ ਈ ਨਹੀਂ। ਕੁਝ ਆਪਣੇ ਨੌਕਰੀ ਕਰਦੇ ਪੁੱਤਰਾਂ ਕੋਲ ਚਲੇ ਗਏ ਨੇ ਤੇ ਬਹੁਤ ਪਤਾ ਨਹੀਂ ਕਿਹੜੇ ਪਰਲੋਕ ਨੂੰ। ਨਵੇਂ ਲੇਖਕ ਤੇ ਲੇਖਕਾਵਾਂ ਉਂਜੇ ਡਰਦੇ ਨਹੀਂ ਆਉਂਦੇ। ਬਾਗ਼ੀ ਹੋਏ ਚੇਲਿਆਂ ਨੇ ਮੇਰੇ ਬਾਰੇ ਇਹ ਗੱਲ ਮਸ਼ਹੂਰ ਕਰ ਦਿੱਤੀ ਏ ਕਿ 'ਬੁੜ੍ਹਾ ਬੜਾ ਕੌੜਾ ਏ'। ਇਹ ਗੱਲ ਪਹਿਲਾਂ ਤਾਂ ਠੀਕ ਸੀ, ਪਰ ਹੁਣ ਤਾਂ ਮੈਂ ਮਿਲਣ ਵਾਲਿਆਂ ਨੂੰ ਵਾਜਾਂ ਮਾਰ ਕੇ ਬੁਲਾਂਦਾ ਹਾਂ ਤੇ ਚਾਹ ਕੌਫੀ ਪਿਆਉਂਦਾ ਹਾਂ। ਆ ਕੇ ਦੇਖ ਲਓ। (**ਸੰਪਰਕ-79736-01099, 94632-20319**)

## ਮੇਰੀਆਂ ਕੌੜੀਆਂ ਮਿੱਠੀਆਂ ਯਾਦਾਂ /-ਡਾ. ਲਕਸ਼ਮੀ ਨਰਾਇਣ ਭੀਖੀ

ਮੈਂ ਜਦੋਂ 1993 'ਚ ਪਟਿਆਲੇ ਆਇਆ ਤਾਂ ਮੇਰਾ ਪਟਿਆਲੇ ਆਉਣ ਦਾ ਅਕੀਦਾ ਇਹ ਸੀ ਕਿ ਮੈਂ ਆਪਣੀ ਅਕਾਦਮਿਕ ਯੋਗਤਾ 'ਚ ਵਾਧਾ ਕਰਾਂਗਾ। ਪਟਿਆਲੇ ਦੇ ਸਿਰਕੱਢ ਵਿਦਵਾਨਾਂ ਨੂੰ ਮਿਲਾਂਗਾ। ਚੰਗਾ ਸਾਹਿਤ ਪੜ੍ਹਨ ਦੀ ਕੋਸ਼ਿਸ਼ ਕਰਾਂਗਾ। ਲੇਕਿਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਤਾ ਕਰਨ ਤੇ ਮਨ ਨੂੰ ਇਕਦਮ ਝਟਕਾ ਲੱਗਾ ਕਿ ਨਾਂ ਤਾਂ ਮੈਂ ਯੂ.ਜੀ.ਸੀ. ਦੇ ਇਮਤਿਹਾਨ 'ਚ ਬੈਠ ਸਕਦਾ ਸਾਂ। ਨਾ ਹੀ ਐਮ.ਫਿਲ, ਪੀ-ਐੱਚ.ਡੀ. ਕਰ ਸਕਦਾ ਸਾਂ। ਮੈਨੂੰ ਇਹ ਜਾਣਕਾਰੀ ਹੀ ਨਹੀਂ ਸੀ ਕਿ ਯੂ.ਜੀ.ਸੀ. ਕਰਨ ਲਈ ਐਮ.ਏ. 'ਚੋਂ 55 ਪ੍ਰਤਿਸ਼ਤ ਨੰਬਰ ਚਾਹੀਦੇ ਹਨ, ਤੇ ਪੀ.ਐੱਚ.ਡੀ. ਲਈ, ਬੀ.ਏ. ਅਤੇ ਐਮ.ਏ. ਦੋਵਾਂ ਦੇ ਮਿਲਾਕੇ 105 ਪ੍ਰਤਿਸ਼ਤ ਨੰਬਰ ਲੈਣੇ ਜ਼ਰੂਰੀ ਹਨ ਕਿੰਤੂ ਮੇਰੇ ਐਮ.ਏ. ਚੋਂ 55% ਨੰਬਰ ਨਹੀਂ ਸਨ ਤੇ ਬੀ.ਏ. 'ਚੋਂ 47 ਪ੍ਰਤਿਸ਼ਤ ਸਨ। ਇਸ ਦਾ ਇਕੋ ਇਕ ਹੱਲ ਇਹੋ ਸੀ ਕਿ ਮੈਂ ਬੀ.ਏ. ਅਤੇ ਐਮ.ਏ. ਵਿਚੋਂ ਇੰਪਰੂਵਮੈਂਟ ਕਰਾ। ਲੇਕਿਨ ਮੇਰੀ ਭੀਖੀ ਤੋਂ ਪਟਿਆਲੇ ਦੀ ਬਦਲੀ ਜਿਤਨੇ ਸੌਖੇ ਤਰੀਕੇ ਨਾਲ ਹੋਈ ਸੀ ਉਤਨੇ ਸੌਖੇ ਤਰੀਕੇ ਨਾਲ ਮੈਨੂੰ ਨਵਾਂ ਸਟੇਸ਼ਨ ਨਾ ਮਿਲਣ ਕਰਕੇ ਹਾਜ਼ਰ ਨਹੀਂ ਹੋ ਸਕਿਆ। ਜਦੋਂ ਕਿ ਮੈਂ ਮਾਨਸਾ ਤੋਂ ਰਵਾਨਗੀ ਰਿਪੋਰਟ ਲੈ ਆਇਆ ਸੀ। ਪਹੁੰਚ ਰਿਪੋਰਟ ਦੇਣ ਵੇਲੇ ਪਤਾ ਲੱਗਿਆ ਕਿ ਨਵੀਂ ਥਾਂ ਤੇ ਯੂਨੀਅਨ ਵਾਲਿਆਂ ਨੇ ਕਿਸੇ ਹੋਰ ਕਰਮਚਾਰੀ ਨੂੰ ਜੁਐਨ ਕਰਵਾ ਦਿੱਤਾ ਸੀ। ਪਟਿਆਲੇ ਆਉਂਦਿਆਂ ਹੀ ਮੇਰਾ ਉਸ ਜੱਥੇਬੰਦੀ ਨਾਲ ਟਕਰਾਅ ਅਤੇ ਮਤਭੇਦ ਸ਼ੁਰੂ ਹੋ ਗਿਆ, ਜਿਸ ਲਈ ਮੈਂ ਆਪਣੇ ਇਲਾਕੇ 'ਚ ਕੰਮ ਕਰਦਾ ਰਿਹਾ ਸਾਂ। ਮੈਨੂੰ ਮੁੱਢਲੇ ਦਿਨਾਂ 'ਚ ਬਹੁਤ ਨਿਰਾਸ਼ਤਾ ਹੋਈ। ਕਿਉਂਕਿ ਮੈਂ 83 ਦਿਨ ਨਵਾਂ ਸਟੇਸ਼ਨ ਨਾ ਮਿਲਣ ਕਰਕੇ ਦਫ਼ਤਰ ਦਰ ਦਫ਼ਤਰ ਭਟਕਦਾ ਰਿਹਾ। ਸ਼ਹਿਰੀ ਦਫ਼ਤਰਾਂ ਦੀ ਕਾਰਗੁਜ਼ਾਰੀ ਦਾ ਭੇਤੀ ਨਾ ਹੋਣ ਕਰਕੇ, ਮੇਰਾ ਕੰਮ ਲਮਕ ਗਿਆ ਸੀ ਜਿਸ ਕਾਰਨ ਮੇਰੀ ਆਰਥਕ ਤੰਗੀ ਵੀ ਵੱਧਦੀ ਗਈ। ਇਸ ਸੰਕਟ ਘੜੀ 'ਚ ਪ੍ਰੋ. ਕਿਰਪਾਲ ਕਜ਼ਾਕ, ਪ੍ਰੀਤ ਮਹਿੰਦਰ ਸੇਖੋਂ ਅਤੇ ਕੁੱਝ ਪੁਰਾਣੇ ਮਿੱਤਰਾਂ ਨੇ ਸਹਿਯੋਗ ਦਿੱਤਾ ਅਤੇ ਕੁੱਝ ਉਹਨਾਂ ਜਾਣਕਾਰ ਦੋਸਤਾਂ ਨੇ ਵੀ ਸਹਿਯੋਗ ਦਿੱਤਾ ਜੋ ਕਦੇ ਕਦਾਈ ਮੇਰੀਆਂ ਲਿਖਤਾਂ ਪੜਦੇ ਰਹਿੰਦੇ ਸਨ, ਪ੍ਰੰਤੂ ਉਹ ਮੇਰੀ ਰਾਜਸੀ ਵਿਚਾਰਧਾਰਾ ਅਤੇ ਜੱਥੇਬੰਦਕ ਗਰੁੱਪ ਨਾਲ ਸਹਿਮਤ ਨਹੀਂ ਸਨ। ਇਹ ਉਹ ਸੰਕਟਮਈ ਸਮਾਂ ਸੀ ਜਦੋਂ ਮੈਂ ਆਪਣੇ ਪਰਿਵਾਰ ਵਲ ਪੂਰਾ ਧਿਆਨ ਨਾ ਦੇ ਸਕਿਆ। ਫੇਰ ਵੀ ਮੇਰਾ ਪਰਵਾਰ ਮੈਨੂੰ ਪੂਰਾ ਪੂਰਾ ਸਹਿਯੋਗ ਤੇ ਹੌਸਲਾ ਦਿੰਦਾ ਰਿਹਾ। ਪੂਰੇ 83 ਦਿਨਾਂ ਬਾਅਦ ਮੈਂ ਪਟਿਆਲੇ ਦੇ ਅਖੀਰ ਤੇ ਪੈਂਦੇ ਸਮੁੰਦਰਗੜ੍ਹ (ਸੰਗਰੂਰ) ਸਬ/ਸਟੇਸ਼ਨ ਵਿਖੇ ਹਾਜ਼ਰ ਹੋਇਆ ਜੋ ਕਿ ਪਟਿਆਲੇ ਤੋਂ ਲਗਭਗ 50 ਕਿਲੋ ਮੀਟਰ ਦੂਰ ਸੀ। ਪਹਿਲੇ ਕੁੱਝ ਦਿਨ ਮੈਨੂੰ ਕਾਫ਼ੀ ਦਿਕਤ ਆਈ। ਮੈਨੂੰ ਪਹਿਲਾਂ ਅਰਬਨ ਅਸਟੇਟ ਤੋਂ ਬੱਸ ਸਟੈਂਡ ਪਹੁੰਚਣਾ ਪੈਂਦਾ, ਫੇਰ ਪਟਿਆਲੇ ਤੋਂ ਨਾਭੇ ਦੀ ਬੱਸ ਫੜਨੀ ਪੈਂਦੀ ਫੇਰ ਨਾਭੇ ਤੋਂ ਬੌੜਾਂ ਗੇਟ ਤੀਕ ਤੁਰਕੇ ਜਾਂਦਾ, ਉੱਥੋਂ ਮੈਨੂੰ ਸੀਟਾਂਵਾਲੇ ਤੀਕ ਲਈ ਆਟੋ ਰਿਕਸ਼ਾ (ਥਰੀ ਵਿਲਰ) ਮਿਲਦਾ। ਸੀਟਾਂਵਾਲੇ ਤੋਂ ਵੀ ਅੱਗੇ ਲਗਭਗ ਦੋ ਕਿਲੋ ਮੀਟਰ ਤੁਰਕੇ ਸਮੁੰਦਰਗੜ੍ਹ ਗਰਿਡ ਤੇ ਪਹੁੰਚਦਾ। ਇਉਂ ਆਉਣ ਜਾਣ ਦੇ ਸਫ਼ਰ 'ਚ ਹੀ ਪੰਜ ਛੇ ਘੰਟੇ ਬਰਬਾਦ ਹੋ ਜਾਂਦੇ। ਕੁੱਝ ਦਿਨਾਂ ਬਾਅਦ ਹੀ ਲੰਮੇ ਸਮੇਂ ਤੋਂ ਹੜਾਂ ਕਾਰਨ ਬੰਦ ਹੋਈ ਰੇਲਗੱਡੀ ਫੇਰ ਸ਼ੁਰੂ ਹੋਈ ਤਾਂ ਵੀ ਮੈਨੂੰ ਸਵੇਰੇ 7 ਵਜੇ ਦੇ ਤੁਰੇ ਨੂੰ ਸ਼ਾਮ ਦੇ 7 ਵੱਜ ਜਾਂਦੇ। ਇੰਝ ਇਕ ਵਾਰ ਤਾਂ ਮੇਰੇ ਚਾਅ ਅਤੇ ਸੁਪਨੇ ਬਲੂੰਧਰੇ ਗਏ। ਪਰੰਤੂ ਮੈਂ



ਹਾਰਿਆ ਤੇ ਡੋਲਿਆ ਨਾ। ਸੁਪਨਸ਼ੀਲ ਹੀ ਰਿਹਾ।

ਮੈਂ ਆਪਣੇ ਸੁਪਨੇ ਨੂੰ ਪੂਰਿਆ ਕਰਨ ਲਈ ਸੰਘਰਸ਼ ਸ਼ੁਰੂ ਕੀਤਾ, ਸਭ ਤੋਂ ਪਹਿਲਾਂ ਐਮ.ਏ. ਇੰਪਰੂਵ ਕੀਤੀ ਫੇਰ ਬੀ.ਏ. ਐਡੀਸ਼ਨਲ (ਵਿਸ਼ਾ ਧਰਮ) ਚੰਗੇ ਨੰਬਰਾਂ 'ਚ ਪਾਸ ਕਰਕੇ ਯੂ.ਜੀ.ਸੀ. ਅਤੇ ਪੀ-ਐੱਚ.ਡੀ. ਲਈ ਯੋਗਤਾ ਬਣਾਈ। ਪਟਿਆਲੇ ਆ ਕੇ ਵੀ ਸਾਡੇ ਪਰਿਵਾਰ ਅੰਦਰ ਪੇਂਡੂ ਪ੍ਰਵਿਰਤੀ ਭਾਰੂ ਰਹੀ। ਕਿਰਾਏ ਤੇ ਮਕਾਨ ਲੈਣ ਕਰਕੇ ਅਤੇ ਸਾਡੇ ਕੋਲ ਸਾਜ਼ੋ ਸਮਾਨ ਘੱਟ ਹੋਣ ਕਰਕੇ, ਇਕ ਦੋ ਗਵਾਢੀਆਂ ਤੋਂ ਬਿਨਾਂ ਬਹੁਤੇ ਗੁਵਾਢੀ ਸਾਡੇ ਨਾਲ ਚੰਗੀ ਤਰ੍ਹਾ ਬੋਲਦੇ ਨਹੀਂ ਸਨ। ਅਜਿਹੇ ਪਲਾਂ 'ਚ ਇਕੱਲਤਾ ਵੱਢ-ਵੱਢ ਖਾਂਦੀ। ਮਨ ਦਾ ਦਰਦ ਉਬਾਲੇ ਖਾਂਦਾ ਕਿ ਆਪਣਾ ਦਰਦ ਕਿਸ ਨੂੰ ਦੱਸਿਆ ਜਾਵੇ। ਕਿਸ ਕੋਲ ਦਿਲ ਦਾ ਹਾਲ ਸੁਣਾਇਆ ਜਾਵੇ। ਮਨ 'ਚੋਂ ਉੱਠਦੇ ਵਲਵਲੇ ਉਸਲਵੱਟੇ ਲੈ ਕੇ ਆਪ ਹੀ ਠੰਡੇ ਪੈ ਜਾਂਦੇ। ਤਦ ਪਿੰਡ ਦੀ ਯਾਦ ਸਤਾਉਂਦੀ। ਮਿੱਤਰ ਬੇਲੀ ਤੇ ਪਰਿਵਾਰ ਯਾਦ ਆਉਂਦਾ ਤੇ ਸੁਰਜੀਤ ਪਾਤਰ ਦਾ ਇਹ ਸ਼ੇਅਰ ਵੀ ਵਾਰ-ਵਾਰ ਯਾਦ ਆਉਂਦਾ ਕਿ !

ਪਿੰਡ ਜਿਨ੍ਹਾਂ ਦੇ ਗੱਡੇ ਚੱਲਣ ਹੁਕਮ ਅਤੇ ਸਰਦਾਰੀ।
ਸ਼ਹਿਰ 'ਚ ਆ ਕੇ ਬਣ ਜਾਂਦੇ ਨੇ ਬੱਸ ਦੀ ਇਕ ਸਵਾਰੀ।

ਭਾਵੇਂ ਪਿੰਡ 'ਚ ਨਾ ਮੇਰੇ ਗੱਡੇ ਚੱਲਦੇ ਸਨ ਨਾ ਹੀ ਕੋਈ ਸਰਦਾਰੀ ਸੀ ਫੇਰ ਵੀ ਪਿੰਡ ਤੇ ਪਿੰਡ ਦੇ ਲੋਕ ਚੰਗੇ ਚੰਗੇ ਲੱਗਦੇ ਸਨ ਕਿਉਂਕਿ ਸ਼ਹਿਰ ਦਾ ਬੰਦਾ ਨਾ ਹੀ ਖੁੱਲ੍ਹਕੇ ਕਿਸੇ ਨਾਲ ਲੜਦਾ ਹੈ ਨਾ ਹੀ ਖੁਲ੍ਹਕੇ ਕਿਸੇ ਨਾ ਪ੍ਰੇਮ ਕਰਦਾ ਹੈ। ਇਹੋ ਸ਼ਹਿਰੀਕਰਨ ਹੈ ਕਿ ਕਿਸੇ ਨਾਲ ਬਹੁਤਾ ਬੋਲੋ ਨਾ, ਚੁੱਪ ਗੜੁੱਪ ਰਹੋ। ਇਉਂ ਮੁੱਢਲੇ ਦੌਰ 'ਚ ਮੈਨੂੰ ਪਟਿਆਲਾ ਕੁੱਝ ਓਪਰਾ ਓਪਰਾ ਅਤੇ ਪਰਾਇਆ ਪਰਾਇਆ ਲਗਿਆ। ਮੁੱਢਲੇ ਸਮੇਂ 'ਚ ਮਨ ਨੇ ਇਕੱਲਤਾ ਤੇ ਪਰਵਾਸ ਨੂੰ ਭੋਗਿਆ।

ਜਿਵੇਂ ਵਿਦਵਾਨਾਂ ਨੇ ਆਖਿਆ ਹੈ ਕਿ ਜ਼ਿੰਦਗੀ ਫੁੱਲਾਂ ਦਾ ਬਿਸਤਰਾ ਨਹੀਂ ਹੁੰਦੀ, ਇਹ ਤਾਂ ਸੰਘਰਸ਼ ਦਾ ਨਾਂ ਹੈ। ਜੇਕਰ ਅੱਗੇ ਵੱਧਣਾ ਹੈ ਤਾਂ ਪਿੱਛਲਾ ਪੈਰ ਅਗਾਹ ਵੱਧਣ ਲਈ ਚੁੱਕਣਾ ਹੀ ਪੈਂਦਾ ਹੈ। ਆਪਣੇ ਪਿਛਲੇ ਇਲਾਕੇ ਦੇ ਬੰਦੇ, ਵਿਚਾਰਾਂ ਦੇ ਹਾਣੀ ਤਾਂ ਲੱਭਣੇ ਹੀ ਪੈਂਦੇ ਹਨ। ਫੇਰ ਮੇਰੀ ਬਲਬੇੜੇ ਬਦਲੀ ਹੋ ਜਾਣ ਕਰਕੇ ਕੁੱਝ ਸਮਾਂ ਬੱਚ ਜਾਂਦਾ ਸੀ। ਇਸ ਸਮੇਂ ਮੈਂ ਕਦੇ-ਕਦੇ ਯੂਨੀਵਰਸਿਟੀ ਜਾ ਆਉਂਦਾ ਸਾਂ। ਕਦੇ-ਕਦੇ ਰੇਡੀਓ ਸਟੇਸ਼ਨ ਪਟਿਆਲਾ ਤੋਂ ਕੋਈ ਨਾ ਕੋਈ ਵਾਰਤਾ ਮਿਲ ਜਾਂਦੀ ਸੀ ਭਾਸ਼ਾ ਵਿਭਾਗ ਤੋਂ ਕੋਈ ਨਾ ਕੋਈ ਸੱਦਾ ਪੱਤਰ ਆ ਜਾਂਦਾ ਸੀ। ਇਸ ਨਾਲ ਮਨ ਨੂੰ ਖ਼ੁਸ਼ੀ ਮਿਲਦੀ। ਹੌਲੀ ਹੌਲੀ ਮੈਨੂੰ ਸਾਹਿਤ ਸਭਾਵਾਂ ਵੀ ਬੁਲਾਉਣ ਲਗ ਪਈਆਂ। ਤਦ ਪਹਿਲਾਂ ਵਾਲੀ ਇਕੱਲਤਾ ਤੇ ਨਿਰਾਸ਼ਤਾ ਦੂਰ ਹੁੰਦੀ ਗਈ, ਕਿਉਂ ਕਿ ਕੁੱਝ ਪੁਰਾਣੇ ਮਿੱਤਰ ਮਿਲੇ। ਕੁੱਝ ਨਵੇਂ ਦੋਸਤ ਬਣੇ। ਮਨ ਦਾ ਖਲਾਅ ਕੁੱਝ ਭਰਦਾ ਗਿਆ।

ਪਟਿਆਲੇ ਆ ਕੇ ਕੁੱਝ ਉਨ੍ਹਾਂ ਵਿਦਵਾਨਾਂ ਨੂੰ ਵੀ ਮਿਲਿਆ, ਜਿਹਨਾਂ ਨੂੰ ਪਹਿਲਾਂ ਸਿਲੇਬਸਾਂ 'ਚ ਪੜ੍ਹਿਆ ਸੀ। ਕੁੱਝ ਨਵੇਂ ਲੇਖਕਾਂ ਨੂੰ ਮਿਲਿਆ। ਤਾਂ ਨਿਰਾਸ਼ਤਾ ਵੀ ਨਾਲੋਂ-ਨਾਲੋਂ ਹੁੰਦੀ ਰਹੀ ਕਿਉਂ ਕਿ ਕੁੱਝ ਵਿਦਵਾਨਾਂ ਦੇ ਕੱਦ ਉਤਨੇ ਵੱਡੇ ਨਹੀਂ ਸਨ, ਜਿਤਨਾ ਵੱਡਾ ਉਹ ਆਪਣੇ ਆਪ ਨੂੰ ਆਪਣੀਆਂ ਸਾਹਿਤਕ ਲਿਖਤਾਂ 'ਚ ਪੇਸ਼ ਕਰਦੇ ਸਨ। ਵੱਡੇ-ਵੱਡੇ ਵਿਦਵਾਨਾਂ 'ਚ ਵੀ ਆਮ ਬੰਦੇ ਵਾਂਗ ਨਫ਼ਰਤ ਤੇ ਸਾੜਾ ਭਰਿਆ ਪਿਆ ਸੀ। ਹਰ ਵਿਦਵਾਨ ਦੂਜੇ ਦੀ ਆਲੋਚਨਾ ਕਰਕੇ ਆਪਣੇ ਆਪ ਨੂੰ ਵੱਡਾ ਤੇ ਮਹਾਨ ਸਮਝਦਾ ਸੀ। ਪੀ-ਐੱਚ.ਡੀ. ਕਰਨ ਦੌਰਾਨ ਮੈਂ ਕਿਸੇ ਵਿਦਵਾਨ ਨੂੰ ਥੀਸਸ ਸੰਬੰਧੀ ਕੁੱਝ ਪੁੱਛਣ ਲਈ ਗਿਆ ਤਾਂ ਉਹਨਾਂ ਮੈਨੂੰ ਈਰਖਾ ਕਰਕੇ ਕੁੱਝ ਵੀ ਨਾ ਦੱਸਿਆ, ਕਿਉਂਕਿ ਮੈਨੂੰ

ਗੱਲ ਕੁੱਝ ਸਮਝ ਪੈ ਗਈ ਕਿ ਇਹ ਵਿਦਵਾਨ ਲੇਖਕ ਵੀ ਗਰੁੱਪਵਾਦ ਤੇ ਹਉਮੈਂ ਦਾ ਸ਼ਿਕਾਰ ਹਨ। ਪੰਜਾਬੀ ਦੀ ਇਕ ਕਹਾਵਤ ਹੈ ਕਿ ਘੋੜੇ ਦੀ ਪਿਛਾੜੀ ਤੇ ਅਫ਼ਸਰ ਦੇ ਅਗਾੜੀ ਨਹੀਂ ਲੰਘਣਾ ਚਾਹੀਦਾ, ਪ੍ਰੰਤੂ ਮੈਂ ਕੁੱਝ ਵਿਦਵਾਨਾਂ ਦੇ ਅੱਗਿਓ ਅਤੇ ਪਿਛਿਓ ਦੋਵੇਂ ਪਾਸਿਓ ਹੀ ਲੰਘਣਾ ਛੱਡ ਦਿੱਤਾ ਸੀ ਕਿਉਂਕਿ ਉਨ੍ਹਾਂ ਦਾ ਪਤਾ ਨਹੀਂ ਸੀ ਕਿ ਉਹ ਕੇਹੜੇ ਪਾਸਿਓ ਦੁਲੱਤੀ ਠੋਕਣ। ਕੁੱਝ ਸ੍ਰੇਸ਼ਟ ਵਿਦਵਾਨ ਮੈਨੂੰ ਪੇਂਡੂ ਸਮਝਦੇ, ਘੱਟ ਪੜ੍ਹਿਆ ਲਿਖਿਆ ਸਮਝਕੇ ਪਾਸਾ ਵੱਟ ਜਾਂਦੇ ਸਨ। ਪ੍ਰੰਤੂ ਮੇਰੀ ਕੋਸ਼ਿਸ਼ ਰਹਿੰਦੀ ਸੀ ਕਿ ਮੈਂ ਚੰਗੇ ਲੇਖਕਾਂ ਨੂੰ ਵੱਡੇ ਭਰਾਵਾਂ ਵਾਂਗ ਜਾਂ ਵੱਡੇ ਵੱਡੇਰਿਆਂ ਵਾਂਗ ਮਿਲਣ ਦੀ ਕੋਸ਼ਿਸ਼ ਕਰਦਾ ਸਾਂ, ਇਸਦਾ ਇਕ ਕਾਰਨ ਇਹ ਸੀ ਕਿ ਮੇਰਾ ਵੱਡਾ ਭਰਾ ਬਚਪਨ 'ਚ ਚਲਾਣਾ ਕਰ ਗਿਆ ਸੀ ਤੇ ਪਿਤਾ ਜੀ ਤਾਂ ਪਟਿਆਲੇ ਆਉਣ ਤੋਂ ਪਹਿਲਾ 1988 'ਚ ਹੀ ਪੂਰੇ ਹੋ ਗਏ ਸਨ। ਇਸ ਲਈ ਮੈਨੂੰ ਜੇਕਰ ਕੋਈ ਸਾਹਿਤ ਸਭਾ ਵਾਲਾ ਕਾਰਡ ਵੰਡਣ ਲਈ ਦੇ ਜਾਂਦਾ ਤਾਂ ਮੈਂ ਬੜੇ ਚਾਅ ਨਾਲ ਕਾਰਡ ਵੰਡਦਾ ਫਿਰਦਾ ਇਸ ਨਾਲ ਮੈਂ ਸਮਝਦਾ ਸਾਂ ਇਕ ਤਾਂ ਸਾਹਿਤਕ ਸਰਗਰਮੀ ਵੀ ਹੋ ਰਹੀ ਹੈ ਤੇ ਮੈਂ ਲੇਖਕਾਂ ਨੂੰ ਮਿਲਗਿਲ਼ ਵੀ ਲੈਂਦਾ ਹਾਂ। ਪ੍ਰੰਤੂ ਇਸਦਾ ਉਲਟ ਪ੍ਰਭਾਵ ਹੀ ਗਿਆ। ਕੁੱਝ ਲੇਖਕਾਂ ਨੇ ਮੈਨੂੰ ਡਾਕੀਆ ਹੀ ਸਮਝ ਲਿਆ ਸੀ, ਉਨ੍ਹਾਂ ਸੱਜਣਾਂ ਚੋਂ ਮੈਨੂੰ ਸਾਹਿਤਕਤਾ ਤੇ ਇਨਸਾਨੀ ਵਿਸ਼ਾਲਤਾ ਘੱਟ ਹੀ ਮਿਲੀ। ਨਾਂ ਹੀ ਕਿਤੋਂ ਵੱਡੇ ਭਰਾ ਜਾ ਵੱਡੇਰਿਆਂ ਵਾਲਾ ਅਸ਼ੀਰਵਾਦ ਮਿਲਦਾ ਸੀ। ਇਸ ਲਈ ਜਦੋਂ ਮੈਨੂੰ ਲੇਖਕਾਂ ਦੇ ਇਸ ਵਤੀਰੇ ਦਾ ਪਤਾ ਚੱਲਿਆ ਤਾਂ ਕੁੱਝ ਲੇਖਕਾਂ ਤੋਂ ਮੈਂ ਟੁੱਟ ਗਿਆ ਤੇ ਕੁੱਝ ਮੈਥੋਂ ਦੂਰ ਹੋ ਗਏ ਕਿਉਂਕਿ ਮੈਂ ਉਨ੍ਹਾਂ ਦੀ ਮਨੋਕਾਮਨਾ ਤੇ ਪੂਰਾ ਨਹੀਂ ਉੱਤਰ ਸਕਦਾ ਸਾਂ।

ਪੰਜਾਬ ਸੰਕਟ ਦੇ ਪ੍ਰਭਾਵ ਕਾਰਨ 1994-95 ਦੌਰਾਨ ਸਾਹਿਤਕ ਸਰਗਰਮੀਆਂ ਅਤੇ ਸੰਵਾਦ ਘੱਟ ਹੀ ਨਜ਼ਰ ਪੈਂਦਾ ਸੀ ਇਸ ਖੜੋਤਮਈ ਸਥਿਤੀ ਨੂੰ ਤੋੜਨ ਲਈ ਅਸੀਂ ਸਾਹਿਤ ਵਿਚਾਰ ਮੰਚ ਪਟਿਆਲਾ ਦੀ ਰਲ ਮਿਲ ਕੇ ਸਥਾਪਨਾ ਹੋਈ। ਜਿਸ ਵਿੱਚ ਪ੍ਰੋ. ਕਿਰਪਾਲ ਕਜ਼ਾਕ, ਡਾ. ਮੇਵਾ ਸਿੰਘ ਸਿੱਧੂ, ਪਰਮਿੰਦਰ ਪਾਲ ਕੌਰ, ਪ੍ਰੀਤ ਮਹਿੰਦਰ ਸੇਖੋਂ, ਪਰਮਜੀਤ ਪਰਵਾਨਾ ਆਦਿ ਸਾਹਿਤ ਵਿਚਾਰ ਮੰਚ ਦੇ ਸਰਗਰਮ ਮੈਂਬਰ ਸਨ। ਡਾ. ਦਲੀਪ ਕੌਰ ਟਿਵਾਣਾ, ਪਦਮ ਸ੍ਰੀ ਪ੍ਰੋ. ਗੁਰਦਿਆਲ ਸਿੰਘ ਜੀ ਵਿਚਾਰ ਮੰਚ ਦੇ ਸਰਪ੍ਰਸਤ ਸਨ। ਇਸ ਸਰਗਰਮੀ ਤੋਂ ਮੈਨੂੰ ਬਹੁਤ ਉਤਸ਼ਾਹ ਮਿਲਿਆ ਕੁੱਝ ਸਮਾਗਮਾਂ 'ਚ ਡਾ. ਜਸਵਿੰਦਰ ਸਿੰਘ, ਡਾ. ਨਰਿੰਦਰ ਸਿੰਘ ਕਪੂਰ, ਡਾ. ਹਰਭਜਨ ਸਿੰਘ ਦਿਓਲ, ਪ੍ਰੋ. ਗੁਰਭਗਤ ਸਿੰਘ ਦੇ ਵਿਚਾਰ ਸੁਣਨ ਨੂੰ ਮਿਲੇ, ਅਜਿਹੇ ਵਿਚਾਰਾਂ ਤੋਂ ਮੈਨੂੰ ਕਾਫ਼ੀ ਪ੍ਰੇਰਨਾ ਮਿਲੀ। ਜੀਵਨ ਲਈ ਸੇਧ ਮਿਲੀ। ਜੀਵਨ ਨੂੰ ਨਿਖਰਣ, ਪਰਖਣ ਲਈ ਮਹਾਨ ਵਿਦਵਾਨਾਂ ਦੇ ਵਿਚਾਰ ਅਤੇ ਖੋਜ ਭਰਪੂਰ ਦ੍ਰਿਸ਼ਟੀ ਮਿਲੀ। ਮੈਂ ਸਮਝਦਾ ਹਾਂ ਮੈਂ ਜੋ ਕੁੱਝ ਵੀ ਹਾਂ ਮੈਂ ਆਪਣੇ ਦੋਸਤਾਂ, ਮਹਾਨ ਲੇਖਕਾਂ ਦੇ ਉੱਤਮ ਵਿਚਾਰਾਂ, ਨਿਰਪੱਖ ਦ੍ਰਿਸ਼ਟੀ ਪ੍ਰਦਾਨ ਕਰਨ ਵਾਲੇ ਆਲੋਚਕਾਂ ਸਦਕਾ ਹਾਂ ਜੋ ਕੁੱਝ ਮੈਂ ਨਹੀਂ ਹਾਂ ਉਹ ਮੇਰੀਆਂ ਆਪਣੀਆਂ ਘਾਟਾਂ ਤੇ ਕਮਜ਼ੋਰੀਆਂ ਹਨ। ਮੇਰੀਆਂ ਸੀਮਾਵਾਂ ਹਨ। ਮੇਰੇ ਪਟਿਆਲੇ ਅੰਦਰ ਹੁਣ ਤੀਕ ਰਹਿਣ ਦੇ ਅਹਿਸਾਸ ਕੌੜੀਆਂ ਮਿੱਠੀਆਂ ਯਾਦਾਂ ਨਾਲ ਭਰੇ ਹੋਏ ਹਨ। ਫੇਰ ਵੀ ਮੈਂ ਕੁੱਛੂ ਦੀ ਤੋਰੇ ਹੌਲੀ-ਹੌਲੀ ਤੁਰ ਰਿਹਾ ਹਾਂ। ਇਕ ਸੇਅਰ ਯਾਦ ਆਉਂਦਾ ਹੈ:

ਹਾਰ ਹਾਰ ਕੇ ਵੀ, ਅਸੀਂ ਹਾਰੇ ਨਹੀਂ
ਸੁਪਨੇ ਮੰਜ਼ਿਲਾਂ ਦੇ ਅਸੀਂ ਵਿਸਾਰੇ ਨਹੀਂ।

**ਫ਼ੋਨ: 96461-11669, 96464-20277,**



## ਬਹਿਸ: ਤਕਨੀਕ ਅਤੇ ਸਾਹਿਤ / - ਅਨੁਵਾਦ :ਭਗਵੰਤ ਰਸੂਲਪੁਰੀ

**ਅਨੂਪ ਸੇਠੀ**-ਵਿਨੋਦ ਜੀ ਤੁਸੀਂ ਤਕਨੀਕ ਦੀ ਗੱਲ ਕਰ ਰਹੇ ਹੋ ਤਕਨੀਕ ਦਾ ਸਾਡੀ ਸੰਵੇਦਨਾ 'ਤੇ ਕੀ ਅਸਰ ਹੋਇਆ ਹੈ?

**ਵਿਨੋਦ ਦਾਸ**-ਸਾਡੇ ਜੀਵਨ 'ਚ ਤਕਨੀਕ ਦਾ ਬਹੁਤ ਮਹੱਤਵ ਹੈ। ਜਦੋਂ ਕੋਈ ਤਕਨੀਕ ਆਉਂਦੀ ਹੈ ਤਾਂ ਉਸਦਾ ਤੁਹਾਡੇ ਵਰਤਾਓ 'ਚ, ਪੂਰੇ ਜੀਵਨ 'ਤੇ ਅਸਰ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਪਹਿਲਾਂ ਪਹਿਲ ਤਕਨੀਕ ਰੇਡੀਓ ਸੀ, ਸਾਰੇ ਘਰ ਦੇ ਇਕੱਠੇ ਹੋ ਕੇ ਰੇਡੀਓ ਸੁਣਦੇ ਸਨ। ਅੱਜ ਸੰਗੀਤ ਕੰਨ ਨਾਲ ਫੋਨ ਲਾ ਕੇ ਇਕੱਲਿਆਂ ਸੁਣਿਆ ਜਾ ਰਿਹਾ ਹੈ। ਇਹ ਤੁਹਾਨੂੰ ਇਕੱਲਾ ਬਣਾਉਂਦੀ ਹੈ। ਇਕ ਤਕਨੀਕ ਸਮੂਹਿਕਤਾ ਨਾਲੋਂ ਤੋੜ ਕੇ ਇਕੱਲਾ ਮਨੁੱਖ ਬਣਾ ਰਹੀ ਹੈ। ਭਾਵ ਕਿ ਸਮੂਹਿਕਤਾ ਤੋਂ ਤੋੜਨ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ ਹੈ। ਇਸ ਤਰ੍ਹਾਂ ਤਕਨੀਕ ਨਾਲ ਕਈ ਤਰ੍ਹਾਂ ਦੇ ਪਰਿਵਰਤਣ ਆਉਂਦੇ ਹਨ ਜਿਸ ਵਿਚ ਸਾਡੇ ਈਮੋਸ਼ਨਸ 'ਚ ਤਬਦੀਲੀ ਆ ਜਾਂਦੀ ਹੈ। ਜਿਵੇਂ ਹੁਣ ਸਾਡੇ ਜੀਵਨ ਵਿਚ ਚਿੱਠੀਆਂ ਗਾਇਬ ਹੋ ਗਈਆਂ ਹਨ। ਐੱਸ ਐੱਮ ਐੱਸ ਆ ਗਏ ਹਨ। ਇਸ ਵਿਚ ਤਤਕਾਲੀ ਸੰਦਰਭ ਤਾਂ ਹੋ ਸਕਦੇ ਹਨ, ਪ੍ਰੰਤੂ ਚਿੱਠੀਆਂ ਵਿਚ ਜਿਸ ਤਰ੍ਹਾਂ ਉਸ ਸਮੇਂ ਦੇ ਮੂਡ 'ਚ ਤੁਸੀਂ ਰਹਿ ਸਕਦੇ ਹੋ ਬਲਕਿ ਜਦੋਂ ਚਾਹੋ ਉਸ ਸਮੇਂ 'ਚ ਚਲੇ ਜਾਓ, ਇਹ ਐੱਸ ਐੱਮ ਐੱਸ ਨਾਲ ਸੰਭਵ ਨਹੀਂ। ਟੈਕਨੋਲਜੀ ਜੀਵਨ ਵਿਚ ਬਹੁਤ ਤਰ੍ਹਾਂ ਦੀ ਤਬਦੀਲੀ ਲਿਆ ਰਹੀ ਹੈ ਅਤੇ ਮੈਨੂੰ ਲੱਗਦਾ ਹੈ ਸਾਹਿਤ 'ਚ ਵੀ ਇਸ ਤਰ੍ਹਾਂ ਦੇ ਬਦਲਾਵ ਦੇਖਣ ਨੂੰ ਮਿਲਣਗੇ।

**ਸੈਲੇਸ਼ ਸਿੰਘ**-ਸਾਰੀਆਂ ਕਲਾਵਾਂ ਮੂਲ ਰੂਪ 'ਚ ਸਮੂਹਾਂ ਨੂੰ ਜਾਂ ਸਮਾਜ ਨੂੰ ਸੰਬੋਧਿਤ ਹੁੰਦੀਆਂ ਹਨ। ਜੇਕਰ ਉਨ੍ਹਾਂ ਦਾ ਨਿਭਾਅ ਸਮੂਹਿਕਤਾ ਵਿਚ ਨਹੀਂ ਹੋ ਰਿਹਾ, ਵਿਅਕਤੀ ਦੇ ਪੱਧਰ 'ਤੇ ਹੋ ਰਿਹਾ ਹੈ ਤਾਂ ਕੀ ਇਨ੍ਹਾਂ ਦਾ ਇਹ ਅਰਥ ਹੈ ਕਿ ਕਲਾਵਾਂ ਆਪ੍ਰਸੰਗਿਕ ਹੋ ਰਹੀਆਂ ਹਨ ਜਾਂ ਅਸੀਂ ਆਪਣੇ ਮਾਧਿਆਮ ਨੂੰ ਬਦਲੀਏ।

**ਵਿਨੋਦ ਦਾਸ**-ਸਮੂਹਿਕਤਾ ਵਿਚ ਵੀ ਤਬਦੀਲੀ ਆਈ ਹੈ। ਫੇਸ ਬੁੱਕ ਦੇ ਕਾਰਨ ਇਕ ਨਵੀਂ ਸਮੂਹਿਕਤਾ ਬਣੀ ਹੈ ਪ੍ਰੰਤੂ ਉਸ ਨਾਲ ਕੇਵਲ ਸੰਪਰਕ ਬਣਦਾ ਹੈ। ਸਾਡਾ ਕੰਮ ਤਾਂ ਸੰਵੇਦਾਨਾ ਨਾਲ ਹੈ। ਉਹ ਇਥੇ ਨਹੀਂ ਹੈ। ਜਦੋਂ ਤੱਕ ਸਾਹਿਤ ਅਤੇ ਕਲਾਵਾਂ ਭਾਵਨਾਵਾਂ ਅਤੇ ਸੰਵੇਦਨਵਾਂ ਦੇ ਆਧਾਰ ਉੱਤੇ ਕੰਮ ਨਹੀਂ ਕਰਦੀਆਂ, ਉਦੋਂ ਤੱਕ ਗੱਲ ਨਹੀਂ ਬਣਦੀ। ਅੱਜ ਜਿਹੜਾ ਮਨੁੱਖ ਬਣ ਰਿਹਾ ਹੈ। ਉਸ ਦੀ ਸੰਵੇਦਨਾ ਵੱਖਰੀ ਕਿਸਮ ਦੀ ਬਣ ਰਹੀ ਹੈ। ਪਰ ਇਹ ਜਿਹੜੀ ਆਧੁਨਿਕ ਸੰਵੇਦਨਾ ਹੈ, ਉਹ ਤੱਤਕਾਲੀ ਹੈ। ਅੱਜ ਸਾਹਿਤ ਦੀ ਪ੍ਰਸੰਗਿਕਤਾ ਵੀ ਸ਼ਾਇਦ ਇਸ ਕਰਕੇ ਘਟ ਰਹੀ ਹੈ। ਤਾਂ ਨਵੇਂ ਮਨੁੱਖ ਦੇ ਹਿਸਾਬ ਨਾਲ ਸਾਨੂੰ ਨਵੀਂ ਕਿਸਮ ਦਾ ਸਾਹਿਤ ਲਿਖਣਾ ਪਵੇਗਾ, ਜਿਸ ਵਿਚ ਸਮੂਹਿਕਤਾ ਦੀ ਬਜਾਏ ਇਕੱਲੇ ਮਨੁੱਖ ਦੇ ਅੰਦਰਲੇ ਮਨ ਦੀ, ਉਸ ਦੇ ਉਤਰਾਅ ਚੜ੍ਹਾਅ ਦੀ ਗੱਲ ਹੋਵੇਗੀ।

**ਸੈਲੇਸ਼ ਸਿੰਘ**-ਮਨੁੱਖ ਦਾ ਅਸਤਿਤਵ ਸਮਾਜਿਕਤਾ ਵਿਚ ਹੀ ਹੈ, ਜੇਕਰ ਅਸੀਂ ਉਸਦੀ ਸਮਾਜਿਕਤਾ ਨੂੰ ਥੋੜ੍ਹਾ ਕਰਦੇ ਹਾਂ ਤਾਂ ਉਹ ਇਕ ਹੱਦ ਤੱਕ ਮਨੁੱਖ ਰਹਿ ਸਕੇਗਾ? ਜੇ ਟੁੱਟ ਜਾਵਾਂਗੇ ਤਾਂ ਉਸਦੀ ਕੀ ਅਹਿਮੀਅਤ ਹੋਵੇਗੀ?

ਅਨੂਪ ਸੇਠੀ-ਓਮਾ ਜੀ ਤੁਸੀਂ ਇਹ ਦੱਸੋਂ ਕਿ ਇਹ ਸਮੂਹਿਕਤਾ ਬਨਾਮ ਇਕੱਲਤਾ ਦਾ ਸਵਾਲ ਪੂਰੀ ਤਰ੍ਹਾਂ ਨਾਲ ਸੱਚ ਹੈ? ਪਿਛਲੇ ਦਿਨੀਂ ਜਿਹੜੇ ਵਿਸ਼ਵ ਪੱਧਰ 'ਤੇ ਅੰਦੋਲਨ ਹੋਏ ਹਨ ਜਿਸ ਵਿਚ ਮੀਡੀਏ ਦੀ ਅਹਿਮ ਭੂਮਿਕਾ ਰਹੀ ਹੈ ਤਾਂ ਕੀ ਇਹ ਦੂਜੀ ਕਿਸਮ ਦਾ ਸੱਚ ਨਹੀਂ ਹੈ? ਚਾਹੇ ਉਹ ਕਲਾਵਾਂ ਹੋਣ ਜਾਂ

ਜੀਵਨ, ਕੀ ਸਾਨੂੰ ਦੂਜੀ ਤਰ੍ਹਾਂ ਦੇ ਮਾਨਵ ਜਾਂ ਦੂਜੀ ਕਿਸਮ ਦੀ ਦ੍ਰਿਸ਼ਟੀ ਨਹੀਂ ਰੱਖਣੀ ਹੋਵੇਗੀ?

**ਓਮ ਸ਼ਰਮਾ**-ਮੈਂ ਸੋਚਦਾ ਹਾਂ ਕਿ ਤਕਨੀਕ ਨੂੰ ਲੈ ਕੇ ਗੱਲ ਹੋ ਰਹੀ ਹੈ ਉਸ ਦਾ ਇਕ ਪੱਖ ਜਾਂ ਵਿਰੋਧ ਨਹੀਂ ਹੈ ਸਾਰਾ ਕੁਝ ਅੱਧੇ-ਅਧੂਰੇ ਸੱਚ ਦੇ ਰੂਪ 'ਚ ਤਬਦੀਲ ਹੋ ਗਿਆ ਹੈ। ਮੈਂ ਵਿਨੋਦ ਜੀ ਦੀ ਇਸ ਗੱਲ ਨਾਲ ਸਹਿਮਤ ਨਹੀਂ ਹੋ ਰਿਹਾ ਹਾਂ ਰੇਡੀਓ ਉੱਤੇ ਸਮੂਹਿਕ ਰੂਪ ਨਾਲ ਸੰਗੀਤ ਸੁਣਨ ਦੀ ਬਜਾਏ ਇਕੱਲੇ ਕੰਨ ਨਾਲ ਏਅਰ ਫੋਨ ਲਾ ਕੇ ਸੁਣਨ 'ਚ ਆਨੰਦ ਥੋੜ੍ਹਾ ਨਹੀਂ ਹੋ ਜਾਂਦਾ। ਸੰਗੀਤ ਹੁਣ ਤਕਨੀਕ ਦੇ ਮਧਿਆਮ ਨਾਲ ਮਾਇਕ੍ਰੋਸਕੋਪਕ ਪੱਧਰ 'ਤੇ ਮਿਲਣ ਲੱਗ ਪਿਆ ਹੈ। ਇਸ ਨਾਲ ਅਸੀਂ ਜਿੱਥੇ ਚਾਹੀਏ ਸੁਣ ਸਕਦੇ ਹਾਂ। ਅੱਜ ਵਿਅਕਤੀ ਕੰਨਾਂ ਨੂੰ ਲਾ ਕੇ ਕੇਵਲ ਸੰਗੀਤ ਨਹੀਂ ਸੁਣ ਰਿਹਾ, ਉਹ ਖ਼ਬਰਾਂ ਵੀ ਸੁਣ ਰਿਹਾ ਹੈ। ਦੂਜਾ ਅਸੀਂ ਸਮੂਹਿਕਤਾ ਨੂੰ ਇਕ ਬਹੁਤ ਵੱਡੇ ਮਹੱਤਵ ਦੇ ਵਾਂਗ ਲੈਂਦੇ ਹਾਂ। ਪ੍ਰੰਤੂ ਇਸ ਨੂੰ ਵਿਕਾਸ ਦੇ ਤੌਰ 'ਤੇ ਜੋੜਨਾ ਜਿਆਦਤੀ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਲੇਕਿਨ ਕੀ ਉਹ ਸਮਾਜਿਕਤਾ ਨਾਲ ਐਨਾ ਬੱਝਾ ਹੋਇਆ ਹੈ ਕਿ ਉਸ ਤੋਂ ਵਿੱਛੜਨ ਨਾਲ ਤੁਸੀਂ ਰੋਣਾ ਸ਼ੁਰੂ ਕਰ ਦਿਓ? ਜਦਕਿ ਸਮਾਜਿਕਤਾ ਦੀ ਕੇਵਲ ਪਰਿਭਾਸ਼ਾ ਬਦਲੀ ਹੈ। ਅਸੀਂ ਕਿਉਂਕਿ ਮਨੁੱਖ ਦੀ ਸਮਾਜਿਕਤਾ ਨੂੰ ਖਾਸ ਤਰ੍ਹਾਂ ਨਾਲ ਦੇਖਣ ਦੇ ਆਦੀ ਰਹੇ ਹਾਂ ਤਾਂ ਸਾਨੂੰ ਲੱਗਦਾ ਹੈ ਕਿ ਇਹ ਉਸਦੀ ਇਕੱਲਤਾ ਹੈ। ਤਰੱਕੀ ਪਸੰਦ ਸਮਾਜਾਂ 'ਚ ਇਕੱਲਤਾ ਵਿਚ ਹੀ ਪ੍ਰਤਿਭਾਵਾਂ ਜਨਮੀਆਂ ਹਨ। ਤੁਸੀਂ ਨੀਸ਼ਤੇ ਨੂੰ ਦੇਖੋ। ਬਾਲਜਾਕ ਦੀ ਕੀ ਸਮਾਜਿਕਤਾ ਸੀ? ਜੇਕਰ ਸਿਰਜਣਾ ਦੀ ਗੱਲ ਕਰੀਏ ਤਾਂ ਉਹ ਹਮੇਸ਼ਾਂ ਇਕੱਲਤਾ ਨੂੰ ਹੀ ਤਲਾਸ਼ ਕਰਦੀ ਰਹੀ। ਇਸ ਤਰ੍ਹਾਂ ਮੈਂ ਸਮਝਦਾ ਹਾਂ ਲੇਖਕ ਦੇ ਲਈ ਸਥਿਤੀਆਂ ਖਰਾਬ ਨਹੀਂ ਹਨ।

**ਅਨੂਪ ਸੇਠੀ**-ਤੁਸੀਂ ਲੇਖਕ ਦੇ ਇਕੱਲੇ ਹੋਣ ਅਤੇ ਸਿਰਜਣਾਤਮਿਕਤਾ ਦੀ ਜਿਹੜੀ ਗੱਲ ਕਹੀ ਹੈ ਇਹ ਵੱਖਰਾ ਪਹਿਲੂ ਹੈ, ਅਤੇ ਦੂਜੀ ਗੱਲ ਕਿ ਜਦੋਂ ਵਿਅਕਤੀ ਲੋਕਾਂ ਦੇ ਵਿਚ ਰਹਿੰਦਿਆਂ ਹੋਇਆਂ ਜਿਵੇਂ ਟਰੇਨ 'ਚ ਜਾਂਦਿਆਂ ਪਲੱਗ ਲਾ ਕੇ ਇਕੱਲਤਾ 'ਚ ਸੁਣਦਾ ਹੈ ਤਾਂ ਉਹ ਦੁਨੀਆਂ ਵਿਚ ਰਹਿੰਦਾ ਹੋਇਆ ਵੱਖਰਾ ਹੋ ਰਿਹਾ ਹੁੰਦਾ ਹੈ।

**ਵਿਨੋਦ ਦਾਸ**-ਮੇਰਾ ਕਹਿਣਾ ਸੀ ਕਿ ਉਦਯੋਗਕਿਤਾ ਮਨੁੱਖ ਨੂੰ ਮਨੁੱਖ ਤੋਂ ਦੂਰ ਵੀ ਕਰ ਰਹੀ ਹੈ। ਇਸ ਤਰ੍ਹਾਂ ਜਿਹੜਾ ਇਕੱਲਾ ਵਿਅਕਤੀ ਬਣਦਾ ਹੈ, ਉਸ ਦਾ ਚਰਿੱਤਰ ਵੀ ਦੂਜੀ ਕਿਸਮ ਦਾ ਹੋਵੇਗਾ ਤਾਂ ਕੀ ਅਸੀਂ ਸਾਹਿਤ 'ਚ ਉਸ ਚਰਿੱਤਰ ਵਰਣਨ ਕਰਨ ਦਾ ਤਰੀਕਾ ਨਹੀਂ ਦੇਖਾਂਗੇ ਜਿਹੜਾ ਸਮੂਹਿਕਤਾ ਦੇ ਸਮੇਂ ਵਾਲੇ ਵਿਅਕਤੀ ਦੇ ਚਰਿੱਤਰ ਨੂੰ ਪੇਸ਼ ਕਰਨ ਦਾ ਰਿਹਾ ਹੈ?

**ਅਨੂਪ ਸੇਠੀ**-ਅਮਰੀਕ ਸਿੰਘ ਦੀਪ ਤੁਸੀਂ ਦੱਸੋ ਕਿ ਇਨ੍ਹਾਂ ਮੁੱਦਿਆਂ ਨੂੰ ਜੋੜ ਕੇ ਕਥਾ ਸਾਹਿਤ 'ਚ ਵਸਤੂਆਂ ਕਿਵੇਂ ਆ ਸਕਦੀਆਂ ਹਨ, ਆ ਰਹੀਆਂ ਹਨ ਜਾਂ ਨਹੀਂ ਆ ਰਹੀਆਂ?

**ਅਮਰੀਕ ਸਿੰਘ ਦੀਪ**-ਸਾਡਾ ਇਹ ਮੰਨਣਾ ਹੈ ਕਿ ਕਲਾਵਾਂ ਮਰ ਰਹੀਆਂ ਹਨ। ਜਿਹੜੀਆਂ ਚੀਜ਼ਾਂ ਪਹਿਲਾਂ ਹੱਥਾਂ ਨਾਲ ਬਣਾਈਆਂ ਜਾਂਦੀਆਂ ਸਨ, ਹੁਣ ਉਨ੍ਹਾਂ ਨੂੰ ਤਕਨੀਕ ਨਾਲ ਬਣਾਇਆ ਜਾ ਰਿਹਾ ਹੈ। ਸਾਡਾ ਇਕ ਸਬੰਧੀ ਹੈ ਉਹ ਨਾ ਸਿਤਾਰ ਵਜਾਉਂਦਾ ਸੀ ਨਾ ਤਬਲਾ ਪ੍ਰੰਤੂ ਉਸ ਨੇ ਕੰਪਿਊਟਰ ਨਾਲ ਆਪਣਾ ਇਕ ਐਲਬਮ ਬਣਾ ਲਿਆ। ਪਹਿਲਾ ਅਸੀਂ ਇਕ ਕਹਾਣੀ ਦੇ ਛੇ ਛੇ, ਸੱਤ-ਸੱਤ ਡਰਾਫਟ ਲਿਖਦੇ ਸੀ, ਹਰ ਵਾਰ ਅਸੀਂ ਨਵਾਂ ਜੋੜਦੇ ਸਾਂ। ਹੁਣ ਦੇ ਲੇਖਕ ਲਗਦਾ ਹੈ ਪਹਿਲੇ ਹੀ ਡਰਾਫਟ 'ਚ ਕਹਾਣੀ ਭੇਜ ਦਿੰਦੇ ਹਨ। ਤਾਂ ਲਗਦਾ ਨਹੀਂ ਹੈ ਕਿ ਕਹਾਣੀ ਜਾਂ ਲਿਖਤ ਦੇ ਪੱਧਰ ਤੇ ਤਬਦੀਲੀ ਹੋਈ ਹੈ।

**ਅਨੂਪ ਸੇਠੀ**-ਤਕਨੀਕੀ ਦ੍ਰਿਸ਼ਟੀ ਤੋਂ ਕੰਪਿਊਟਰ ਉੱਤੇ ਤੁਸੀਂ ਚਾਹੋ ਜਿੰਨੀ ਵਾਰ ਮਰਜ਼ੀ ਸੁਧਾਰ ਕਰ ਸਕਦੇ ਹੋ। ਇਹ ਵਿਅਕਤੀ ਤੇ ਨਿਰਭਰ ਕਰਦਾ ਹੈ ਕਿ ਉਹ ਕਿੰਨੀ ਮਿਹਨਤ ਕਰਨਾ ਚਾਹੁੰਦਾ ਹੈ। ਅਸ਼ੋਕ ਵਾਜਪਾਈ ਨੇ ਇਕ ਵਾਰ ਕਿਹਾ ਸੀ ਕਿ ਉਨ੍ਹਾਂ ਦੀਆਂ ਉਹ ਕਵਿਤਾਵਾਂ ਪਹਿਲੇ ਡਰਾਫਟ ਦੀਆਂ ਹੀ ਹਨ।



**ਅਮਰੀਕ ਦੀਪ**-ਹੋ ਸਕਦਾ ਹੈ... ਆਪਣਾ ਆਪਣਾ ਅਨੁਭਵ ਹੈ। ਪਰ ਅੱਜ ਕਲ ਜੋ ਲਿਖਿਆ ਜਾ ਰਿਹਾ ਹੈ ਉਸ ਨੂੰ ਦੇਖਦਿਆਂ ਲੱਗਦਾ ਕਿ ਇਹ ਪਹਿਲੇ ਡਰਾਫਟ ਵਾਲੀ ਰਚਨਾ ਹੀ ਹੈ।

ਅਨੂਪ ਸੇਠੀ-ਪ੍ਰਕਾਸ਼ ਜੀ ਦੀਪ ਜੀ ਨੇ ਇਹ ਨਵਾਂ ਮੁੱਦਾ ਜੋੜ ਦਿੱਤਾ। ਇਹ ਦੱਸੋਂ ਪਹਿਲੇ ਡਰਾਫਟ ਦੀਆਂ ਕਹਾਣੀਆਂ ਦਾ ਕੀ ਮਸਲਾ ਹੈ ਫਿਰ ਸੰਪਾਦਕ ਦੀ ਕੀ ਭੂਮਿਕਾ ਰਹਿ ਜਾਂਦੀ ਹੈ?

**ਹਰਿਚਰਨ ਪ੍ਰਕਾਸ਼**-ਮੈਂ ਟੈਕਨਾਲੋਜੀ ਚੈਲੰਜਡ ਆਦਮੀ ਹਾਂ। ਜੇਕਰ ਮੈਂ ਸਵਿਚ ਵੀ ਆਨ-ਆਫ ਕਰਨਾ ਹੁੰਦਾ ਹੈ ਤਾਂ ਮੇਰੇ ਲਈ ਇਹ ਇਕ ਵੱਡਾ ਕੰਮ ਹੈ। ਖ਼ੁਦ ਕੰਪਿਊਟਰ ਨਹੀਂ ਵਰਤਦਾ ਭਾਵੇਂ ਮੇਰੇ ਬੱਚੇ ਨਿਰਭਰ ਹਨ। ਮੈਂ ਇਕ ਗੱਲ ਕਹਿੰਦਾ ਹਾਂ ਕਿ ਟੈਕਨਾਲੌਜੀ ਨਵੀਂ ਚੀਜ਼ ਨਹੀਂ ਹੈ। ਕੇਵਲ ਉਸ ਦੀ ਗਤੀ ਬਦਲ ਗਈ ਹੈ। ਮੈਂ ਕੋਈ ਨਵੀਂ ਗੱਲ ਨਹੀਂ ਕਹਿ ਰਿਹਾ ਹਾਂ, ਜਿਸ ਨੇ ਵੀ ਏਲਿਵਨ ਟਾਫਲਰ ਦੀ 'ਫਊਚਰ ਸਾਕ' ਕਿਤਾਬ ਪੜ੍ਹੀ ਹੋਵੇਗੀ ਉਹ ਜਾਣਦਾ ਹੈ ਕਿ ਪਹਿਲਾ ਪਹੀਆ ਆਇਆ, ਗੱਡੀ ਅਤੇ ਹਵਾਈ ਜਹਾਜ਼ ਦੇ ਨਿਰਮਾਣ ਦੇ ਵਿਚਕਾਰ ਸੱਠ ਸੱਤਰ ਸਾਲ ਦਾ ਅੰਤਰ ਹੈ। ਹਰ ਜਨਰੇਸ਼ਨ ਦਾ ਨਵੀਂ ਤਕਨੀਕ ਨਾਲ ਸਾਹਮਣਾ ਕਰਨਾ ਹੋਵੇਗਾ। ਇਸ ਬਿਨਾ ਕੋਈ ਚਾਰਾ ਨਹੀਂ। ਤਕਨੀਕ ਆਪਣੇ ਆਪ ਵਿਚ ਬੁਰੀ ਚੀਜ਼ ਨਹੀਂ ਹੈ। ਸਾਹਿਤ 'ਤੇ ਇਸ ਦਾ ਅਸਰ ਐਨਾ ਹੀ ਹੈ ਕਿ ਜੇਕਰ ਤੁਸੀਂ ਕਾਲੀਦਾਸ ਦੀਆਂ ਲਿਖਤਾਂ ਪੜ੍ਹੋ ਜਾਂ ਮਹਾਂ ਭਾਰਤ ਪੜ੍ਹੋ ਤਾਂ ਘੋੜੇ, ਤੀਰ, ਧਨੁੱਸ਼, ਰੱਥ ਹੋਣਗੇ। ਇਹ ਉਸ ਸਮੇਂ ਦੀ ਟੈਕਨੌਲਜੀ ਹੈ। ਅੱਜ ਹਵਾਈ ਜਹਾਜ, ਬੰਦੂਕਾਂ ਆਦਿ ਹਨ। ਵਿਨੋਦ ਜੀ ਦੀ ਗੱਲ ਤੇ ਮੇਰਾ ਇਹ ਕਹਿਣਾ ਹੈ ਕਿ ਸਾਹਿਤ ਦਾ ਇਕ ਬੇਸਿਕ ਇਮੋਸਨ ਜਾਂ ਕਰਾਫਟ ਹੁੰਦਾ ਹੈ, ਉਸ 'ਤੇ ਅਸਰ ਨਹੀਂ ਹੋਣਾ ਚਾਹੀਦਾ। ਜੇਕਰ ਉਹ ਆਉਂਦਾ ਹੈ ਜਾਂ ਤਕੀਨਕ ਇਸ ਹੱਦ ਤੱਕ ਪਹੁੰਚਦੀ ਹੈ ਕਿ ਆਪਣੀ ਮੂਲ ਭਾਵਨਾ ਪੂਰੀ ਤਰ੍ਹਾਂ ਨਾਲ ਮੈਟਾਮਾਰਫਾਇਜ਼ (ਰੁਪਾਂਤ੍ਰਤ) ਹੋ ਜਾਵੇ... ਪਰ ਸ਼ਾਇਦ ਅਜੇ ਅਜਿਹਾ ਨਹੀਂ ਹੈ। ਅਜਿਹਾ ਹੋ ਸਕਦਾ ਹੈ ਕਿ ਨਹੀਂ ਮੈਨੂੰ ਨਹੀਂ ਪਤਾ। ਮੈਨੂੰ ਨਹੀਂ ਲੱਗਦਾ ਕਿ ਇਹ ਐਨਾ ਅਸਾਨ ਹੈ ਕਿਉਂਕਿ ਇਸ ਦੇ ਅਨੇਕਾਂ ਅਹਿਮ ਪਹਿਲੂ ਹਨ ਜਿਸ ਨਾਲ ਸਮਾਜ ਵੀ ਬਰਬਾਦ ਹੋ ਸਕਦਾ ਹੈ। ਓਮਾ ਜੀ ਦੀ ਗੱਲ ਦੇ ਸੰਦਰਭ ਵਿਚ ਕਹਿਣਾ ਚਾਹੁੰਦਾ ਹਾਂ ਸਿਰਜਣਾਤਮਕ ਦੇ ਲਈ ਸਮਾਜਿਕਤਾ ਗਲੇ ਦੀ ਹੱਡੀ ਨਹੀਂ ਹੈ। ਉਦਾਹਰਣ ਦੇ ਲਈ ਭਗਤੀ ਸਾਹਿਤ ਦੇ ਸਮੇਂ 'ਚ ਉਹ ਸਮਾਜਿਕਤਾ ਨੂੰ ਐਡਰਸ ਨਹੀਂ ਕਰ ਰਹੇ ਸੀ। ਉਹ ਖੁਦ ਨੂੰ ਐਡਰਸ ਕਰ ਰਹੇ ਸਨ। ਬਾਅਦ ਵਿਚ ਉਨ੍ਹਾਂ ਦਾ ਸਾਹਿਤ ਪ੍ਰਸਿੱਧ ਹੋਇਆ। ਲੇਖਕ ਦਾ ਸੈਲਫ (ਆਪਣਾ ਆਪਾ) ਕਿੰਨਾ ਵੱਡਾ ਹੈ ਇਹ ਉਸ ਉੱਤੇ ਨਿਰਭਰ ਕਰੇਗਾ। ਜੇਕਰ ਉਸ 'ਚ ਪੂਰਾ ਸਮਾਜ ਸ਼ਾਮਿਲ ਹੈ ਤਾਂ ਉਸ ਨੂੰ ਬਹੁਤ ਜ਼ਿਆਦਾ ਸਮਾਜਿਕ ਹੋਣ ਦੀ ਜ਼ਰੂਰਤ ਨਹੀਂ ਹੈ।

**ਅਨੂਪ ਸੇਠੀ**- ਤੁਸੀਂ ਭਗਤੀ ਕਾਲ ਦੇ ਸਮੇਂ ਦੀ ਗੱਲ ਕਹੀ, ਆਧੁਨਿਕ ਕਾਲ 'ਚ ਵਿਅਕਤੀਵਾਦੀ ਧਾਰਨਾ ਅਸਤਿਤਵਵਾਦੀ ਦੇ (ਪ੍ਰਵੇਸ਼ ) 'ਚ ਤੁਸੀਂ ਕੀ ਕਹੋਗੇ। ਤੁਸੀਂ ਕਹਿ ਰਹੇ ਹੋ ਕਿ ਭਗਤੀ ਕਾਲ ਜਿਹੜਾ ਵਿਅਕਤੀ ਕੇਂਦਰਤ ਹੈ ਉਹ ਉਸ ਤਰ੍ਹਾਂ ਨਾਲ ਸਮਾਜਿਕ ਨਹੀਂ ਹੈ। ਪ੍ਰੰਤੂ ਆਧੁਨਿਕ ਸਮੇਂ 'ਚ ਖਾਸ ਤੌਰ ਤੇ ਮਹਾਂ ਯੁੱਧ ਦੇ ਬਾਅਦ ਤਾਂ ਬਕਾਇਦਾ ਵਿਅਕਤੀਵਾਦੀ ਸਾਹਿਤ ਲਿਖਿਆ ਗਿਆ, ਸਾਡੇ ਇਥੇ ਵੀ ਲਿਖਿਆ ਗਿਆ ਵਧੇਰੇ ਵਿਅਕਤੀ ਕੇਂਦਰਤ ਹੈ। ਵਿਅਕਤੀ ਦੇ ਅੰਦਰ ਜਿਹੜੀ ਟੁੱਟ ਭੱਜ ਹੋ ਰਹੀ ਹੈ, ਜਿਸ ਦੀ ਅਗਲੀ ਕੜੀ ਵਿਨੋਦ ਜੀ ਜੋੜ ਰਹੇ ਹਨ ਪ੍ਰਯੋਗਾ ਦੇ ਨਾਲ ਵਿਅਕਤੀ ਦੇ ਅੰਦਰਲੀ ਜਿਹੜੀ ਵੇਦਨਾ ਦੀ ਪ੍ਰਕ੍ਰਿਆ ਚੱਲ ਰਹੀ ਹੈ ਜਾਂ ਸੰਭਾਵਨਾ ਹੈ ਉਸ ਨੂੰ ਤੁਸੀਂ ਕਿਵੇਂ ਵੇਖਦੇ ਹੋ।

**ਹਰਿਚਰਨ ਪ੍ਰਕਾਸ਼**-ਮੈਂ ਇਸ ਨੂੰ ਵਿਅਕਤੀ ਦੇ ਅੰਦਰਲੀ ਤੋੜ ਫੋੜ ਮੰਨਣ ਨੂੰ ਤਿਆਰ ਨਹੀਂ ਹਾਂ। ਜਦੋਂ ਵੀ ਕੋਈ ਨਵੀਂ ਚੀਜ਼ ਆਵੇਗੀ ਤਾਂ ਤੋੜ ਫੋੜ ਕਰੇਗੀ ਹੀ। ਇਕ ਜ਼ਮਾਨਾ 'ਚ ਲਖਨਊ 'ਚ ਤਾਂਗੇ ਚੱਲਦੇ ਸਨ ਲੋਕ ਕਹਿੰਦੇ ਸੀ ਕਿ ਆਟੋ ਆਉਂਦਿਆਂ ਹੀ ਤਾਂਗੇ ਖਤਮ ਹੋ ਜਾਣਗੇ। ਕੋਈ ਵੀ ਨਵੀਂ

ਟੈਕਨਾਲੋਜੀ ਰੋਜਗਾਰ ਦੇ ਨਵੇਂ ਅਵਸਰ ਪ੍ਰਦਾਨ ਕਰਦੀ ਹੈ।

**ਅਨੂਪ ਸੇਠੀ**-ਵਿਉਪਾਰ ਅਤੇ ਗਲੋਬਲਾਈਜ਼ੇਸ਼ਨ ਤਾਂ ਹਰ ਸਮੇਂ 'ਚ ਆਪਣੇ ਹਿਸਾਬ ਨਾਲ ਹੋਈ ਹੀ ਹੈ। ਪ੍ਰੰਤੂ ਆਧੁਨਿਕ ਸਮੇਂ 'ਚ ਇਲੈਕਟ੍ਰੀਕਲ ਅਤੇ ਇਲੈਕਟ੍ਰੌਨਿਕਸ ਦੇ ਅੰਦਰ ਅਤੇ ਟੈਕਨੀਕਲ ਅਤੇ ਟੈਕਨਾਲੋਜੀਕਲ ਦੇ ਅੰਤਰ ਨੂੰ ਧਿਆਨ 'ਚ ਰੱਖਣਾ ਹੀ ਪਵੇਗਾ। ਵਿਅਕਤੀ ਅਤੇ ਸਮਾਜ ਉੱਤੇ ਤਾਂਗੇ ਅਤੇ ਮਰਸੀਡੀਜ਼ ਦੇ ਪ੍ਰਭਾਵ 'ਚ ਬਹੁਤ ਅੰਤਰ ਹੈ। ਟ੍ਰੇਨ ਦੇ ਚੱਲਣ ਅਤੇ ਹਵਾਈ ਜਹਾਜ਼ ਦੇ ਉੱਡਣ ਨਾਲ ਵਿਅਕਤੀ ਬਦਲਿਆ ਹੈ।

ਹਰਿਚਰਨ ਪ੍ਰਕਾਸ਼-ਇਸ ਸੈਂਸ ਵਿਚ ਤਾਂ ਬਦਲਿਆ ਹੀ। ਆਦਮੀ ਆਪਣੇ ਖੇਤਰ ਤੋਂ ਬਾਹਰ ਨਿਕਲਿਆ ਤਾਂ ਉਸਦੇ ਇੰਟ੍ਰਕਨੈਕਸ਼ਨ ਦਾ ਦਾਇਰਾ ਵਧਿਆ ਹੈ। ਇਸ ਨਾਲ ਉਸਦਾ ਤਤਕਾਲੀ ਖੇਤਰੀ ਪ੍ਰਭਾਵ ਘੱਟਿਆ ਹੈ। ਇਸ ਤਤਕਾਲੀ ਖੇਤਰ ਦਾ ਉਹ ਵੱਡਾ ਗੁਣ ਅਤੇ ਮਹੱਤਵ ਮੰਨਦਾ ਸੀ ਇਹ ਉਸ ਦੀ ਅਇਡੈਂਟਿਟੀ ਸੀ। ਕੁਝ ਲੋਕ ਮੰਨਦੇ ਹਨ ਕਿ ਉਸ ਆਇਡੈਂਟਿਟੀ ਦਾ ਖਾਤਮਾ ਹੋਇਆ ਹੈ। ਮੇਰਾ ਮੱਤ ਹੈ ਕਿ ਉਸ ਆਇਡੈਂਟਿਟੀ ਦਾ ਮਹੱਤਵ ਵਧਿਆ ਹੈ।

**ਅਮਰੀਕ ਦੀਪ**-ਅਸੀਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਤਕਨੀਕ ਰੋਜਗਾਰ ਦੇ ਮੌਕੇ ਦਿੰਦੀ ਹੈ। ਅਸੀਂ ਫੈਕਟਰੀ 'ਚ ਵਰਕਰ ਦੇ ਤੌਰ ਤੇ ਕੰਮ ਕਰਦੇ ਰਹੇ ਹਾਂ। ਇਸ ਦੇ ਕਾਰਨ ਮਜ਼ਦੂਰਾਂ ਦੀ ਸੰਖਿਆ ਘਟ ਗਈ ਹੈ। ਫੈਕਟਰੀ 'ਚ ਜਿੱਥੇ ਕਈ ਹਜ਼ਾਰ ਲੋਕ ਸਨ, ਹੁਣ ਘੱਟ ਗਏ ਹਨ।

**ਹਰਿਚਰਨ ਪ੍ਰਕਾਸ਼**-ਉਥੇ ਘਟੇ ਜ਼ਰੂਰ ਹਨ, ਪ੍ਰੰਤੂ ਦੂਜੇ ਖੇਤਰਾਂ ਵਿਚ ਨਵੇਂ ਅਵਸਰ ਪੈਦਾ ਹੋਏ ਹਨ।

ਵਿਨੋਦ ਦਾਸ-ਤਕਨੀਕ ਨੇ ਇਕ ਹੋਰ ਤਬਦੀਲੀ ਕੀਤੀ ਹੈ ਕਿ ਵਸਤੂਆਂ ਨੂੰ ਲੋਕਤੰਤਰਕ ਵੀ ਬਣਾਇਆ ਹੈ। ਜਿਵੇਂ ਲੋਕ ਚੱਪਲ ਪਾਉਣ ਲੱਗੇ, ਕਮੀਜ਼ ਪਾਉਣ ਲੱਗੇ, ਪ੍ਰੋਡਕਸ਼ਨ ਵੱਧ ਗਈ ਹੈ। ਪਹਿਲਾਂ ਲੋਕ ਨੰਗੇ ਘੁੰਮਦੇ ਸਨ। ਹੁਣ ਸਸਤੀਆਂ ਕਮੀਜ਼ਾਂ ਮਿਲ ਜਾਂਦੀਆਂ ਹਨ, ਮੋਬਾਇਲ ਮਿਲ ਜਾਂਦੇ ਹਨ। ਇਹ ਸਾਰਾ ਕੁਝ ਤਕਨੀਕ ਨੇ ਹੀ ਤਾਂ ਮੁਹੱਈਆ ਕਰਵਾਇਆ ਹੈ। ਤਕਨੀਕ ਨੇ ਇਕ ਤਰ੍ਹਾਂ ਨਾਲ ਸਾਨੂੰ ਸਮਰੱਥ ਵੀ ਬਣਾਇਆ ਹੈ। ਇਸ ਸਾਰੇ ਕੁਝ ਤੋਂ ਇਕ ਨਵਾਂ ਮਨੁੱਖ ਬਣ ਰਿਹਾ ਹੈ। ਇਸ ਨੂੰ ਪਹਿਚਾਨਣ ਦੀ ਜ਼ਰੂਰਤ ਹੈ। ਕੀ ਅਸੀਂ ਇਸ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਦੇ ਹਾਂ? ਇਸ ਦੇ ਲਈ ਨਵੀਂ ਭਾਸ਼ਾ ਨਵੀਂ ਸ਼ੈਲੀ, ਨਵੀਂ ਤਕਨੀਕ ਚਾਹੀਦੀ ਹੈ।

**ਆਰ ਕੇ ਪਾਲੀਵਾਲ**-ਮੈਂ ਵਾਪਸ ਮੁੜ ਤਕਨੀਕ ਦੇ ਹੀ ਮੁੱਦੇ 'ਤੇ ਆਉਂਦਾ ਹਾਂ। ਚੀਜ਼ਾਂ ਨੂੰ ਚਿੱਟੀਆਂ ਜਾਂ ਕਾਲੀਆਂ ਦੇਖਣ ਦੀ ਸਾਡੀ ਪ੍ਰੰਪਰਾ ਰਹੀ ਹੈ। ਤਕਨੀਕ ਨੂੰ ਵੀ ਸਾਹਿਤ 'ਚ ਬਲੈਕ ਐਂਡ ਵਾਇਟ ਹੀ ਦੇਖਣ ਦੀ ਕੋਸ਼ਿਸ਼ ਹੋ ਰਹੀ ਹੈ। ਤਕਨੀਕ ਨੂੰ ਇਸ ਐਂਗਲ ਤੋਂ ਨਹੀਂ ਦੇਖਣਾ ਚਾਹੀਦਾ। ਤਕਨੀਕ 'ਚ ਸਹੂਲਤਾਂ ਵੀ ਹਨ ਪਰੇਸ਼ਾਨੀਆਂ ਵੀ। ਸਵਾਲ ਅਪਨਾਉਣ ਦਾ ਹੈ। ਜਿਵੇਂ ਅਮਰੀਕ ਸਿੰਘ ਨੇ ਕਿਹਾ ਕਿ ਸਾਡੇ ਇਥੇ ਮਨੁੱਖੀ ਸ਼ਕਤੀ ਵੱਧ ਹੈ। ਇਥੇ ਜੇਕਰ ਲਾਭ ਨੂੰ ਦੇਖਦੇ ਹੋਏ ਸੁਪਰ ਕੰਪਿਊਟਰ ਆਦਿ ਲਾ ਦਿੱਤਾ ਜਾਵੇ ਅਤੇ ਮਨੁੱਖ ਨੂੰ ਹਟਾ ਦਿੱਤਾ ਜਾਵੇ ਤਾਂ ਇਸ ਤਰ੍ਹਾਂ ਤਕਨੀਕ ਨੂੰ ਸਾਨੂੰ ਨਹੀਂ ਸਵੀਕਾਰ ਕਰਨਾ ਚਾਹੀਦਾ। ਤਕਨੀਕ ਦੀਆਂ ਕਈ ਖਾਮੀਆਂ ਵੀ ਹਨ ਜਿਸਦਾ ਸਾਨੂੰ ਅਸਾਨੀ ਨਾਲ ਪਤਾ ਨਹੀਂ ਚੱਲਦਾ। ਮੋਬਾਇਲ ਅਤੇ ਕੰਪਿਊਟਰ ਦੀ ਸੰਸਕ੍ਰਿਤੀ ਨੇ ਸਾਥੋਂ ਯਾਦਾਂ ਜਾਂ ਯਾਦ ਸ਼ਕਤੀ ਅਲੋਪ ਕਰ ਦਿੱਤੀ ਹੈ। ਪਹਿਲਾ ਬਹੁਤਿਆਂ ਨੂੰ ਨੰਬਰ ਚੇਤੇ ਹੁੰਦੇ ਸਨ, ਨਾਂਅ ਚੇਤੇ ਰਹਿੰਦੇ ਸਨ। ਹੁਣ ਫੀਡ ਕਰ ਕੇ ਰੱਖਣ ਵਿਚ ਯਕੀਨ ਰੱਖਦੇ ਹਾਂ। ਗਾਂਧੀ ਅਤੇ ਵਿਨੋਭਾ ਨੂੰ ਚੇਤੇ ਕਰਦਿਆਂ ਹੋਇਆਂ ਸਾਨੂੰ ਤਕਨੀਕ ਦੀ ਸਾਵਧਾਨੀ ਨਾਲ ਚੋਣ ਕਰਨੀ ਹੋਵੇਗੀ। ਹੁਣ ਫੋਨ ਦੀ ਜਿਹੜੀ ਗੱਲ ਹੋਈ ਕਿ ਜੇਕਰ ਮੈਨੂੰ ਇਕਾਂਤ ਮਿਲੇ ਤਾਂ ਸੰਗੀਤ ਸੁਣ ਸਕਦਾ ਹਾਂ ਪਰ ਜਦੋਂ ਮੈਂ ਕਈ ਲੋਕਾਂ ਦੇ ਵਿਚ ਬੈਠਾ ਹੋਵਾਂ ਕੀ ਉਦੋਂ ਇਕੱਲਿਆਂ ਸੰਗੀਤ ਸੁਣਨਾ ਠੀਕ



ਹੋਵੇਗਾ। ਜਾਂ ਸੜਕ 'ਤੇ ਚੱਲਦੇ ਹੋਇਆ ਸੁਣਨਾ ਹੋਵੇ ਅਤੇ ਦੁਰਘਟਨਾ ਨੂੰ ਸੱਦਾ ਦੇਣਾ ਹੈ। ਤਕਨੀਕ ਨੂੰ ਮਾਸਟਰ ਦੇ ਵਾਂਗ ਨਹੀਂ ਬਣਨ ਦਿੱਤਾ ਜਾ ਸਕਦਾ ਕਿ ਉਹ ਤੁਹਾਡੇ ਤੇ ਕਬਜ਼ਾ ਕਰ ਲਵੇ। ਅਜਿਹੀ ਤਕਨੀਕ ਦੇ ਅਪਣਾਉਣ 'ਚ ਸਾਨੂੰ ਕੋਈ ਹਰਜ਼ ਨਹੀਂ ਜਿਹੜੀ ਸਾਡੀ ਸਹਾਇਤਾ ਕਰੇ। ਤਕਨੀਕ ਅਤੇ ਸਾਹਿਤ, ਤਕਨੀਕ ਤੇ ਸਮਾਜ, ਤਕਨੀਕ ਤੇ ਸਿੱਖਿਆ ਸਾਰਿਆਂ ਨੂੰ ਸਾਨੂੰ ਇਕੱਠਿਆਂ ਲੈਣਾ ਹੋਵੇਗਾ। ਅਜਿਹੀ ਤਕਨੀਕ ਤੋਂ ਸਾਨੂੰ ਬਚਣਾ ਚਾਹੀਦਾ ਹੈ ਜਿਹੜੀ ਸਾਡੀ ਯਾਦਾਂ ਨੂੰ, ਚੇਤਨਾ ਨੂੰ ਖਤਮ ਕਰਦੀ ਹੈ। ਅਸੀਂ ਕਿਸੇ ਨਾਲ ਮਿਲੇ-ਜੁਲੇ ਨਹੀਂ ਬਸ ਕੇਵਲ ਫੇਸਬੁੱਕ 'ਤੇ ਮਿਲੇ। ਜਦੋਂ ਕਿ ਤਕਨੀਕ ਦਾ ਚੰਗਾ ਪਹਿਲੂ ਹੈ ਅਸੀਂ ਕੱਟ ਪੇਸਟ ਕਰਕੇ ਡਰਾਫਟ ਬਣਾ ਲੈਂਦੇ ਹਾਂ। ਜਿਹੜਾ ਸਾਡੇ ਕੰਮ ਨੂੰ ਸਾਹਿਜ ਬਣਾਉਂਦਾ ਹੈ ਉਸ ਨੂੰ ਸਵੀਕਾਰ ਕਰਨ ਵਿਚ ਗੁਰੇਜ਼ ਨਹੀਂ ਕਰਨਾ ਚਾਹੀਦਾ। ਸਾਨੂੰ ਬੁੱਧੀ ਤੋਂ ਕੰਮ ਲੈਣਾ ਪਵੇਗਾ ਕਿ ਸਾਡੇ ਸਰੋਕਾਰ, ਸਾਡਾ ਸਾਹਿਤ ਸੰਸਕ੍ਰਿਤੀ ਬਚੀ ਰਹੇ।

**ਹਰਿਚਰਨ ਪ੍ਰਕਾਸ਼**-ਸਵਾਲ ਇਹ ਹੈ ਕਿ ਇਹ ਜਿਹੜੀ ਤਕਨੀਕ ਆ ਰਹੀ ਹੈ ਇਸ ਨਾਲ ਕੀ ਸੰਵੇਦਨਾ ਦੇ ਪੱਧਰ ਤੇ ਕੋਈ ਤਬਦੀਲੀ ਆ ਰਹੀ ਹੈ। ਮੈਂ ਸਮਝਦਾ ਹਾਂ ਅੱਜ ਸੰਵੇਦਨਾ ਦੇ ਹਰ ਪੱਧਰ 'ਤੇ ਤਬਦੀਲੀ ਆਈ ਹੈ। ਅੱਜ ਦੇ ਸਾਹਿਤ ਵਿਚ ਅਨੇਕ ਲੇਅਰਜ਼ ਮਿਲਦੀਆਂ ਹਨ। ਇਹ ਲੇਅਰਜ਼ ਪੰਜਾਹ ਸਾਲ ਪਹਿਲੇ ਸਾਹਿਤ ਵਿਚ ਨਹੀਂ ਮਿਲਣਗੀਆਂ। ਪ੍ਰੰਤੂ 'ਮਹਾਂ ਭਾਰਤ' 'ਚ ਜ਼ਰੂਰ ਮਿਲ ਜਾਣਗੀਆਂ।

**ਅਨੂਪ ਸੇਠੀ**-ਕਾਰਨ?

ਹਰਿਚਰਨ ਪ੍ਰਕਾਸ਼- ਕਾਰਨ ਸਪੱਸ਼ਟ ਹਨ। ਜਿਹੜੀ ਤਕਨੀਕ ਦਿਖਾਈ ਨਹੀਂ ਪੈਂਦੀ, ਉਹਨਾਂ ਕਲਪਨਾ ਕਰ ਲਈ। ਜਿਹੜੀ ਤਕਨੀਕ ਅੱਜ ਸਾਨੂੰ ਦਿਖਾਈ ਦਿੰਦੀ ਹੈ, ਉਹ ਸਾਰੀ ਤਕਨੀਕ ਮਹਾਂ ਭਾਰਤ ਵਿਚ ਕਲਪਤ ਹੈ। ਉਥੇ ਸਾਰਾ ਕੁਝ ਵਰਚੂਅਲ ਹੈ।

**ਵਿਨੋਦ ਦਾਸ**- ਪਾਲੀਵਾਲ ਨੇ ਇਕ ਬਹੁਤ ਚੰਗੀ ਗੱਲ ਕਹੀ ਹੈ ਕਿ ਤਕਨੀਕ ਸਾਡੀ ਯਾਦ ਸ਼ਕਤੀ ਨੂੰ ਖਤਮ ਕਰ ਰਹੀ ਹੈ। ਸਾਹਿਤਕਾਰ ਯਾਦ ਸ਼ਕਤੀ ਨਾਲ ਇਹ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਇਕ ਤਰ੍ਹਾਂ ਨਾਲ ਉਹ ਯਾਦਾਂ ਦਾ ਹੀ ਪੁਨਰਪਾਠ ਜਾਂ ਪੁਨਰਰਚਨਾ ਕਰਦਾ ਹੈ। ਯਾਦਾਂ ਨੂੰ ਯਾਦ ਰੱਖਣ ਦੇ ਲਈ ਸਾਹਿਤਕਾਰ ਯਾਦਾਂ ਦਾ ਹੀ ਪੁਨਰਲੇਖਣ ਕਰਦਾ ਹੈ। ਟੈਕਨਾਲੋਜੀ ਯਾਦਾਂ ਨੂੰ ਖਤਮ ਕਰਨ ਲਈ ਬਹੁਤ ਵੱਡਾ ਹਮਲਾ ਕਰਨ ਜਾ ਰਹੀ ਹੈ। ਜੇਕਰ ਵਿਅਕਤੀ ਦੇ ਸੁਭਾਅ ਨਾਲ ਯਾਦਾਂ ਖਤਮ ਹੋ ਜਾਣਗੀਆਂ ਤਾਂ ਉਹ ਯਾਦਾਂ ਨੂੰ ਯਾਦ ਕਰਨ ਦੇ ਲਈ ਸਾਹਿਤ ਕਿਉਂ ਪੜ੍ਹਨਾ ਚਾਹੇਗਾ। ਜੇਕਰ ਟੈਕਨਾਲੋਜੀ ਵਿਅਕਤੀ ਨੂੰ ਸਾਹਿਤ ਤੋਂ ਬੇਮੁੱਖ ਕਰੇਗੀ ਤਾਂ ਅਸੀਂ ਬਹੁਤ ਸਾਰੀਆਂ ਸੰਵੇਦਨਾ ਤੋਂ ਬੇਮੁੱਖ ਹੋ ਜਾਵਾਂਗੇ।

**ਹਰਿਯਸ਼ ਰਾਏ**-ਮੈਂ ਤਕਨੀਕ ਨੂੰ ਇਕ ਸ਼ੈਲੀ ਦੇ ਰੂਪ ਵਿਚ ਵੇਖਦਾ ਹਾਂ। ਇਸਨੇ ਸਾਨੂੰ ਇਕ ਸਹੂਲਤ ਦਿੱਤੀ ਹੈ ਕਿ ਸਾਨੂੰ ਆਪਣੀ ਗੱਲ ਨੂੰ ਸਹਿਜ ਅਤੇ ਜਲਦੀ ਕਰ ਸਕੇ। ਜਿਥੋਂ ਤੱਕ ਲੇਖਨ ਨੂੰ ਪ੍ਰਭਾਵਿਤ ਕਰਨ ਦੀ ਗੱਲ ਹੈ, ਹਰਿਚਰਨ ਨੇ ਜਿਵੇਂ ਕਿਹਾ ਕਿ ਮੂਲ ਰੂਪ 'ਚ ਸਾਡੇ ਸਰੋਕਾਰ ਹਨ, ਸਾਡੀ ਸੰਵੇਦਨਾ ਹੈ। ਕੀ ਕੰਪਿਊਟਰ ਦੇ ਆਉਣ ਨਾਲ ਸਾਡੇ ਸਰੋਕਾਰ ਬਦਲ ਜਾਣਗੇ ਜਾਂ ਸਾਡੀ ਸੰਵੇਦਨਾ 'ਚ ਕੋਈ ਫਰਕ ਆ ਜਾਵੇਗਾ। ਤਕਨੀਕ ਨਾਲ ਅਸੀਂ ਆਪਣੀਆਂ ਚੀਜ਼ਾਂ ਲੋਕਾਂ ਤੱਕ ਜਲਦੀ ਜਲਦੀ ਪਹੁੰਚਾ ਸਕਦੇ ਹਾਂ। ਤਕਨੀਕ ਤੋਂ ਬੇਮੁੱਖ ਜਾਂ ਡਰਨ ਦੀ ਲੋੜ ਨਹੀਂ ਹੈ। ਅਸੀਂ ਪੋਸਟ ਕਾਰਡ ਤੋਂ ਟੈਲੀਫੋਨ ਤੇ ਪਹੁੰਚੇ। ਸਾਨੂੰ ਚੇਤਾ ਹੈ ਗਿਆਨ ਰੰਜਨ ਜੀ ਕਾਰਡ ਲਿਖਿਆ ਕਰਦੇ ਸਨ। ਅੱਜ ਜੇਕਰ 'ਪਹਿਲ' ਨਿਕਲਦਾ ਤਾਂ ਐਸ. ਐਮ. ਐਸ. ਆਉਂਦਾ ਪਰ ਗੱਲ ਤਾਂ ਉੱਥੇ ਹੀ ਰਹਿੰਦੀ। ਮੋਬਾਇਲ ਜਾਂ ਲੈਪਟਾਪ ਦੇ ਆਉਣ ਨਾਲ ਸਾਡੇ ਵਿਅਕਤਿਤਵ ਵਿਚ ਕੋਈ ਵਧੇਰੇ ਫਰਕ ਆਇਆ ਹੋਵੇ ਅਜਿਹਾ ਮੈਨੂੰ ਲੱਗਦਾ ਨਹੀਂ। ਬਲਕਿ ਸਾਡੇ ਲਈ ਚੀਜ਼ਾਂ ਸਾਹਿਜ ਅਤੇ ਅਸਾਨੀ ਨਾਲ ਮਿਲਣ ਲੱਗ ਪਈਆਂ। ਮੂਲ ਗੱਲ ਮਨੁੱਖਤਾ ਦੀ ਹੈ। ਇਸ ਨੂੰ

ਪੇਸ਼ ਕਰਨ ਵਿਚ ਮੋਬਾਇਲ ਜਾਂ ਲੈਪਟਾਪ ਸਹਾਇਤਾ ਨਹੀਂ ਕਰ ਸਕਦਾ। ਸਾਡੀ ਗੱਲ ਨੂੰ ਛੇਤੀ ਪਹੁੰਚਾਉਣ ਵਿਚ ਸਹਾਇਤਾ ਕਰੇਗਾ। ਵਿਨੋਦ ਜੀ ਨੇ ਇੰਦਰਾ ਤੇ ਨਹਿਰੂ ਦੇ ਖ਼ਤਾਂ ਦਾ ਜ਼ਿਕਰ ਕੀਤਾ ਸੀ। ਕੀ ਅੱਜ ਖ਼ਤ ਨਹੀਂ ਲਿਖੇ ਜਾ ਰਹੇ ਹਨ। ਮੈਂ ਮਿਸਾਲ ਦੇਵਾਂਗਾ ਹਾਲ 'ਚ ਹੀ ਵਿਰੇਂਦਰ ਜੀ ਨੇ 'ਚਿੰਤਨ ਦਸ਼ਾ' ਨੂੰ ਇਕ ਲੰਮਾ ਖ਼ਤ ਲਿਖਿਆ। ਲਿਖਿਆ ਸਾਇਦ ਹੱਥ ਨਾਲ ਹੀ ਹੋਵੇਗਾ ਪਰ ਭੇਜਿਆ ਜ਼ਰੂਰ ਈ-ਮੇਲ ਨਾਲ ਹੋਵੇਗਾ। ਭਾਵ ਕਿ ਤਕਨੀਕ ਦੀ ਵਰਤੋਂ ਕੇਵਲ ਭੇਜਣ 'ਚ ਕੀਤੀ ਹੋਵੇਗੀ। ਇਕ ਗੱਲ ਹੋਰ ਤਕਨੀਕ ਦੇ ਚਾਹੇ ਲੱਖ ਲਾਭ ਹੋਣਗੇ ਫਿਰ ਵੀ ਅਸੀਂ ਕਿਤਾਬਾਂ ਤਾਂ ਪੜ੍ਹਨੀਆਂ ਹੀ ਚਹੁੰਦੇ ਹਾਂ। ਕਿਤਾਬ ਨਾਲ ਜਿਹੜਾ ਸਕੂਨ ਮਿਲੇਗਾ ਉਹ ਇੰਟਰਨੈਟ ਨਾਲ ਨਹੀਂ ਮਿਲੇਗਾ। ਤਕਨੀਕ ਇਕ ਸ਼ੈਲੀ ਹੈ ਜਿਸ ਨੇ ਸਮੇਂ ਦੀ ਦੂਰੀ ਨੂੰ ਘੱਟ ਕੀਤਾ ਹੈ। ਇਸ ਲਈ ਭੈਅਭੀਤ ਹੋਣ ਦੀ ਲੋੜ ਨਹੀਂ ਹੈ।

**ਅਨੂਪ ਸੇਠੀ**-ਮੈਨੂੰ ਇਹ ਲੱਗਾ ਹੈ ਕਿ ਤਕਨੀਕ ਕੇਵਲ ਸ਼ੈਲੀ ਨਹੀਂ ਹੈ। ਜਿਵੇਂ ਵਿਨੋਦ ਜੀ ਨੇ ਯਾਦਾਂ ਦੇ ਅਲੋਪ ਹੋਣ ਦੀ ਗੱਲ ਕਹੀ, ਤਾਂ ਮੈਨੂੰ ਲੱਗਦਾ ਹੈ ਕਿ ਤਕਨੀਕ ਦੇ ਨਾਲ ਸਾਡੇ ਸਬੰਧਾਂ 'ਚ ਇਕ ਤਰ੍ਹਾਂ ਦੀ ਰਸਾਇਣਕ ਪ੍ਰਕ੍ਰਿਆ ਵੀ ਚੱਲ ਰਹੀ ਹੁੰਦੀ ਹੈ। ਜਿਵੇਂ ਖ਼ਤ ਦੀ ਥਾਂ ਐੱਸ. ਐੱਮ. ਐੱਸ. ਨੇ ਲੈ ਲਈ। ਚਿੱਠੀਆਂ ਵਿਚ ਜਿਹੜਾ ਸਮਾਂ ਹੁੰਦਾ ਸੀ, ਘਟਨਾ ਦੇ ਵਾਪਰਨ ਦਾ, ਉਸ ਦੀ ਸੂਚਨਾ ਦੇਣ ਅਤੇ ਦੂਜੇ ਵਿਅਕਤੀ ਤੱਕ ਉਸਦੇ ਪਹੁੰਚਣ ਦੇ ਵਕਫੇ ਤੱਕ ਦੀ ਉਡੀਕ ਦੋਹਾਂ ਪਾਸੇ ਰਹਿੰਦੀ ਹੈ। ਇਕ ਤਰ੍ਹਾਂ ਦਾ ਤਣਾਓ। ਉਸ ਨਾਲ ਵਿਅਕਤੀ ਦੇ ਅੰਦਰ ਇਕ ਅਜੀਬ ਤਰ੍ਹਾਂ ਦੀ ਅੱਚੋ-ਆਈ ਰਹਿੰਦੀ ਹੈ। ਇਕ ਭਾਵਨਾਤਮਕ, ਸੰਵੇਦਨਾ, ਵਿਚਾਰ ਚਲਦੇ ਰਹਿੰਦੇ ਹਨ। ਇਸ ਦੀ ਤੁਲਨਾ 'ਚ ਦੇਖੀਏ ਤਾਂ ਐੱਸ. ਐੱਮ. ਐੱਸ. ਤੁਰੰਤ ਆ ਜਾਂਦਾ ਹੈ ਠੀਕ ਸਮੇਂ 'ਚ। ਇਥੇ ਐਕਸ਼ਨ ਤਾਂ ਹੈ ਰਿਐਕਸ਼ਨ ਦੇ ਲਈ ਸਮਾਂ ਨਹੀਂ। ਕੇਵਲ ਸੰਚਾਰ ਦੇ ਸਾਧਨ ਹੀ ਨਹੀਂ, ਆਉਣ ਜਾਣ ਦੇ ਸਾਧਨਾ ਨੇ ਦੂਰੀ ਨੇੜੇ ਕੀਤੀ ਹੈ। ਵੱਖ ਵੱਖ ਤਰ੍ਹਾਂ ਦੀ ਗਤੀ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਜੀਵਨ ਵਿਚ ਐਨੀ ਗਤੀ ਵਿਚ ਤੇਜ਼ੀ ਆ ਗਈ ਹੈ, ਹਰਿਚਰਨ ਜੀ ਨੇ ਟਾਫਲਰ ਦਾ ਜ਼ਿਕਰ ਕੀਤਾ ਕਿ ਜਿਹੜੀ ਫਿਊਚਰ ਸ਼ਾਕ ਲੱਗ ਰਹੀ ਹੈ, ਕੀ ਵਿਅਕਤੀ 'ਚ ਇਸ ਨੂੰ ਝੱਲਣ ਦੀ ਸਮਰੱਥਾ ਹੈ? ਉਹ ਸਮਰੱਥਾ ਪ੍ਰਾਪਤ ਕਰ ਲਵੇਗਾ? ਕਦੋਂ ਕਰੇਗਾ? ਇਸ ਪ੍ਰਕ੍ਰਿਆ ਵਿਚੋਂ ਲੰਘਣ ਨੂੰ ਹੀ ਮੈਂ ਟੁੱਟ-ਭੱਜ ਕਿਹਾ ਸੀ। ਸਾਹਿਤਕਾਰ ਦੇ ਨਾਤੇ ਅਸੀਂ ਇਹ ਸੋਚਦੇ ਹਾਂ ਕਿ ਮਨੁੱਖ ਇਸ ਪ੍ਰਭਾਵ ਨੂੰ ਕਿਵੇਂ ਗ੍ਰਹਿਣ ਕਰੇਗਾ।

**ਹਰਿਚਰਨ ਪ੍ਰਕਾਸ਼**-ਕੀ ਅਸੀਂ ਕੁਝ ਲਾਊਡ ਥਿੰਕਿੰਗ ਨਹੀਂ ਕਰ ਸਕਦੇ ਕਿ ਜਿਹੜੀ ਪ੍ਰੋਬਲਮ ਹੋ ਰਹੀ ਹੈ ਭਾਵ ਕਿ ਤਕਨੀਕ ਕਮਿਊਨੀਕੇਸ਼ਨ ਵਧਾਉਂਦੀ ਹੈ ਪਰ ਕਮਿਊਨੀਕੇਸ਼ਨ ਇਮਪਰਸਨਲ ਹੁੰਦੀ ਜਾਂਦੀ ਹੈ। ਕੀ ਸਾਹਿਤਕਾਰ ਇਸ ਇਮਪਰਸਨਲ ਇੰਟਰੇਕਸ਼ਨ ਨੂੰ ਲਿਆ ਸਕੇਗਾ ਜਾਂ ਨਹੀਂ। ਮੇਰੇ ਖਿਆਲ ਨਾਲ ਇਹ ਹੀ ਸਵਾਲ ਹੈ। ਮੇਰਾ ਮੰਨਣਾ ਹੈ ਕਿ ਉਹ ਕਰ ਸਕਦਾ ਹੈ। ਤਕਨੀਕ ਕਿਤੇ ਵੀ ਰੁਕਾਵਟ ਨਹੀਂ ਬਣ ਸਕਦੀ। ਕਿਸੇ ਵੀ ਤਰ੍ਹਾਂ ਨਾਲ ਭੈਅ ਭੀਤ ਦੀ ਜ਼ਰੂਰਤ ਨਹੀਂ। ਹਾਥੀ, ਘੋੜੇ, ਤੀਰ-ਕਮਾਨ ਜਦੋਂ ਰੁਕਾਵਟ ਨਹੀਂ ਬਣੇ ਤਾਂ ਹਵਾਈ ਜਹਾਜ ਵੀ ਰੁਕਾਵਟ ਨਹੀਂ ਬਣਨਗੇ।

**ਅਨੂਪ ਸੇਠੀ**-ਤਾਂ ਇਕ ਤਾਂ ਸਿੱਟਾ ਇਹ ਨਿਕਲਦਾ ਹੈ ਕਿ ਤਕਨੀਕ ਤੋਂ ਡਰਨ ਦੀ ਲੋੜ ਨਹੀਂ ਹੈ, ਸਾਹਿਤਕਾਰ ਇਸ ਤੋਂ ਉਭਰ ਸਕਦਾ ਹੈ।

**ਅਮਰੀਕ ਦੀਪ**-ਜੋ ਵੀ ਜਿਸ ਤਰ੍ਹਾਂ ਲਿਖ ਰਿਹਾ ਹੈ, ਉਸ ਤਰ੍ਹਾਂ ਲਿਖਦਾ ਰਹੇ, ਉਸ 'ਚ ਰੁਕਾਵਟ ਨਹੀਂ ਪੈਣੀ ਚਾਹੀਦੀ।

**ਹਰਿਯਸ ਰਾਏ**-ਜਦੋਂ ਤੱਕ ਅਸੀਂ ਸਮਾਜ ਨਾਲ ਨਹੀਂ ਜੁੜਾਂਗੇ ਚੰਗਾ ਨਹੀਂ ਸਿਰਜ ਸਕਦੇ। ਤਕਨੀਕ ਇਸ ਮਸਲੇ ਤੇ ਘਾਤਕ ਹੈ, ਸਾਨੂੰ ਸਮਾਜ ਨਾਲੋਂ ਕਿਤੇ ਨਾ ਕਿਤੇ ਕੱਟ ਰਹੀ ਹੈ। ਸਾਨੂੰ ਯਤਨ ਕਰਨੇ ਪੈਣਗੇ।



ਇਸ ਦੀਆਂ ਚੰਗੀਆਂ ਗੱਲਾਂ ਸਵੀਕਾਰ ਕਰੋ ਅਤੇ ਬੁਰਾਈਆਂ ਤੋਂ ਬਚੋ।

**ਸੈਲੇਸ਼ ਸਿੰਘ**-ਮੇਰਾ ਮੰਨਣਾ ਹੈ ਕਿ ਤਕਨੀਕ ਸਾਡੇ ਇਮੋਸ਼ਨ ਨੂੰ ਹੈਂਪਰ ਕਿਤੇ ਨਾ ਕਿਤੇ ਕਰ ਰਹੀ ਹੈ। ਹੁਣ ਨਵਾਂ ਇਮੋਸ਼ਨ ਜਿਹੜਾ ਵੀ ਬਣੇਗਾ। ਉਸਦੀ ਸ਼ਕਲ ਸੂਰਤ ਕੀ ਹੋਵੇਗੀ ਇਹ ਅਜੇ ਤੱਕ ਧੁੰਦਲਾ ਹੈ। ਕੋਈ ਕੰਕਰੀਟ ਸੇਪ ਅਜੇ ਨਹੀਂ ਹੈ। ਜੇਕਰ ਤੁਸੀਂ ਗਤੀ ਨੂੰ ਲੈਂਦੇ ਹੋ, ਇਕ ਵਿਅਕਤੀ ਜਿਹੜਾ ਲਗਾਤਾਰ ਜਹਾਜ 'ਚ ਸਫ਼ਰ ਕਰਦਾ ਹੈ। ਉਹ ਜ਼ਮੀਨ ਦੀਆਂ ਅਨੇਕਾਂ ਬਨਸਪਤੀਆਂ ਤੋਂ ਟੁੱਟਦਾ ਜਾਂਦਾ ਹੈ। ਉਸ ਨੂੰ ਰੰਗਾਂ ਅਤੇ ਗੰਧ ਦੀ ਤਮੀਜ਼ ਨਹੀਂ ਹੁੰਦੀ। ਉਸਦੀ ਚੇਤਨਾ ਨੂੰ ਉਹ ਕਿਵੇਂ ਪ੍ਰਭਾਵਿਤ ਕਰਦੀ ਹੈ ਕਿਵੇਂ ਬਣਦੀ ਹੈ। ਸਾਡੇ ਇਮੋਸ਼ਨ ਨੂੰ ਇਹ ਚੀਜ਼ਾਂ ਹੈਂਪਰ ਕਰ ਰਹੀਆਂ ਹਨ। ਤਕਨੀਕ ਦੇ ਬਹੁਤ ਸਾਰੇ ਲਾਭ ਹਨ ਪ੍ਰੰਤੂ ਇਕ ਬੇਸਿਕ ਹਿਊਮਨ ਸਰੋਕਾਰ ਪ੍ਰਭਾਵਿਤ ਹੋ ਰਿਹਾ ਹੈ। ਕਿਸ ਤਰ੍ਹਾਂ ਦਾ ਨਵਾਂ ਮਨੁੱਖ ਬਣੇਗਾ। ਉਸਦੀ ਚੇਤਨਾ ਕਿਸ ਤਰ੍ਹਾਂ ਦੀ ਹੋਵੇਗੀ, ਕਿਹਾ ਨਹੀਂ ਜਾ ਸਕਦਾ। ਯਾਦਾਂ ਦੇ ਆਲੋਪ ਹੋਣ ਦੀ ਗੱਲ ਕਹੀ ਗਈ ਹੈ। ਮੈਂ ਕਹਿੰਦਾ ਹਾਂ ਕਿ ਟ੍ਰੇਨ 'ਚ ਯਾਤਰਾ ਕੀਤੇ ਬਿਨਾਂ ਮੁੰਬਈ ਨੂੰ ਜਾਣਿਆ ਨਹੀਂ ਜਾ ਸਕਦਾ। ਤਕਨੀਕ ਸਾਨੂੰ ਲੋਕੇਲ ਤੋਂ ਵੱਖ ਕਰਦੀ ਹੈ ਜਿਹੜੀ ਕਲਾ ਦੇ ਲਈ ਘਾਤਕ ਹੈ। ਕਲਾ ਦੀ ਪ੍ਰਥਮ ਸ਼ਰਤ ਹੈ ਕਿ ਕਲਾ ਕੇਵਲ ਪਰਮ ਆਨੰਦ ਨਹੀਂ ਹੈ ਉਹ ਮੌਤ ਵੀ ਹੈ ਅਤੇ ਸਮੂਹ ਦੀ ਮੌਤ ਹੈ ਇਹ ਕੇਵਲ ਖੁਦ ਦੀ ਮੌਤ ਨਹੀਂ ਹੈ। ਇਸ ਤੇ ਪ੍ਰਭਾਵ ਪੈਣ ਦਾ ਖ਼ਤਰਾ ਆਉਂਦਾ ਹੈ। ਇਹ ਚਿੰਤਾ ਦੀ ਗੱਲ ਹੈ।

**ਓਮ ਸ਼ਰਮਾ**- ਜਿਵੇਂ ਹਰਿਯਸ਼ ਜੀ ਨੇ ਅਤੇ ਸੈਲੇਸ਼ ਜੀ ਨੇ ਕਿਹਾ ਕਿ ਅਸੀਂ ਆਪਣੇ ਸੰਸਕਾਰਾਂ ਤੇ ਮਾਨਤਾਵਾਂ ਨਾਲ ਹੀ ਹਮੇਸਾਂ ਬੰਨ੍ਹੇ ਹੋਏ ਹੁੰਦੇ ਹਾਂ। ਇਹ ਕਹਿਣਾ ਕਿ ਹਰ ਰਚਨਾ ਦਾ ਇਕ ਸਮਾਜਿਕ ਰੁਤਬਾ ਹੁੰਦਾ ਹੈ ਜਾਂ ਰਚਨਾ ਸਮਾਜ ਨੂੰ ਬਦਲਦੀ ਹੈ ਜਾਂ ਪ੍ਰਭਾਵ ਪਾਉਂਦੀ ਹੈ ਇਹ ਉਸਦਾ ਆਪਣਾ ਪੱਧਰ ਹੈ। ਰਚਨਾ ਦੀ ਸਾਰਥਕਤਾ ਸਮਾਜ ਤੋਂ ਵੱਡੀ ਨਹੀਂ ਹੈ।

**ਅਨੂਪ ਸੇਠੀ**-ਕੀ ਇਹ ਸੁਭਾਵਿਕ ਹੈ?

**ਓਮ ਸ਼ਰਮਾ**-ਪੂਰਨ ਸੁਭਾਵਿਕ ਨਹੀਂ ਹੋ ਸਕਦੀ।

ਹਰਿਯਸ਼ ਰਾਏ-ਫਿਰ ਰਚਨਾ ਦੀ ਸਾਰਥਕਤਾ ਕੀ ਹੈ? ਇਸ ਵਿਚ ਦੂਜਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਰਚਨਾ ਕਿਓਂ?

**ਓਮ ਸ਼ਰਮਾ**-ਉਸ ਉੱਤੇ ਵੀ ਅਸੀਂ ਆਉਂਦੇ ਹਾਂ। ਕੋਈ ਵੀ ਰਚਨਾ ਚਾਹੇ ਸੰਗੀਤ ਹੋਵੇ ਜਾਂ ਲੇਖਨ ਇਹ ਇਕ ਕਲਾ ਹੈ। ਉਸ ਨਾਲ ਸਮਾਜ 'ਤੇ ਜਿਹੜਾ ਅਸਰ ਪੈਂਦਾ ਹੈ ਉਹ ਉਸਦੀ ਪ੍ਰਸਿੱਧੀ ਦਾ ਅਧਾਰ ਤਾਂ ਹੋ ਸਕਦਾ ਹੈ ਪਰ ਕਲਾਤਮਿਕਤਾ ਦਾ ਨਹੀਂ ਹੈ। ਤਕਨੀਕ ਸਾਨੂੰ ਕਿਤੇ ਵੀ ਰੁਕਾਵਟ ਨਹੀਂ ਬਣਦੀ। ਤਕਨੀਕ ਦਾ ਆਪਣਾ ਇਕ ਸਮਾਜ ਸ਼ਾਸਤਰ, ਆਪਣੀ ਪ੍ਰਵਿਰਤੀ ਹੁੰਦੀ ਹੈ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਉਹ ਕਿੰਨੀ ਗਤੀ ਨਾਲ ਆਉਂਣੀ ਚਾਹੀਦੀ ਜਾਂ ਉਸ ਨੂੰ ਕਿਸ ਹੱਦ ਤੱਕ ਸਾਨੂੰ ਲੈਣਾ ਚਾਹੀਦਾ, ਜਦੋਂ ਅਸੀਂ ਇਸ ਤੇ ਆਪਣਾ ਵੈਲਯੂ ਜਜਮੈਂਟ ਆਰੋਪਿਤ ਕਰਨ ਲੱਗਦੇ ਹਾਂ। ਤਕਨੀਕ ਕਿਸੇ ਵੀ ਦੌਰ 'ਚ, ਨਾ ਪਹਿਲਾਂ ਨਾ ਹੁਣ ਜ਼ਰੂਰਤ ਦੇ ਮੁਤਾਬਕ ਜਾਂ ਸਾਡੀਆਂ ਪ੍ਰੰਪਰਾਵਾਂ ਦੇ ਮੁਤਾਬਕ ਨਹੀਂ ਬਦਲੀ, ਨਾ ਹੀ ਭਵਿੱਖ 'ਚ ਬਦਲੇਗੀ। ਜਿਹੜੀ ਗੱਲ ਕਹੀ ਗਈ ਹੈ ਕਿ ਯਾਦ ਸ਼ਕਤੀ ਸਿਰਜਣਾ ਦਾ ਅਧਾਰ ਹੁੰਦੀ ਹੈ, ਮੈਂ ਇਸ ਤੋਂ ਵੀ ਬਹੁਤ ਜਿਆਦਾ ਇਤਫਾਕ ਨਹੀਂ ਰੱਖਦਾ ਹਾਂ। ਕਿਉਂਕਿ ਇਹ ਪਿਛਲੇ ਸੌ-ਪੰਜਾਹ ਸਾਲਾਂ ਦੀ ਸੋਚ ਦਾ ਹੀ ਸਿਟਾ ਹੈ ਜਿਸ ਧਾਰਾ 'ਚ ਨਿਰਮਲ ਜੀ ਜਾਂ ਮਿਲਾਨ ਕੁੰਦੇਰਾ ਆਉਂਦੇ ਹਨ। ਇਹ ਦਰਅਸਲ ਇਕ ਸੋਚ ਜਾਂ ਵਿਚਾਰ ਹੈ। ਇਹ ਕੋਈ ਸਰਵ ਪ੍ਰਮਾਣਿਤ ਸੱਚ ਨਹੀਂ। ਇਸ ਤਕਨੀਕ ਦੇ ਵਿਚੋਂ ਦੀ ਦੇਖੀਏ ਤਾਂ ਯਾਦ-ਸ਼ਕਤੀ ਆਲੋਪ ਭਾਵੇਂ ਹੋ ਰਹੀ ਹੈ ਪ੍ਰੰਤੂ ਤਕਨੀਕ ਯਾਦ ਸ਼ਕਤੀ ਨੂੰ ਵਧਾਉਣ ਦੀ ਸਮਰੱਥਾ ਜੋ ਤਕਨੀਕ ਸਾਨੂੰ ਦੇ ਰਹੀ ਹੈ ਉਹ ਉਹ ਕਲਪਨਾ ਤੋ ਬਾਹਰ ਹੈ। ਤੁਹਾਨੂੰ ਫੋਟੋ ਨੂੰ ਜਾਂ ਨੰਬਰ ਨੂੰ ਜਿਹਨ 'ਚ

ਰੱਖਣ ਦੀ ਜ਼ਰੂਰਤ ਨਹੀਂ ਹੈ।

**ਅਨੂਪ ਸੇਠੀ**-ਬਾਹਰੀ ਸਾਧਨ ਦੇ ਰੂਪ 'ਚ ਦੇ ਰਹੀ ਹੈ, ਵਿਅਕਤੀ ਦੇ ਅੰਦਰ ਨਹੀਂ ਦੇ ਰਹੀ।

**ਸੈਲੇਸ਼ ਸਿੰਘ**-ਜਦੋਂ ਅਸੀਂ ਤੁਹਾਨੂੰ ਦੇਖਦੇ ਹਾਂ ਤਾਂ ਪੂਰਾ ਵਿਅਕਤਿਤਵ ਸਾਡੀ ਚੇਤਨਾ ਵਿਚ ਫਿਰਦਾ ਹੈ। ਤੁਹਾਡੀ ਕਹਾਣੀ ਪੜ੍ਹ ਕੇ ਜਦੋਂ ਕੋਈ ਵਿਅਕਤੀ ਫੋਨ ਉੱਤੇ ਸੰਵਾਦ ਕਰਦਾ ਹੈ ਤਾਂ ਉਸ 'ਤੇ ਆਪਣੇ ਵਿਅਕਤਿਤਵ ਦਾ ਕੋਈ ਅਸਰ ਨਹੀਂ ਪੈਂਦਾ। ਪ੍ਰੰਤੂ ਜਿਹੜਾ ਵੀ ਤੁਹਾਨੂੰ ਜਾਣਦਾ ਹੈ ਉਹ ਤੁਹਾਡੀ ਕਹਾਣੀ ਨੂੰ ਤੁਹਾਡੇ ਵਿਅਕਤਿਤਵ ਨਾਲ ਜੋੜ ਕੇ ਦੇਖੇਗਾ। ਉਸਦੇ ਸੰਵਾਦ ਦੀ ਸਥਿਤੀ ਵੱਖਰੀ ਹੋ ਜਾਂਦੀ ਹੈ। ਯਾਦਾਂ ਨੂੰ ਇਸ ਨਾਲ ਜੋੜ ਕੇ ਦੇਖਣਾ ਚਾਹੀਦਾ ਹੈ।

**ਅਨੂਪ ਸੇਠੀ**-ਹੇਰਿਡਿਟਰੀ ਕੁਝ ਚੀਜ਼ਾਂ ਬਾਓਲਾਜਿਕਲੀ ਚਲ ਰਹੀਆਂ ਹੁੰਦੀਆਂ ਹਨ। ਹਰ ਇਕ ਵਿਅਕਤੀ ਦੇ ਅੰਦਰ ਵੀ।

**ਹਰਿਚਰਨ ਪ੍ਰਕਾਸ਼**-ਮੈਂ ਮੰਨਦਾ ਹਾਂ ਕਿ ਯਾਦਾਂ ਇਕ ਬਾਓਲਾਜਿਕਲ ਫਿਨੋਮਿਨਾ ਹੈ ਪੂਰੀ ਤਰ੍ਹਾਂ ਨਾਲ। ਯਾਦਾਂ ਨੂੰ ਜੇਕਰ ਟਰਡਿਸ਼ਨਲ ਅਰਥਾਂ ਨਾਲ ਦੇਖਾਗੇ ਤਾਂ ਮੁਸ਼ਕਲ ਹੋ ਜਾਵੇਗੀ। ਜਦੋਂ ਵੇਦ ਪਹਿਲੀ ਵਾਰ ਲਿਖਿਆ ਗਿਆ ਤਾਂ ਕਿਹਾ ਗਿਆ ਇਹ ਸੁਣੀ ਹੋਈ ਗੱਲ ਹੈ ਇਸ ਨੂੰ ਨਹੀਂ ਲਿਖਿਆ ਜਾਣਾ ਚਾਹੀਦਾ। ਤਾਂ ਤਕਨੀਕ ਦਾ ਮਤਲਬ ਹੈ ਕਿ ਉਹ ਲਿਖਿਆ ਜਾਣ ਲੱਗਾ। ਯਾਦ ਦਾ ਭਾਵ ਇਹ ਨਹੀਂ ਹੈ ਕਿ ਜਿਹੜੀਆਂ ਚੀਜਾਂ ਤੁਹਾਨੂੰ ਚੇਤੇ ਆ ਰਹੀਆਂ ਹਨ ਉਹ ਯਾਦਾਂ ਹਨ ਬਲਕਿ ਤੁਸੀਂ ਜੋ ਕੁਝ ਕਰਦੇ ਹੋ ਉਹ ਯਾਦਾਂ ਦਾ ਹਿੱਸਾ ਹੋ ਜਾਂਦਾ ਹੈ। ਤੁਸੀਂ ਉਸ ਨੂੰ ਕਿੰਨਾ ਕੁ ਬਚਾਉਂਦੇ ਹੋ ਉਹ ਤੁਹਾਡੇ ਉੱਤੇ ਨਿਰਭਰ ਹੈ। ਯਾਦਾਂ 'ਤੇ ਹਮਲੇ ਬਹੁਤ ਹਨ। ਮਾਇੰਡ ਫਿਲਟਰ ਕਰਦਾ ਰਹਿੰਦਾ ਹੈ ਉਸਦੀ ਕੈਪਿਬਿਲਟੀ ਦੇ ਅਨੁਸਾਰ। ਰਚਨਾ ਇਕ ਕੈਮਿਕਲ ਕੰਪੋਜ਼ੀਸ਼ਨ ਵੀ ਹੈ। ਕੋਈ ਦੇਵਦੂਤ ਨਹੀਂ ਕਿ ਆ ਕੇ ਲਿਖ ਜਾਂਦਾ ਹੈ। ਤਕਨੀਕ ਪ੍ਰਭਾਵਿਤ ਤਾਂ ਜ਼ਰੂਰ ਕਰ ਰਹੀ ਹੈ। ਪ੍ਰੰਤੂ ਉਸ ਨਾਲ ਸਾਹਿਤ ਦਾ ਕੋਈ ਨੁਕਸਾਨ ਨਹੀਂ ਹੋ ਰਿਹਾ। ਕਿਉਂਕ ਹਰ ਜ਼ਮਾਨੇ ਦੇ ਸਾਹਿਤ ਨੇ ਆਪਣੇ ਸਮੇਂ ਦੀ ਟੈਕਨਾਲੋਜੀ ਨੂੰ ਆਪਣਾ ਸਾਥੀ ਬਣਾਇਆ ਹੈ। ਅਤੇ ਇਹ ਮੰਨਣ ਦਾ ਕੋਈ ਕਾਰਨ ਨਹੀਂ ਹੈ ਕਿ ਅੱਜ ਦਾ ਸਾਹਿਤਕਾਰ ਅੱਜ ਦੀ ਟੈਕਨਾਲੋਜੀ ਨੂੰ ਆਪਣਾ ਸਾਥੀ ਬਣਾ ਲਵੇ। ਸਾਥੀ ਬਣਾਉਣ ਦਾ ਭਾਵ ਟੈਕ੍ਰੋ ਸੇਵੀ ਹੋ ਜਾਣਾ ਨਹੀਂ ਹੈ। ਉਸਦੀ ਇਕ ਸਮਝ ਹੋਣੀ ਜ਼ਰੂਰੀ ਹੈ ਕਿ ਇਹ ਸਮਾਜ ਨੂੰ ਕਿਵੇਂ ਪ੍ਰਭਾਵਿਤ ਕਰ ਰਹੀ ਹੈ।

**ਆਰ.ਕੇ.ਪਾਲੀਵਾਲ**-ਮੈਂ ਤਕਨੀਕ ਦੇ ਬੇਹੱਦ ਵਿਹਾਰਿਕ ਪਹਿਲੂ ਦੀ ਗੱਲ ਕਰਦਾ ਹਾਂ। ਦੂਰ ਦਰਾਜ ਦੇ ਇਲਾਕਿਆਂ 'ਚ ਜਿਥੇ ਤਕਨੀਕ ਨਹੀਂ ਹੈ, ਉਥੇ ਨਵੇਂ ਬੱਚੇ ਕੰਮ ਦੇ ਲਈ ਜਾਂਦੇ ਹੀ ਨਹੀਂ। ਕਿਉਂਕਿ ਉਥੇ ਕੰਪਿਊਟਰ, ਮੋਬਾਇਲ ਕੰਮ ਹੀ ਨਹੀਂ ਕਰਦਾ। ਬਜ਼ੁਰਗਾਂ ਦਾ ਕਹਿਣਾ ਹੈ ਕਿ ਤਕਨੀਕੀ ਸਹੂਲਤਾਂ ਨਾ ਹੋਣ ਤੇ ਉਥੇ ਕੰਮ ਕਰਨਾ ਮੁਸ਼ਕਲ ਹੈ। ਮਤਲਬ ਇਹ ਕਿ ਤਕਨੀਕ ਨੂੰ ਅਸੀਂ ਐਨਾ ਆਪਣੇ ਆਪ ਤੇ ਹਾਵੀ ਹੋਣ ਦਿੱਤਾ, ਅਸੀਂ ਉਸ ਤੋਂ ਐਨਾ ਪ੍ਰਭਾਵਿਤ ਹੋ ਗਏ ਹਾਂ ਕਿ ਬਿਨਾਂ ਉਸ ਤੋਂ ਰਿਹਾ ਨਹੀਂ ਜਾ ਸਕਦਾ। ਇਹ ਭੂਗੋਲਿਕ ਰੂਪ ਨਾਲ ਵੀ ਵੱਡਾ ਇਲਾਕਾ ਹੈ। ਮਤਲਬ ਲੋਕ ਉਥੇ ਹੀ ਰਹਿਣਾ ਚਾਹੁੰਦੇ ਹਨ, ਜਿਥੇ ਤਕਨੀਕੀ ਸਹੂਲਤਾਂ ਹਨ। ਹੁਣ ਤਕਨੀਕ ਦੀ ਦੂਜੀ ਮਿਸਾਲ ਦੇਖੋ। ਵਣ ਅਧਿਕਾਰੀਆਂ ਦੇ ਦੱਸਿਆ ਹੈ ਕਿ ਉਨ੍ਹਾਂ ਨੇ ਨੌਜਵਾਨਾਂ ਨੂੰ ਪੁੱਛਿਆ ਕਿ ਤੁਸੀਂ ਲੋਕ ਜੰਗਲ ਵਗੈਰਾ 'ਚ ਘੁੰਮਣ ਕਿਓ ਨਹੀਂ ਆਉਂਦੇ? ਤਾਂ ਉਨ੍ਹਾਂ ਨੂੰ ਉਤਰ ਮਿਲਿਆ ਜਿਓਗ੍ਰਾਫੀ ਚੈਨਲ ਤੇ ਐਨਾ ਚੰਗਾ ਟਾਇਗਰ ਸ਼ਿਕਾਰ ਕਰਦੇ ਹੋਏ, ਸੈਕਸ ਕਰਦੇ ਹੋਏ ਦੇਖਣ ਨੂੰ ਮਿਲ ਜਾਂਦੇ ਹਨ , ਇਥੇ ਤਾਂ ਕੁਝ ਨਹੀਂ ਮਿਲਦਾ। ਅਧਿਕਾਰੀ ਕਹਿੰਦਾ ਹੈ ਕਿ ਇਥੇ ਇਸ ਤੋਂ ਇਲਾਵਾਂ ਦਰੱਖਤ, ਨਦੀ, ਪਹਾੜ ਵੀ ਤਾਂ ਹਨ। ਉਹ ਕਹਿੰਦੇ ਹਨ ਸਾਹਿਬ ਉਥੇ ਸਾਰਾ ਕੁਝ ਦਿਸ ਜਾਂਦਾ ਹੈ ਅਤੇ ਇਸ ਤੋਂ ਚੰਗਾ ਦਿਸਦਾ ਹੈ। ਤਾਂ ਤਕਨੀਕ ਇਸ ਤਰ੍ਹਾਂ ਵੀ ਪ੍ਰਭਾਵਿਤ ਕਰ ਰਹੀ ਹੈ।



**ਅਨੂਪ ਸੇਠੀ**-ਵਿਨੋਦ ਜੀ, ਇਹ ਗੱਲਬਾਤ ਤੁਹਾਡੇ ਤੋਂ ਸ਼ੁਰੂ ਹੋਈ ਸੀ ਅਤੇ ਅਸੀਂ ਸਾਰੇ ਮਨੁੱਖ ਅਤੇ ਸਮਾਜ 'ਤੇ ਪ੍ਰੋ-ਉਦਯੋਗਕੀ ਦੇ ਪ੍ਰਭਾਵ ਉੱਤੇ ਗੱਲ ਕਰਨਾ ਚਾਹੁੰਦੇ ਸੀ। ਜਿਵੇਂ ਅਕਸਰ ਸਮੂਹਿਕ ਚਰਚਾ ਵਿਚ ਹੁੰਦਾ ਹੈ, ਕੁਝ ਗੱਲਾਂ ਮੁੱਲਵਾਨ ਹੋ ਜਾਂਦੀਆਂ ਹਨ। ਅੱਜ ਦੀ ਇਸ ਗੱਲਬਾਤ ਵੀ ਪ੍ਰੋ-ਉਦਯੋਗਿਕ ਦੇ ਚ੍ਰਤਿਰ ਅਤੇ ਪ੍ਰਭਾਵ 'ਤੇ ਬਿਖਰੀ ਹੋਈ ਹੀ ਸਹੀ ਪਰ ਕੁਝ ਚਰਚਾ ਤਾਂ ਕਰ ਹੀ ਸਕੇ ਹਾਂ। ਇਹ ਵਿਸ਼ਾ ਘੋਰ ਵਰਤਮਾਨ ਦਾ ਹੈ ਅਤੇ ਜਟਿਲ ਵੀ ਹੈ, ਇਸ ਲਈ ਇਕ ਪੱਧਰ 'ਤੇ ਪੂਰੀ ਤਰ੍ਹਾਂ ਪਕੜ 'ਚ ਆਉਣ ਤੋਂ ਰਿਹਾ। ਫਿਰ ਵੀ ਤੁਸੀਂ ਹੀ ਇਸ ਚਰਚਾ ਨੂੰ ਸਮੇਟਣ ਦੀ ਕ੍ਰਿਪਾ ਕਰੋ।

**ਵਿਨੋਦ ਦਾਸ**-ਅਸੀਂ ਇਹੀ ਤਾਂ ਕਹਿ ਰਹੇ ਹਾਂ ਕਿ ਇਕ ਜਿਹੜਾ ਨਵਾਂ ਮਨੁੱਖ ਬਣ ਰਿਹਾ ਹੈ, ਤਕਨੀਕ ਦੇ ਕਾਰਨ ਉਸਦੀ ਚੇਤਨਾ ਉੱਤੇ ਕੀ ਅਸਰ ਹੋ ਰਿਹਾ ਹੈ? ਉਸਦਾ ਅੰਤਰਮਨ ਕਿਵੇਂ ਬਦਲ ਰਿਹਾ ਹੈ ਅਤੇ ਜਿਹੜਾ ਨਵਾਂ ਮਨੁੱਖ ਜਾਂ ਨਵਾਂ ਕਰੈਕਟਰ ਸਾਡੇ ਕੋਲ ਆ ਰਿਹਾ ਹੈ ਹਰਿਚਰਨ ਨੇ ਕਿਹਾ ਇਮਪਰਸਨਲ ਮਨੁੱਖ ਬਣ ਰਿਹਾ ਹੈ। ਜਿਸ ਦੇ ਸਬੰਧਾਂ 'ਚ ਸੰਗੀਤਕ ਲੈਅ ਨਹੀਂ ਰਹੇਗੀ। ਜਦੋਂ ਸੰਗੀਤਕ ਲੈਅ ਨਹੀਂ ਰਹੇਗੀ ਤਾਂ ਉਹ ਰਾਗ ਵਾਲੀਆਂ ਚੀਜ਼ਾਂ ਦੇ ਵੱਲ ਮੁੜੇਗਾ ਜਾਂ ਨਹੀਂ। ਜੇਕਰ ਮੁੜੇਗਾ ਤਾਂ ਕਿਸ ਤਰ੍ਹਾਂ ਦੇ ਰਾਗ ਤੇ ਸਬੰਧਾਂ ਦੇ ਵੱਲ ਮੁੜੇਗਾ। ਉਸ ਨੂੰ ਕਿਸ ਤਰ੍ਹਾਂ ਐਡਰਸ ਕਰ ਸਕਾਂਗੇ। ਇਮਪਰਸਨਲ ਹੁੰਦੇ ਹੋਏ ਵਿਅਕਤੀ ਨੂੰ ਅਸੀਂ ਕਿਸ ਤਰ੍ਹਾਂ ਪਰਸਨਲ ਜਾਂ ਰਾਗਾਤਮਕਤਾ ਨਾਲ ਜੋੜੀਏ। ਇਹ ਇਕ ਮੁੱਦਾ ਹੈ। ਇਸ ਨੂੰ ਕਿਵੇਂ ਕਰ ਸਕਾਂਗੇ ਇਹ ਹਰ ਲੇਖਕ ਆਪਣੇ ਵਾਂਗ ਸੋਚੇਗਾ। ਮੇਰਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਨਵੇਂ ਮਨੁੱਖ ਦੀਆਂ ਭਾਵਨਾਵਾਂ ਨੂੰ ਪੇਸ਼ ਕਰਨ ਲਈ, ਉਸਦੇ ਇਮੋਸ਼ਨਸ ਨੂੰ ਫੜਨ ਦੀ ਲੋੜ ਹੋਵੇਗੀ। ਇਕ ਦੂਜੇ ਨਾਲ ਜੋੜਨ ਦੀ... ਜੁੜਨ ਦੀ ਜ਼ਰੂਰਤ ਹੋਵੇਗੀ। ਹਰ ਲੇਖਕ ਇਸ ਨੂੰ ਆਪਣੀ ਤਰ੍ਹਾਂ ਕਰੇਗਾ। ਉਹ ਕਿਸ ਤਰ੍ਹਾਂ ਦਾ ਮਨੁੱਖ ਰਚੇਗਾ ਇਹ ਮਹੱਤਵਪੂਰਨ ਹੋਵੇਗਾ ਨਾ ਕਿ ਕਿਸ ਤਕਨੀਕ ਨਾਲ ਉਹ ਜੁੜਦਾ ਹੈ। ਕੀ ਉਹ ਆਪਣੇ ਸਮੇਂ ਦੇ ਮਨੁੱਖ ਨੂੰ ਬਦਲਣ ਦੇ ਸਮਰੱਥ ਹੈ? ਸਾਇਦ ਸਮਰੱਥ ਹੋਵੇਗਾ। ਕਿਉਂਕਿ ਇਹ ਸਾਡੀ ਚਿੰਤਾ ਹੈ। ਇਹੀ ਸਾਡੀ ਭੂਮਿਕਾ ਵੀ ਹੈ।

**ਓਮਾ ਸ਼ਰਮਾ**-ਪਤਾ ਨਹੀਂ ਇਸ ਚਰਚਾ ਵਿਚ ਹੁਣ ਅੱਗੇ ਬੋਲਣਾ ਚਾਹੀਦਾ ਹੈ ਜਾਂ ਨਹੀਂ, ਪਰ ਫਿਰ ਵੀ ਇਕ ਗੱਲ ਮਨ ਵਿਚ ਆ ਰਹੀ ਹੈ ਕਿ ਆਧੁਨਿਕ ਸਮੇਂ ਵਿਚ ਜਿਹੜੀ ਤਕਨੀਕ 'ਚ ਐਨਾ ਵਧੇਰੇ ਗ੍ਰਸਿਆ ਗਿਆ ਹੈ ਅਤੇ ਪ੍ਰੇਰਤ ਹੈ ਉਸਦੇ ਲਈ ਸਾਹਿਤ ਅਤੇ ਕਲਾ ਦੀ ਜ਼ਰੂਰਤ ਹੈ ਵੀ ਕਿ ਨਹੀਂ। ਪਹਿਲਾਂ ਵੀ ਜਦੋਂ ਸਾਹਿਤ ਕਠਿਨ ਦੌਰ ਵਿਚ ਰਿਹਾ ਹੈ ਉਦੋਂ ਸੰਗੀਤ ਨੂੰ ਛੱਡ ਕੇ ਦੂਜੀਆਂ ਵਿਧਾਵਾਂ ਨਹੀਂ ਸਨ। ਜਿਹੜੀਆਂ ਮਨੁੱਖ ਦੇ ਇਕਾਂਤ ਨੂੰ ਭਰਦੀਆਂ ਸਨ ਜਾਂ ਉਸ ਨੂੰ ਸਮਾਜਿਕਤਾ ਨਾਲ ਜੋੜਦੀਆਂ ਹੋਣ। ਆਨੰਦ ਦੇ ਲਈ ਅੱਜ ਸਾਹਿਤ 'ਚ ਐਨੀਆਂ ਚੀਜ਼ਾਂ ਉਪਲਬਧ ਹਨ। ਕਥਾ-ਕਥਿਤ ਜਿਹੜੇ ਸਾਹਿਤ ਦੇ ਸ਼ੇਡਸ ਹਨ ਜਿਵੇਂ ਚਾਲੂ ਸਾਹਿਤ ਦਾ ਬਹੁਤ ਵੱਡਾ ਬਜ਼ਾਰ ਹੈ। ਗੰਭੀਰ ਸਾਹਿਤ ਦੇ ਪਾਠਕ ਕੀ ਓਨੇ ਹਨ? ਕੀ ਹੁਣ ਕੋਈ ਸਾਹਿਤ ਕ੍ਰਾਂਤੀ ਦੀ ਪ੍ਰੇਰਨਾ ਬਣ ਸਕੇਗਾ ਜਾਂ ਉਸਦੀ ਜ਼ਰੂਰਤ ਹੈ ਵੀ? ਕ੍ਰਾਂਤੀ ਦੇ ਜਿਹੜੇ ਕਾਰਨ ਹਨ। ਉਹ ਸਾਹਿਤ 'ਚ ਹਨ। ਜਿਨ੍ਹਾਂ ਦੇਸ਼ਾਂ ਵਿਚ ਜ਼ਬਰਦਸਤ ਕ੍ਰਾਂਤੀਆਂ ਹੋਈਆਂ ਹਨ ਸਾਰਿਆਂ ਦੇ ਰਾਜਨੀਤਿਕ ਆਰਥਿਕ ਕਾਰਨ ਰਹੇ ਹਨ। ਰਾਜਨੀਤੀ ਤੋਂ ਵੀ ਵੱਧ ਆਰਥਿਕ। ਇਹ ਉਹੀ ਸ਼ਕਤੀਆਂ ਹਨ ਜਿਹੜੀਆਂ ਸਮਾਜ ਨੂੰ ਸੰਚਾਲਿਤ ਕਰ ਰਹੀਆਂ ਹਨ। ਇਨ੍ਹਾਂ ਨੂੰ ਦਬਾ ਕੇ ਨਹੀਂ ਰੱਖਿਆ ਜਾ ਸਕਦਾ। ਹੌਲੀ ਹੌਲੀ ਭਾਰਤ 'ਚ ਵੀ ਦੱਬੀਆਂ ਖਹਿਸ਼ਾਂ ਵਾਲੇ ਲੋਕ ਜੁੜਨਗੇ। ਸਾਡਾ ਸਾਹਿਤ ਕਿਸੇ ਕੰਮ ਨਹੀਂ ਆਵੇਗਾ। ਤਕਨੀਕ ਲੋਕਾਂ ਨੂੰ ਜੋੜੇਗੀ।

**ਸ਼ੈਲੇਸ਼ ਸਿੰਘ**-ਮੈਂ ਇਕ ਉਦਾਹਰਣ ਦੇ ਰਹਾਂ ਹਾਂ। ਜਪਾਨ ਤਕਨੀਕੀ ਦ੍ਰਿਸ਼ਟੀ ਨਾਲ ਵਿਕਸਿਤ ਦੇਸ਼ ਹੈ। ਹੁਣੇ ਜਿਹੇ ਜਿਹੜੀ ਸੁਨਾਮੀ ਆਈ ਸੀ ਬੜੀ ਤਬਾਹੀ ਹੋਈ ਉਥੇ ਤਕਨੀਕ ਦਾ ਜਿਹੜੀ ਤਕਨੀਕ

ਨਾਲ ਨੁਕਸਾਨ ਹੋਇਆ ਤੁਸੀਂ ਜਾਣਦੇ ਹੋ। ਮੈਂ ਤਕਨੀਕ ਦਾ ਵਿਰੋਧੀ ਨਹੀਂ ਹਾਂ। ਉਥੇ ਪੱਚੀ ਸਾਲਾਂ ਤੋਂ ਇਹ ਪ੍ਰਕ੍ਰਿਤੀ ਰਹੀ ਹੈ ਕਿ ਨੌਜਵਾਨ ਜਿਹੜੇ ਹਨ ਉਹ ਵਿਆਹ ਨਹੀਂ ਕਰ ਰਹੇ ਸੀ। ਉਹ ਤਕਨੀਕ 'ਚ ਐਨੇ ਇਨਵਾਲਵ ਸੀ ਕਿ ਉਹ ਵਿਆਹ ਨੂੰ ਵੀ ਜ਼ਰੂਰੀ ਨਹੀਂ ਮੰਨਦੇ ਸਨ। ਉਥੋਂ ਦਾ ਮੈਰਿਜ ਰੇਸ਼ੋ ਡਿੱਗ ਕੇ 12% ਤਕ ਆ ਗਿਆ ਸੀ। ਇਕ ਡਾਕਟਰ ਦੀ ਰਿਪੋਰਟ ਹੈ। ਇਸ ਦੁਰਘਟਨਾ ਤੋਂ ਬਾਅਦ ਬਹੁਤ ਸਾਰੇ ਲੋਕ ਉਥੇ ਇਕੱਲੇ ਹੋ ਗਏ ਹਨ। ਦੁਰਘਟਨਾ ਦੇ ਸਮੇਂ ਤੁਹਾਨੂੰ ਸਬੰਧੀਆਂ ਦੀ ਲੋੜ ਹੁੰਦੀ ਹੈ ਘੱਟ ਤੋਂ ਘੱਟ ਮੋਢੇ ਤੇ ਸਿਰ ਰੱਖ ਕੇ ਰੋਣ ਦੇ ਲਈ। ਇਸ ਘਟਨਾ ਨੇ ਲੋਕਾਂ ਨੂੰ ਵਿਆਹ ਦੇ ਲਈ ਪ੍ਰੇਰਤ ਕੀਤਾ। ਹੁਣ ਵਿਆਹ ਦਾ ਉਥੇ ਪੰਜ ਗੁਣਾ ਵਾਧਾ ਹੋਇਆ ਹੈ।

**ਹਰਿਯਸ਼ ਰਾਏ**-ਸਾਹਿਤ ਨਾਲ ਭਾਵੇਂ ਕਿ ਕ੍ਰਾਂਤੀ ਨਾ ਹੁੰਦੀ ਹੋਵੇ, ਪਰ ਸਮਾਜਿਕ ਬਦਲਾਵ 'ਚ ਇਸਦੀ ਵੱਡੀ ਭੂਮਿਕਾ ਹੁੰਦੀ ਹੈ। ਸਾਹਿਤ ਦਾ ਸਮਾਜ ਨਾਲ ਗਹਿਰਾ ਰਿਸ਼ਤਾ ਹੈ। ਆਜ਼ਾਦੀ ਦੀ ਲੜਾਈ ਦੇ ਦੌਰਾਨ ਫ਼ੈਜ਼, ਨਜਰੁਲ ਇਸਲਾਮ ਦੀਆਂ ਗ਼ਜ਼ਲਾਂ ਦਾ ਲੋਕ ਹਿਰਾਵਲ ਦਸਤੇ ਦੇ ਵਾਂਗ ਗਾਇਨ ਕਰਦੇ ਰਹੇ ਅਤੇ ਪ੍ਰੇਰਤ ਹੁੰਦੇ ਰਹੇ। ਭਗਤ ਸਿੰਘ ਨੇ ਲੈਨਿਨ ਨੂੰ ਪੜ੍ਹਦੇ ਹੋਏ ਆਪਣੇ ਅੰਤਮ ਦਿਨ ਬਤੀਤ ਕੀਤੇ ਸਨ। ਕਿਤੇ ਨਾ ਕਿਤੇ ਚੇਤਨਾ ਨੂੰ ਚੰਗਾ ਸਾਹਿਤ ਪ੍ਰਭਾਵਿਤ ਕਰਦਾ ਹੈ। ਚੰਗੇ ਸਾਹਿਤ ਦੀ ਮੰਗ ਹਮੇਸ਼ਾ ਬਣੀ ਰਹੀ ਹੈ। ਗੋਰਕੀ, ਰੇਣੂ, ਪਰਸਾਈ ਸਾਰਿਆਂ ਨੂੰ ਅਸੀਂ ਪੜ੍ਹਦੇ ਰਹੇ ਹਾਂ। ਕਿਤਾਬਾਂ ਤੋਂ ਕਲਾਵਾਂ ਮਨੁੱਖ ਦੀ ਸੰਵੇਦਨਾ ਨੂੰ ਐਡਰੈਸ ਕਰਦੀਆਂ ਹਨ।

**ਓਮ ਸ਼ਰਮਾ**-ਕੀ ਇਨ੍ਹਾਂ ਰਚਨਾਵਾਂ ਤੋਂ ਬਿਨਾ ਆਜ਼ਾਦੀ ਦੀ ਲੜਾਈ ਲੜੀ ਨਹੀਂ ਜਾ ਸਕਦੀ ਸੀ?

**ਅਨੂਪ**- ਜੇ ਮੰਨ ਲਈਏ ਕਿ ਸਾਹਿਤ ਨਾਲ ਸਿੱਧੀ ਸਿੱਧੀ ਕ੍ਰਾਂਤੀ ਨਹੀਂ ਆਉਂਦੀ ਪ੍ਰੰਤੂ ਕਲਾ ਕਲਾ ਕੀ ਕੇਵਲ ਮਨਪ੍ਰਚਾਵੇ ਦਾ ਕਾਰਜ ਕਰਦੀ ਹੈ? ਕਲਾ ਜਿਹੜੀ ਸੰਵੇਦਨਾਤਮਕ ਕ੍ਰਿਆ ਵਿਅਕਤੀ ਦੇ ਅੰਦਰ ਕਰਦੀ ਹੈ ਕੀ ਇਸਦਾ ਵਿਅਕਤੀ ਦੇ ਪਰਿਵਾਰ 'ਚ ਕੋਈ ਰੋਲ ਹੁੰਦਾ ਹੈ ਜਾਂ ਨਹੀਂ? ਸੰਗੀਤ ਚਾਹੇ ਸ਼ਾਸਤਰੀ ਹੋਵੇ ਚਾਹੇ ਲੋਕ ਸੰਗੀਤ, ਜ਼ਾਹਿਰ ਤੌਰ ਤੇ ਕੋਈ ਪਰਿਵਰਤਨ ਨਹੀਂ ਕਰਦਾ, ਪ੍ਰੰਤੂ ਕੀ ਅਸੀਂ ਕਹਿ ਸਕਦੇ ਹਾਂ ਕਿ ਸੰਗੀਤ ਕੁਝ ਨਹੀਂ ਕਰਦਾ? ਜਦੋਂ ਸੰਗੀਤ ਦੇ ਨਾਲ ਸ਼ਬਦ ਜੁੜ ਜਾਂਦੇ ਹਨ ਉਦੋਂ ਉਸ ਨੂੰ ਪਰ ਲੱਗ ਜਾਂਦੇ ਹਨ। ਠੀਕ ਹੈ ਸਮਾਜ ਨੂੰ ਦੂਜੀਆਂ ਸ਼ਕਤੀਆਂ ਚਲਾਉਂਦੀਆਂ ਹਨ ਪ੍ਰੰਤੂ ਵਿਅਕਤੀ ਨੂੰ ਚਲਾਉਣ ਵਾਲੀਆਂ ਤਾਂ ਬਹੁਤ ਸਾਰੀਆਂ ਚੀਜ਼ਾਂ ਹੁੰਦੀਆਂ ਹਨ। ਸ਼ਬਦ ਉੱਤੇ ਜਦੋਂ ਵਿਚਾਰ ਵਿਅਕਤੀ 'ਚ ਵੜਦੇ ਹਨ ਤਾਂ ਕੀ ਉਹ ਯਾਦਾਂ ਦੀ ਰਚਨਾ ਦਾ ਕਾਰਨ ਨਹੀਂ ਬਣਦੀ? ਅਤੇ ਜੇਕਰ ਬਣਦੀ ਹੈ ਤਾਂ ਕੀ ਉਹ ਕੋਈ ਪਰਿਵਰਤਨ ਨਹੀਂ ਕਰਦਾ? ਤੁਸੀਂ ਸਹਿਮਤ ਹੋਵੋਗੇ ਕਿ ਕਰਦਾ ਹੈ। ਅਸਲ ਵਿਚ ਕਲਾ, ਸ਼ਬਦ, ਵਿਚਾਰ ਤੇ ਸੰਵੇਦਨਾ ਦਾ ਪਰਸਪਰ ਗਹਿਰਾ ਸਬੰਧ ਹੈ। ਇਸ ਲਈ ਕਲਾਵਾਂ ਕੇਵਲ ਮਨਪ੍ਰਚਾਵਾ ਨਹੀਂ ਕਰਦੀਆਂ ਬਲਕਿ ਵਿਅਕਤੀ ਦੇ ਜੀਵਨ ਨੂੰ ਊਰਜਾ ਵੀ ਦਿੰਦੀਆਂ ਹਨ। ਕਲਾਵਾਂ ਅੰਦਰੋਂ ਬਦਲ ਦਿੰਦੀਆਂ ਹਨ। ਕੋਈ ਵੀ ਕਲਾਤਮਿਕ ਪੇਸ਼ਕਾਰੀ ਸਮਾਜ ਤੋਂ ਹੱਟ ਕੇ ਨਹੀਂ ਹੁੰਦੀ।

*************



**ਮੁਲਾਕਾਤ**

## "ਤਲਾਸ਼ ਜਾਰੀ ਹੈ' ਨਵੀਂ ਵਿਧਾ ਵਿੱਚ ਲਿਖਿਆ ਨਾਵਲ ਹੈ " - ਮਲੂਕ ਚੰਦ ਕਲੇਰ/ -ਮੁਲਾਕਾਤੀ: ਭਗਵੰਤ ਰਸੂਲਪੁਰੀ

? ਸਾਹਿਤ ਦੀ ਚੇਟਕ ਤੁਹਾਨੂੰ ਕਿੱਥੋਂ ਲੱਗੀ?

-ਮੇਰੇ ਪਿਤਾ ਜੀ ਚੌਧਰੀ ਜਗਤ ਰਾਮ ਨੂੰ ਗੰਗਾ ਰਾਮ ਦਾ ਲਿਖਿਆ ਕਿੱਸਾ 'ਰੂਪ ਬਸੰਤ' ਜ਼ੁਬਾਨੀ ਯਾਦ ਸੀ। ਤੇ ਉਸ ਨੇ ਇਹ ਕਿੱਸਾ ਕਈ ਰਾਤਾਂ ਵਿੱਚ ਗਾ ਕੇ ਸੁਣਾਇਆ। ਫੇਰ ਮੈਂ ਗਿਆਨੀ, ਓ. ਟੀ. ਕਰਕੇ ਪੰਜਾਬੀ ਅਧਿਆਪਕ ਲੱਗ ਗਿਆ। ਇਸ ਤਰ੍ਹਾਂ ਮੈਨੂੰ ਸਾਹਿਤ ਦੀ ਚੇਟਕ ਲੱਗ ਗਈ।

? ਤੁਸੀਂ ਸਾਹਿਤ ਵਿੱਚ ਪਰਿਵੇਸ਼ ਸਵੈ ਜੀਵਨੀ ਤੋਂ ਹੀ ਕਿਉਂ ਕੀਤਾ?

-ਮੈਂ ਗਿਆਰਵੀਂ ਤੇ ਬਾਰ੍ਹਵੀਂ ਜਮਾਤਾਂ ਨੂੰ ਨੌਂ ਵਿਧਾ ਵਿੱਚ ਲਿਖਿਆ ਸਾਹਿਤ ਪੜ੍ਹਾਉਂਦਾ ਰਿਹਾ ਹਾਂ। ਫੇਰ ਮੈਂ ਆਪਣੀ ਨਿੱਜੀ ਜ਼ਿੰਦਗੀ ਦੀ ਸਵੈ ਪੜਚੋਲ ਕੀਤੀ। ਇਸ ਸਾਰੇ ਕੁਝ ਨੂੰ ਨਿਯਮਬੰਧ ਕਰਨ ਲਈ ਸਵੈ ਜੀਵਨੀ ਲਿਖਣ ਦਾ ਮਨ ਬਣਿਆ। ਸੋ ਲਿਖੀ ਗਈ।

? ਸਵੈ ਜੀਵਨੀ 'ਕੋਰੇ ਘੜੇ ਦਾ ਪਾਣੀ' ਦਲਿਤ ਦ੍ਰਿਸ਼ਟੀਕੋਣ ਤੋਂ ਲਿਖੀ ਜਾਂ ਹੋਰ ਦ੍ਰਿਸ਼ਟੀਕੋਣ ਤੋਂ?

-ਇਨਸਾਨ ਜਿਸ ਸਮਾਜ ਵਿੱਚ ਜਨਮ ਲੈਂਦਾ ਹੈ ਉਸਦਾ ਪ੍ਰਭਾਵ ਜ਼ਰੂਰ ਕਬੂਲਦਾ ਹੈ। ਮੇਰਾ ਜਨਮ ਇੱਕ ਕਿਰਤੀ ਪਰਿਵਾਰ ਵਿੱਚ ਹੋਇਆ। ਕਿਰਤੀਆਂ ਦੀ ਹੁੰਦੀ ਲੁੱਟ ਮੈਂ ਅੱਖੀਂ ਵੇਖੀ ਤੇ ਪਿੰਡੇ 'ਤੇ ਹੰਢਾਏ ਹਾਲਾਤ ਨੂੰ ਮੈਂ ਕਲਮ ਦੇ ਜ਼ਰੀਏ ਅਵਾਜ਼ ਉਠਾਈ। ਦ੍ਰਿਸ਼ਟੀਕੋਣ ਤੁਸੀਂ ਕੁਝ ਵੀ ਸਮਝ ਲਵੋ, ਇਸ ਪੁਸਤਕ ਵਿੱਚ ਮਨੁੱਖ ਦੁਆਰਾ ਮਨੁੱਖ ਨਾਲ ਹੁੰਦਾ ਵਿਤਕਰਾ ਰੂਪਮਾਨ ਕੀਤਾ ਹੈ।

? ਤੁਸੀਂ ਸਵੈ ਜੀਵਨੀ ਵਿੱਚ ਹਰ ਵਰਗ ਜਾਤ ਦੇ ਲੋਕਾਂ ਦੀ ਪਛਾਣ ਉਸ ਦੀ ਜਾਤ ਨਾਲ ਕੀਤੀ ਹੈ। ਇਹ ਤੁਹਾਡਾ ਸੁਚੇਤ ਯਤਨ ਸੀ ਜਾ ਸਹਿ ਸੁਭਾਅ?

-ਤੁਸੀਂ ਖੁਦ ਵਿਦਵਾਨ ਤੇ ਜਾਗਰੂਕ ਲੇਖਕ ਹੋ, ਸੰਪਾਦਕ ਹੋ। ਭਾਰਤ ਦਾ ਸਮਾਜ ਜਾਤ ਪ੍ਰਣਾਲੀ ਦਾ ਦਰਦ ਸਦੀਆਂ ਤੋਂ ਹੰਢਾਅ ਰਿਹਾ ਹੈ। ਜੋ ਇਕ ਸਮਾਜਿਕ ਕੋਹੜ ਹੈ। ਕਿਸੇ ਵੀ ਕਿੱਤੇ ਵਾਲਾ ਮਨੁੱਖ ਕਿਸੇ ਵੀ ਪੱਖੋਂ ਮਾੜਾ ਨਹੀਂ ਹੈ। ਹਰ ਵਰਗ ਦੇ ਕਿੱਤੇ ਬਦਲਦੇ ਰਹਿੰਦੇ ਹਨ। ਪਛਾਣ ਮੇਰੀ ਕਿੱਤੇ ਨਾਲ ਹੈ ਨਾਂ ਕਿ ਜਾਤ ਨਾਲ।


? ਸਵੈ ਜੀਵਨੀ ਵਿੱਚ ਤੁਹਾਡਾ ਬਿੰਬ ਇਕ ਸੰਘਰਸ਼ਸ਼ੀਲ ਮਨੁੱਖ ਦਾ ਉਭਰਦਾ ਹੈ। ਇਸਦੇ ਵਿੱਚ ਸਚਾਈ ਕਿੰਨੀ ਕੁ ਹੈ?

-ਕੋਰੇ ਘੜੇ ਦਾ ਪਾਣੀ ਸਵੈ ਜੀਵਨੀ ਪੜ੍ਹਕੇ ਫੈਸਲਾ ਤਾਂ ਪਾਠਕ ਨੇ ਹੀ ਕਰਨਾ ਹੈ। ਬਾਕੀ ਮੈਂ ਗਿਆਨੀ, ਓ ਟੀ ਤੇ ਬੀ ਏ ਕਰਕੇ ਅਧਿਆਪਕ ਲੱਗ ਗਿਆ ਸੀ। ਸਰਵਿਸ ਦੇ ਦੌਰਾਨ ਹੀ ਬੀ ਏ, ਬੀ. ਐੱਡ, ਐਮ. ਏ. ਪਾਸ ਕਰ ਲਈ। ਅੱਠਵੀਂ ਦੇ ਪੇਪਰ ਦੇ ਕੇ ਸਾਢੇ ਤਿੰਨ ਰੁਪਏ ਦਿਹਾੜੀ ਤੇ ਜੰਗਲਾਤ ਵਿਭਾਗ ਪੰਜਾਬ ਵਿਚ ਨੌਕਰੀ ਕਰ ਲਈ।

? ਸਵੈ ਜੀਵਨੀ ਲਿਖਣੀ ਔਖਾ ਕਾਰਜ ਹੁੰਦਾ ਹੈ। ਲੇਖਕ ਸਵੈ ਬਿਰਤਾਂਤ ਰਾਹੀਂ ਆਪਣੇ ਆਪ ਨੂੰ ਨੰਗਾ ਕਰਦਾ ਹੈ। ਤੁਸੀਂ ਸਵੈ ਜੀਵਨੀ ਵਿੱਚ ਕਈ ਗੱਲਾਂ ਲਕੋਈਆਂ ਵੀ ਹਨ।

-ਇਹ ਚੰਗਾ ਸਵਾਲ ਹੈ। ਤੁਸੀਂ 'ਕੋਰੇ ਘੜੇ ਦਾ ਪਾਣੀ' ਦਾ ਆਨੰਦ ਖ਼ੂਬ ਮਾਣਿਆ ਹੈ। ਸੂਝਵਾਨ ਪਾਠਕ ਲੇਖਕ ਦੇ ਨਾਲ ਨਾਲ ਚਲਦਾ ਹੈ ਕਿਤੇ ਕਿਤੇ ਪਾਠਕ ਲੇਖਕ ਤੋਂ ਅੱਗੇ ਵੀ ਨਿਕਲ ਜਾਂਦਾ ਹੈ।

ਸੂਰਜ ਬੇਸ਼ੱਕ ਜਿੰਨਾ ਵੀ ਮਰਜ਼ੀ ਆਪਣਾ ਤਾਣ ਲਾ ਲਵੇ ਫੇਰ ਵੀ ਕੁਝ ਜਗ੍ਹਾ ਤੇ ਹਨੇਰਾ ਰਹਿ ਹੀ ਜਾਂਦਾ ਹੈ।



? ਤੁਸੀਂ ਆਪਣੇ ਨਾਵਲ ਰਾਹੀਂ ਭਾਰਤੀ ਰਾਜ ਪ੍ਰਣਾਲੀ 'ਤੇ ਤਿੱਖੀ ਚੋਟ ਕੀਤੀ ਹੈ। ਨਾਵਲ 'ਸੂਰਜ ਉੱਗ ਪਿਆ' ਦੇ ਸੰਦਰਭ'ਚ ਮੈਂ ਕਹਿ ਰਿਹਾ।

-ਹਾਂ ਲੇਖਕ ਨੂੰ ਰਾਜਸੀ ਸੂਝ ਬੂਝ ਹੋਣੀ ਲਾਜ਼ਮੀ ਹੈ। ਲੇਖਕ ਦਾ ਫ਼ਰਜ ਬਣ ਜਾਂਦਾ ਹੈ ਕਿ ਆਪਣੇ ਵਿਚਾਰਾਂ ਰਾਹੀਂ ਸਮਾਜ ਨੂੰ ਜਾਗ੍ਰਿਤ ਕਰੇ। 'ਭਾਰਤ ਦਾ ਅਜੋਕਾ ਰਾਜ ਪ੍ਰਬੰਧ ਕੁਝ ਘਰਾਣਿਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਦੂਜੇ ਸਮਾਜ ਗੋਤਾਂ ਜਾਤਾਂ ਵਿੱਚ ਗ੍ਰਸਿਆ ਹੋਇਆ ਹੈ। ਮਨੁੱਖ ਦੀ ਆਜ਼ਾਦੀ ਜ਼ਰੂਰੀ ਹੈ। ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਉਪਰ ਉੱਠਣਾ ਸਮੇਂ ਦੀ ਲੋੜ ਹੈ।

? ਸੂਰਜ ਉੱਗ ਪਿਆ' 'ਚ ਤੁਸੀਂ ਕੀ ਕਹਿਣਾ ਚਾਹੁੰਦੇ ਹੋ?

-ਬੇਸ਼ੱਕ ਭਾਰਤ ਵਿੱਚ ਸਦੀਆਂ ਸਦੀਆਂ ਤੋਂ ਸੂਰਜ ਚੜ੍ਹ ਰਿਹਾ ਹੈ ਪਰ ਜਦੋਂ ਆਮ ਲੋਕਾਂ ਦੀ ਵੀ ਆਵਾਜ਼ ਸੁਣੀ ਜਾਵੇਗੀ ਤਾਂ ਉਦੋਂ ਹੀ ਨਵਾਂ ਸੂਰਜ ਉਦੈ ਹੋਵੇਗਾ। ਤੇ ਫੇਰ ਰਾਜ ਪ੍ਰਬੰਧ ਵਿੱਚ ਲੋਕਾਂ ਦੀ ਹਿੱਸੇਦਾਰੀ ਬਣੇਗੀ ਤਾਂ ਉਹੀ ਦੱਬੇ ਕੁਚਲੇ ਲੋਕ ਕਹਿ ਉੱਠਣਗੇ ਬਈ ਵਾਹ! ਸੂਰਜ ਉੱਗ ਪਿਆ।

? ਤੁਸੀਂ ਜੰਗਲ ਵਿੱਚ ਰਹਿੰਦੇ ਪੰਛੀ, ਜਾਨਵਰ ਰੀਂਘਣ ਵਾਲੇ ਜੀਵਾਂ ਦੇ ਚਿੰਨ੍ਹਾਂ ਨੂੰ ਲੈ ਕੇ ਭਾਰਤੀ ਰਾਜਨੀਤੀ 'ਚ ਜੋ ਗੰਧਲੀ ਹੋ ਚੁੱਕੀ ਹੈ ਨੂੰ ਨਾਵਲ ਵਿੱਚ ਢਾਲਿਆ ਹੈ, ਇਹ ਤੁਹਾਡੀ ਮੌਲਿਕ ਜੁਗਤ ਹੈ ਜਾਂ ਕਿਸੇ ਨਾਵਲ ਤੋਂ ਪ੍ਰਭਾਵ ਕਬੂਲਿਆ ਹੈ।

-ਸਿਆਣੇ ਕਹਿੰਦੇ ਨੇ ਕੰਮ ਸ਼ੁਰੂ ਕਰ ਲਵੋ, ਨੇਪਰੇ ਚੜ੍ਹ ਹੀ ਜਾਣਾ ਹੈ। ਮੈਂ ਇਕ ਬਾਲ ਨਾਵਲ ਪੰਜਾਹ ਕੁ ਸਫ਼ੇ ਦਾ ਲਿਖਣਾ ਚਾਹੁੰਦਾ ਸੀ ਸੋ ਸ਼ੁਰੂ ਕਰ ਦਿੱਤਾ। ਨਾਵਲ ਦੇ ਪਾਤਰ, ਪੰਛੀ, ਜਾਨਵਰ ਅਤੇ ਰੀਂਘਣ ਵਾਲੇ ਜੀਵ ਬਣਾ ਲਏ। ਨਾਲੇ ਪੰਛੀਆਂ, ਜਾਨਵਰਾਂ ਅਤੇ ਪਸ਼ੂਆਂ ਦਾ ਸਮਾਜ, ਜਾਤ ਰਹਿਤ ਸਮਾਜ ਹੈ। ਇਹਨਾਂ ਵਿੱਚ ਏਕਤਾ ਵੀ ਹੈ। ਸੋ ਮੇਰੇ ਨਾਵਲ 'ਸੂਰਜ ਉੱਗ ਪਿਆ' ਦੇ ਗਿਆਰਾਂ ਪਾਤਰ ਹਨ ਇਹ ਪਾਤਰ ਸਮਾਜ ਵਲੋਂ ਪਹਿਲੋ ਹੀ ਵਡਿਆਏ ਜਾਂਦੇ ਹਨ। ਜਾਂਦੇ ਹਨ। ਸੋ ਕਲਮ ਤੁਰ ਪਈ ਤੇ ਨਾਵਲ ਬਾਲਗਾਂ ਵਾਸਤੇ ਲਿਖਿਆ ਗਿਆ। ਇਸ ਨਾਵਲ ਬਾਰੇ ਨਾਮਵਰ ਨਾਵਲਕਾਰ ਨਰਿੰਜਨ ਤਸਨੀਮ ਹੁਰਾਂ ਲਿਖਿਆ ਹੈ, 'ਸੂਰਜ ਉੱਗ ਪਿਆ ਇਕ ਕਲਾਤਮਿਕ ਰਚਨਾ ਹੈ।

ਪਰ ਬਾਅਦ ਵਿੱਚ ਮੈਂ ਰੂਸੀ ਨਾਵਲ 'ਪਸ਼ੂਆਂ ਦਾ ਵਾੜਾ' ਜੋ ਜਾਰਜ ਆਰਵੈੱਲ ਨੇ ਲਿਖਿਆ ਪੜ੍ਹਿਆ ਪਰ ਸੂਰਜ ਉੱਗ ਪਿਆ ਅਤੇ ਪਸ਼ੂਆਂ ਦਾ ਵਾੜਾ ਦਾ ਵਿਸ਼ਾ ਅੱਡੋ ਅੱਡ ਹੈ।

? ਤੁਸੀਂ ਆਪਣੇ ਨਾਵਲ 'ਸੂਰਜ ਉੱਗ ਪਿਆ' ਵਿਚ ਭਾਰਤ 'ਚ ਤਾਨਾਸ਼ਾਹੀ ਨੂੰ ਖਤਮ ਕਰਕੇ ਮਾਨਵਵਾਦੀ ਤੇ ਲੋਕਤੰਤਰੀ ਪ੍ਰਣਾਲੀ ਨੂੰ ਪੱਕਿਆ ਕਰਦੀਆਂ ਪਰੰਪਰਾਵਾਂ 'ਤੇ ਪਹਿਰਾ ਦਿੰਦੇ ਹੋਇਆ 'ਵੋਟ ਦੀ ਸ਼ਕਤੀ' ਦੀ ਗੱਲ ਕੀਤੀ ਹੈ, ਕੀ ਕਾਰਨ ਹੈ?



- ਕੋਈ ਵੀ ਲੇਖਕ ਖਾਸ ਕਰਕੇ ਕਿਰਤੀ ਪਰਿਵਾਰ ਵਿੱਚ ਪੈਦਾ ਹੋਇਆ ਹੋਵੇ ਉਹ ਹਮੇਸ਼ਾਂ ਮਾਨਵਤਾ ਦੀ ਗੱਲ ਹੀ ਕਰੇਗਾ, ਲੋਕਾਂ ਦੀ ਗੱਲ ਕਰੇਗਾ। ਉਹੀ ਸਾਹਿਤ ਅੱਜ ਵੀ ਜੀਉਂਦਾ ਹੈ ਜੇ ਜੁੱਗਾ ਤੋਂ ਪਾਰ ਵੀ ਜੀਉਂਦਾ ਰਹੇਗਾ। ਬਾਕੀ ਵੋਟ ਦੀ ਤਾਕਤ ਗਰੀਬ ਵਾਸਤੇ ਵੀ ਓਨੀ ਹੀ ਹੈ, ਧਨਾਢ ਵਾਸਤੇ ਵੀ ਓਨੀ ਹੀ ਹੈ। ਵੋਟ ਦਾ ਅਧਿਕਾਰ ਬਾਬਾ ਸਾਹਿਬ ਡਾ. ਬੀ. ਆਰ ਅੰਬੇਡਕਰ ਜੀ ਨੇ ਸੰਵਿਧਾਨ ਰਾਹੀ ਲੈ ਕੇ ਦਿੱਤਾ ਹੈ।

? 'ਤਲਾਸ਼ ਜਾਰੀ ਹੈ' ਤੁਹਾਡੀ ਨਵੀਂ ਕਿਤਾਬ ਹੈ। ਤੁਸੀਂ ਇਸ ਨੂੰ ਨਾਵਲ ਲਿਖਿਆ ਹੈ ਪਰ ਜਦੋਂ ਇਸ ਪੁਸਤਕ ਨੂੰ ਪੜ੍ਹਿਆ ਤਾਂ ਇਹ ਕਿਤਾਬ ਸਵੈ ਜੀਵਨੀ ਵੀ ਲੱਗਦੀ ਹੈ। ਕਿਤੇ ਕਿਤੇ ਨਾਵਲ ਬਣਦਾ ਹੈ। ਤੁਸੀਂ ਕੀ ਕਹਿਣਾ ਚਾਹੁੰਦੇ ਹੋ?

-ਤੁਹਾਡੇ ਇਹ ਵਿਚਾਰ ਨਾਵਲ 'ਤਲਾਸ਼ ਜਾਰੀ ਹੈ' ਬਾਰੇ ਬਿਲਕੁਲ ਸਹੀ ਹਨ। ਇਹ ਸਵੈ ਜੀਵਨੀਆਤਮਿਕ ਨਾਵਲ ਹੈ। ਜਦੋਂ ਵੀ ਕੋਈ ਨਵੀਂ ਰਚਨਾ ਲੇਖਕ ਕਰਦਾ ਹੈ ਤਾਂ ਉਹ ਰਵਾਇਤ ਤੋਂ ਹੱਟ ਕੇ ਕਰਦਾ ਹੈ। ਇਹ ਨਵੀਂ ਵਿਧਾ ਵਿੱਚ ਲਿਖਿਆ ਨਾਵਲ ਹੈ। ਬਿਲਕੁਲ ਨਵਾਂ ਤਜ਼ਰਬਾ ਹੈ। ਬਾਕੀ ਫ਼ੈਸਲਾ ਪਾਠਾਂ ਉਪਰ ਵੀ ਛੱਡ ਦਿੱਤਾ ਜਾਂਦਾ ਹੈ। ਹਾਂ 'ਸੁਨਹਿਰਾ ਗੁਲਾਬ' ਅਤੇ 'ਮੇਰਾ ਦਾਗਿਸਤਾਨ' ਪੁਸਤਕਾਂ ਤੁਸੀਂ ਕਿਸ ਵਿਧਾ ਵਿੱਚ ਰੱਖੋਗੇ?

? ਪਰ ਇਹ ਨਾਵਲ ਨਹੀਂ ਬਣਦਾ। ਤੁਹਾਨੂੰ ਨਾਵਲ ਲਿਖਣ ਦੀ ਸਮਝ ਹੈ ਕਿਉਂਕਿ ਤੁਸੀਂ ਇਕ ਚੰਗਾ ਨਾਵਲ 'ਸੂਰਜ ਉੱਗ ਪਿਆ' ਲਿਖਿਆ ਹੈ। ਕੀ ਕਾਰਨ ਹਨ ਕਿ ਇਹ ਨਾਵਲ ਨਹੀਂ ਬਣਾਇਆ ਗਿਆ?

- 'ਸੂਰਜ ਉੱਗ ਪਿਆ' ਵੀ ਲੀਹ ਤੋਂ ਹੱਟ ਕੇ ਲਿਖਿਆ ਨਾਵਲ ਹੈ। ਤੇ 'ਤਲਾਸ਼ ਜਾਰੀ ਹੈ' ਵੀ। ਨਾਵਲ ਦਾ ਬਿਰਤਾਂਤ ਰੋਕ ਕੇ ਵਰਤਮਾਨ ਵਿੱਚ ਆਉਣਾ, ਇਕ ਬਿਲਕੁਲ ਨਵੀਂ ਵਿਧੀ ਹੈ।

"ਇਹ ਸਵੈ ਜੀਵਨੀ ਨਾਵਲ ਦਾ ਰੂਪ ਉਦੋਂ ਧਾਰਨ ਕਰਦੀ ਹੈ ਜਦੋਂ ਲੇਖਕ ਨਾਵਲ ਦੇ ਬਿਰਤਾਂਤ ਨੂੰ ਰੋਕ ਕੇ ਇਕ ਪਾਤਰ ਵਜੋਂ ਇਸ ਵਿਚ ਪ੍ਰਵੇਸ਼ ਕਰਦਾ ਹੈ, ਉਦੋਂ ਉਹ ਸਮੇਂ ਨੂੰ ਵੀ ਇਕ ਹਿੰਦਸੇ ਤੇ ਕੀਲ ਲੈਂਦਾ ਹੈ ਅਤੇ ਅਤੀਤ ਵਿਚੋਂ ਅਛੋਪਲੇ ਹੀ ਵਰਤਮਾਨ ਵਿੱਚ ਪ੍ਰਵੇਸ਼ ਕਰਦੇ ਹੋਏ ਚਾਹ ਜਾਂ ਪਾਣੀ ਦਾ ਘੁੱਟ ਭਰਕੇ ਤਰੋ ਤਾਜਾ ਹੋਣ ਅਤੇ ਮਾਹੌਲ ਦਾ ਜਾਇਜ਼ਾ ਲੈਣ ਦਾ ਉਪਰਾਲਾ ਕਰਦਾ ਹੈ। ਕਦੀ ਕਦੀ ਉਹ ਕਿਸੇ ਭੁੱਲੀ ਵਿਸਰੀ ਯਾਦ ਦਾ ਵੇਰਵਾ ਦੇਣ ਲੱਗਦਾ ਹੈ, ਇਸ ਦਾ ਨਾਵਲ ਦੇ ਵਰਣਨ ਨਾਲ ਸਿੱਧਾ ਕੋਈ ਸੰਬੰਧ ਨਹੀਂ ਹੁੰਦਾ, ਲੇਕਿਨ ਇਸ ਵਿਧੀ ਦੁਆਰਾ ਸਮੇਂ ਦੀ ਤਰਲਤਾ ਅਤੇ ਸਥਾਨ ਦੀ ਅਸਥਿਰਤਾ ਦਾ ਅਹਿਸਾਸ ਪਾਠਕ ਨੂੰ ਨਾਵਲ ਦੇ ਨਵੇਂ ਸੰਦਰਭਾਂ ਨਾਲ ਪਰਿਚਿਤ ਕਰਵਾਉਂਦਾ ਹੈ।" ਇਹ ਵਿਚਾਰ ਨਰਿੰਜਨ ਸਿੰਘ ਤਸਨੀਮ ਨੇ ਨਾਵਲ ਦੇ ਸੰਦਰਭ ਵਿਚ ਕਹੇ ਹਨ।

? ਇਸ ਨਾਵਲ ਵਿੱਚ ਕਥਾਵਾਂ ਦੀ ਭਰਮਾਰ ਹੈ, ਲੇਖਕ ਮਿਲਣੀਆਂ ਦੇ ਵੇਰਵੇ ਹਨ, ਕਿਤਾਬਾਂ ਦੀਆਂ ਟੂਕਾਂ ਹਨ ਇਹ ਸਾਰਾ ਕੁਝ ਨਾਵਲੀ ਬਿਰਤਾਂਤ ਦਾ ਹਿੱਸਾ ਨਹੀਂ ਹੁੰਦਾ।

-ਨਾਵਲ 'ਤਲਾਸ਼ ਜਾਰੀ ਹੈ' ਮੇਰੇ ਅਨੁਭਵ ਹਨ ਜਦੋਂ ਪਾਠਕ ਇਹ ਨਾਵਲ ਪੜ੍ਹੇਗਾ ਤਾਂ ਉਸ ਦੇ ਮਨ ਵਿੱਚ ਦੂਜੇ ਨਾਵਲ ਪੜ੍ਹਨ ਦਾ ਵੀ ਆਪਣੇ ਆਪ ਹੀ ਰੁਝਾਨ ਪੈਦਾ ਹੋਵੇਗਾ। ਬਾਕੀ ਨਾਵਲ ਦਾ ਹਾਜ਼ਮਾ ਦੂਜੀਆਂ ਸਾਰੀਆਂ ਸਾਹਿਤ ਦੀਆਂ ਵਿਧੀਆਂ ਨਾਲੋਂ ਵੱਧ ਹੁੰਦਾ ਹੈ। ਇਸ ਵਿੱਚ ਬਹੁਤ ਕੁਝ ਸਮਾਅ ਸਕਦਾ ਹੈ। ਹਾਂ ਨਾਵਲਕਾਰ ਨੂੰ ਜੁਗਤ ਜ਼ਰੂਰ ਹੋਣੀ ਚਾਹੀਦੀ ਹੈ। ਮੇਰੇ ਨਾਵਲ ਦਾ ਉਦੇਸ਼ ਪਾਠਕ ਪੈਦਾ ਕਰਨਾ ਵੀ ਹੈ। ਜਿਸ ਦੀ ਮੌਜੂਦਾ ਸਮੇਂ ਵਿੱਚ ਘਾਟ ਰੜਕਦੀ ਹੈ।

? ਇਹਨਾਂ ਤਿੰਨਾਂ ਪੁਸਤਕਾਂ 'ਕੋਰੇ ਘੜੇ ਦਾ ਪਾਣੀ', 'ਤਲਾਸ਼ ਜਾਰੀ ਹੈ'. 'ਸੂਰਜ ਉੱਗ ਪਿਆ' ਤੋਂ ਇਲਾਵਾ ਤੁਸੀਂ ਹੋਰ ਕੀ ਲਿਖਿਆ ਹੈ ਜਾਂ ਭਵਿੱਖ ਵਿੱਚ ਕੀ ਲਿਖਣ ਦੀ ਯੋਜਨਾ ਹੈ।

-ਹਾਂ ਤਿੰਨ ਪੁਸਤਕਾਂ ਤੋਂ ਇਲਾਵਾ ਇਕ ਲਘੂ ਬਾਲ ਨਾਵਲ 'ਜੰਗਲ ਵਿੱਚ ਚੋਣ' ਲਿਖਿਆ ਹੈ। ਜਿਸ ਵਿੱਚ ਪੰਛੀਆਂ ਤੇ ਜਾਨਵਰਾਂ ਦੀਆਂ ਤਸਵੀਰਾਂ ਵੀ ਛਪੀਆਂ ਹਨ। 'ਤਸਵੀਰਾਂ ਬੋਲਦੀਆਂ' ਹਨ। ਭਵਿੱਖ ਵਿੱਚ ਇਕ ਨਾਵਲ ਦਾ ਪਲਾਟ ਮਨ ਵਿੱਚ ਉਸਲਵੱਡੇ ਲੈਂਦਾ ਹੈ ਤੇ ਉਸ ਨਾਵਲ ਦੀਆਂ ਨੀਹਾਂ ਵਿੱਚ ਲੋਕ ਕਵੀਆਂ ਦੀਆਂ ਕਵਿਤਾਵਾਂ ਹੋਣਗੀਆਂ ਕਲਪਨਾ ਦੀਆਂ ਕੰਧਾਂ ਉਸਰਨਗੀਆਂ ਤੇ ਵਿਚਾਰ ਤੱਤ ਤੇ ਸ਼ੈਲੀ ਤੱਤ ਨਾਲ ਨੇਪਰੇ ਚੜ੍ਹੇਗਾ। ਨਿਰੋਲ ਨਵਾਂ ਨਕੋਰ ਤਜ਼ਰਬਾ ਹੋਵੇਗਾ।

? ਤੁਸੀਂ ਏਧਰ ਕੈਨੇਡਾ ਵਿਚ ਅਖ਼ਬਾਰਾਂ ਵਿੱਚ ਆਪਣੇ ਕਾਲਮ ਲਗਾਤਾਰ ਲਿਖਦੇ ਰਹਿੰਦੇ ਹੋ। ਇਨ੍ਹਾਂ ਕਾਲਮਾਂ ਵਿਚ ਕਿਸ ਤਰ੍ਹਾਂ ਦਾ ਮੈਟਰ ਹੁੰਦਾ ਹੈ। ਇਸ ਦਾ ਉਦੇਸ਼ ਕੀ ਹੈ।

-ਖਾਸ ਕਰਕੇ ਪੰਜਾਬੀ ਸਾਹਿਤ, ਲੋਕ ਸਾਹਿਤ ਅਤੇ ਕੈਨੇਡਾ ਦੇਸ਼ ਬਾਰੇ ਮੇਰੇ ਅਨੁਭਵ ਮੇਰੇ ਕਾਲਮ ਦੇ ਵਿਸ਼ੇ ਹੁੰਦੇ ਹਨ। ਉਦੇਸ਼ ਤਾਂ ਲੇਖਕ ਦੀ ਕਲਮ ਦਾ ਸਫ਼ਰ ਹੈ।

? ਅਜੋਕੇ ਸਮੇਂ ਵਿਚ ਕੈਨੇਡਾ ਵਿਚ ਕਿਸ ਕਿਸਮ ਦਾ ਸਾਹਿਤ ਲਿਖਿਆ ਜਾ ਰਿਹਾ ਹੈ।

-ਕਵਿਤਾ ਤੇ ਗ਼ਜ਼ਲ ਵੱਲ ਵੱਧ ਰੁਝਾਨ ਹੈ। ਏਥੇ ਬਹੁਤ ਕਵੀ ਹਨ। ਕੋਈ ਕੋਈ ਲੇਖਕ ਨਾਵਲ ਜਾਂ ਕਹਾਣੀ ਵੀ ਲਿਖ ਰਿਹਾ ਹੈ। ਬੱਚਿਆਂ ਬਾਰੇ ਅਤੇ ਖਾਸ ਕਰਕੇ ਬਜ਼ੁਰਗਾ ਦਾ ਸਾਹਿਤ ਕੈਨੇਡਾ ਵਿਚ ਘੱਟ ਲਿਖਿਆ ਜਾ ਰਿਹਾ ਹੈ।

? ਸਾਹਿਤ ਲਿਖਣ ਤੋਂ ਇਲਾਵਾ ਤੁਸੀਂ ਹੋਰ ਕਿਸ ਤਰ੍ਹਾਂ ਦੀਆਂ ਸਰਗਮੀਆਂ ਕਰਦੇ ਹੋ।

-2018 ਦੇ ਅਕਤੂਬਰ ਮਹੀਨੇ ਵਿਚ 'ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ' ਦਾ ਗਠਨ ਕੀਤਾ ਗਿਆ ਹੈ। ਇਸ ਸਾਹਿਤ ਸਭਾ ਵਲੋਂ ਮਜ਼ਦੂਰ ਦਿਵਸ 'ਤੇ ਅਤੇ ਆਲਮ ਦੀ ਬਰਸੀ ਦੇ ਮੌਕੇ ਤੇ ਕਵੀ ਦਰਬਾਰ ਕਰਵਾਇਆ ਜਾਂਦਾ ਹੈ। ਸਭਾ ਵੱਲੋਂ ਪੁਸਤਕਾਂ ਰਲੀਜ਼ ਕੀਤੀਆਂ ਜਾਂਦੀਆਂ ਹਨ। ਮੈਂ ਆਪਣਾ ਨਾਵਲ 'ਤਲਾਸ਼ ਜਾਰੀ ਹੈ' ਵੀ ਇਸ ਬੈਨਰ ਹੇਠ ਰਿਲੀਜ਼ ਕੀਤੀ ਸੀ। ਬਾਕੀ ਵਿਹਲੇ ਸਮੇਂ ਲਾਇਬਰੇਰੀ ਵਿਚੋਂ ਕਿਤਾਬਾਂ ਕਢਵਾ ਕੇ ਘਰੇ ਬੈਠਾ ਪੜ੍ਹਦਾ ਹਾਂ।

? ਕੀ ਪੰਜਾਬ ਵਿਚ ਛਪਦੇ ਸਾਹਿਤਕ ਮੈਗਜ਼ੀਨ ਵੀ ਪੜ੍ਹਦੇ ਹੋ। ਇਨ੍ਹਾਂ ਰਸਾਲਿਆਂ ਬਾਰੇ ਆਪਣੇ ਵਿਚਾਰ ਦਿਓ।

-ਪੰਜਾਬੀ ਵਿਚ ਛਪਦੇ ਸਾਹਿਤਕ ਮੈਗਜ਼ੀਨ ਪੜ੍ਹਨ ਦੀ ਮੇਰੀ ਸ਼ੁਰੂਆਤ 'ਜਾਗ੍ਰਿਤੀ' ਤੋਂ ਹੋਈ ਹੈ ਅਤੇ ਫਿਰ ਪੰਜਾਬੀ ਦੁਨੀਆਂ, ਜਨ ਸਾਹਿਤ, ਪੰਖੜੀਆਂ, ਪ੍ਰਾਇਮਰੀ ਸਿੱਖਿਆ, ਰੂ ਬ ਰੂ, ਧਰਤੀ ਦਾ ਸੂਰਜ, ਹੁਣ, ਸਮਕਾਲੀ ਸਾਹਿਤ ਤੇ ਕਹਾਣੀ ਧਾਰਾ ਆਦਿ ਮੈਗਜ਼ੀਨ ਪੜ੍ਹਦਾ ਰਹਿੰਦਾ ਹਾਂ।

? ਉਹ ਕਿਹੜੀਆਂ ਕਿਤਾਬਾਂ ਜਾਂ ਲੇਖਕ ਹਨ ਜਿਨ੍ਹਾਂ ਨੇ ਤੁਹਾਡੀ ਰਚਨਾ ਤੇ ਅਸਰ ਪਾਇਆ ਹੈ।

-ਆਲਮ ਕਾਵਿ, ਸੁਨਹਿਰੀ ਗੁਲਾਬ, ਮੇਰਾ ਦਾਗਿਸਤਾਨ, ਸਾਹਿਤਕਾਰੀ ਅਤੇ ਸਾਹਿਤਕ ਪਰਿਪੇਖ, ਜੀਵਨੀ ਤੇ ਰਚਨਾ ਸੰਤ ਰਾਮ ਉਦਾਸੀ, ਗੈਰ ਹਾਜ਼ਰ ਆਦਮੀ, ਛਾਂਗਿਆ ਰੁੱਖ, ਨਿਰਵਾਣ, ਮੋਚੀ ਦਾ ਪੁੱਤ, ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ ਚਾਰ ਜਿਲਦਾ, ਕੁੰਭੀ ਨਰਕ, ਸੂਰਜ ਦੀ ਅੱਖ, ਤਨਖਾਹੀਏ, ਤਲਾਸ਼ ਕੋਈ ਸਦੀਵੀ ਅਤੇ ਢਾਲ਼ ਆਦਿ। ਗੁਰਦਾਸ ਰਾਮ ਆਲਮ, ਉਸਤਾਦ ਉਲਫ਼ਤ ਬਾਜਵਾ, ਰਘਬੀਰ ਸਿੰਘ ਮਾਨ, ਪ੍ਰੋ. ਨਰਿੰਜਨ ਸਿੰਘ ਤਸਨੀਮ, ਜੰਗ ਬਹਾਦਰ ਗੋਇਲ, ਭਗਵੰਤ ਰਸੂਲਪੁਰੀ, ਸੁਜਾਨ ਸਿੰਘ ਅਤੇ ਹੋਰ ਅਨੇਕਾਂ ਨਾਂ ਹਨ।



## ਮੇਰੀ ਰਚਨਾ ਦਾ ਸਫ਼ਰ

# ਮੈਂ ਆਪਣੀ ਰਚਨਾ ਦਾ ਆਰੰਭ ਉਰਦੂ ਵਿਚ ਕਹਾਣੀਆਂ ਲਿਖਣ ਤੋਂ ਕੀਤਾ /- ਡਾ. ਜਗਤਾਰ

ਆਦਮੀ ਜ਼ਿੰਦਗੀ ਭਰ ਇਸਮੁਲ-ਐਨ, ਇਲਮੁਲ-ਯਕੀਨ ਤੇ ਇਲਮੁਲ-ਸੁਕੀਦ ਦੀ ਦੁਨੀਆਂ ਵਿਚ ਵਿਚਰਦਾ ਤੇ ਜੀਉਂਦਾ ਹੈ। ਸਾਹਿਤ ਤੇ ਕਲਾ ਦਾ ਸੋਮਾ ਵੀ ਇਹਨਾਂ ਤਿੰਨਾਂ ਇਲਮਾਂ (ਗਿਆਨਾਂ) ਵਿਚ ਛੁਪਿਆ ਹੋਇਆ ਹੈ। ਵੇਖਣ ਨੂੰ ਇਹ ਤਿੰਨ ਹਰਫ਼ ਹਨ ਪਰ ਇਹਨਾਂ ਦੇ ਪਿੱਛੇ ਤਿੰਨ-ਲੋਕਾਂ, ਤੀਸਰੇ ਨੇਤਰ ਤੇਤੀ ਕਰੋੜ ਦੇਵਤਿਆਂ ਤੇ ਕੁੱਲ ਬ੍ਰਹਿਮੰਡਲ-ਜੀਵ ਜੰਤੂਆਂ ਦੀ ਜ਼ਿੰਦਗੀ ਦਾ ਕਰਮ ਪਾਸਾਰ ਆ ਜਾਂਦਾ ਹੈ।

ਮੇਰੀ ਰਚਨਾ ਦੇ ਵੀ ਇਹ ਤਿੰਨ ਹੀ ਸੋਮੇ ਹਨ। ਮੇਰੀ ਮਾਂ ਦਸਦੀ ਹੁੰਦੀ ਸੀ ਕਿ ਮੈਥੋਂ ਵੱਡਾ ਭਰਾ ਬਾਲਪਨ ਵਿਚ ਹੀ ਗੁਜ਼ਰ ਗਿਆ ਸੀ। ਫੇਰ ਬੜੀਆਂ ਮਨੌਤਾਂ ਤੇ ਦੁਆਵਾਂ ਪਿੱਛੋਂ ਮੇਰਾ ਜਨਮ ਬਹਾਰ ਦੇ ਦਿਨਾਂ ਵਿਚ ਰਾਤ ਦੇ ਪਿਛਲੇ ਪਹਿਰ ਹੋਇਆ। ਘਰ ਵਿਚ ਬੜੀ ਖੁਸ਼ੀ ਕੀਤੀ ਗਈ। ਦਾਈ ਨੂੰ ਇਕ ਮੁੰਦਰੀ ਤੇ ਗੂੰਗੀ ਬੱਕਰੀ ਦਾਨ ਕੀਤੇ ਗਏ ਜਾਂ ਕਹਿ ਲਵੋ ਇਨਾਮ ਦਿੱਤੇ ਗਏ। ਮੈਨੂੰ ਬਾਹਰ ਰੂੜੀ ਦੇ ਸੁੱਟਕੇ ਮੇਰੇ ਭਾਰ ਬਰਾਬਰ ਦਾ ਸਤਨਾਜਾ ਉੱਥੇ ਰੱਖ ਕੇ ਮੈਨੂੰ ਦੁਬਾਰਾ ਘਰ ਲੈ ਆਂਦਾ ਗਿਆ। ਮੇਰੇ ਕੰਨ ਵਿੰਨ੍ਹ ਦਿੱਤੇ ਪਰ ਜਦੋਂ ਨੱਕ ਵਿੰਨ੍ਹਣ ਲੱਗੇ ਤਾਂ ਮੇਰਾ ਰੋਣਾ ਭੂਆ ਤੋਂ ਝੱਲਿਆ ਨਾ ਗਿਆ ਸੋ ਉਸਨੇ ਮੇਰਾ ਨੱਕ ਬਚਾ ਲਿਆ।

ਵੱਡਾ ਹੋਇਆ ਤਾਂ ਜ਼ਿੰਦਗੀ ਨੇ ਸੋਚਣ ਦਾ ਵੱਲ ਸਿਖਾ ਦਿੱਤਾ। ਪਿਤਾ ਜੀ ਹਰ ਸਾਲ ਕੱਤਕ ਦੇ ਮਹੀਨੇ ਮਹਾਂ ਭਾਰਤ ਦੀ ਕਥਾ ਕਰਵਾਇਆ ਕਰਦੇ ਸਨ। ਦਲੀਪ ਆਦਿ ਧਰਮੀਂ ਤਬਲੇ ਨਾਲ ਗਾ ਕੇ ਕਥਾ ਕਰਦਾ ਹੈ ਮਹਿੰਗਾ ਸੁਰੰਗੀ ਤੇ ਉਸਦਾ ਸਾਥ ਦਿੰਦਾ। ਕਈ ਦਿਨ ਇਹ ਕਥਾ ਸਾਰੀ ਸਾਰੀ ਰਾਤ ਚਲਦੀ ਰਹਿੰਦੀ। ਸੱਚ ਤੇ ਹੱਕ ਲਈ ਲੜਨ ਵਾਲੇ ਪਾਂਡਵ ਭਰਾ ਸਦਾ ਮੇਰੀ ਹਮਦਰਦੀ ਤੇ ਕੌਰਵ ਨਫ਼ਰਤ ਦੇ ਪਾਤਰ ਰਹੇ ਜੋ ਅੱਜ ਤਕ ਹਨ। ਕ੍ਰਿਸ਼ਨ ਜੀ ਪੂਰੇ ਸਿਆਸਤਦਾਨ ਹਨ, ਜੇ ਉਹਨਾਂ ਦੀ ਸਿਆਸਤ ਨਾ ਹੋਵੇ ਤਾਂ ਮਹਾਂਭਾਰਤ ਦੀ ਕਥਾ ਅੱਗੇ ਤੁਰ ਹੀ ਨਹੀਂ ਸਕਦੀ। ਇਸ ਕਥਾ ਨੂੰ ਸੁਣਦਿਆਂ ਮੈਂ ਸ਼ਾਇਰ ਬਣਨ ਦੀ ਪੱਕੀ ਧਾਰ ਲਈ ਮੇਰੀ ਬਾਲ ਸੋਚ ਵਿਚ ਇਕੋ ਗੱਲ ਸਮਾਈ ਹੋਈ ਸੀ ਕਿ ਜੇ ਇਕ ਸੁੰਦਰ ਮਹਾਂਭਾਰਤ ਦੀ ਕਥਾ ਕਰ ਸਕਦਾ ਹੈ ਤਾਂ ਮੈਂ ਕਵੀ ਕਿਉਂ ਨਹੀਂ ਬਣ ਸਕਦਾ। ਬਚਪਨ ਵਿਚ ਮੇਰੀ ਤਾਈ ਜੀ ਨੇ ਮੈਨੂੰ ਗੋਦ ਲੈ ਲਿਆ ਸੀ। ਪਿਤਾ ਜੀ ਆਸਟ੍ਰੇਲੀਆ ਚਲੇ ਗਏ ਤੇ ਉਥੋਂ ਮਾਂ ਨੂੰ ਕਦੇ ਕੁਝ ਨਾ ਭੇਜਿਆ ਤੇ ਫੇਰ ਇਕ ਗਰੀਕ ਔਰਤ ਨਾਲ ਸ਼ਾਦੀ ਕਰ ਲਈ। ਇਹ ਦੁੱਖ ਮਾਂ ਦੀਆਂ ਅੱਖਾਂ ਵਿਚ ਏਨਾ ਡੂੰਘਾ ਨਕਸ਼ ਹੋ ਗਿਆ ਕਿ ਉਸਦੇ ਹੰਝੂਆਂ ਦੇ ਹੜ੍ਹ ਵੀ ਇਸ ਦਰਦ ਦੀ ਛਾਪ ਨਾ ਮਿਟਾ ਸਕੇ।

ਮਰਨ ਪਿਛੋਂ ਵੀ ਮੈਂ ਮਾਂ ਦੀਆਂ ਅੱਖਾਂ ਬੰਦ ਕਰਨ ਲੱਗਾ ਤਾਂ ਉਸ ਦਰਦ ਦੇ ਨਕਸ਼ ਅਜੇ ਉਸ ਦੀਆਂ ਅੱਖਾਂ ਵਿਚ ਜੀਉਂਦੇ ਸਨ। ਬਚਪਨ ਵਿਚ ਹੀ ਮੇਰਾ ਪਿਆਰ ਆਪਣੀ ਸਵਰਗਵਾਸੀ ਵੱਡੀ ਭੈਣ ਨਾਲ ਬਹੁਤ ਸੀ। ਇਸਦਾ ਵੱਡਾ ਕਾਰਨ ਇਹ ਸੀ ਕਿ ਅਸੀਂ ਦੋਵੇਂ ਪਾਕਿਸਤਾਨ ਤੋਂ ਬੱਲੋਕੀ ਨਹਿਰ ਤੋਂ ਪਾਰਲੇ ਇਲਾਕੇ ਵਿਚੋਂ ਤੁਰ ਕੇ ਕਾਫ਼ਲੇ ਨਾਲ ਭਾਰਤ ਆਏ ਸਾਂ। 18-19 ਸਾਲ ਦੀ ਨਵੀਂ ਨਵੀਂ ਵਿਆਹੀ ਭੈਣ ਤੇ ਦਸ ਗਿਆਰਾਂ ਸਾਲ ਦੀ ਉਮਰ ਦਾ ਮੈਂ ਸਾਂ, ਅਸੀਂ ਬਾਲ ਭੈਣ ਭਰਾਵਾਂ 17-18 ਦਿਨ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਿਆ ਸੀ। ਏਧਰ ਆ ਕੇ ਭੈਣ ਨੂੰ ਫਿਰੋਜ਼ਪੁਰ ਜ਼ਿਲ੍ਹੇ ਵਿਚ ਜ਼ਮੀਨ ਮਿਲ

ਗਈ। ਇਕ ਦਿਨ ਮੇਰਾ ਭਣਵਈਆ ਹਿਰਨ ਦਾ ਇਕ ਨਿੱਕਾ ਜਿਹਾ ਬੱਚਾ ਫੜ ਲਿਆਇਆ-ਉਹ ਹਿਰਨੀ ਚਿੱਟੀ ਸਫ਼ੈਦ ਰੰਗ ਦੀ। ਇਕ ਟਿਮਕਣਾ ਵੀ ਕਿਸੇ ਹੋਰ ਰੰਗ ਦਾ ਉਸ ਉਪਰ ਨਹੀਂ ਸੀ। ਹਿਰਨੀ ਜਵਾਨ ਹੋਈ ਤਾਂ ਉਸਦੇ ਨਾਯਾਬ-ਰੰਗ ਕਾਰਣ ਕਈ ਉਸਨੂੰ ਮੁੱਲ ਵੀ ਲੈਣਾਂ ਚਾਹੁੰਦੇ ਸਨ, ਪਰ ਮੇਰੀ ਭੈਣ ਦਾ ਉਸ ਨਾਲ ਅਥਾਹ ਪਿਆਰ ਸੀ। ਸੋ ਪਿਆਰ ਵੇਚਿਆ ਨਹੀਂ ਜਾ ਸਕਦਾ। ਹਿਰਨੀ ਬਾਹਰ ਖੇਤਾਂ ਵਿਚ ਘੁੰਮ ਫਿਰ ਕੇ ਪਰਤ ਆਉਂਦੀ। ਇਕ ਦਿਨ ਠੰਡ ਬੜੀ ਸੀ। ਰਾਤ ਪਈ ਤਾਂ ਭੈਣ ਨੇ ਖਿਆਲ ਨਾ ਕੀਤਾ ਕਿ ਹਿਰਨੀ ਬਾਹਰੋਂ ਪਰਤ ਆਈ ਹੈ ਕਿ ਨਹੀਂ। ਸੋ ਸਾਰੇ ਘਰ ਵਿਚ ਸੌਂ ਗਏ। ਸਵੇਰੇ ਉੱਠੇ ਤਾਂ ਵੇਖਿਆ ਹਿਰਨੀ ਘਰ ਦੇ ਦਰਵਾਜ਼ੇ ਅੱਗੇ ਮੋਈ ਪਈ ਸੀ। ਉਸਨੂੰ ਲੁੱਟਰ ਕੁੱਤਿਆਂ ਨੇ ਬੋਟੀ ਬੋਟੀ ਕਰ ਸੁੱਟਿਆ ਸੀ। ਉਸਦੀਆਂ ਅੱਖਾਂ ਵਿਚ ਵੀ ਮੈਂ ਉਹ ਸਹਿਮ ਤੇ ਦਰਦ ਨੂੰ ਨਕਸ਼ ਵੇਖਿਆ ਜੋ ਆਪਣੀ ਮਾਂ ਦੀਆਂ ਅੱਖਾਂ ਵਿਚ ਵੇਖਿਆ ਸੀ। ਅੱਜ ਵੀ ਜਦੋਂ ਕੋਈ ਕਿਸੇ ਭਰ ਜਵਾਨ ਇਸਤਰੀ ਨੂੰ ਕਿਸੇ ਹਵਾਈ ਅੱਡੇ ਜਾਂ ਰੇਲ ਦੇ ਪਲੇਟ ਫ਼ਾਰਮ ਤੇ ਆਪਣੇ ਪ੍ਰਦੇਸ਼ ਜਾ ਰਹੇ ਪਤੀ ਨੂੰ ਵਿਦਾਈ ਦਿੰਦਿਆਂ ਵੇਖਦਾ ਹਾਂ ਤਾਂ ਉਸਦੀਆਂ ਅੱਖਾਂ ਵਿਚ ਮਾਂ ਦੀਆਂ ਅੱਖਾਂ ਵਿਖਾਈ ਦੇਣ ਲੱਗ ਪੈਂਦੀਆਂ ਹਨ ਅਤੇ ਰਾਤ ਬਰਾਤੇ ਕਿਸੇ ਮੁਟਿਆਰ ਨੂੰ ਇਕੱਲਿਆਂ ਸਫ਼ਰ ਕਰਦਿਆਂ ਵੇਖਦਾ ਹਾਂ ਤਾਂ ਹਨੇਰੇ ਵਿਚ ਵੀ ਮੋਈ ਹਿਰਨੀ ਦੀਆਂ ਅੱਖਾਂ ਵਰਗਾ ਸਹਿਮ ਉਸ ਦੀਆਂ ਨਜ਼ਰਾਂ ਵਿਚ ਪੜ੍ਹ ਲੈਂਦਾ ਹਾਂ। ਤੁਸੀਂ ਮੰਨੋ ਜਾਂ ਨਾ ਜਿਨ੍ਹਾਂ ਇਸਤਰੀਆਂ ਲਈ ਘਰਾਂ ਦੇ ਦਰਵਾਜ਼ੇ ਬੰਦ ਹੋ ਜਾਂਦੇ ਹਨ ਉਹਨਾਂ ਨੂੰ ਲੁੱਟਰ-ਕੁੱਤੇ ਬੋਟੀ ਬੋਟੀ ਕਰ ਦਿੰਦੇ ਹਨ।

ਮੇਰੇ ਬਚਪਨ ਦੀਆਂ ਇਹਨਾਂ ਘਟਨਾਵਾਂ ਦਾ ਮੇਰੀ ਹਰ ਰਚਨਾ ਉੱਤੇ ਬੜਾ ਡੂੰਘਾ ਪ੍ਰਭਾਵ ਹੈ। ਮੈਂ ਸਮਝਦਾ ਹਾਂ ਕਿ ਮਾਂ ਨੇ ਗੁੰਗੀ ਬੱਕਰੀ ਤੇ ਸੋਨੇ ਦੀ ਮੁੰਦਰੀ ਅੱਕੀ ਦਾਈ ਨੂੰ ਦਾਨ ਨਹੀਂ ਕੀਤੇ। ਮੇਰੀ ਬੇਜ਼ਬਾਨੀ ਤੇ ਮਾਇਆ ਦੀ ਲਾਲਸਾ ਮੇਰੇ ਜਨਮ ਵੇਲੇ ਹੀ ਮੇਰੇ ਤੋਂ ਵਾਰ ਦਿੱਤੇ ਸਨ। ਸੋ ਮੇਰੀਆਂ ਰਚਨਾਵਾਂ ਵਿਚ ਨਾ ਹੀਜੜਾਪਨ ਹੈ ਨਾ ਬੇਜ਼ੁਬਾਨੀ ਅਤੇ ਨਾ ਤਰਲਿਆਂ ਭਰੇ ਧੀਮੇ ਬੋਲ ਹਨ। ਮੇਰੀ ਰਚਨਾ ਅਮਰਦ ਤੇ ਲੂਲੀ ਲੰਗੜੀ ਨਹੀਂ ਸਗੋਂ ਇਕ ਵੰਗਾਰ ਹੈ ਹਰ ਕੌਰੇ ਲਈ ਜੋ ਹੱਕ-ਸੱਚ ਲਈ ਲੜਨ ਵਾਲੇ ਦਾ ਪੱਖ ਪੂਰਦੀ ਹੈ ਨਾ ਹੀ ਮੇਰੀ ਕਵਿਤਾ ਦੀ ਜੀਭ ਟੁੱਕੀ ਹੋਈ ਹੈ।

ਮੈਂ ਇਕ ਵਾਰੀ ਜ਼ਿੰਦਗੀ ਤੋਂ ਏਨਾ ਘਬਰਾ ਗਿਆ ਸਾਂ ਕਿ ਮਲੋਟ ਮੰਡੀ ਵਿਖੇ ਖੁਦਕਸ਼ੀ ਕਰਨ ਦੀ ਸੋਚੀ। ਤੜਕੇ ਲਾਈਨ ਤੇ ਜਾ ਬੈਠਾ ਦਿਨ ਚੜ੍ਹ ਆਇਆ ਪਰ ਗੱਡੀ ਨਾ ਆਈ। ਫੇਰ ਪਤਾ ਲੱਗਾ ਕਿ ਗੱਡੀ ਮੇਰੇ ਪਹੁੰਚਣ ਤੋਂ ਪਹਿਲਾਂ ਨਿਕਲ ਗਈ ਸੀ। ਮੈਂ ਮੌਤ ਫੜਨ ਵਿਚ ਪਛੜ ਗਿਆ ਸਾਂ ਸੋ ਬਚ ਗਿਆ। ਹੁਣ ਜ਼ਿੰਦਗੀ ਦੇ ਖੇਤਰ ਵਿਚ ਵਿਚਰਦਿਆਂ ਪਤਾ ਲਗਦਾ ਹੈ ਕਿ ਮੈਂ ਹਰ ਖੇਤਰ ਵਿਚ ਪਛੜਿਆਂ ਹੋਇਆ ਹਾਂ। ਫੇਰ ਡਾਕੂ ਬਣਕੇ ਦੁਸ਼ਮਣਾਂ ਤੋਂ ਗਿਣ ਗਿਣ ਕੇ ਬਦਲੇ ਲੈਣ ਦੀ ਸੋਚੀ ਪਰ ਨਿੱਕੇ ਨਿੱਕੇ ਬੱਚਿਆਂ ਤੇ ਭੈਣ-ਭਰਾਵਾਂ ਦੇ ਮੋਹ ਨੇ ਪੈਰ-ਫੜ ਲਏ ਸੋਚਿਆ ਇਹਨਾਂ ਦਾ ਕੀ ਬਣੇਗਾ? ਸੋ ਇਹਨਾਂ ਮੋਹ ਦੀਆਂ ਤੰਦਾਂ ਨੂੰ ਤੋੜਨ ਵਿਚ ਅਸਫ਼ਲ ਰਿਹਾ। ਫੇਰ ਭਗਵੇਂ ਪਾ ਲਏ ਪਰ ਇਕ ਯਾਰ ਨੇ ਕਿਹਾ, ਚਲਾ ਜਾ ਭਗਵੇਂ ਪਾ ਕੇ ਦੌੜਨ ਵਾਲਾ ਕਾਇਰ ਹੀ ਕਹਿਲਾ ਸਕਦਾ ਹੈ। ਕੀ ਫੇਰ ਦੁੱਖਾਂ ਤੋਂ ਨਜ਼ਾਤ ਮਿਲ ਜਾਵੇਗੀ। ਇਸ ਤਰ੍ਹਾਂ ਭਗਵੇਂ ਪਾਉਣ ਵਿਚ ਵੀ ਅਸਫ਼ਲ ਰਿਹਾ। ਸੋ ਮੈਂ ਜੀਵਨ ਦੇ ਹਰ ਖੇਤਰ ਵਿਚ ਅਸਫ਼ਲ ਹਾਂ ਤੇ ਏਸੇ ਅਸਫ਼ਲਤਾ ਨੇ ਮੈਨੂੰ ਸਫ਼ਲ ਰਚਨਾ ਰਚਨ ਦੀ ਪ੍ਰੇਰਨਾ ਦਿੱਤੀ ਹੈ। ਹੁਣ ਤਾਂ ਹਰ ਹਾਲ ਵਿਚ ਮੁਸਕਰਾਉਂਦਿਆਂ ਜੀਣ ਦਾ ਤਹੱਈਆ ਕੀਤਾ ਹੋਇਆ ਹੈ।

ਉਂਜ ਵੀ ਜੋਗੀ ਤਾਂ ਬਚਪਨ ਵਿਚ ਘਰ ਦਿਆਂ ਹੀ ਕੰਨ੍ਹ ਵਿੰਨ੍ਹ ਕੇ ਬਣਾ ਦਿੱਤਾ ਸੀ। ਭੂਆ ਨੇ ਨੱਕ ਬਚਾ ਦਿੱਤਾ ਸੀ ਸੋ ਹੁਣ ਜ਼ਿੰਦਗੀ ਤੇ ਸਾਹਿਤ ਦੇ ਖੇਤਰ ਵਿਚ ਨੱਕ ਬਚਾਈ ਰੱਖਣ ਦੀ ਲੋੜ ਹੈ ਅਤੇ ਹਾਦਸਿਆਂ ਵਿਚ ਘਿਰਿਆ ਸੋਚਦਾ ਹਾਂ ਕਿ ਘਰ ਦੇ ਸਤਨਾਜੇ ਵੰਡੇ ਮੇਰੀ ਰੂਹ ਜ਼ਰੂਰ ਰੂੜੀ ਤੋਂ ਚੁੱਕੀ



ਲਿਆਏ ਸਨ ਪਰ ਜਿਸਮ ਅੱਜ ਵੀ ਹਾਦਸਿਆ ਦੇ ਢੇਰ ਤੇ ਪਿਆ ਹੈ। ਸੋ ਮੈਂ ਭਾਵੇਂ ਤੋਹਮਤਾ, ਬਦਨਾਮੀਆਂ ਤੇ ਨਿੰਦਿਆ ਵਰਗੀਆਂ ਕੁਚੀਲ ਚੀਜ਼ਾਂ ਦੇ ਢੇਰ ਤੇ ਪਿਆ ਰਹਿੰਦਾ ਹਾਂ ਪਰ ਮੇਰੀ ਰੂਹ ਵਾਂਗ ਮੇਰੀ ਰਚਨਾ ਦੀ ਰੂਹ ਇਸ ਤੋਂ ਬਚੀ ਹੋਈ ਹੈ।

ਬਚਪਨ ਵਿਚ ਮਹਾਂ-ਭਾਰਤ ਦੀ ਕਥਾ ਦੇ ਪ੍ਰਭਾਵ ਅਧੀਨ ਮੈਂ ਕਵੀ ਬਨਦਾ ਬਣਦਾ ਏਥੋਂ ਤੱਕ ਪੁੱਜ ਗਿਆ ਹਾਂ। ਮੈਂ ਆਪਣੀ ਰਚਨਾ ਦਾ ਆਰੰਭ ਉਰਦੂ ਵਿਚ ਕਹਾਣੀਆਂ ਲਿਖਣ ਤੋਂ ਕੀਤਾ ਸੀ। ਦੋ ਚਾਰ ਕਹਾਣੀਆਂ ਛਪੀਆਂ ਵੀ ਪਰ ਅਕਸਰ ਮੁੜ ਆਉਂਦੀਆਂ। ਫੇਰ ਉਰਦੂ ਵਿਚ ਕਵਿਤਾ ਲਿਖਣੀ ਆਰੰਭ ਕੀਤੀ ਪਰ ਉਰਦੂ ਵਾਲੇ ਬਹਿਰ ਤੋਂ ਖਾਰਜ ਹੋਣ ਕਾਰਣ ਮੇਰੀਆਂ ਕਵਿਤਾਵਾਂ ਨਹੀਂ ਛਾਪਦੇ ਸਨ। ਫੇਰ ਕਵਿਤਾ ਲਿਖਣ ਨੇ ਨਾਲ ਨਾਲ ਉਰੂਜ਼ ਤੇ ਪਿੰਗਲ ਰਿਆਸਤ ਬਹਾਵਲਪੁਰ ਤੋਂ ਉਜੜ ਕੇ ਆਏ ਪੰਡਤ ਦੀਨਾ ਨਾਥ ਤੋਂ ਸਿੱਖਣੇ ਆਰੰਭ ਕੀਤੇ ਤੇ ਹੌਲੀ ਹੌਲੀ ਗੀਤਾਂ ਨਾਲ ਕੀਤਾ। ਸਭ ਤੋਂ ਪਹਿਲਾਂ ਗੀਤ 1953 ਵਿਚ ਨਾਨਕ ਸਿੰਘ ਜੀ ਨੇ 'ਲੋਕ ਸਾਹਿਤ' ਵਿਚ ਛਾਪਿਆ ਤੇ ਮੈਨੂੰ ਬੜਾ ਪ੍ਰਸੰਸਾ ਭਰਿਆ ਖ਼ਤ ਲਿਖਿਆ। ਮੇਰੇ ਗੀਤ ਛਪਦੇ ਰਹੇ ਪ੍ਰੋ. ਮੋਹਨ ਸਿੰਘ ਤੇ ਕਰਤਾਰ ਸਿੰਘ ਬਲੱਗਣ ਹੋਰਾਂ ਪੰਜ ਛਾਪੇ। ਫੇਰ ਨਾਨਕ ਸਿੰਘ ਜੀ ਦਾ ਖ਼ਤ ਆਇਆ ਕਿ ਤੇਰੇ ਗੀਤ ਮੈਨੂੰ ਪ੍ਰੋ. ਮੋਹਨ ਸਿੰਘ ਨਾਲੋਂ ਵੀ ਵਧੇਰੇ ਪਸੰਦ ਹਨ। ਏਹੁ ਗੱਲ ਅਜੀਤ ਸਿੰਘ (ਹੁਣ ਡਾਕਟਰ) ਕਹਾਣੀਕਾਰ ਨੇ ਆਪਣੇ ਲੇਖ ਵਿਚ (ਜੋ ਕਵਿਤਾ ਵਿਚ ਛਪਿਆ ਸੀ) ਆਖੀ ਮੇਰੇ ਗੀਤ ਜਸਵੰਤ ਸਿੰਘ ਕੰਵਲ ਨੂੰ ਵੀ ਬਹੁਤ ਪਸੰਦ ਸਨ। ਪਰ ਮੈਨੂੰ ਸਿਰਫ਼ ਉਨ੍ਹਾਂ ਗੀਤਾਂ ਵਿਚ ਕੋਈ ਇਨਫ਼ਰਾਦੀਅਤ ਨਜ਼ਰ ਨਹੀਂ ਨਾ ਆ ਸਕੀ। ਮੈਂ ਗੀਤ ਲਿਖਣੇ ਛੱਡ ਦਿੱਤੇ। ਫੇਰ ਕਵਿਤਾਵਾਂ ਹੀ ਰਚਦਾ ਰਿਹਾ। ਮੇਰੀ ਪੁਸਤਕ 'ਦੁੱਧ ਪੱਥਰੀ' ਛਪੀ ਤਾਂ ਉਸਦੀ ਤਾਰੀਫ਼ ਉਰਦੂ ਤੇ ਹਿੰਦੀ ਲੇਖਕਾਂ ਨੇ ਵੀ ਕੀਤੀ। ਕੇਸਰ ਸਿੰਘ ਕੇਸਰ (ਹੁਣ ਡਾ. ਕੇਸਰ ਸਿੰਘ) ਨੇ ਉਸ ਬਾਰੇ ਬਹੁਤ ਵਧੀਆ ਲਿਖਿਆ। ਡਾ. ਅਤਰ ਸਿੰਘ ਤੇ ਕ੍ਰਿਪਾਲ ਸਿੰਘ ਕਸੇਲ ਵਰਗੇ ਅਲੋਚਕਾਂ ਨੇ ਵੀ ਇਸ ਪੁਸਤਕ ਦੀ ਕਾਫ਼ੀ ਪ੍ਰਸੰਸਾ ਕੀਤੀ। ਬਾਵਾ ਬਲਵੰਤ ਨੇ ਛਪਣ ਸਾਰ ਇਸ ਪੁਸਤਕ ਨੂੰ ਪੰਜਾਬੀ ਕਾਵਿ ਵਿਚ ਇਕ ਕ੍ਰਿਸ਼ਮਾ ਕਿਹਾ। ਸ਼ਿੰਦਰ ਉਨ੍ਹਾਂ ਦਿਨਾਂ ਵਿਚ ਬੀ. ਏ. ਦਾ ਵਿਦਿਆਰਥੀ ਸੀ। ਉਸਨੇ ਇਕ ਬੜਾ ਤਾਰੀਫ਼ੀ ਖ਼ਤ ਲਿਖਿਆ ਸੀ। ਪ੍ਰੀਤਮ ਸਿੰਘ ਵਾਦ ਵਿਵਾਦ ਨੇ ਆਪਣੇ ਇਸ ਲੇਖ ਵਿਚ ਮੇਰੀਆਂ ਕਵਿਤਾਵਾਂ ਦੀ ਬਹੁਤ ਹੀ ਪ੍ਰਸ਼ੰਸ਼ਾ ਕੀਤੀ ਤਾਂ ਮੈਨੂੰ ਇੰਝ ਲੱਗਾ ਕਿ ਮੈਂ ਜੀਵਨ ਦੇ ਹਰ ਖੇਤਰ ਵਿਚ ਅਸਫ਼ਲ ਹਾਂ ਪਰ ਕਾਵਿ ਖੇਤਰ ਵਿਚ ਜ਼ਰੂਰ ਸਫ਼ਲ ਹੋ ਰਿਹਾ ਹਾਂ। ਤੇਰਾ ਸਿੰਘ ਚੰਨ, ਜਗਜੀਤ ਸਿੰਘ ਆਨੰਦ, ਜਗਜੀਤ ਸਿੰਘ ਛਾਬੜਾ ਆਦਿ ਦੀ ਪ੍ਰਸ਼ੰਸ਼ਾ ਨੇ ਹੋਰ ਵੀ ਹੱਲਾ ਸ਼ੇਰੀ ਦਿੱਤੀ।

1967 ਵਿਚ ਮੇਰੀ ਪੁਸਤਕ 'ਅਧੂਰਾ ਆਦਮੀ' ਛਪੀ ਤਾਂ ਕਵੀਆਂ ਤੇ ਆਲੋਚਕਾਂ ਨੇ ਮੇਰੀ ਏਨੀ ਮੁਖਲਾਫ਼ਤ ਕੀਤੀ ਕੀ ਮੇਰੇ ਪੈਰ ਉੱਖੜ ਗਏ। ਪੁਸਤਕ ਦੇ ਵਿਰੁੱਧ ਲਿਖਣ ਵਾਲਿਆਂ ਵਿਚ ਡਾ. ਰਮੇਸ਼ ਕੁੰਤਲ ਮੇਘ, ਡਾ. ਰੌਸ਼ਨ ਲਾਲ ਆਹੂਜਾ ਆਦਿ ਵੀ ਸ਼ਾਮਿਲ ਸਨ। ਪਰ ਅੰਮ੍ਰਿਤਾ ਪ੍ਰੀਤਮ ਤੇ ਡਾ. ਅਤਰ ਸਿੰਘ ਦੇ ਪ੍ਰਸ਼ੰਸ਼ਾ ਪੱਤਰਾ ਨੇ ਮੇਰੀ ਹੌਸਲਾ ਅਫ਼ਜਾਈ ਕੀਤੀ। ਮੀਸ਼ਾ ਨੇ ਮੇਰੀ ਕਵਿਤਾ (ਜੋ ਅਧੂਰਾ ਆਦਮੀ ਵਿਚ ਹੈ) ਤਿਕੋਣ ਦੇ ਵਿਰੁੱਧ 'ਹੇਮ ਜਿਉਤੀ' ਵਿਚ ਲੇਖ ਲਿਖਿਆ। ਦੇਵਿੰਦਰ ਸਤਿਆਰਥੀ ਨੇ ਮੇਰੇ ਵਿਰੁੱਧ ਇਕ ਕਵਿਤਾ ਲਿਖੀ। ਪਰ ਜਦੋਂ ਉਸ ਪੁਸਤਕ ਦੀਆਂ ਦੋ ਕਵਿਤਾਵਾਂ ਸ੍ਰ. ਮਹਿੰਦਰ ਸਿੰਘ ਬੱਤਰਾ ਤੋਂ ਅਨੁਵਾਦ ਕਰਵਾ ਕੇ ਅੰਮ੍ਰਿਤਾ ਪ੍ਰੀਤਮ ਨੇ ਅੰਗਰੇਜ਼ੀ ਵਿਚ ਭਾਰਤ ਦੀਆਂ 144 ਭਾਸ਼ਾਵਾਂ ਦੇ ਕਵੀਆਂ ਦੀ ਛਪ ਰਹੀ ਪੁਸਤਕ Poetry Today ਵਿਚ ਛਾਪੀਆਂ ਤਾਂ ਮੈਨੂੰ ਆਪਣੇ ਸਮਕਾਲੀਆਂ ਦੇ ਮਨ ਛੋਟੇਪਨ ਦੀ ਗੱਲ ਸਮਝ ਆ ਗਈ। ਫੇਰ ਏਸੇ ਹੀ ਪੁਸਤਕ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਅੰਗਰੇਜ਼ੀ, ਉਰਦੂ, ਹਿੰਦੀ ਤੇ ਫ੍ਰਾਂਸੀਸੀ ਵਿਚ ਅਨੁਵਾਦ ਹੋ ਕੇ ਛਪੀਆਂ।

1957 ਤੋਂ 1967 ਤੱਕ ਮੈਂ ਕਚਹਿਰੀਆਂ ਵਿਚ ਆਪਣੇ ਮੁਕੱਮਿਆਂ ਦੀ ਪੈਰਵੀ ਕਰਦਾ ਕਰਦਾ ਤੰਗ ਆ ਗਿਆ ਸਾਂ। ਇਹਨਾਂ ਦਿਨਾਂ ਵਿਚ ਜਿਹਨੀ ਤੇ ਜਿਸਮਾਨੀ ਤੌਰ ਤੇ ਬਿਲਕੁਲ ਮੁਤੰਸਿਰ ਸਾਂ। ਇਸ ਤਰ੍ਹਾਂ ਦੇ ਨਾਜ਼ਕ ਮੌਕੇ ਸਾਧੂ ਸਿੰਘ ਹਮਦਰਦ (ਹੁਣ ਡਾਕਟਰ) ਨੇ ਮੇਰੀ ਬੇਹੱਦ ਸਹਾਇਤਾਂ ਕੀਤੀ। ਉਹਨਾਂ ਦਿਨਾਂ ਵਿਚ ਹੀ ਮੈਂ ਇਕ ਕਵਿਤਾ 'ਨਿਆਂ ਸਾਲਾ ਵਿਚ ਲਿਆਂਦਾ ਗਿਆ ਦੋਸ਼ੀ' ਲਿਖੀ ਸਭ ਤੋਂ ਪਹਿਲਾਂ ਮੈਂ ਉਹ ਕਵਿਤਾ ਪ੍ਰੀਤਮ ਸਿੰਘ ਪੀ ਸੀ ਐਸ. (ਆਈ. ਏ. ਐੱਸ.) ਤੇ ਜਗਦੀਸ਼ ਵੈਦਿਯਾ ਨੂੰ Bliss Hotel ਵਿਚ ਸੁਣਾਈ। ਉਹਨਾਂ ਇਸ ਕਵਿਤਾ ਦੀ ਏਨੀ ਤਾਰੀਫ਼ ਕੀਤੀ ਹੈ ਕਿ ਯਕੀਨ ਨਹੀਂ ਸੀ ਆ ਰਿਹਾ। ਪਰ ਜਦੋਂ ਮੈਂ ਉਹ ਕਵਿਤਾ 1968 ਵਿਚ ਆਕਾਸ਼-ਬਾਣੀ ਤੋਂ ਖੁੱਲੇ ਕਵੀ ਦਰਬਾਰ ਵਿਚ ਪੜ੍ਹਨੀ ਚਾਹੀ ਤਾਂ ਸ. ਸ. ਮੀਸ਼ਾ ਨੇ ਆਗਿਆ ਨਾ ਦਿੱਤੀ, ਗੱਲ ਕੁਝ ਵਧੇਰੇ ਹੀ ਵਧ ਗਈ ਜੋ ਹੱਥੋਪਾਈ ਤੱਕ ਪਹੁੰਚ ਗਈ। ਮੀਸ਼ਾ ਨੇ ਮੈਨੂੰ ਰੇਡਿਓ ਤੇ ਬੈਨ ਕਰਵਾ ਦਿੱਤਾ ਤੇ ਮੈਂ 8 ਸਾਲ ਬੈਨ ਰਿਹਾ। ਇਹ ਕਵਿਤਾ ਅਮਰਜੀਤ ਚੰਦਨ ਨੇ ਸੁਣੀ ਤਾਂ ਮੇਰੇ ਕੋਲੋਂ ਇਹ ਕਹਿ ਕੇ ਲੈ ਲਈ ਕਿ ਮੈਂ ਇਕ ਪਰਚਾ ਕੱਢ ਰਿਹਾਂ ਹਾਂ 'ਦਸਤਾਵੇਜ਼' ਉਸ ਵਿਚ ਸ਼ਾਇਆ ਕਰਾਂਗਾ। ਕਵਿਤਾ ਛਪ ਗਈ ਪਰ ਜਦੋਂ ਤੀਸਰਾ ਪਰਚਾ ਆਇਆ ਤਾਂ ਅਮਰਜੀਤ ਚੰਦਨ ਨਕਸਲਵਾੜੀ ਲਹਿਰ ਨਾਲ ਰੱਲ ਚੁੱਕਾ ਸੀ। ਕੇਵਲ ਕੌਰ (ਮਰਹੂਮਾਂ) ਚੱਢਾ ਤੇ ਜਸਬੀਰ ਜੌਹਲ ਨਾਲ ਵੀ ਮੇਰੀ ਬੜੀ ਦੋਸਤੀ ਸੀ। ਮੈਨੂੰ ਪਤਾ ਨਹੀਂ ਸੀ ਕਿ ਇਹ ਸਭ ਨਕਸਲਵਾੜੀ ਗਰੁੱਪ ਨਾਲ ਸਬੰਧ ਰੱਖਦੇ ਹਨ। 'ਦਸਤਾਵੇਜ਼' ਵਿਚ ਮੇਰੀਆਂ ਕਵਿਤਾਵਾਂ ਛੱਪਣ ਕਾਰਣ ਪੁਲੀਸ ਮੇਰੇ ਪਿਛੇ ਪੈ ਗਈ ਅਤੇ ਨਕਸਲਬਾੜੀਆਂ ਨਾਲ ਸਬੰਧ ਰੱਖਣ ਕਾਰਣ ਮੇਰੀ ਬਦਲੀ ਕੁਲਾਰ ਵਿਖੇ ਕਰ ਦਿੱਤੀ ਗਈ। ਉਸ ਸਮੇਂ ਕੁਲਾਰ ਕਾਲੇ ਪਾਣੀ ਪ੍ਰਤੀਤ ਹੁੰਦਾ ਸੀ। ਕਰਨੈਲ ਸਿੰਘ ਨਿੱਝਰ ਵੀ ਉਥੇ ਪੜਾਉਂਦਾ ਸੀ। ਸੋ ਉਹਨਾਂ ਦਿਨਾਂ ਵਿਚ ਤਾਸ਼ ਖੇਡਣ, ਕਾਵਿ-ਰਚਨਾ ਕਰਨ ਰਾਤ ਦਾਰੂ ਪੀ ਕੇ ਦੋਸਤਾਂ ਦੇ ਰੁਮਾਂਸ ਸੁਨਣ ਤੋਂ ਸਿਵਾ ਕੋਈ ਕੰਮ ਨਹੀਂ ਸੀ। ਮੈਂ ਪੰਜਾਬੀ ਦੀ ਐਮ. ਏ. ਦਾ ਭਾਗ ਪਹਿਲਾ ਪਾਸ ਕਰ ਲਿਆ ਸੀ। ਡਾ. ਵਿਸ਼ਵਾਨਾਥ ਤਿਵਾੜੀ ਨਾਲ ਗੱਲ ਕੀਤੀ ਤਾਂ ਉਸਨੇ ਚੰਡੀਗੜ੍ਹ ਵਿਖੇ ਦਾਖਲਾ ਲੈ ਲੈਣ ਦੀ ਸਲਾਹ ਦਿੱਤੀ।

ਸੋ ਮੈਂ 1971 ਵਿਚ ਚੰਡੀਗੜ੍ਹ ਵਿਖੇ ਦਾਖਲਾ ਲੈ ਲਿਆ। ਉਹਨਾਂ ਦਿਨਾਂ ਵਿਚ ਹੀ ਬਰਜਿੰਦਰ ਹਮਦਰਦ (ਸੰਪਾਦਕ ਪੰਜਾਬੀ ਟ੍ਰਿਬਿਊਨ) ਨੇ ਅਜੀਤ ਭਵਨ ਤੋਂ 'ਦ੍ਰਿਸ਼ਟੀ' ਮਾਸਿਕ ਕੱਢਿਆ ਸੀ। ਮੇਰੀ ਪੁਸਤਕ 'ਲਹੂ ਦੇ ਨਕਸ਼' ਕੋਈ ਵੀ ਡਰਦਾ ਛਾਪਣ ਲਈ ਤਿਆਰ ਨਹੀਂ ਸੀ। ਕਈ ਥਾਈਂ ਖਰੜਾ ਜਾ ਕੇ ਵਾਪਸ ਆ ਗਿਆ। ਅੰਤ ਸੰਤੋਖ ਸਿੰਘ ਨੇ ਸਾਰਾ ਖਰਚਾ ਕਰਕੇ ਪੁਸਤਕ ਛਾਪ ਦਿੱਤੀ ਪਰ ਉਹ ਯੂ. ਕੇ. ਵਿਚ ਰਹੀ। ਸੋ ਭਾਰਤ ਵਿਚ ਕਿਸਦਾ ਪਤਾ ਛਾਪਿਆ ਜਾਵੇ? ਇਹ ਗੁੰਝਲ ਬਰਜਿੰਦਰ ਹਮਦਰਦ ਨੇ ਹੱਲ ਕਰ ਦਿੱਤੀ ਅਤੇ 'ਦ੍ਰਿਸ਼ਟੀ' ਪ੍ਰਕਾਸ਼ਨ ਜਲੰਧਰ ਦਾ ਨਾਂ ਛਾਪ ਦਿੱਤਾ। ਇਸ ਪੁਸਤਕ ਦੀਆਂ ਲਗਭਗ ਸਾਰੀਆਂ ਕਵਿਤਾਵਾਂ ਭਾਰਤੀ ਭਾਸ਼ਾਵਾਂ ਵਿਚ ਵੀ ਅਨੁਵਾਦ ਹੋ ਕੇ ਛਪੀਆਂ। ਡਾ. ਰਮੇਸ਼ ਕੁੰਤਲ ਮੇਘ, ਨਾਗ ਅਰਜਨ ਤੇ ਫੂਲ ਚੰਦ ਮਾਨਵ ਨੇ ਹਿੰਦੀ ਵਿਚ, ਨਖਲੇਸ਼ਵਰ ਨੇ ਤੇਲਗੂ ਵਿਚ, ਪ੍ਰੋ ਰਾਜ਼ਦਾ, ਪ੍ਰੀਤਮ ਸਿੰਘ ਪੀ. ਸੀ. ਐੱਸ. (ਆਈ. ਏ. ਐੱਸ.) ਵਿਪਨ ਲਾਬਰੂ ਤੇ ਬੰਧੋਪਾਧਿਏ ਨੇ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਛਪਵਾਈਆਂ। ਸੁਰਜੀਤ ਕਲਸੀ ਨੇ ਕੈਨੇਡਾ ਤੋਂ ਨਿਕਲਣ ਵਾਲੇ ਇਕ ਅੰਕ ਵਿਚ ਕੁਝ ਕਵਿਤਾਵਾਂ ਦਾ ਅਨੁਵਾਦ ਛਾਪਿਆ। ਪਾਕਿਸਤਾਨ ਵਿਚ ਕੁਝ ਦੋਸਤਾਂ ਨੇ ਇਸਦੇ ਉਰਦੂ ਵਿਚ ਤਰਜ਼ਮੇਂ ਕੀਤੇ।

ਐਮ. ਏ. ਪ੍ਰੀਖਿਆ ਮੈਂ ਯੂਨੀਵਰਸਿਟੀ ਵਿਚੋਂ ਪ੍ਰਥਮ ਰਹਿ ਕੇ ਪਾਸ ਕੀਤੀ ਪਰ ਪੀ-ਐੱਚ. ਡੀ. ਕਰਨ ਲਈ ( Scholarship) ਨਾ ਮਿਲਣ ਕਾਰਣ ਮੈਂ ਪ੍ਰੇਸ਼ਾਨ ਤੇ ਉਦਾਸ ਹੋ ਕੇ ਫੇਰ 'ਕੁਲਾਰ' ਪਰਤ ਆਇਆ। ਘੋਰ ਉਦਾਸੀ ਵਿਚ ਭੱਜੀ ਟੁੱਟੀ ਤੇ ਪੱਤਣ ਮੇਲੇ ਵਾਲੀ ਗੱਲ ਅਨੁਸਾਰ ਹਮਦਰਦ ਸਾਹਿਬ



ਕੋਲ ਆ ਗਿਆ। ਉਹਨਾਂ ਉਸ ਵੇਲੇ ਡੀ. ਈ. ਓ. ਜਲੰਧਰ ਨੂੰ ਕਹਿ ਕੇ ਮੇਰਾ ਤਬਾਦਲਾ ਫ਼ਰਾਲੇ ਕਰਵਾ ਦਿੱਤਾ। ਦੋ ਮਹੀਨੇ ਪਿਛੋਂ ਡਾ. ਤਿਵਾੜੀ ਨੂੰ ਭਾਈ ਵੀਰ ਸਿੰਘ ਵਿਭਾਗ, ਚੰਡੀਗੜ੍ਹ ਵਿਖੇ (Senior Research Fellow) ਦੀ ਪੋਸਟ ਤੇ ਬੁਲਾ ਲਿਆ। ਪਰ ਉਸ ਸ਼ਹਿਰ ਦੀ ਉਦਾਸੀ, ਲੋਕਾਂ ਦਾ ਰੁੱਖਾ ਵਤੀਰਾ Indifferent (Attitude) ਤੇ ਅਣਜਾਣੇ ਮਾਹੌਲ ਨੇ ਮੇਰੇ ਅੰਦਰ ਆਪਣੇ ਘਰ ਦਾ ਅਹਿਸਾਸ ਪੈਦਾ ਕੀਤਾ, ਘਰ ਬਾਰੇ ਮੈਂ ਬੜੀ ਸ਼ਿੱਦਤ ਨਾਲ ਸੋਚਣ ਲੱਗ ਪਿਆ। ਇਸ ਸੋਚ ਨੇ ਮੇਰੀ ਕਵਿਤਾ ਵਿਚ ਇਕ ਨਵਾਂ ਰੰਗ ਲੈ ਆਂਦਾ। ਮੈਂ ਆਪਣੇ ਬੱਚਿਆਂ, ਆਪਣੀ ਬੀਵੀ, ਆਪਣੇ ਘਰ ਤੇ ਆਪਣੇ ਲੋਕਾਂ ਬਾਰੇ ਕਵਿਤਾਵਾਂ ਲਿਖੀਆਂ।

ਘਰ ਦੇ ਡੂੰਘੇ ਮੋਹ ਨੇ ਮੈਨੂੰ ਮੁੜ ਕੇ ਗ਼ਜ਼ਲ ਰਚਨਾ ਵੱਲ ਪ੍ਰੇਰ ਲਿਆ। ਇਸ ਤਰ੍ਹਾਂ ਦੇ ਸ਼ੇਅਰ-

ਉਹ ਚੰਡੀਗੜ੍ਹ 'ਚ ਪੱਥਰ ਹੋ ਗਿਆ ਹੈ
ਜੋ ਰਾਜਗੁਮਾਲ ਵਿਚ ਪਾਰੇ ਜਿਹਾ ਸੀ।
ਜਾਂ
ਘਰ ਦੀ ਮੌਲਸਰੀ ਵਿਹੜੇ ਵਿਚ ਤਰਹਾਈ ਤੇ ਮੁਰਝਾਈ
ਸੜਕ ਕਿਨਾਰੇ ਕਿੱਕਰਾਂ ਨੂੰ ਪਾਣੀ ਦੇਵੇ ਮਨ ਹਰਜਾਈ
ਜਾਂ
ਰਾਜਗੁਮਾਲੋਂ ਆ ਗਿਆ ਮੈਲਾ ਖ਼ਤ ਬੇਰੰਗ
ਲਿਖਿਆ ਕਦ ਜਗਤਾਰ ਜੀ ਮੁਕਣਾ ਕਦ ਬਨਵਾਸ।

ਗ਼ਜ਼ਲ ਵਿਚ ਕਹੇ ਜਾ ਸਕਦੇ ਹਨ।

ਮੈਂ ਸਮਝਦਾ ਹਾਂ ਕਿ ਇਹ ਛੋਟੇ ਖ਼ਿਆਲ ਗ਼ਜ਼ਲ ਰਾਹੀਂ ਹੀ ਪ੍ਰਗਟ ਹੋ ਸਕਦੇ ਹਨ। ਉਂਝ ਵੀ ਗ਼ਜ਼ਲ ਉਡਦੇ ਹੋਏ ਜੁਗਨੂੰ ਵਾਂਗ ਹੁੰਦੀ ਹੈ। ਉਸ ਦੇ ਟਿਮਟਮਾ ਦੇ ਬੁਝਣ ਤੇ ਫੇਰ ਜਗਣ ਦਾ ਕਰਮ ਗ਼ਜ਼ਲ ਦੇ ਇਕ ਸ਼ੇਅਰ ਤੋਂ ਦੂਸਰੇ ਦੇ ਗੈਪ ਵਰਗਾ ਹੁੰਦਾ ਹੈ।

1975 ਵਿਚ ਮੇਰੇ ਨਿੱਕੇ ਭਰਾ ਦਾ ਕਤਲ ਹੋਣ ਕਾਰਨ ਜ਼ਿੰਦਗੀ ਤੇ ਸਭ ਕੰਮ ਧਰੇ ਧਰਾਏ ਰਹਿ ਗਏ। ਮੈਂ ਉਹਨਾਂ ਦਿਨਾਂ ਵਿਚ ਚੰਡੀਗੜ੍ਹ ਸਾਂ, ਉਸ ਬੇਹਿਸ ਸ਼ਹਿਰ ਵਿਚ ਮੈਨੂੰ ਪ੍ਰੋ. ਰਾਜਦਾਂ, ਪ੍ਰੋ. ਸਰੂਪ ਸਿੰਘ, ਪ੍ਰੋ. ਗੁਰਬਖ਼ਸ ਸੋਚ, ਕੁਮਾਰ ਵਿਕੱਲ, ਹਰਿੰਦਰ ਗਿੱਲ, ਅਮਰੀਕ ਗਿੱਲ ਨੇ ਏਨਾ ਸਹਾਰਾ ਦਿੱਤਾ ਕਿ ਮੈਂ ਜ਼ਿੰਦਗੀ ਤੋਂ ਟੁੱਟਦਾ ਟੁੱਟਦਾ ਬਚ ਗਿਆ। ਜਸਵੰਤ ਖੁਮਾਰ ਵੀ ਉਹਨਾਂ ਦਿਨਾਂ ਵਿਚ ਮੇਰੇ ਅੰਗ ਸੰਗ ਰਿਹਾ। ਗੀਤ ਰਚਨਾ ਤੋਂ ਮੈਂ 1960 ਵਿਚ ਹੀ ਗੁਰੇਜ਼ ਕਰ ਲਿਆ ਸੀ। ਰਹਿੰਦੀ ਕਸਰ ਉਦੋਂ ਪੂਰੀ ਹੋ ਗਈ ਜਦੋਂ ਮੇਰੇ ਮਿੱਤਰ ਡਾ. ਗੋਇਲ ਨੇ 'ਕਣਕਾਂ ਦੇ ਉਹਲੇ' ਲਈ ਮੇਰੇ ਤੋਂ ਗੀਤ ਲਿਖਵਾਏ। ਮੇਰੇ ਗੀਤਾਂ ਤੋਂ ਕੁਝ ਫ਼ਿਲਮੀ ਹਸਤੀਆਂ ਬੜੀਆਂ ਪ੍ਰਭਾਵਤ ਸਨ ਪਰ ਨਕਸ਼ ਲਾਇਲਪੁਰੀ ਤੇ ਸਪਨ ਜਗਮੋਹਣ ਨੇ ਮੇਰੇ ਪੈਰ ਨਾ ਲੱਗਣ ਦਿੱਤੇ। ਮੈਂ ਗੀਤ ਨਾ ਲਿਖਣ ਦੀ ਕਸਮ ਖਾ ਲਈ ਪਰ ਆਪਣੇ ਭਰਾ ਦੇ ਕਤਲ ਪਿੱਛੋਂ ਉਦਾਸ ਗੀਤਾਂ ਦੇ ਮਰਸੀਆਂ ਦੀ ਪੂਰੀ ਪੁਸਤਕ ਲਿਖ ਮਾਰੀ। ਇਕ ਵਾਰੀ ਇਕ ਮਰਸੀਆ ਰੇਡੀਓ ਤੋਂ ਸੁਣ ਰਿਹਾ ਸਾਂ ਸੁਣ ਕੇ ਘਰਦਿਆਂ ਤਾਂ ਰੋਣਾਂ ਹੀ ਸੀ ਪਿੰਡ ਦੇ ਲੋਕ ਵੀ ਰੋ ਪਏ।

ਮੇਰਾ ਸੂਰਜ ਮੋਇਆ
ਕਿਹੜਾ ਸੂਰਜ ਆ ਕੇ ਹੂੰਝੇ
ਨਿੱਕੀਆਂ ਨਿੱਕੀਆਂ ਫ਼ਸਲਾਂ ਉਪਰੋਂ
ਕੋਹਰਾ ਜੰਮਿਆ ਹੋਇਆ।

ਏਹੀ ਮਰਸੀਆ ਮਾਸਿਕ ਪੱਤਰ 'ਸੇਧ' ਦੇ ਸੰਪਾਦਕ ਤੇ ਮੇਰੇ ਮਿਹਰਬਾਨ ਦੋਸਤ ਗੁਰਵੇਲ ਪਨੂੰ ਨੇ ਇਹ ਨੋਟ ਦੇ ਕੇ ਸੇਧ ਵਰਗੇ ਪਰਚੇ ਵਿਚ ਛਾਪਿਆ 'ਇਹ ਗੀਤ ਉਂਜ ਤਾਂ ਆਪਣੇ ਘਰ ਏ, ਪਰ ਇਹ ਘਰ, ਵਿਹੜਾ, ਚਿੜੀਆਂ, ਮਹਿੰਦੀ ਆਦਿ ਗੌਹ ਨਾਲ ਵੇਖੀਏ ਤਾਂ ਪੂਰੇ ਦੇਸ਼ ਦੀ ਗੱਲ ਜਾਪਦੀ ਹੈ।

ਮੇਰੇ ਇਹਨਾਂ ਉਦਾਸ ਦਿਨਾਂ ਵਿਚ ਹੀ ਦਿੱਲੀ ਤੋਂ ਇਕ ਕੁੜੀ ਇਕ ਦਿਨ ਮਿਲਣ ਆ ਗਈ। ਉਸ ਨੂੰ ਡਾਕਟਰ ਨੇਕੀ ਨੇ ਭੇਜਿਆ ਸੀ। ਉਹ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਦੇ ਲਗਭਗ ਚਾਰ ਦਰਜਨ ਕਵੀਆਂ ਦੀਆਂ ਕਵਿਤਾਵਾਂ ਦਾ ( Psycho-Analysis) ਕਰ ਰਹੀ ਸੀ। ਜਦੋਂ ਮੈਂ ਉਸ ਨੂੰ ਦੱਸਿਆ ਕਿ ਮੇਰੀ ਮਾਂ 3 ਅਗਸਤ ਨੂੰ ਤਿੰਨ ਵਜੇ ਸਵੇਰੇ, ਦੂਸਰੀ ਮਾਂ 23 ਮਾਰਚ ਨੂੰ ਤਿੰਨ ਵਜੇ ਸਵੇਰੇ, ਪਿਤਾ ਜੀ ਤਿੰਨ ਮਾਰਚ ਦੁਪਹਿਰ ਤਿੰਨ ਵਜੇ, (ਜਿਨ੍ਹਾਂ ਦਾ ਮੈਂ ਮਤਬੰਨਾ ਪੁੱਤਰ ਹਾਂ) ਉਹ ਪਿਤਾ ਜੀ 23 ਤਾਰੀਖ ਤਿੰਨ ਵਜੇ, ਭੈਣ 13 ਮਈ ਨੂੰ ਸਵੇਰੇ ਤਿੰਨ ਵਜੇ, ਛੋਟਾ ਭਰਾ ਤਿੰਨ ਅਪ੍ਰੈਲ ਨੂੰ ਤਿੰਨ ਵਜੇ ਸਵੇਰੇ ਮੋਏ ਹਨ ਤਾਂ ਉਹ ਬੜੀ ਹੈਰਾਨ ਹੋਈ। ਦੂਸਰਾ ਮੈਂ ਉਸਨੂੰ ਦੱਸਿਆ ਕਿ ਇਕ ਖ਼ਾਬ ਮੈਨੂੰ ਸੈਂਕੜੇ ਵਾਰੀ ਆਇਆ ਹੈ ਜਿਸ ਵਿਚ ਮੈਂ ਇਕ ਫ਼ੌਜ ਦਾ ਸਿਪਾਹ ਸਲਾਰ ਹਾਂ ਪਰ ਕਿਲ੍ਹੇ ਤੋਂ ਨਿਕਲਦਾ ਹੀ ਮਾਰਿਆ ਜਾਂਦਾ ਹਾਂ। ਉਹੀ ਕਿਲ੍ਹਾ ਉਹੀ ਕੱਪੜੇ, ਉਹੀ ਮਾਰਨ ਵਾਲਾ, ਉਹੀ ਘੋੜਾ, ਉਹੀ ਫ਼ੌਜ, ਹਰ ਵਾਰੀ ਸੁਪਨੇ ਵਿਚ ਆਉਂਦੇ ਹਨ। ਜਦੋਂ ਮੈਂ ਉਸ ਨੂੰ ਤੀਜੀ ਗੱਲ ਦੱਸੀ ਕਿ ਕਈ ਵਾਰੀ ਮੇਰੇ ਜਾਗਦੇ ਦੇ ਕੰਨਾਂ ਵਿਚ ਇਸ ਤਰ੍ਹਾਂ ਦੀ ਘੰਟੀ ਦੀ ਆਵਾਜ਼ ਹੁੰਦੀ ਹੈ ਜਿਵੇਂ ਚਰਚ ਦੀ Death Knell ਦੀ ਆਵਾਜ਼ ਹੁੰਦੀ ਹੈ। ਪਹਿਲਾਂ ਪਹਿਲਾਂ ਮੈਂ ਸਮਝਦਾ ਸਾਂ ਮੇਰਾ ਭਰਮ ਹੈ ਪਰ ਹੁਣ ਮੈਂ ਸਰਹੀਅਨ ਇਹ ਆਵਾਜ਼ ਸੁਣਦਾ ਹਾਂ। ਇਹਨਾਂ ਕਾਰਨਾਂ ਕਰਕੇ ਉਹ ਮੇਰੇ ਜੀਵਨ ਨੂੰ ਬਾਰ ਬਾਰ ਫ਼ਰੋਲਦੀ ਸੀ। ਅਸੀਂ ਯੂਨੀਵਰਸਿਟੀ ਦੇ Student Centre ਵਿਚ ਕਿਸੇ ਲਾਅਨ ਦੇ ਘਾਹ ਉੱਤੇ ਜਾਂ ਭਾਈ ਵੀਰ ਸਿੰਘ ਵਿਭਾਗ ਵਿਚ ਬੈਠੇ ਰਹਿੰਦੇ। ਕੁਝ ਦਿਨਾਂ ਪਿਛੋਂ ਹੀ ਮੇਰੇ ਮਿਹਰਬਾਨਾਂ ਨੇ ਉਸ ਸ਼ਰੀਫ਼ ਤੇ ਬੜੀ ਸਾਊ ਕੁੜੀ ਤੇ ਮੇਰੀ ਮੁਹੱਬਤ ਦੇ ਚਰਚੇ ਆਰੰਭ ਕਰ ਦਿੱਤੇ। ਉਹ ਬਹੁਤ ਹੀ ਖ਼ੂਬਸੂਰਤ ਕੁੜੀ ਸੀ। ਮਿਹਰਬਾਨਾਂ ਉਸ ਦਾ ਨਾਂ Brown Cat ਪਾ ਦਿੱਤਾ। ਪਰ ਮੈਂ ਇਹਨਾਂ ਤੋਹਮਤਾਂ ਦਾ ਆਦੀ ਹੋ ਚੁੱਕਾ ਸਾਂ। ਇਹ ਤੋਹਮਤਾਂ ਮੇਰੇ ਉੱਤੇ ਪਹਿਲਾਂ ਵੀ ਕਈ ਵਾਰੀ ਮੇਰੇ ਮਿਹਰਬਾਨ ਲਾ ਚੁੱਕੇ ਸਨ। ਉਸ ਜ਼ਮਾਨੇ ਵਿਚ ਮੈਂ ਇਹ ਸ਼ਿਅਰ ਕਹੇ-

ਮਿਰੀ ਨਗਰੀ ਹੈ ਜ਼ਹਿਰੀਲੀ ਤੇ ਘਰ ਦੀ ਧਰਤ ਪਥਰੀਲੀ
ਲਿਜਾ ਕੇ ਰਾਤ ਦੀ ਰਾਣੀ ਮੈਂ ਕਿਸ ਵਿਹੜੇ 'ਚ ਲਾਵਾਂਗਾ
ਜਾਂ ਤੰਦ ਸਨ ਇਹਸਾਸ ਦੇ ਜਿਸ ਨਾਲ ਸਾਂ ਦੋਵੇਂ ਜੁੜੇ
ਤੂੰ ਜੋ ਦਿਲ ਵਿਚ ਮਿਥ ਲਿਆ ਸਾਡਾ ਕਦੇ ਰਿਸ਼ਤਾ ਨਾ ਸੀ।

1976 ਵਿਚ ਮੈਂ ਚੰਡੀਗੜ੍ਹ ਸਦਾ ਲਈ ਛੱਡ ਕੇ ਹੁਸ਼ਿਆਰਪੁਰ ਆ ਗਿਆ। ਹੁਸ਼ਿਆਰਪੁਰ ਆਉਣ ਤੋਂ ਪਹਿਲੀ ਰਾਤ ਇਕ ਮਿੱਤਰ ਇਕ ਨਿਗੁਣੀ ਜਿਹੀ ਗੱਲ ਤੋਂ ਝਗੜ ਪਿਆ ਵਧੀਕੀ ਉਸਦੀ ਸੀ। ਤੁਰਦੇ ਸਮੇਂ ਤਿਵਾੜੀ ਸਾਹਿਬ ਤੇਰੀ, ਮੇਰੀ ਕੁਲੀਗ ਮਿਸਿਜ਼ ਪਨੂੰ ਨੇ ਇਕ ਨਸੀਹਤ ਕੀਤੀ ਕਿ ਹੁਣ ਹੁਸ਼ਿਆਰਪੁਰ ਜਾ ਕੇ ਸੋਚ ਸਮਝ ਕੇ ਦੋਸਤ ਬਣਾਈਂ। ਸੋ ਏਥੇ ਆ ਕੇ ਮੈਂ ਆਪਣੇ ਆਪ ਨੂੰ ਬਿਲਕੁਲ ਸੀਮਤ ਕਰ ਲਿਆ। ਆਪਣੇ ਆਪ ਨੂੰ ਸੀਮਤ ਕਰਨ ਦਾ ਫ਼ਾਇਦਾ ਇਹ ਹੋਇਆ ਕਿ ਮੈਂ ਲਿਖਣ ਪੜ੍ਹਨ ਵੱਲ ਵਧੇਰੇ ਧਿਆਨ ਦੇਣ ਲੱਗ ਪਿਆ। 1976 ਵਿਚ ਮੇਰੀ ਪੁਸਤਕ 'ਛਾਂਗਿਆ ਰੁੱਖ' (ਜੋ ਪਹਿਲਾਂ ਅੱਠਵਾਂ ਰੰਗ ਦੇ ਨਾਂ ਨਾਲ ਛਪ ਰਹੀ ਸੀ) ਜਦੋਂ ਪ੍ਰੈਸ ਵਿਚ ਜਾਣ ਲੱਗੀ ਤਾਂ Emergency ਕਾਰਨ ਬਹੁਤ



ਸਾਰੀਆਂ ਕਵਿਤਾਵਾਂ ਸੈਂਸਰ ਦੀ ਭੇਟ ਹੋ ਗਈਆਂ। ਸੋ ਮੈਂ ਉਸਦਾ ਨਾਂ 'ਛਾਂਗਿਆ ਰੁੱਖ' ਰੱਖ ਦਿੱਤਾ। ਮੈਂ ਸਾਰੀਆਂ ਕਵਿਤਾਵਾਂ ਸਮੇਤ ਪੁਸਤਕ ਛਾਪਣਾ ਚਾਹੁੰਦਾ ਸੀ। ਪਰ ਮੇਰਾ Publisher (ਜੋ ਮੇਰਾ ਗਹਿਰਾ ਦੋਸਤ ਵੀ ਹੈ) ਤੇ ਮੇਰਾ ਦੋਸਤ ਤਰਸੇਮ ਨੀਲਗਿਰੀ ਡਰ ਰਹੇ ਸਨ (ਕਿਉਂਕਿ ਪੁਸਤਕ ਤਰਸੇਮ ਦੀ ਪ੍ਰੈਸ ਤੋਂ ਛਪ ਰਹੀ ਸੀ)

1976-80 ਤੱਕ ਮੈਂ ਰਚਨਾਤਮਕ ਕੰਮ ਛੱਡ ਕੇ ਆਪਣੇ Thesis ਦੇ ਕੰਮ ਵਿਚ ਰੁੱਝਿਆ ਰਿਹਾ। ਇਹਨਾਂ ਚਾਰ ਵਰ੍ਹਿਆਂ ਵਿਚ ਖੋਜ ਕਰਨੀ-ਸ਼ਿਕਾਰ ਖੇਡਣਾ ਤੇ ਕਦੇ ਕਦੇ ਗ਼ਜ਼ਲਾਂ ਕਹਿਣ ਤੱਕ ਮੈਂ ਰਿਹਾ। ਮੇਰੇ ਇਕ ਵਿਦਿਆਰਥੀਆਂ ਨੇ ਮੇਰੇ ਸ਼ਿਕਾਰ ਬਾਰੇ ਵਿਅੰਗ ਕਸੇ-

ਪੈਲੀ ਪੈਲੀ ਤਿੱਤਰ ਲੱਭਦੇ ਫਿਰਦੇ ਹਾਂ
ਇਹ ਕੈਸੀ ਜਗਤਾਰ ਨੇ ਆਦਤ ਪਾਈ ਹੈ।

ਪਰ ਮੈਂ ਮਸਤ ਰਿਹਾ। 1981 ਵਿਚ ਮੈਂ ਸੱਤ-ਅੱਠ ਹਫ਼ਤਿਆਂ ਲਈ ਪਾਕਿਸਤਾਨ ਚਲਾ ਗਿਆ। ਉਥੋਂ ਦੀਆਂ ਸਥਿਤੀਆਂ ਵੇਖਕੇ ਮੈਂ 10-12 ਕਵਿਤਾਵਾਂ (ਉਪਰੇ ਸ਼ਹਿਰ ਦੀ ਗੱਲ, ਇਕ ਦੂਸਰੇ ਲਈ ਦੁਆ, ਤੀਸਰੀ ਵਾਰ ਮਿਲਨ ਪਿਛੋਂ ਨਵੀਂ ਬਾਤ, ਅਨੋਖੇ ਰੁੱਖ ਦੀ ਦਾਸਤਾ, ਅਨਾਰਕਲੀ ਦਾ ਹਸ਼ਰ, ਸਿਰਕਪ ਨਾਲ ਵਾਰਤਾਲਾਪ ਆਦਿ) ਲਿਖੀਆਂ। ਇਸ ਤਰ੍ਹਾਂ ਮੇਰੀਆਂ ਕਾਵਿ ਰਚਨਾਵਾਂ ਵਿਚ ਇਕ ਨਵਾਂ ਰੰਗ ਤੇ ਮੋੜ ਆ ਗਿਆ। 1981 ਵਿਚ ਹੀ ਮੇਰਾ ਦੋਸਤ ਜਗਜੀਤ ਬਰਾੜ ਅਮਰੀਕਾ ਤੋਂ ਕੁਝ ਦਿਨਾਂ ਲਈ ਪਰਤਿਆ ਤਾਂ ਜੀਵਨ ਵਿਚ ਨਵਾਂ ਖੇੜਾ ਆ ਗਿਆ। ਉਸ ਨੇ ਅਮਰੀਕਾ ਆਉਣ ਲਈ ਉਕਸਾਇਆ।

1980 ਵਿਚ ਪਹਿਲੀ ਵਾਰੀ ਮੇਰੀਆਂ ਗ਼ਜ਼ਲਾਂ ਦਾ ਸੰਗ੍ਰਹਿ ਛਪਿਆ। ਮੈਂ 1960 ਤੋਂ 1980 ਤੱਕ ਲਿਖੀਆਂ ਦੋ ਢਾਈ ਸੌ ਗ਼ਜ਼ਲਾਂ ਵਿਚੋਂ ਕੇਵਲ ਸੱਠ ਸੱਤਰ ਗ਼ਜ਼ਲਾਂ ਦੀ ਚੋਣ ਕੀਤੀ ਤੇ ਬਾਕੀ ਦੀਆਂ ਗ਼ਜ਼ਲਾਂ ਸਾੜ ਸੁੱਟੀਆਂ। ਪੁਸਤਕ ਛਪੀ ਤਾਂ ਕਾਫ਼ੀ ਦੇਰ ਇਸ ਬਾਰੇ ਵਾਦ ਵਿਵਾਦ ਛਿੜਿਆ ਰਿਹਾ।

'ਸ਼ੀਸ਼ੇ ਦਾ ਜੰਗਲ' ਛਪਣ ਉਪਰੰਤ ਲੋਕ ਮੈਨੂੰ ਗ਼ਜ਼ਲਗੋ ਜਗਤਾਰ ਕਹਿਣ ਲੱਗ ਪਏ। ਸੋ 1982 ਵਿਚ ਮੈਂ ਫ਼ੈਸਲਾ ਕਰ ਲਿਆ ਕਿ ਨਜ਼ਮਾਂ ਹੀ ਲਿਖਾਂਗਾ। 1982 ਵਿਚ ਹੀ ਮੈਨੂੰ ਅਮਰੀਕਾ, ਕੈਨੇਡਾ, ਯੂ. ਕੇ., ਫਰਾਂਸ, ਬੈਲਜੀਅਮ, ਹਾਲੈਂਡ, ਆਸਟ੍ਰੇਲੀਆ, ਵੇਖਣ ਦਾ ਮੌਕਾ ਮਿਲਿਆ ਤਾਂ ਮੇਰੀ ਸੋਚ ਵਿਚ ਫੇਰ ਪਲਟਾ ਆਇਆ। ਪ੍ਰੀਤਮ ਸਿੰਘ ਕੈਨੇਡਾ ਵਿਚ ਮੇਰੇ ਨਾਲ ਹੀ ਸੀ ਕਹਿਣ ਲੱਗਾ, ਛੰਦ ਬਧ ਤੇ ਅਜ਼ਾਦ ਕਵਿਤਾ ਨਾਲੋਂ Blank verse ਕਵਿਤਾ ਲਿਖਣੀ ਬਹੁਤ ਹੀ ਮੁਸ਼ਕਿਲ ਹੈ। ਮੈਂ ਬਲੈਂਕ ਵਰਸ ਦੇ ਹੱਕ ਵਿਚ ਨਹੀਂ ਪਰ ਪ੍ਰੀਤਮ ਸਿੰਘ ਹੋਰਾਂ ਨੂੰ ਨਵੇਂ ਅਨੁਭਵ ਦੀਆਂ Blank verse ਕਵਿਤਾਵਾਂ ਲਿਖ ਕੇ ਵਿਖਾ ਦਿੱਤੀਆਂ ਜੋ ਉਸਨੇ ਪਸੰਦ ਵੀ ਕੀਤੀਆਂ। ਇਹਨਾਂ ਕਵਿਤਾਵਾਂ ਵਿਚ ਮੇਰਾ ਬਦੇਸ਼ ਫੇਰੀ ਦਾ ਅਨੁਭਵ ਵੀ ਹੈ ਤੇ ਭਾਰਤ ਵਿਚ ਫੈਲ ਰਹੇ ਹਨੇਰੇ ਤੇ ਘੋਰ ਨਾ-ਇਨਸਾਫ਼ੀ ਦਾ ਵੀ ਪ੍ਰਗਟਾਂ ਹੈ।

ਕੈਨੇਡਾ ਵਿਖੇ Kingston ਵਿਚ Trasend Island ਤੋਂ ਇਕ 365 ਕਮਰਿਆਂ ਵਾਲਾ ਘਰ ਵੇਖਿਆ, ਜੋ ਇਕ ਅੰਗਰੇਜ਼ ਨੇ ਆਪਣੀ ਪਤਨੀ ਲਈ ਬਣਵਾਇਆ ਸੀ ਤਾਂ ਕਿ ਉਹ ਸਾਲ ਦਾ ਇਕ ਦਿਨ ਇਕ ਕਮਰੇ ਵਿਚ ਗੁਜ਼ਾਰ ਸਕੇ। ਪਰ ਉਸਦੀ ਬੀਵੀ ਮਕਾਨ ਪੂਰਾ ਹੋਣ ਤੋਂ ਪਹਿਲਾਂ ਹੀ ਮਰ ਗਈ। ਉਸ ਤੋਂ ਕੁਝ ਸਮੇਂ ਪਿਛੋਂ ਉਸਦਾ ਪਤੀ ਵੀ ਚਲ ਵਸਿਆ। ਮੈਨੂੰ ਇਸ ਘਰ ਦੇ ਕਰਤਾ ਵਿਚ ਤਾਜ ਮਹੱਲ ਦੇ ਕਰਤਾ ਤੋਂ ਕਿਤੇ ਵੱਧ ਵਫ਼ਾਦਾਰੀ ਨਜ਼ਰ ਆਈ ਤੇ ਨਾਲ ਹੀ ਆਪਣੇ ਪਿਉ ਦੀ ਬੇਵਫ਼ਾਈ ਖਟਕਣ ਲੱਗ ਪਈ। ਇਸ ਤਰ੍ਹਾਂ ਮੇਰੀ ਕਵਿਤਾ 'ਔਰਤ ਦੀ ਹੱਕ ਤਲਫ਼ੀ' ਵਜ਼ੂਦ ਵਿਚ ਆਈ।

ਔਰਤ ਨੂੰ ਫਰਾਂਸ ਤੇ ਹਾਲੈਂਡ ਵਿਚ ਗਲੀਆਂ ਵਿਚ ਸ਼ਰੇਆਮ ਵਿਕਦਿਆਂ ਵੇਖਿਆ ਤਾਂ ਸਿਰ ਸਰਮ ਨਾਲ ਝੁਕ ਗਿਆ। ਤੁਸੀਂ ਕਿਸੇ ਵੀ Duch ਜਾਂ ਫਰਾਂਸੀਸੀ ਜਿਸਮ ਵੇਚਣ ਵਾਲੀ ਨੂੰ ਰਾਹ ਵੀ ਪੁਛੋ ਤਾਂ ਉਹ ਅੰਗਰੇਜ਼ੀ ਨਾ ਜਾਨਣ ਕਾਰਨ 500 ਫ਼ਰਾਂਕ ਜਾਂ 400 ਫ਼ਰਾਂਕ ਜਾਂ ਕੁਝ ਗਿਲਡਰ ਆਪਣਾ ਭਾਅ ਦੱਸਦੀਆਂ ਹਨ। ਸੌਦਾ ਕਰਨ ਵਾਲੇ ਲਿਖਕੇ ਪਰਚੀ ਅੱਗੇ ਕਰ ਦਿੰਦੇ ਹਨ ਇਸ ਤਰ੍ਹਾਂ ਜ਼ੁਬਾਨਾਂ ਦੀ ਸਾਂਝ ਬਿਨ੍ਹਾਂ ਵੀ ਇਹ ਧੰਦਾ ਚਲਦਾ ਰਹਿੰਦਾ ਹੈ।

ਇਨ੍ਹਾਂ ਜਿਸਮ ਵੇਚਣ ਵਾਲੀਆਂ ਮਜ਼ਬੂਰ ਅਤੇ ਦੋਜ਼ਖ ਭੋਗ ਰਹੀਆਂ ਔਰਤਾਂ ਬਾਰੇ ਮੈਂ 'ਦੁੱਧ ਪੱਥਰੀ' ਵਿਚ ਵੀ ਕਵਿਤਾਵਾਂ ਲਿਖੀਆਂ ਸਨ ਪਰ ਯੂਰਪ ਦੇ ਬਾਜ਼ਾਰ ਵੇਖ ਉਹਨਾਂ ਲਾਚਾਰ ਇਸਤਰੀਆਂ ਦੀ ਯਾਦ ਆ ਗਈ। ਜਿਨ੍ਹਾਂ ਨੂੰ ਬਦੇਸ਼ੀ ਹਮਲਿਆਂ ਪਿਛੋਂ ਲਿਜਾ ਕੇ ਗਜ਼ਨੀ ਦੇ ਬਜ਼ਾਰਾਂ ਵਿਚ ਨੀਲਾਮ ਕੀਤਾ ਜਾਂਦਾ ਸੀ। ਫ਼ਰਕ ਕੇਵਲ ਏਨਾ ਸੀ ਕਿ ਉਥੇ ਧਾੜਵੀ ਉਹਨਾਂ ਦੀ ਬੋਲੀ ਦੇਂਦੇ ਸਨ ਏਥੇ ਇਸਤਰੀਆਂ ਆਪਣੀ ਬੋਲੀ ਆਪ ਦਿੰਦੀਆਂ ਸਨ। ਕਈ ਥਾਵਾਂ ਤੇ ਅਗਲਾਮ-ਬਾਜ਼ੀ ਵੀ ਯੂਰਪ ਵਿਚ ਵੇਖੀ। ਕਾਮਿਕ ਰਿਸ਼ਤਿਆਂ ਦੀਆਂ ਗੁੰਝਲਾਂ ਨੂੰ ਸਮਝਣ ਦਾ ਚੰਗੇਰਾ ਮੌਕਾ ਮਿਲਿਆ ਸੀ, ਸੋ ਮੇਰੀ ਰਚਨਾ ਵਿਚ ਵੀ ਇਹਨਾਂ ਪ੍ਰਤੀ ਰੋਹ ਜਾਗਿਆ। ਪਰ ਇਸ ਦੇ ਨਾਲ ਨਾਲ ਯੂਰਪ ਦੀ ਇਕ ਗਲ ਪਸੰਦ ਵੀ ਆਈ ਕਿ ਉਹ ਲੋਕ ਦੂਸਰੇ ਲੋਕਾਂ ਬਾਰੇ ਤਾਂਕ-ਝਾਂਕ ਨਹੀਂ ਕਰਦੇ ਰਹਿੰਦੇ। ਉਹਨਾਂ ਨੂੰ ਆਪਣਾ ਫ਼ਿਕਰ ਹੁੰਦਾ ਹੈ। ਪਰ ਭਾਰਤੀ ਲੋਕਾਂ ਨੂੰ ਆਪਣੇ ਨਾਲੋਂ ਲੋਕਾਂ ਦੇ ਕੁੜੀਆਂ ਮੁੰਡਿਆਂ ਦਾ ਵਧੇਰੇ ਖ਼ਿਆਲ ਰਹਿੰਦਾ ਹੈ। ਇਸ ਤਰ੍ਹਾਂ ਦੀ ਤੁਹਮਤ ਭਰੀ ਜ਼ਹਿਰੀਲੀ ਹਵਾ ਦਾ ਮੈਂ ਵੀ ਸ਼ਿਕਾਰ ਹੋਇਆ ਸਾਂ। ਪਰ ਮੇਰੀ ਕਾਵਿ ਰਚਨਾ ਨੇ ਸਦਾ ਮੈਨੂੰ ਪਾਗਲ ਹੋਣ ਤੋਂ ਬਚਾਈ ਰੱਖਿਆ ਹੈ। ਪਰ ਮੈਨੂੰ ਪਾਗਲ ਕਰਨ ਤੇ ਮੇਰੇ ਘਰ ਦੀ ਬਰਬਾਦੀ ਦੀ ਰਹਿੰਦੀ ਕਸਰ ਪੂਰੀ ਕਰਨ ਵਿਚ ਤੁਹਮਤਾਂ ਤੇ ਇਲਜ਼ਾਮ-ਤਰਾਸ਼ੀ ਕਰਨ ਵਿਚ ਮੇਰੇ ਦੁਸ਼ਮਣਾਂ ਦਾ ਨਹੀਂ ਮੇਰੇ ਬਹੁਤ ਪਿਆਰੇ ਦੋਸਤਾਂ ਦਾ ਤੇ ਉਹਨਾਂ ਲੋਕਾਂ ਦਾ ਹੱਥ ਹੈ ਜਿਹਨਾਂ ਨੂੰ ਮੈਂ ਜ਼ਿੰਦ ਜਾਨ ਵਾਂਗ ਚਾਹਿਆ ਸੀ। ਇਸ ਤਰ੍ਹਾਂ ਦੇ ਹਾਲਾਤਾਂ ਨੇ ਮੈਨੂੰ ਨਾਵਲ ਲਿਖਣ ਦੀ ਪ੍ਰੇਰਨਾ ਦਿੱਤੀ ਹੈ। ਇਨਸ਼ਾ ਅੱਲਾਹ ਮੈਂ ਛੇਤੀ ਹੀ ਇਕ ਨਾਵਲ ਆਪਣੇ ਪਾਠਕਾਂ ਨੂੰ ਦਿਆਂਗਾ।

ਪਿਛਲੇ ਦਿਨੀਂ ਅੰਮ੍ਰਿਤਾ ਪ੍ਰੀਤਮ ਜੀ ਨੇ ਮੈਨੂੰ ਵਾਰਤਕ ਲਿਖਣ ਵੱਲ ਪ੍ਰੇਰ ਕੇ ਮੈਨੂੰ ਅਹਿਸਾਸ ਕਰਵਾ ਦਿੱਤਾ ਹੈ ਕਿ ਮੈਂ ਜੀਵਨੀ-ਸਾਹਿਤ ਦੀ ਰਚਨਾ ਵੀ ਕਰ ਸਕਦਾ ਹਾਂ। ਪਰ ਅਜੇ ਜੀਵਨੀ ਲਿਖਣ ਲਈ ਸਮਾਂ ਅਨੁਕੂਲ ਨਹੀਂ। ਬਹੁਤ ਸਾਰੀਆਂ ਬੀਬੀਆਂ ਦਾੜੀਆਂ ਤੇ ਪਵਿੱਤਰ ਬੁੱਤਾਂ ਦੇ ਰਾਜ਼ ਫਾਸ਼ ਹੋ ਜਾਣਗੇ। ਰਿਸ਼ਤਿਆਂ ਦਾ ਭੇਦ ਖੁੱਲ੍ਹ ਜਾਵੇਗਾ। ਮੇਰੇ ਬੱਚਿਆਂ ਤੇ ਵੀ ਅਜੇ ਬੁਰੇ ਪ੍ਰਭਾਵ ਪੈ ਸਕਦੇ ਹਨ ਕਿਉਂਕਿ ਉਨ੍ਹਾਂ ਦੀ ਸੋਚ ਅਜੇ ਬਹੁਤ ਨਿਆਣੀ ਹੈ।

ਮੇਰੀ ਕਵਿਤਾ ਵਿਚ ਕੁਝ ਪਿੰਡਾਂ ਤੇ ਸ਼ਹਿਰਾਂ ਦਾ ਵੀ ਬੜਾ ਉਘੜਵਾਂ ਰੂਪ ਵਿਦਮਾਨ ਹੈ। ਜਦੋਂ ਮੈਂ ਇਕਬਾਲ ਬਾਨੋ ਦੀ ਗਾਈ ਗ਼ਜ਼ਲ ਦਾ ਇਹ ਸ਼ੇਅਰ ਸੁਣਦਾ ਹਾਂ-

ਮੈਂ ਖਿਲਾ ਹੂੰ ਤੋ ਇਸੀ ਖਾਕ ਮੇਂ ਮਿਲਨਾ ਹੈ ਮੁਝੇ
ਵੋਹ ਤੋ ਖੁਸ਼ਬੂ ਹੈ ਉਸੇ ਅਗਲੇ ਨਗਰ ਜਾਨਾ ਹੈ।

ਤਾਂ ਰਾਜਗੁਮਾਲ (ਮੇਰਾ ਪਿੰਡ) ਯਾਦ ਆ ਕੇ ਮੇਰੀਆਂ ਪੱਥਰ ਹੋ ਗਈਆਂ ਅੱਖਾਂ ਵਿਚ ਗਲੇਡੂਆਂ ਦਾ ਹੜ੍ਹ ਆ ਜਾਂਦਾ ਹੈ। ਚੰਡੀਗੜ੍ਹ ਮੇਰੀਆਂ ਹਾਰਾਂ ਦਾ ਸ਼ਹਿਰ ਹੈ, ਮਲੇਰਕੋਟਲਾ ਉਹ ਸ਼ਹਿਰ ਹੈ ਜਿੱਥੇ ਮੇਰੀ ਮੌਤ ਹੋ ਗਈ ਸੀ। ਇਕ ਹੋਰ ਪਹਾੜੀ ਸ਼ਹਿਰ ਹੈ ਜੋ ਹੁਣ ਹੁਣੇ ਉਸਰ ਰਿਹਾ ਹੈ। ਉਸ ਸ਼ਹਿਰ ਸ਼ਾਇਦ ਮੇਰਾ ਮਜ਼ਾਰ ਬਣੇ-ਲਾਹੌਰ ਸਦਾ ਲਈ ਤਾਂਘਿਆ ਹਾਂ ਜਲੰਧਰ...? ਚਲੋ ਛੱਡੋ ਤੁਸੀਂ ਸੋਚੋਗੇ ਜੇ ਮਰ ਚੁਕਾ ਹਾਂ ਤਾਂ ਜਿਉਂਦਾ ਕਿਵੇਂ ਹਾਂ? ਜਨਾਬ ਮੈਂ ਮਰ ਤਾਂ 1952 ਵਿਚ ਹੀ ਗਿਆ ਸਾਂ। ਬਾਕੀ ਤਾਂ ਜ਼ਿੰਦਗੀ ਦੀਆਂ



ਕਿਸ਼ਤਾਂ ਹੀ ਮੋੜੀਆਂ ਹਨ। ਇਹ ਕਵਿਤਾਵਾਂ, ਗਜ਼ਲਾਂ, ਗੀਤ ਕਿਸ਼ਤਾਂ ਹੀ ਤਾਂ ਹਨ। ਸ਼ਾਇਦ ਚੜ੍ਹਦੇ ਨਵੇਂ ਸਾਲ ਮੈਂ ਫੇਰ ਬਹਾਰ ਦੇ ਮੌਸਮ ਵਿਚ ਨਵਾਂ ਜਨਮ, ਲਵਾਂ। ਇਹ ਜਨਮ ਮੈਂ 1980 ਵਿਚ ਵੀ ਲਿਆ ਸੀ। ਪਰ ਹੁਣ ਮੈਂ ਮੁਕਤੀ ਚਾਹੁੰਦਾ ਹਾਂ। ਪਰ ਜੇ ਮੁਕਤੀ ਮਿਲਣ ਨਾਲ ਮੇਰੀ ਰਚਨਾ ਮਰਦੀ ਦਿਸੀ ਤਾਂ ਮੈਂ ਫੇਰ ਜਨਮ-ਮਰਨ ਦੀ ਜ਼ਿੰਦਗੀ ਕਬੂਲ ਕਰ ਲਵਾਂਗਾ। ਮੈਂ ਆਪਣੀ ਮੌਤ ਤਾਂ ਵੇਖ ਸਕਦਾ ਹਾਂ ਆਪਣੇ ਦਰਦ ਤੇ ਰਚਨਾ ਦੀ ਮੌਤ, ਨਹੀਂ ਵੇਖ ਸਕਦਾ।

1978 ਵਿਚ ਮੇਰੀ ਬੱਚੀ ਨੂੰ ਇਕ ਹਲਕਿਆਂ ਕੁੱਤਾ ਵੱਢ ਗਿਆ ਸੀ। ਮੈਂ ਕਈ ਰਾਤਾਂ ਨਾ ਸੌਂ ਸਕਿਆ। ਕੁਝ ਸਮਾਂ ਪਾ ਕੇ ਉਹ ਠੀਕ ਹੋ ਗਈ ਪਰ ਜਿਨ੍ਹਾਂ ਲੋਕਾਂ ਨੇ ਮੈਨੂੰ ਕੱਟਿਆ ਹੈ ਉਹਨਾਂ ਦਾ ਜ਼ਹਿਰ ਅਜੇ ਵੀ ਕਈ ਵਾਰੀ ਮੇਰੇ ਸਿਰ ਚੜ੍ਹ ਜਾਂਦਾ ਹੈ ਤਾਂ ਮੇਰੀ ਰਚਨਾ ਦਾ ਸੁਰ ਵੀ ਬਹੁਤ ਉੱਚਾ ਹੋ ਜਾਂਦਾ ਹੈ।

ਜਿਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਨੇ ਮੈਨੂੰ ਵਾਰਤਕ ਵੱਲ ਪ੍ਰੇਰਿਆ ਹੈ ਏਸੇ ਤਰ੍ਹਾਂ ਡਾ. ਰਤਨ ਸਿੰਘ ਜੱਗੀ ਨੇ 'ਹੀਰ ਦਮੋਦਰ' ਦੀ ਸੰਪਾਦਨਾ ਦਾ ਬਹੁਤ ਹੀ ਜ਼ਿੰਮੇਦਾਰਾਨਾ ਕੰਮ ਕੌਂਪ ਕੇ ਮੈਨੂੰ ਖੋਜ ਵੱਲ ਪ੍ਰੇਰਿਆ ਹੈ।

ਪਦਮਨੀ ਮਹਾਂ ਕਾਵਿ ਲਿਖਣ ਖਾਤਰ ਮੈਂ ਕਈ ਵਾਰੀ ਰਾਜਸਥਾਨ ਦੀ ਖ਼ਾਕ ਛਾਣੀ ਹੈ। ਪਦਮਨੀ ਬਾਰੇ ਜਾਣਦਾ ਜਾਣਦਾ ਮੈਂ ਇਤਿਹਾਸ-ਅਧਿਐਨ ਨਾਲ ਜੁੜਿਆ ਹਾਂ। ਪਦਮਨੀ ਸੀ ਤਾਂ ਨਹੀਂ ਮੇਰਾ ਇਸ ਨਾਲ ਕੋਈ ਸਰੋਕਾਰ ਨਹੀਂ। ਮੇਰਾ ਵਾਸਤਾ ਤਾਂ ਉਸ ਮਿਥ ਨਾਲ ਹੈ ਜੋ ਭਾਰਤੀ ਹਕੂਮਤ, ਅਣਖ, ਦਲੇਰੀ, ਪਿਆਰ-ਤਿਆਗ ਮਾਨ, ਖ਼ੂਬਸੂਰਤੀ ਤੇ ਮਹਾਨਤਾ ਦਾ ਪ੍ਰਤੀਕ ਹੈ। ਮੇਰੇ ਲਈ ਇਹਨਾਂ ਲਫ਼ਜ਼ਾਂ ਦੇ ਮਿਸ਼ਰਨ ਦਾ ਨਾਂ ਪਦਮਨੀ ਹੈ। ਪਦਮਨੀ ਦੀਆਂ ਪੈੜਾਂ ਲੱਭਦਾ ਲੱਭਦਾ ਮੈਂ ਮੇਰਟਾ ਤੋਂ ਚਿਤੌੜ ਤੇ ਰਾਜਸਥਾਨ ਦੇ ਸ਼ਹਿਰਾਂ ਗਰਾਵਾਂ ਵਿਚ ਵਣਜਾਰਿਆਂ ਵਾਂਗ ਘੁੰਮਿਆਂ ਹਾਂ। ਏਸੇ ਲਈ ਸਮੇਂ ਦੀ ਗੁਫ਼ਤਗੂ ਕਰ ਰਹੀ ਰੇਤ, ਜੈਸਲਮੇਰ ਦੀਆਂ ਬੰਦ ਸੁੰਨਸਾਨ ਹਵੇਲੀਆਂ ਤੇ ਬਾਰਮੇਰ ਦੀ ਮਾਰੂਸਥਲੀ ਦੀਆਂ ਸ਼ਾਮਾਂ ਦੇ ਰੰਗ ਤੇ ਨੁਹਾਰ ਮੇਰੀ ਪੁਸਤਕ 'ਚਨੁਕਰੀ ਸ਼ਾਮ' ਵਿਚ ਵਿਦਮਾਨ ਨੇ।

ਪੰਜਾਬ ਦੀ ਹਾਲਤ ਨੇ ਮੇਰੀ ਰੂਹ ਵਿਲੂੰਦਰ ਕੇ ਰੱਖ ਦਿੱਤੀ ਹੈ। ਏਸੇ ਲਈ 'ਜਦੀਦ ਮਰਸੀਏ' ਦੀ ਬੁਨਿਆਦ ਵੀ ਮੇਰੀ ਪੁਸਤਕ 'ਚਨੁਕਰੀ ਸ਼ਾਮ' ਰਾਹੀਂ ਰੱਖੀ ਗਈ ਹੈ।

ਜ਼ਿੰਦਗੀ ਦੇ ਹਾਸਿਆਂ ਵਿਚ ਘਿਰਿਆ ਮੈਂ ਇਕ ਸਮੁੰਦਰ ਵਾਂਗ ਹਾਂ ਜਿਸ ਵਿਚ ਪੈਦਾ ਹੋ ਕੇ ਜਜ਼ੀਰੇ ਆਪ ਹੀ ਡੁੱਬ ਡੁੱਬ ਕੇ ਖ਼ਤਮ ਹੋ ਜਾਂਦੇ ਹਨ ਤੇ ਸਮੁੰਦਰ ਨਿਰੰਤਰ ਆਪਣੀ ਮੌਜ ਵਿਚ ਮਸਤ ਰਹਿੰਦਾ ਹੈ। ਇਸ ਕਾਰਨ ਹੀ ਮੈਂ ਆਪਣੀ ਪੁਸਤਕ ਦਾ ਨਾਂ 'ਜਜ਼ੀਰਿਆਂ ਵਿਚ ਘਿਰਿਆ ਸਮੁੰਦਰ' ਰੱਖਿਆ ਸੀ।

ਪਰ ਕਦੀ ਕਦੀ ਆਪਣੀ ਬੀਮਾਰੀ ਵੇਖਕੇ ਸੋਚਦਾ ਹਾਂ ਕਿ ਕਿਸੇ ਦਿਨ ਸਾਕਬ ਨਖਨਵੀ ਵਾਂਗ ਆਪਣਾ ਕਿੱਸਾ ਕਹਿੰਦਾ ਕਹਿੰਦਾ ਖ਼ਾਮੋਸ਼ ਹੋ ਜਾਵਾਂਗਾ। ਫੇਰ ਮੇਰੀਆਂ ਹਾਰਾਂ ਦਾ ਸ਼ਹਿਰ ਸ਼ਾਇਦ ਕੋਈ ਸ਼ੋਕ ਸਭਾ ਕਰੇ, ਲਾਹੌਰ ਦੀਆਂ ਕਬਰਾਂ ਵਿਚ (ਜਿੱਥੇ ਮੇਰਾ ਵੱਡਾ ਭਰਾ ਸੁੱਤਾ ਪਿਆ ਹੈ) ਇਕ ਕਬਰ ਦਾ ਹੋਰ ਵਾਧਾ ਹੋ ਜਾਵੇ। ਮੇਰੇ ਪਿੰਡ ਦੀ ਕਿਸੇ ਬੋਹੜ ਦੀ ਅੱਖ ਸੇਜ਼ਲ ਹੋ ਜਾਵੇ ਤੇ ਉਹ ਪਹਾੜੀ ਸ਼ਹਿਰ ਇਹ ਦਾਅਵਾ ਕਰੇ ਕਿ ਮਰਨ ਵਾਲੇ ਨਾਲ ਕਦੇ ਮੇਰਾ ਵੀ ਇਕ ਰਿਸ਼ਤਾ ਸੀ ਪਰ ਮਲੇਰਕੋਟਲੇ ਦੀ ਮਿੱਟੀ ਚੀਖ਼ ਚੀਖ਼ ਕੇ ਕਹੇ ਨਹੀਂ! ਨਹੀਂ!! ਮਰਨ ਵਾਲੇ ਦੀਆਂ ਕੁਝ ਰਚਨਾਵਾਂ ਦਾ ਜ਼ਰੂਰ ਤੇਰੇ ਨਾਲ ਕੋਈ ਰਿਸ਼ਤਾ ਹੋਵੇ ਨਾ ਹੋਵੇ ਪਰ ਸੁਮੇਲ ਸੰਘਣੇ ਜਗਤਾਰ ਦੀ ਰਚਨਾ ਲੋਕਾਂ ਦੀ ਹੈ ਤੇ ਉਹ ਕੇਵਲ ਆਪਣੀਆਂ ਬੱਚੀਆਂ ਦਾ ਹੈ ਜਾਂ ਮੇਰਾ ਜਿਸ ਰਿਸ਼ਤੇ ਨੂੰ ਅਸੀਂ ਕਦੀ ਕੋਈ ਨਾਂ ਨਹੀਂ ਸੀ ਦਿੱਤਾ।

# ਪੰਜਾਬੀ ਕਹਾਣੀ : ਮਾਂ - ਧੀ ਦੇ ਰਿਸ਼ਤੇ ਦੀ ਪੇਸ਼ਕਾਰੀ

**- ਡਾ. ਜਸਵਿੰਦਰ ਕੌਰ ਬਿੰਦਰਾ**

ਸਾਰੇ ਵਿਸ਼ਵ ਵਿੱਚ ਮਾਂ ਦਾ ਦਰਜ਼ਾ ਬਹੁਤ ਉੱਚਾ ਹੈ। ਇਸ ਵਿੱਚ ਦੇਸ, ਧਰਮ, ਜਾਤੀ, ਕੌਮ, ਸਥਾਨ ਕੋਈ ਮਾਇਨੇ ਨਹੀਂ ਰੱਖਦਾ। ਪਿੱਛੇ ਜਿਹੇ ਦੁਨੀਆਂ ਵਿੱਚ ਸਭ ਤੋਂ ਲੋਕਪ੍ਰਿਆ ਤੇ ਮਹੱਤਵਪੂਰਣ ਪ੍ਰਚਲਿਤ ਸ਼ਬਦਾਂ ਬਾਰੇ ਕਿਸੇ ਵਿਦੇਸੀ ਯੂਨੀਵਰਸਿਟੀ ਨੇ ਸਰਵੇਖਣ ਕਰਵਾਇਆ ਤਾਂ ਉਸ ਵਿਚੋਂ ਸਭ ਤੋਂ ਪਹਿਲੇ ਨੰਬਰ ਉਤੇ ਅਤੇ ਨਾਲ ਹੀ ਸਭ ਤੋਂ ਵਧੇਰੇ ਵਰਤਿਆ ਜਾਣ ਵਾਲਾ ਸ਼ਬਦ 'ਮਾਂ' ਹੀ ਰਿਹਾ। ਕਹਿਣ ਦਾ ਭਾਵ ਹੈ ਕਿ ਮਾਂ ਦੀ ਮਮਤਾ ਨੂੰ ਚੁਣੌਤੀ ਦੇਣਾ ਸੌਖਾ ਨਹੀਂ। ਮਨੁੱਖਾਂ ਵਿੱਚ ਹੀ ਨਹੀਂ, ਜੀਵਾਂ ਵਿੱਚ ਅਸੀਂ ਮਾਂ ਨੂੰ ਬੱਚਿਆਂ ਨੂੰ ਜਨਮ ਦੇਣ ਤੇ ਉਸ ਦੀ ਪਾਲਣਾ ਕਰਦੇ ਹੋਏ ਦੇਖਦੇ ਹਾਂ। ਇੱਥੋਂ ਤਕ ਕਿ ਰੱਬ ਤੋਂ ਬਾਦ ਸਭ ਤੋਂ ਵੱਧ ਮਾਨਤਾ ਜਿਸ ਨੂੰ ਦਿੱਤੀ ਜਾਂਦੀ ਰਹੀ ਹੈ, ਉਹ ਮਾਂ ਹੀ ਹੈ।

ਮਾਂ ਦੀ ਮਹਾਨਤਾ ਦੇ ਕਿੱਸਿਆਂ ਤੋਂ ਵੀ ਅਨਜਾਣ ਨਹੀਂ। ਪਰ ਇਹ ਵੀ ਉਤਨਾ ਹੀ ਸੱਚ ਹੈ ਕਿ ਮਾਂ ਦੀ ਅਹੁਦੇਦਾਰੀ ਵਿੱਚ ਮਹਾਨਤਾ ਹੈ, ਪਰ ਜ਼ਮੀਨੀ ਪੱਧਰ ਦੀ ਸੱਚਾਈ ਕਈ ਵਾਰ ਹੋਰ ਵੀ ਬਹੁਤ ਕੁਝ ਬਿਆਨ ਕਰਦੀ ਹੈ। ਸੰਤਾਨ ਨੂੰ ਜਨਮ ਦੇ ਕੇ ਜਣਨੀ ਹੋਣ ਦੇ ਰੁਤਬੇ ਦੀ ਹਾਸਿਲਦਾਰੀ ਅਨੇਕਾਂ ਵਾਰ ਉਸ ਨੂੰ ਲਿਤਾੜੇ ਜਾਣ ਦਾ ਵੀ ਕਾਰਣ ਬਣਦੀ ਹੈ। ਕਿਉਂ ? ਆਖਿਰ ਉਹ ਕਾਰਣ ਕੀ ਹੁੰਦਾ ਹੈ ? ਲਗਾਤਾਰ ਧੀਆਂ ਨੂੰ ਜੰਮਣਾ। ਧੀ-ਪੁੱਤਰ ਦੋਹਾਂ ਦੀ ਪ੍ਰਜਨਨ ਪ੍ਰਕ੍ਰਿਆ ਵਿੱਚ ਰੱਤੀ-ਮਾਸਾ ਫ਼ਰਕ ਨਹੀਂ ਹੁੰਦਾ। ਮਾਂ ਦੋਵਾਂ ਲਈ ਇਕੋ ਜਿਹੀ ਗਰਭ-ਪੀੜਾਂ ਵਿਚੋਂ ਲੰਘਦੀ ਹੈ। ਫਿਰ ਪਤਾ ਨਹੀਂ ਕਿਉਂ ਪੁੱਤਰ ਨੂੰ ਜਨਮ ਦੇ ਕੇ ਉਹ ਵਧੇਰੇ ਨਸੀਬਾਂ ਵਾਲੀ ਤੇ ਮਾਨਮੱਤੀ ਮਹਿਸੂਸ ਕਰਦੀ ਹੈ। ਪਤੀ-ਪਰਿਵਾਰ, ਸਹੁਰਿਆਂ ਤੇ ਸਮਾਜ ਵਲੋਂ ਵੀ ਸਤਿਕਾਰੀ ਜਾਂਦੀ ਹੈ। ਜੇ ਉਹ ਮੁੰਡਾ ਨਾਲਾਇਕ ਨਿਕਲ ਆਏ ਤਾਂ ਇਨ੍ਹਾਂ ਸਾਰਿਆਂ ਵਲੋਂ ਦੁਰਕਾਰੀ ਵੀ ਜਾਂਦੀ ਹੈ। ਲਾਇਕ ਧੀ-ਪੁੱਤਰ ਹੋਣ ਦਾ ਸਿਹਰਾ ਹਮੇਸ਼ਾਂ ਬਾਪ ਦੇ ਸਿਰ ਬੱਝਦਾ ਹੈ ਤੇ ਨਾਲਾਇਕੀ ਦਾ ਦੋਸ਼ ਮਾਂ ਦੇ ਸਿਰ। ਇਕ ਤੋਂ ਵੱਧ ਜੰਮੀਆਂ ਧੀਆਂ ਦਾ ਮਿਹਣਾ ਸਦਾ ਮਾਂ ਦੇ ਮੱਥੇ ਧਰਿਆ ਜਾਂਦਾ ਹੈ। ਉਹ 'ਨਿਕਰਮਣ' ਜਾਂ 'ਮਾੜੇ ਕਰਮਾਂ ਵਾਲੀ' ਆਦਿ ਅਨੇਕ ਸੰਬੋਧਨਾਂ ਨਾਲ ਪੁਕਾਰੀ ਜਾਂਦੀ ਹੈ।

ਧੀ ਨੂੰ ਜਨਮ ਦੇ ਕੇ ਕਈ ਵਾਰ ਔਰਤ ਜੀ-ਭਰ ਕੇ ਆਪਣੀ ਨਵਜੰਮੀ ਧੀ ਨੂੰ ਦੇਖ ਵੀ ਨਹੀਂ ਸਕਦੀ। ਸੀਨੇ ਨਾਲ ਲੱਗਾ ਕੇ ਪਿਆਰ ਵੀ ਨਹੀਂ ਕਰ ਸਕਦੀ। ਨਵਜੰਮੀ ਨੂੰ ਕਈ ਵਾਰ ਕੋਲੋਂ ਚੁੱਕ ਕੇ ਗਲੇ ਵਿੱਚ ਗੂਠਾ ਦੇ ਕੇ ਮਾਰ ਦਿੱਤਾ ਜਾਂਦਾ ਹੈ, ਬਾਹਰ ਸੁੱਟ ਦਿੱਤਾ ਜਾਂਦਾ ਹੈ ਜਾਂ ਕੁਝ ਚੱਟਾ ਕੇ ਮਾਰ ਦਿੱਤਾ ਜਾਂਦਾ ਹੈ। ਮਾਂ ਇਸ ਅਸਲੀਅਤ ਨੂੰ ਜਾਣਦੀ ਹੈ ਕਿ ਧੀ ਕਰਕੇ ਭਾਵੇਂ ਉਸ ਨੂੰ ਕੋਈ ਮਿਹਣੇ-ਤਾਹਨੇ ਦੇਵੇ ਜਾਂ ਦੁੱਤਕਾਰੇ, ਸੱਚ ਤਾਂ ਇਹ ਹੈ ਕਿ ਹੁਣ ਉਸ ਦਾ ਆਪਣਾ ਦੁਖ ਵੰਡਾਉਣ ਵਾਲੀ, ਉਸ ਦੇ ਹੱਡ-ਮਾਸ ਦੀ ਬਣੀ ਇਹ ਧੀ ਉਸ ਦਾ ਸਾਥ ਜ਼ਰੂਰ ਦੇਵੇਗੀ। ਭਾਵੇਂ ਪੁੱਤਰ ਦੀ ਮਾਂ ਬਣ ਕੇ ਉਹ ਘਰ ਦਾ ਵੰਸ਼ ਅੱਗੇ ਤੁਰਨ ਦੀ ਸ਼ਾਬਾਸ਼ੀ ਜ਼ਰੂਰ ਲੈਂਦੀ ਹੈ ਪਰ ਆਪਣੀ ਜਾਈ ਧੀ ਦੇ ਰੂਪ ਵਿੱਚ ਨੂੰ ਆਪਣਾ ਇਕ ਰਾਜ਼ਦਾਰ, ਇਕ ਹਮਦਰਦ ਮਿਲਦਾ ਹੈ। ਮੁੰਡੇ ਦੀ ਲੋੜ ਕਾਰਨ ਧੀਆਂ ਦੀ ਲਾਈਨ ਲਗਾਉਣ ਲਈ ਦੋਸ਼ੀ ਬਾਪ ਹੁੰਦਾ ਹੈ, ਮਾਂ ਨਹੀਂ। ਸਾਰੇ ਇਸ ਸੱਚਾਈ ਨੂੰ ਜਾਣਦੇ ਹਨ ਕਿ ਬੱਚੇ ਦਾ ਲਿੰਗ ਮਰਦ ਰਾਹੀਂ ਨਿਸ਼ਚਿਤ ਹੁੰਦਾ ਹੈ, ਇਸਤਰੀ ਵਲੋਂ ਨਹੀਂ।

ਇਕ ਪਾਸੇ ਧੀ ਨੂੰ ਸਦਾ 'ਦੂਜੇ ਨੂੰ ਸੌਂਪਣ' ਬਾਰੇ ਸੋਚ ਕੇ, ਉਸ ਦੀ ਹੋਂਦ ਨੂੰ ਅਣਗੌਲਿਆ ਕੀਤਾ ਜਾਂਦਾ ਹੈ, ਦੂਜੇ ਪਾਸੇ ਸਹੁਰੇ ਘਰ ਵਿੱਚ ਉਸ ਨੂੰ ਨੂੰਹ ਰੂਪ ਵਿੱਚ ਵੰਸ਼ ਪਰੰਪਰਾ ਤੇ ਪਰਿਵਾਰ ਦੀ ਨਿਰੰਤਰਤਾ ਬਣਾਏ ਰੱਖਣ ਦਾ ਸਾਧਨ ਸਮਝਿਆ ਜਾਂਦਾ ਹੈ। ਇਕ ਘਰ ਭਾਵ 'ਪੇਕੇ' ਘਰ ਵਿੱਚ ਕੁੜੀ ਦੀ ਆਮਦ 'ਜੀ ਦਾ ਜੰਜਾਲ' ਸਮਝੀ ਵੀ ਜਾਂਦੀ ਹੈ ਤੇ ਦੂਜੇ ਘਰ ਸਹੁਰਿਆਂ ਵਿੱਚ ਸਗਨਾਂ ਨਾਲ ਅਪਨਾਈ ਵੀ ਜਾਂਦੀ ਹੈ। ਮੁੰਡੇ ਨੂੰ ਜਨਮ ਦੇਣ ਤੇ ਉਸ ਦੀ ਤਾਜਪੋਸ਼ੀ ਹੁੰਦੀ ਹੈ ਤੇ ਵਾਰ-ਵਾਰ ਧੀਆਂ ਜੰਮਣ ਤੇ ਉਸ ਨਾਲ ਬੇਹੱਦ ਮਾੜਾ



ਸਲੂਕ ਵੀ ਕੀਤਾ ਜਾਂਦਾ ਹੈ।

ਸਾਡੀ ਸਮਾਜਕ ਵਿਵਸਥਾ ਵਿੱਚ ਇਸਤਰੀ-ਮਰਦ ਭਾਵੇਂ ਉਹ ਭੈਣ-ਭਰਾ ਦੇ ਰੂਪ ਵਿੱਚ, ਧੀ-ਪੁੱਤਰ ਦੇ ਰੂਪ ਵਿੱਚ ਜਾਂ ਫਿਰ ਪਤੀ-ਪਤਨੀ ਦੇ ਰੂਪ ਵਿੱਚ ਹੋਣ, ਉਨ੍ਹਾਂ ਦੇ ਅਧਿਕਾਰ, ਸਥਿਤੀਆਂ ਤੇ ਭੂਮਿਕਾਵਾਂ ਹਮੇਸ਼ਾਂ ਅਸਮਾਨ ਹੀ ਰਹਿੰਦੀਆਂ ਹਨ। ਇਸ ਨੂੰ ਹਮੇਸ਼ਾਂ ਕੁਦਰਤ ਦੀ ਪ੍ਰਕ੍ਰਿਆ ਅਨੁਰੂਪ ਮੰਨਿਆ ਜਾਂਦਾ ਰਿਹਾ ਹੈ, ਜਿਸ ਨੇ ਪ੍ਰਜਨਨ ਵਿੱਚ ਇਸਤਰੀ ਤੇ ਮਰਦ ਨੂੰ ਅਸਮਾਨ ਭੂਮਿਕਾਵਾਂ ਸੌਂਪੀਆਂ ਹਨ।

ਜਨਮ ਲੈਣ ਵਾਲਾ ਬਾਲ ਲਿੰਗ ਭੇਦਭਾਵ ਨੂੰ ਨਾ ਜਾਣਦਾ ਹੈ, ਨਾ ਸਮਝਦਾ ਹੈ। ਇਸ ਲਿੰਗ ਦਾ ਅਹਿਸਾਸ ਬਚਪਨ ਤੋਂ ਹੀ ਬੱਚੀ ਨੂੰ ਕਰਵਾਇਆ ਜਾਣ ਲੱਗਦਾ ਹੈ। ਛੋਟੀ ਬੱਚੀ ਨੂੰ ਵੇਖ ਕੇ ਘਰ ਦੀ ਨੌਕਰਾਣੀ ਵੀ ਕਹਿ ਦੇਂਦੀ ਹੈ, "ਔਹ ! ਕਿੰਨੀ ਪਿਆਰੀ ਬੱਚੀ ਹੈ, ਪਰ ਕਿੰਨਾ ਚੰਗਾ ਹੁੰਦਾ, ਜੇ ਇਹ ਮੁੰਡਾ ਹੁੰਦਾ।" ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਧੀਆਂ ਨੂੰ ਪਾਲਣਾ-ਪੋਸਣਾ ਰੇਤ ਵਿੱਚ ਪਾਣੀ ਪਾਉਣ ਸਮਾਨ ਹੈ। ਜਿਨ੍ਹਾਂ ਦੇ ਘਰ ਸਿਰਫ਼ ਧੀਆਂ ਹੋਣ ਉਨ੍ਹਾਂ ਉਤੇ ਅਕਸਰ ਤਰਸ ਕੀਤਾ ਜਾਂਦਾ ਹੈ। ਇਕ ਤੇਲਗੂ ਕਹਾਵਤ ਹੈ, "ਧੀ ਨੂੰ ਪਾਲਣਾ-ਪੋਸਣਾ ਤਾਂ ਕਿਸੇ ਦੂਜੇ ਦੇ ਵਿਹੜੇ ਵਿੱਚ ਲੱਗੇ ਬੂਟੇ ਨੂੰ ਪਾਣੀ ਦੇਣ ਜਿਹਾ ਹੈ।"

ਬੁਜ਼ਰਗ ਲੋਕ ਕੁੜੀਆਂ ਨੂੰ ਸਦਾ 'ਪੁੱਤਰਵਤੀ' ਹੋਣ ਦਾ ਅਸ਼ੀਰਵਾਦ ਦੇਂਦੇ ਹਨ। ਪੁੱਤਰਾਂ ਦੇ ਜ਼ਿਆਦਾ ਮੁੱਲਵਾਨ ਹੋਣ ਦੀ ਧਾਰਣਾ ਉਨ੍ਹਾਂ ਲਈ ਕੀਤੀ ਜਾਂਦੀ ਵਿਸ਼ੇਸ਼ ਪੂਜਾ ਤੇ ਵਰਤਾਂ ਰਾਹੀਂ ਬਲਵਾਨ ਹੁੰਦੀ ਹੈ। ਧੀ ਮਗਰੋਂ ਜੰਮੇ ਪੁੱਤਰ ਨੂੰ ਆਮ ਤੌਰ ਤੇ ਮਾਂ ਵਲੋਂ ਕੀਤੇ ਗਏ ਕਠੋਰ ਵਰਤ ਤੇ ਸੰਕਲਪਾਂ ਦਾ ਫਲ ਦੱਸਿਆ ਜਾਂਦਾ ਹੈ। ਮੁੰਡੇ ਦਾ ਜਨਮ ਐਨਾ ਅਨਮੋਲ ਹੁੰਦਾ ਹੈ ਕਿ ਜਿਸ ਭੈਣ ਮਗਰੋਂ ਉਸ ਦੀ ਪੈਦਾਇਸ਼ ਹੁੰਦੀ ਹੈ, ਉਸ ਕੁੜੀ ਨੂੰ ਸ਼ੁਭ ਤੇ ਸੁਭਾਗ ਲਿਆਉਣ ਵਾਲੀ ਸਮਝ ਕੇ ਵਿਸ਼ੇਸ਼ ਅਹਿਮੀਅਤ ਦਿੱਤੀ ਜਾਂਦੀ ਹੈ। ਪੰਜਾਬ ਵਿੱਚ ਉਸ ਨੂੰ 'ਵੀਰਾਂਵਲੀ' 'ਭੈਣਭਰਾਈ' ਕਹਿ ਕੇ ਸਤਿਕਾਰਿਆ ਜਾਂਦਾ ਹੈ। ਉੱਤਰ ਪ੍ਰਦੇਸ ਵਿੱਚ ਉਸ ਕੁੜੀ ਦੀ ਪਿੱਠ ਉਤੇ ਗੁੜ ਦੀ ਭੇਲੀ ਭੰਨੀ ਜਾਂਦੀ ਹੈ। ਉਸ ਨੂੰ ਭਰਾ ਲਿਆਉਣ ਵਾਲੀ, ਖ਼ੁਸ਼ਹਾਲੀ ਲਿਆਉਣ ਵਾਲੀ ਭੈਣ ਵਜੋਂ ਦੇਖਿਆ ਜਾਂਦਾ ਹੈ। ਇਕ ਉੜੀਆ ਮੁਹਾਵਰੇ ਅਨੁਸਾਰ, 'ਧੀ ਤੇ ਘਿਉ ਦੋਵੇਂ ਇਕੋ ਜਿਹੇ ਮੁੱਲਵਾਨ ਹਨ। ਪਰ ਸਮੇਂ ਰਹਿੰਦੇ ਹੀ ਜੇ ਦੋਵਾਂ ਨੂੰ ਨਾ ਸਾਂਭਿਆ ਜਾਵੇ ਤਾਂ ਦੋਵੇਂ ਬਦਬੂ ਦੇਣ ਲੱਗਦੇ ਹਨ।'

ਪਤੀ ਦੀ ਅਚਾਨਕ ਮੌਤ ਵੇਲੇ ਔਰਤ ਨੂੰ ਇਹ ਕਹਿ ਕੇ ਤੱਸਲੀ ਦਿੱਤੀ ਜਾਂਦੀ ਹੈ ਕਿ ਬਹੁਤ ਜਲਦੀ ਤੇਰੇ ਮੁੰਡੇ ਵੱਡੇ ਹੋ ਜਾਣਗੇ, ਫਿਰ ਉਹ ਤੇਰੀ ਦੇਖਭਾਲ ਕਰਨਗੇ।ਧੀਆਂ ਬਾਰੇ ਇਹ ਕਹਿੰਦੇ ਹੋਏ ਕਦੇ ਨਹੀਂ ਸੁਣਿਆ ਗਿਆ। ਉਲਟਾ ਉਸ ਨੂੰ ਇਕ ਜ਼ਿੰਮੇਵਾਰੀ ਦੇ ਤੌਰ ਤੇ ਹੀ ਦੇਖਿਆ ਜਾਂਦਾ ਹੈ ਤੇ ਮਾਂ ਨੂੰ ਤੱਸਲੀ ਦਿੱਤੀ ਜਾਂਦੀ ਹੈ ਕਿ ਰੱਬ ਕਰੇ ਇਨ੍ਹਾਂ ਕੁੜੀਆਂ ਦੇ ਵਿਆਹ ਚੰਗੀ ਤਰ੍ਹਾਂ ਹੋ ਜਾਣ। ਧੀਆਂ ਤੇ ਪੁੱਤਰਾਂ ਤੋਂ ਕੀਤੀਆਂ ਜਾਣ ਵਾਲੀਆਂ ਉਮੀਦਾਂ ਤੇ ਅਕਾਂਖਿਆਵਾਂ ਵੀ ਵੱਖ-ਵੱਖ ਹੁੰਦੀਆਂ ਹਨ।

ਵਿਕਾਸ ਦੇ ਦੌਰ ਵਿੱਚ, ਕੁੜੀ ਮੁੰਡੇ ਤੋਂ ਵੱਧ ਪਿਆਰ ਨਾਲ ਫੁਸਲਾਈ ਜਾਂਦੀ ਹੈ। ਉਸ ਨੂੰ ਮਾਂ-ਬਾਪ ਤੇ ਹੋਰਾਂ ਤੋਂ ਵੱਧ ਸੁਰੱਖਿਆ ਤੇ ਸਹਾਰਾ ਮਿਲਦਾ ਹੈ। ਜਦਕਿ ਮੁੰਡੇ ਨੂੰ ਸਮਝਿਆ ਜਾਂਦਾ ਹੈ ਕਿ ਵੱਡੇ ਹੋਣ ਤੇ ਉਸ ਨੂੰ ਲੋਕਾਂ ਦੀ ਪ੍ਰਸ਼ੰਸ਼ਾ ਤੇ ਸਵੀਕ੍ਰਿਤੀ ਮਿਲ ਸਕਦੀ ਹੈ। ਮੁੰਡੇ ਨੂੰ ਇਸ ਗੱਲ ਦਾ ਆਭਾਸ ਕਰਵਾਇਆ ਜਾਂਦਾ ਹੈ ਕਿ ਮੁੰਡਾ ਹੋਣ ਕਾਰਣ ਉਹ ਸ੍ਰੇਸ਼ਟ ਤੇ ਬਲਵਾਨ ਹੈ। ਉਹ ਸਭ ਦੇ ਸਾਹਮਣੇ ਨੰਗੇ ਹੋ ਕੇ ਪਿਸ਼ਾਬ ਕਰ ਸਕਦਾ ਹੈ ਜਦਕਿ ਛੋਟੀ ਜਿਹੀ ਬੱਚੀ ਨੂੰ ਵੀ ਓਹਲੇ ਵਿੱਚ ਪਿਸ਼ਾਬ ਕਰਵਾਇਆ ਜਾਂਦਾ ਹੈ। ਕੁੜੀ ਨੂੰ ਆਪਣੇ ਸਰੀਰ ਵਿੱਚ ਕੋਈ ਕਮੀ ਜਾਂ ਘਾਟ ਨਹੀਂ ਦਿੱਸਦੀ, ਉਹ ਸਵੈ ਵਿੱਚ ਪੂਰਣ ਹੁੰਦੀ ਹੋਈ ਵੀ ਦੂਜਿਆਂ ਦੀ ਨਜ਼ਰ ਵਿੱਚ ਤਰਸ ਭਾਵ ਜਾਂ ਹੋਰ ਢੰਗ ਨਾਲ ਦੇਖੀ ਜਾਂਦੀ ਹੈ। ਬਾਹਰੀ ਪਰਿਸਥਿਤੀਆਂ ਉਸ ਨੂੰ ਆਪਣੀ ਹੀ ਨਜ਼ਰ ਵਿੱਚ ਹੀਣ ਬਣਾ ਦੇਂਦੀਆਂ ਹਨ।ਫਰਾਇਡ ਤੇ ਐਡਲਰ ਅਨੁਸਾਰ, "ਇਸਤਰੀ ਕੋਲ ਕਿਉਂਕਿ ਲਿੰਗ ਨਹੀਂ ਹੁੰਦਾ, ਇਸ ਕਮੀ ਦੇ ਇਹਸਾਸ ਨਾਲ ਉਹ ਮਰਦ ਨਾਲ ਈਰਖਾ ਕਰਦੀ ਹੈ।"

ਬਚਪਨ ਵਿੱਚ ਮਾਂ ਦੇ ਸੰਪਰਕ ਵਿੱਚ ਵਧੇਰੇ ਰਹਿਣ ਕਾਰਣ ਕੁੜੀ ਮਾਂ ਦੀ ਸੱਤਾ ਨੂੰ ਸ੍ਰੇਸ਼ਟ ਸਮਝਦੀ ਹੈ। ਉਹ ਮਾਂ ਦੀ ਨਕਲ ਕਰਦੀ ਹੈ। ਖੇਡਣ ਵੇਲੇ ਨਾ ਸਿਰਫ਼ ਉਹ ਉਸ ਦਾ ਪ੍ਰਤੀਰੂਪ ਹੁੰਦੀ ਹੈ, ਸਗੋਂ ਖਿਡੌਣੇ ਨਾਲ ਉਹ ਆਪਣੀ ਸੰਤਾਨ ਵਰਗਾ ਵਿਹਾਰ ਵੀ ਕਰਦੀ ਹੈ, ਜਿਵੇਂ ਉਸ ਦੀ ਮਾਂ ਉਸ ਨਾਲ ਕਰਦੀ ਹੈ। ਸਿਮੋਨ ਬਿਓਵਾਰ ਅਨੁਸਾਰ, ਗੁੱਡੀ ਨੂੰ ਡਾਂਟਣਾ, ਸਜ਼ਾ ਦੇਣਾ ਜਾਂ ਪਿਆਰ ਕਰਨ ਵਿੱਚ ਉਹ ਇਕੋ ਹੀ ਵੇਲੇ ਆਪ ਵੀ ਹੁੰਦੀ ਹੈ ਤੇ ਆਪਣੀ ਮਾਂ ਵੀ। ਉਹ ਆਪਣੇ ਆਪ ਨੂੰ ਸਜ਼ਾ ਦੇਂਦੀ ਹੈ ਤੇ ਸਵੈ ਵਿੱਚ ਮਾਂ ਦੀ ਗਰਿਮਾ ਵੀ ਸਥਾਪਿਤ ਕਰਦੀ ਹੈ। ਉਹ ਗੁੱਡੀ ਨਾਲ ਨਿਜੀ ਏਕਾਤਮਕਤਾ ਅਨੁਭਵ ਕਰਦੀ ਹੈ। ਉਸ ਦੇ ਇਸ ਕਾਲਪਨਿਕ ਜੀਵਨ ਵਿੱਚ ਮਾਂ ਵੀ ਜੁੜੀ ਰਹਿੰਦੀ ਹੈ। ਛੋਟੀ ਬੱਚੀ ਇਹੀ ਦੇਖਦੀ ਹੈ। ਉਹ ਕਹਾਣੀਆਂ ਵਿੱਚ ਪੜ੍ਹਦੀ ਹੈ ਤੇ ਉਸ ਨੂੰ ਸਿਖਾਇਆ ਜਾਂਦਾ ਹੈ ਕਿ ਬੱਚੇ ਦੀ ਪਰਵਰਿਸ਼ ਦਾ ਭਾਰ ਮਾਂ ਉੱਪਰ ਹੁੰਦਾ ਹੈ। ਭਵਿੱਖ ਵਿੱਚ ਵੀ ਉਸ ਨੇ ਇਹੀ ਕਰਨਾ ਹੈ। ਬਚਪਨ ਵਿੱਚ ਹੀ ਉਸ ਵਿੱਚ ਮਾਤ੍ਰਤੱਵ ਦੀ ਭਾਵਨਾ ਪ੍ਰੇਰਿਤ ਕੀਤੀ ਜਾਂਦੀ ਹੈ। ਉਹ ਬਹੁਤ ਜਲਦੀ ਸਮਝ ਜਾਂਦੀ ਹੈ ਕਿ ਬੱਚੇ ਨਾ ਤਾਂ ਡਾਕਟਰ ਦੇ ਬੈਗ ਵਿਚੋਂ ਨਿਕਲਦੇ ਹਨ ਤੇ ਨਾ ਹੀ ਚਿੜੀਆਂ ਰਾਹੀਂ ਲਿਆਏ ਜਾਂਦੇ ਹਨ ਸਗੋਂ ਉਹ ਮਾਂ ਦੇ ਢਿੱਡ ਵਿਚੋਂ ਜੰਮਦੇ ਹਨ। ਉਹ ਮਾਂ ਦੇ ਗਰਭਵਤੀ ਹੋਣ ਦੀ ਭੂਮਿਕਾ ਨੂੰ ਪਛਾਣ ਜਾਂਦੀ ਹੈ ਤੇ ਬਚਪਨ ਵਿੱਚ ਖੇਡਦੇ ਹੋਏ ਆਪਣਾ ਢਿੱਡ ਕੱਢ ਕੇ ਤੁਰਨ ਲੱਗਦੀ ਹੈ।

ਕਈ ਵਾਰ ਇੰਜ ਵੀ ਹੁੰਦਾ ਹੈ, ਜਦੋਂ ਮਾਂ, ਧੀ ਨੂੰ ਆਪਣੇ ਜਿਹਾ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਉਦੋਂ ਧੀ ਵਿਦਰੋਹ ਕਰਦੀ ਹੈ ਕਿਉਂਕਿ ਉਹ ਦੇਖਦੀ ਹੈ ਕਿ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਮਾਂ ਨੂੰ ਕੋਈ ਪ੍ਰਸ਼ੰਸ਼ਾ ਨਹੀਂ ਮਿਲਦੀ, ਉਹ ਅਕਸਰ ਲਿਤਾੜੀ ਜਾਂਦੀ ਹੈ। ਜਿਸ ਕਾਰਣ ਉਹ ਦੁਖੀ ਹੁੰਦੀ ਹੈ। ਉਸ ਦੀ ਜ਼ਿੰਦਗੀ ਵਿੱਚ ਕੋਈ ਬਦਲਾਵ ਜਾਂ ਵਿਕਾਸ ਸੰਭਵ ਨਹੀਂ ਹੁੰਦਾ। ਆਪਣੀ ਹੀ ਬੇਟੀ ਲਈ ਉਹ ਆਦਰਸ਼ ਵੀ ਹੈ ਤੇ ਰੁਕਾਵਟ ਵੀ ਹੈ। ਧੀ ਆਪਣੀ ਮਾਂ ਜਿਹਾ ਨਹੀਂ ਹੋਣਾ ਚਾਹੁੰਦੀ। ਉਹ ਆਪਣੇ ਆਲੇ-ਦੁਆਲੇ ਦੀਆਂ ਉਨ੍ਹਾਂ ਔਰਤਾਂ ਤੋਂ ਪ੍ਰਭਾਵਿਤ ਹੁੰਦੀ ਹੈ, ਜੋ ਆਪਣੀ ਦਾਸਤਾ ਤੋਂ ਮੁਕਤ ਹੋ ਚੁੱਕੀਆਂ ਹੋਣ। ਅਜਿਹੀਆਂ ਔਰਤਾਂ ਉਸ ਲਈ ਪ੍ਰਸ਼ੰਸ਼ਾ, ਸ਼ਰਧਾ ਤੇ ਭਗਤੀ ਦਾ ਪਾਤਰ ਬਣਦੀਆਂ ਹਨ, ਜਿਵੇਂ ਐਕਟ੍ਰੈਸਸ, ਅਧਿਆਪਕਾਵਾਂ ਤੇ ਲੇਖਿਕਾਵਾਂ। ਜੋ ਖੇਡਾਂ ਤੇ ਪੜ੍ਹਾਈ ਵਿੱਚ ਲੱਗੀਆਂ ਰਹਿੰਦੀਆਂ ਹਨ। ਉਹ ਮੁੰਡੇ ਵਾਂਗ ਕਈ ਜੋਖ਼ਿਮ ਤੇ ਭਾਰੇ ਕੰਮ ਕਰ ਲੈਂਦੀਆਂ ਹੋਣ।

ਨਾਰੀ ਮੁਕਤੀ ਦੀ ਗੱਲ ਕਰਨ ਵਾਲੀਆਂ ਇਸਤਰੀਆਂ ਨੇ ਇਸਤਰੀ ਦੀ ਕੁੱਖ ਨੂੰ ਉਸ ਦੀ ਦਾਸਤਾ ਦਾ ਕਾਰਣ ਮੰਨਿਆ ਹੈ, ਜੋ ਉਸ ਦੇ ਵਿਕਾਸ ਦੇ ਰਾਹ ਨੂੰ ਰੋਕਦਾ ਹੈ। ਪਰ ਇਸ ਕੁੱਖ ਦੀ ਬਦੌਲਤ ਹੀ ਔਰਤ ਜਣਨੀ ਬਣਦੀ ਹੈ। ਆਧੁਨਿਕ ਸਮੇਂ ਵਿੱਚ ਵਿਗਿਆਨ ਦੀ ਬਿਹਤਰ ਤਰੱਕੀ ਨੇ ਔਰਤ ਦੀ ਕੁੱਖ ਨੂੰ ਵੀ ਫਰੋਲਣਾ ਵੀ ਸ਼ੁਰੂ ਕਰ ਦਿੱਤਾ। ਉਸ ਦੀ ਕੁੱਖ ਵਿੱਚ ਜੇ ਭਰੂਣ ਬੱਚੀ ਜਾਂ ਕੁੜੀ ਹੈ ਤਾਂ ਉਸ ਭਰੂਣ ਨੂੰ ਜਨਮ ਲੈਣ ਤੋਂ ਪਹਿਲਾ ਹੀ ਮਾਰ ਦੇਣਾ ਚਾਹੀਦਾ ਹੈ। ਲਿੰਗ ਪਰੀਖਣ ਨੇ ਕੰਨਿਆ ਭਰੂਣ ਹੱਤਿਆ ਰਾਹੀਂ ਧੀਆਂ / ਬੱਚੀਆਂ ਦੇ ਜਨਮ ਨੂੰ ਡਾਢੀ ਢਾਹ ਲਾਈ । ਮ੍ਰਿਦੁਲਾ ਗਰਗ ਹਿੰਦੀ ਦੀ ਸੀਨੀਅਰ ਲੇਖਿਕਾ ਅਨੁਸਾਰ, ਗਰਭਪਾਤ ਨੂੰ ਨਾਰੀ ਸੁਤੰਤਰਤਾ ਨਾਲ ਜੋੜ ਕੇ ਦੇਖਣ ਲਈ ਹੀ ਪੱਛਮੀ ਔਰਤਾਂ ਨੇ ਆਵਾਜ਼ ਚੁੱਕੀ। ਪਰ ਇਸ ਨੂੰ ਵਰਤਣ ਦਾ ਹੱਕ ਭਾਰਤੀਆਂ ਨੂੰ ਮਿਲ ਗਿਆ।"

ਫਿਰ ਤਾਂ ਚਾਹੇ-ਅਣਚਾਹੇ, ਪਤੀ, ਸੱਸ ਜਾਂ ਆਪਣੀ ਹੀ ਇੱਛਾ ਦੀ ਬੇਕਦਰੀ ਕਰ, ਧੜਾ ਧੜ ਲਿੰਗ=ਪਰੀਖਣ ਰਾਹੀਂ ਬੱਚੀਆਂ / ਧੀਆਂ ਦੇ ਜਨਮ ਨੂੰ ਰੋਕਿਆ ਜਾਣ ਲੱਗਾ। ਜਿਨ੍ਹਾਂ ਔਰਤਾਂ ਕੋਲ ਨਾ ਸੱਤਾ, ਨਾ ਆਰਥਕ ਸੰਪੰਨਤਾ, ਨਾ ਨਿਰਣਾ ਲੈਣ ਦੀ ਕੋਈ ਸਮਰੱਥਾ, ਨਾ ਅਜਿਹੀ ਕੋਈ ਸੰਸਕ੍ਰਿਤੀ। ਪਰ ਉਨ੍ਹਾਂ ਔਰਤਾਂ ਨੂੰ ਗਰਭ ਵਿਚੋਂ ਵੀ ਮਾਦਾ ਭਰੂਣ ਨੂੰ ਕੱਢਣ ਲਈ ਮਜ਼ਬੂਰ ਕੀਤਾ ਜਾਣ ਲੱਗਾ। ਔਰਤ ਦਾ ਆਪਣੀ ਹੀ ਕੁੱਖ ਉਤੇ ਕੋਈ ਅਧਿਕਾਰ ਬਾਕੀ ਨਾ ਰਹਿ ਗਿਆ। ਮਾਂ ਬਣ ਜੋ ਇਸਤਰੀ 'ਸੰਪੂਰਣ' ਹੋਣ ਦਾ ਅਹਿਸਾਸ ਮਹਿਸੂਸ ਕਰਦੀ ਹੈ, ਉਹ ਸਹਿਜ, ਕੁਦਰਤੀ ਕਾਰਜ ਪਰਿਵਾਰ ਦੀ ਇੱਜ਼ਤ ਤੇ ਸਮਾਜਕ ਮਰਿਯਾਦਾ ਦੀ ਭੇਟ ਚੜ੍ਹਨ ਲੱਗਾ। ਇਸ ਉਤੇ ਵੀ ਪਹਿਰੇਦਾਰੀ ਕੀਤੀ ਜਾਣ ਲੱਗੀ। ਔਰਤ ਦਾ ਮਾਂ ਬਣਨ



ਦੀ ਇੱਛਾ ਰੱਖਣਾ ਜਾਂ ਧੀ-ਪੁੱਤਰ ਦੋਵਾਂ ਤਰ੍ਹਾਂ ਦੀ ਔਲਾਦ ਨੂੰ ਜਨਮ ਦੇਣ ਦੀ ਸੁਤੰਤਰਤਾ ਵੀ ਉਸ ਤੋਂ ਇਸ ਤਰ੍ਹਾਂ ਨਾਲ ਖੋਹੀ ਜਾਣ ਲੱਗੀ। ਉਸ ਨੂੰ ਸਿਰਫ਼ ਪੁੱਤਰ ਨੂੰ ਹੀ ਜਨਮ ਦੇਣਾ ਚਾਹੀਦਾ ਹੈ। ਇਸ ਚਾਹਤ ਨੂੰ ਸਰਬ ਇੱਛਾ ਨਾਲ ਸਵੀਕਾਰ ਕੀਤਾ ਜਾਂਦਾ ਰਿਹਾ ਹੈ।

ਔਰਤ ਤੋਂ ਇਹ ਕਾਮਨਾ ਵੀ ਕੀਤੀ ਜਾਂਦੀ ਹੈ ਕਿ ਉਹ 'ਚੰਗੀ ਮਾਂ' ਬਣੇ। ਇਸ ਚੰਗੀ ਮਾਂ ਦੇ ਕੀ ਗੁਣ ਹੁੰਦੇ ਹਨ ਜਾਂ ਇਸ ਦੀ ਕੀ ਵਿਸ਼ੇਸ਼ਤਾ ਹੁੰਦੀ ਹੈ, ਇਸ ਬਾਰੇ ਸਾਰੇ ਇਕਮਤ ਨਹੀਂ ਹਨ। ਆਪਣੇ ਮਹਾਨ ਗੁਰੂਆਂ, ਪੈਗੰਬਰਾਂ ਜਾਂ ਹੋਰ ਮਹਾਨ ਸ਼ਖ਼ਸੀਅਤਾਂ ਦਾ ਜ਼ਿਕਰ ਕਰਦੇ ਹੋਏ ਹਮੇਸ਼ਾਂ ਉਨ੍ਹਾਂ ਦੀ ਮਾਂ ਵਲੋਂ ਦਿੱਤੀ ਗਈ ਬਚਪਨ ਦੀ ਸਿੱਖਿਆ, ਕਥਾਵਾਂ ਜਾਂ ਉਸ ਦੀ ਸ਼ਖ਼ਸੀਅਤ ਦੇ ਪ੍ਰਭਾਵ ਬਾਰੇ ਅਸੀਂ ਜ਼ਰੂਰ ਗੱਲ ਕਰਦੇ ਹਾਂ। ਪਰ ਆਪਣੇ ਸਮਾਜਕ ਵਰਤਾਰਿਆਂ ਅਧੀਨ ਔਲਾਦ ਦੇ ਵਿਗੜ ਜਾਣ ਦਾ ਸਾਰਾ ਦੋਸ਼ ਮਾਂ ਉਤੇ ਹੀ ਮੜ੍ਹਿਆ ਜਾਂਦਾ ਹੈ ਤੇ ਗੁਣੀ ਤੇ ਕਾਬਿਲ ਹੋਣ ਦੀ ਨਿਸ਼ਾਨਦੇਹੀ ਬਾਪ ਦੇ ਨਾਂ ਨਾਲ ਕੀਤੀ ਜਾਂਦੀ ਹੈ।

ਉਪਰੋਕਤ ਚਰਚਾ ਵਿੱਚ ਅਸੀਂ ਇਸਤਰੀ ਦੇ ਮਾਂ ਬਣਨ ਦੇ ਅਧਿਕਾਰ ਤੇ ਉਸ ਉਤੇ ਥੋਪੇ ਜਾਂਦੇ ਲਿੰਗ-ਪਰੀਖਣਾਂ ਕਾਰਣ ਮਾਦਾ ਭਰੂਣ ਹੱਤਿਆ ਸੰਬੰਧੀ ਵੀ ਚਰਚਾ ਕੀਤੀ। ਭਾਵੇਂ ਇਨ੍ਹਾਂ ਪਰੀਖਣਾਂ ਨਾਲ ਲਿੰਗ-ਸਤੁੰਲਨ ਵਿਗੜ ਗਿਆ ਤੇ ਹੋਰ ਵੀ ਕਈ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਅਸੀਂ **ਇੱਥੇ ਪੰਜਾਬੀ ਕਹਾਣੀ ਵਿੱਚ ਮਾਂ-ਧੀ ਦੇ ਰਿਸ਼ਤੇ ਨੂੰ ਲੈ ਕੇ ਕਿਸ ਤਰ੍ਹਾਂ ਦੀਆਂ ਕਹਾਣੀਆਂ ਰਚੀਆਂ ਗਈਆਂ**, ਉਨ੍ਹਾਂ ਦੀ ਚਰਚਾ ਕਰਾਂਗੇ। ਉਸ ਨੇੜਲੇ ਰਿਸ਼ਤੇ ਵਿਚੋਂ ਵੀ ਕਈ ਵਾਰ ਬੜੀ ਦੂਰੀ ਤੇ ਨਫ਼ਰਤ ਦਾ ਅਹਿਸਾਸ ਹੁੰਦਾ ਹੈ। ਬਹੁਤ ਕੁਝ ਹਾਲਤਾਂ ਉਤੇ ਨਿਰਭਰ ਕਰਦਾ ਹੈ, ਫਿਰ ਬੰਦੇ ਦਾ ਆਪਣਾ ਕਿਰਦਾਰ ਤੇ ਸੁਭਾ ਵੀ ਇਸ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ।

ਪਰੰਪਰਕ ਤੌਰ ਤੇ ਮਾਂ-ਧੀ ਨੂੰ ਅਤਿਅੰਤ ਨੇੜਲੇ ਰਿਸ਼ਤਿਆਂ ਵਿਚੋਂ ਇਕ ਮੰਨਿਆ ਗਿਆ ਹੈ। ਮਾਂ-ਧੀ ਇਕ-ਦੂਜੇ ਦੀਆਂ ਸਭ ਤੋਂ ਵੱਡੀਆਂ ਰਾਜ਼ਦਾਰ ਹੁੰਦੀਆਂ ਹਨ। ਮਾਂ ਆਪਣੀਆਂ ਆਸ਼ਾਵਾਂ ਤੇ ਇੱਛਾਵਾਂ ਨੂੰ ਧੀ ਦੇ ਰੂਪ ਵਿੱਚ ਪੂਰਾ ਹੁੰਦੇ ਦੇਖਣਾ ਚਾਹੁੰਦੀ ਹੈ। ਧੀ ਵੀ ਮਾਂ ਦੀ ਹਰ ਇੱਛਾ ਪੂਰਾ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੀ ਹੈ। ਪਰ ਹਮੇਸ਼ਾ ਇੰਜ ਹੀ ਨਹੀਂ ਹੁੰਦਾ ਤੇ ਨਾ ਹੀ ਇੰਜ ਹੁੰਦਾ ਆਇਆ ਹੈ। ਵਕਤ ਦੇ ਬਦਲਦੇ ਸਰੋਕਾਰਾਂ ਦਾ ਪ੍ਰਭਾਵ ਹਰ ਰਿਸ਼ਤੇ ਨੂੰ ਤਬਦੀਲ ਕਰ ਦੇਂਦਾ ਹੈ। ਅਨੇਕ ਵਾਰ ਅਜਿਹਾ ਜਾਣੇ-ਅਣਜਾਣੇ ਵੀ ਹੋ ਜਾਂਦਾ ਹੈ ਤੇ ਕਈ ਵਾਰ ਅਚੇਤ ਜਾਂ ਸੁਚੇਤ ਪੱਧਰ ਤੇ ਵੀ।

ਜ਼ਿਆਦਾਤਰ ਸਾਹਿਤ ਵਿੱਚ ਮਾਂ ਦਾ ਪਰੰਪਰਕ ਰੂਪ ਹੀ ਚਿਤਰਿਆ ਜਾਂਦਾ ਹੈ। ਮਮਤਾਮਈ, ਤਿਆਗਮਈ, ਬਲੀਦਾਨ ਨਾਲ ਭਰੀ ਤੇ ਪਿਆਰ-ਸਨੇਹ ਨਾਲ ਭਰਪੂਰ। ਪਰ ਸਾਹਿਤ ਵਿੱਚ ਅਜਿਹੀਆਂ ਵੀ ਕਈ ਰਚਨਾਵਾਂ ਮਿਲਦੀਆਂ ਹਨ, ਜੋ ਪਰੰਪਰਕ ਤੇ ਸਨਾਤਨੀ ਸਰੂਪ ਤੋਂ ਹੱਟ ਕੇ, ਜੀਵਨ ਵਿੱਚ ਵਾਪਰਦੀਆਂ ਹੋਰ ਘਟਨਾਵਾਂ ਦੀ ਸਾਖ਼ੀ ਭਰਦੀਆਂ ਹਨ। ਸਾਡਾ ਮੰਤਵ ਪੰਜਾਬੀ ਦੀਆਂ ਕੁਝ ਉਨ੍ਹਾਂ ਕਹਾਣੀਆਂ ਦੀ ਚਰਚਾ ਕਰਨਾ ਹੈ, ਜੋ ਮਾਂ-ਧੀ ਦੇ ਸਭ ਤੋਂ ਨਿੱਘੇ, ਸਭ ਤੋਂ ਨੇੜਲੇ ਤੇ ਸਭ ਤੋਂ ਵੱਧ ਰਾਜ਼ਦਾਰੀ ਵਾਲੇ ਰਿਸ਼ਤੇ ਵਿੱਚ ਵੀ ਮਾਂ-ਧੀ ਦੇ ਆਪਸੀ ਰਿਸ਼ਤੇ ਦੇ ਵੱਖ-ਵੱਖ ਪਹਿਲੂ ਤੇ ਅਜਿਹੇ ਕਿਰਦਾਰ ਤੇ ਰੂਪ ਵਿਖਾਉਂਦੀਆਂ ਹਨ, ਜੋ ਪਰੰਪਰਕ ਸੁਭਾ ਤੋਂ ਕਾਫੀ ਹੱਟ ਕੇ ਹਨ।

**ਬਲਵੰਤ ਗਾਰਗੀ**, **'ਮਾਂ ਦੀ ਇੱਛਾ'** ਨਾਮਕ ਕਹਾਣੀ ਵਿੱਚ ਮਾਂ ਦੇ ਉਸ ਚਰਿਤਰ ਨੂੰ ਪੇਸ਼ ਕਰਦਾ ਹੈ, ਜੋ ਧੀ ਦੇ ਰੂਪ ਵਿੱਚ ਆਪਣੇ ਦੇਖੇ ਸੁਫ਼ਨਿਆਂ ਤੇ ਅਧੂਰੀਆਂ ਇੱਛਾਵਾਂ ਨੂੰ ਪੂਰਾ ਹੁੰਦੇ ਦੇਖਣਾ ਚਾਹੁੰਦੀ ਹੈ। ਕੁੜੀ ਸੰਗੀਤ ਸਿੱਖਣਾ ਚਾਹੁੰਦੀ ਹੈ ਤੇ ਮਾਂ ਪੜ੍ਹਾਈ ਉਤੇ ਜ਼ੋਰ ਦੇਂਦੀ ਹੈ, ਕਿਉਂਕਿ ਉਸ ਨੂੰ ਪੜ੍ਹਾਈ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ ਸੀ। ਇਸ ਕਹਾਣੀ ਵਿੱਚ ਬਲਵੰਤ ਗਾਰਗੀ ਅਜਿਹੀਆਂ ਕਈ ਮਾਵਾਂ ਦਾ ਜ਼ਿਕਰ ਕਰਦਾ ਹੈ, ਜੋ ਆਪਣੀ ਅਧੂਰੀ ਰਹਿ ਗਈ ਇੱਛਾ ਨੂੰ ਆਪਣੀ ਧੀ ਰਾਹੀਂ ਪੂਰਾ ਹੁੰਦੇ ਦੇਖਣਾ ਚਾਹੁੰਦੀ ਹੈ। ਆਪਣੇ ਸਮੇਂ ਵਿੱਚ ਜੇ ਉਹ ਡਾਂਸ ਸਿੱਖਣਾ ਚਾਹੁੰਦੀ ਸੀ ਤਾਂ ਮਾਂ ਸੰਗੀਤ ਨੇ ਜ਼ੋਰ ਸੰਗੀਤ ਉਤੇ ਦਿੱਤਾ, ਕਿਉਂਕਿ ਉਸ ਦਾ ਆਪਣਾ ਲਗਾਓ ਸੰਗੀਤ ਨਾਲ ਰਿਹਾ। ਕਹਾਣੀ ਦਰਸਾਉਂਦੀ ਹੈ ਕਿ ਹਰੇਕ ਔਰਤ ਮਾਂ ਬਣਦੇ ਹੀ ਇਹ ਭੁੱਲ ਜਾਂਦੀ ਹੈ ਕਿ ਉਸ ਦੀ ਧੀ ਦੀ ਆਪਣੀ ਕੋਈ ਇੱਛਾ ਵੀ ਹੋ ਸਕਦੀ ਹੈ।

ਉਹ ਉਸ ਦੀ ਧੀ ਹੈ, ਇਸ ਕਰਕੇ ਮਾਂ ਦੀ ਹਰ ਇੱਛਾ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਉਸ ਉਤੇ ਹੈ।ਮਾਂ ਦੀ ਗੱਲ ਉਤੇ ਪੂਰਾ ਉਤਰਨਾ ਉਸ ਦਾ ਫ਼ਰਜ਼ ਬਣਦਾ ਹੈ।ਮਾਂ ਨੂੰ ਇਹ ਯਾਦ ਨਹੀਂ ਰਹਿੰਦਾ ਕਿ ਜਦੋਂ ਉਹ ਧੀ ਸੀ, ਉਸ ਦੀ ਮਾਂ ਨੇ ਉਸ ਉਤੇ ਆਪਣੀ ਇੱਛਾ ਨੂੰ ਥੋਪਿਆ।ਮਾਂ ਬਣਦੇ ਹੀ ਉਹ ਇਹ ਸਭ ਭੁੱਲ ਕੇ ਆਪ ਵੀ ਉਹੀ ਵਰਤਾਰਾ ਕਰਨ ਲੱਗਦੀ ਹੈ।

ਜਦੋਂ ਕੁੜੀਆਂ ਨੇ ਵਿਦਿਆ ਪ੍ਰਾਪਤੀ ਲਈ ਕਦਮ ਵਧਾਏ ਤੇ ਹੋਣ ਕਈ ਕਲਾਵਾਂ ਸਿੱਖਣ ਲੱਗੀਆਂ ਤਾਂ ਵਿਆਹ ਤੋਂ ਪਹਿਲਾ ਉਹ ਉਸ ਨੂੰ ਮੁਕਾਮ ਉਤੇ ਨਹੀਂ ਲਿਜਾ ਸਕੀਆਂ।ਅਧੂਰੀਆਂ ਰਹਿ ਗਈਆਂ ਇੱਛਾਵਾਂ ਨੂੰ ਉਹ ਆਪਣੀ ਧੀ ਦੇ ਰੂਪ ਵਿੱਚ ਪੂਰਾ ਕਰਨ ਦਾ ਸੁਫ਼ਨਾ ਦੇਖਣ ਲੱਗਦੀਆਂ।ਆਮ ਤੌਰ ਤੇ ਮਾਨਤਾ ਇਹੀ ਰਹੀ ਕਿ ਵਿਆਹ ਹੋ ਜਾਣ ਮਗਰੋਂ ਵਿਆਹੁਤਾ ਇਸਤਰੀ ਨੂੰ ਨਾ ਸੁਫ਼ਨੇ ਦੇਖਣ ਦਾ ਅਧਿਕਾਰ ਰਹਿ ਜਾਂਦਾ ਹੈ ਤੇ ਨਾ ਹੀ ਕੋਈ ਹੋਰ ਇੱਛਾ। ਵਿਆਹ ਮਗਰੋਂ ਇਸਤਰੀ ਦੀ ਹਰ ਇੱਛਾ ਤੇ ਸੁਫ਼ਨਾ ਪਤੀ, ਸਹੁਰੇ ਘਰ ਤੇ ਫਿਰ ਬੱਚਿਆਂ ਦੇ ਆਲੇ-ਦੁਆਲੇ ਦਾ ਹੀ ਰਹਿ ਜਾਂਦਾ ਹੈ। ਵਿਆਹ ਤੋਂ ਪਹਿਲਾ ਮਾਪੇ ਕਹਿੰਦੇ ਹਨ, ਤੂੰ ਜੋ ਵੀ ਕਰਨਾ ਹੈ, 'ਆਪਣੇ ਘਰ' ਜਾ ਕੇ ਕਰੀਂ। ਵਿਆਹ ਤੋਂ ਬਾਦ ਸਹੁਰੇ ਘਰ ਦੀ ਜ਼ਿੰਮੇਵਾਰੀ ਉਸ ਉਤੇ ਐਨੀ ਹਾਵੀ ਰਹਿੰਦੀ ਹੈ ਕਿ ਉਸ ਦੀ ਆਪਣੀ ਹੋਂਦ ਵੰਡੀ ਜਾਂਦੀ ਹੈ।ਮੁੰਡੇ ਉਤੇ ਪਰਿਵਾਰ ਤੇ ਮਾਂ ਦਾ ਹੱਕ ਰਾਖਵਾਂ ਹੁੰਦਾ ਹੈ। ਵਿਆਹੇ ਪੁੱਤਰ ਨੇ ਮਾਂ ਦੇ ਦੁੱਧ ਦਾ ਕਰਜ਼ ਵੀ ਲਾਹੁਣਾ ਹੁੰਦਾ ਹੈ, ਇਸ ਕਰਕੇ ਉਸ ਦੀ ਵਿਆਹੁਤਾ ਬੀਵੀ ਨੂੰ ਪਤੀ ਦੀ ਜ਼ਿੰਮੇਵਾਰੀ ਦਾ ਬਹੁਤਾ ਹਿੱਸਾ ਵੰਡਾਉਣਾ ਪੈਂਦਾ ਹੈ।ਅਜਿਹੇ ਹਾਲਾਤ ਵਿੱਚ ਮਾਂ ਦਾ ਹੱਕ ਆਪਣੀ ਜੰਮੀ ਧੀ ਉਤੇ ਬਹੁਤਾ ਰਹਿੰਦਾ ਹੈ ਤੇ ਉਹ ਮੌਕਾ ਮਿਲਦੇ ਹੀ ਆਪਣੀਆਂ ਇੱਛਾਵਾਂ ਦਾ ਭਾਰ ਧੀ ਉਤੇ ਪਾ ਦੇਂਦੀ ਹੈ। ਉਦੋਂ ਉਹ ਇਹ ਗੱਲ ਬਿਲਕੁਲ ਹੀ ਭੁੱਲ ਜਾਂਦੀ ਹੈ ਕਿ ਧੀ ਦੀ ਆਪਣੀ ਹੋਂਦ ਹੈ।ਮਾਂ ਹੋਣ ਦੇ ਨਾਤੇ ਉਸ ਉਤੇ ਧੀ ਦੀ ਇੱਛਾ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਵਧੇਰੇ ਬਣਦੀ ਹੈ।

ਬਲਵੰਤ ਗਾਰਗੀ ਦੀ ਕਹਾਣੀ ਮਾਂ ਦੇ ਉਸ ਚਰਿੱਤਰ ਨੂੰ ਪੇਸ਼ ਕਰਦੀ ਹੈ, ਜਿਸ ਵਿੱਚ ਉਸ ਨੇ ਘਟੋ-ਘੱਟ ਸੁਫ਼ਨੇ ਦੇਖਣੇ ਤਾਂ ਸ਼ੁਰੂ ਕੀਤੇ।ਉਨ੍ਹਾਂ ਦੀ ਪੂਰਤੀ ਨਾ ਹੋਣ ਤੇ ਆਪਣੀ ਜਾਈਂ ਧੀ ਨੂੰ ਸਭ ਰਿਸ਼ਤੇ ਤੋਂ ਵੱਧ ਨੇੜਾ ਸਮਝਦੇ ਹੋਏ ਉਸ ਸੁਫ਼ਨੇ ਨੂੰ ਅਸਲੀਅਤ ਵਿੱਚ ਬਦਲਦੇ ਦੇਖਣ ਦਾ ਹੀਆ ਤਦੇ ਹੀ ਮਾਂ ਅੰਦਰ ਪੈਦਾ ਹੋਇਆ। ਦੂਜੇ ਪਾਸੇ ਧੀ ਮਾਂ ਦਾ ਪ੍ਰਤੀਰੂਪ ਹੁੰਦੀ ਹੈ।ਮਾਂ ਵਾਂਗ ਹੀ ਸੋਚਦੀ ਤੇ ਮਾਂ ਬਣ ਕੇ ਆਪਣੀ ਮਾਂ ਵਾਂਗ ਹੀ ਵਰਤਾਰਾ ਕਰਦੀ ਹੈ। ਇਹ ਕਹਾਣੀ ਮਾਂ-ਧੀ ਦੇ ਪਰੰਪਰਕ ਰੂਪ, ਧੀ ਦੇ ਮਾਂ ਦੇ ਪ੍ਰਤੀਰੂਪ ਅਤੇ ਮਾਂ ਦੇ ਧੀ ਉੱਪਰ ਜ਼ੋਰ ਤੇ ਧੀ ਉਤੇ ਮਾਂ ਦੀ ਜ਼ਿੰਮੇਵਾਰੀ ਨਿਭਾਉਣ ਦੇ ਭਾਰ ਨੂੰ ਬਖੂਬੀ ਬਿਆਨ ਕਰਦੀ ਹੈ। ਇਸ ਕਹਾਣੀ ਤੋਂ ਮਾਂ-ਧੀ ਦੇ ਨੇੜਲੇ ਰਿਸ਼ਤੇ ਤੇ ਇਕੋ ਜਿਹੀ ਸੋਚ ਹੋਣ ਦਾ ਪਤਾ ਲੱਗਦਾ ਹੈ।

ਪੰਜਾਬੀ ਕਹਾਣੀ ਸਮੇਂ ਦੇ ਦੌਰ ਵਿੱਚ ਨਾਲ ਬਦਲਦੀ ਗਈ ਤਾਂ ਮਾਂ-ਧੀ ਦਾ ਰਿਸ਼ਤਾ ਵੀ ਬਦਲਦਾ ਗਿਆ। ਕਦੇ ਧੀ ਮਾਂ ਤੋਂ ਡਰਦੀ ਹੁੰਦੀ ਸੀ, ਪਰ ਅੱਜ ਮੂੰਹ ਜ਼ੋਰ ਧੀ ਤੋਂ ਮਾਂ ਨੂੰ ਡਰਨਾ ਪੈਂਦਾ ਹੈ। **ਕੁਲਵੰਤ ਸਿੰਘ ਵਿਰਕ** ਆਪਣੀ **ਘੁੰਡ** ਨਾਮਕ ਕਹਾਣੀ ਦਾ ਅਰੰਭ ਹੀ ਇਸ ਵਾਕ ਤੋਂ ਕਰਦਾ ਹੈ,

*"ਕੁੜੀ ਬੜੀ ਮੂੰਹਜ਼ੋਰ ਸੀ। ਜੇ ਘੋੜੀ ਮੂੰਹਜ਼ੋਰ ਹੋਵੇ ਤਾਂ ਉਹ ਕੰਡਿਆਲੇ ਅਤੇ ਸਵਾਰ ਦੀ ਕੋਈ ਪਰਵਾਹ ਨਹੀਂ ਕਰਦੀ। ਭੱਜੀ ਹੋਈ ਖਲ੍ਹਾਰਿਆ ਖਲੋਂਦੀ ਨਹੀਂ ਤੇ ਕਿਸੇ ਪਾਸੇ ਮੋੜਿਆਂ ਮੁੜਦੀ ਨਹੀਂ। ਪਰ ਕੁੜੀ ਲਈ ਨਾ ਕੋਈ ਕੰਡਿਆਲਾ ਸੀ ਤੇ ਨਾ ਕੋਈ ਸਵਾਰ। ਬਸ ਇੱਕਲੀ ਮਾਂ ਹੀ ਮਾਂ ਸੀ, ਵਿਚਾਰੀ ਬੁੱਢੀ ਮਾਂ!"*

ਇੱਥੇ ਧੀ ਜ਼ਬਰਦਸਤ ਹੈ ਤੇ ਮਾਂ ਇੱਕਲੀ, ਵਿਚਾਰੀ ਤੇ ਬੁੱਢੀ ਹੈ। ਇਸ ਇੱਕਲੀ ਤੇ ਵਿਚਾਰੀ ਮਾਂ ਉਤੇ ਧੀ ਹਾਵੀ ਹੈ, ਕਿਉਂਕਿ ਸੁਭਾ ਪੱਖੋਂ ਉਹ ਮੂੰਹਜ਼ੋਰ ਹੈ ਤੇ ਆਰਥਕ ਪੱਖੋਂ ਆਪਣੇ ਪੈਰਾਂ ਤੇ ਖੜੀ ਹੈ। ਉਹ ਦਫ਼ਤਰ ਵਿੱਚ ਕੰਮ ਕਰਦੀ ਹੈ ਤੇ ਉਸ ਨੂੰ ਸਰਕਾਰੀ ਮਕਾਨ ਵੀ ਮਿਲਿਆ ਹੋਇਆ ਹੈ। ਇੱਥੇ ਮਾਂ, ਧੀ ਉਤੇ ਨਿਰਭਰ ਹੈ।ਧੀ ਦਾ ਘਰ-ਬਾਰ ਵਿੱਚ ਪੂਰਾ ਰੋਬ੍ਹ ਹੈ।ਮਾਂ, ਧੀ ਦੇ ਡਾਢੇ ਸੁਭਾ ਤੋਂ ਜਾਣੂ ਹੈ।ਖ਼ੁਦਮੁਖਤਾਰ ਹੋਣ ਕਾਰਣ ਧੀ ਨੂੰ ਮਾਂ ਤੋਂ ਕਿਸੇ ਤਰ੍ਹਾਂ ਦਾ ਕੋਈ ਡਰ ਜਾਂ ਦਬਾਅ ਨਹੀਂ ।ਉਹ ਜੋ ਚਾਹੇ ਮਨ-ਮਰਜ਼ੀ ਨਾਲ ਕਰਨ



ਲਈ ਸੁਤੰਤਰ ਹੈ ।ਉਸ ਨੂੰ, ਕਿਸੇ ਕੰਮ ਲਈ ਮਾਂ ਤੋਂ ਇਜਾਜ਼ਤ ਲੈਣ ਦੀ ਕੋਈ ਲੋੜ ਮਹਿਸੂਸ ਨਹੀਂ ਹੁੰਦੀ। ਆਪਣੇ ਇਸ ਆਪਹੁਦਰੇਪਨ ਕਾਰਣ ਉਹ ਦਫ਼ਤਰ ਦੇ ਇਕ ਮੁੰਡੇ ਨੂੰ ਘਰ ਲਿਆਉਣ ਲੱਗ ਪਈ।ਮਾਂ ਨੇ ਧੀ ਨੂੰ ਸਮਝਾਉਣਾ ਚਾਹਿਆ, ਸਮਾਜ ਦੀ ਉੱਚ-ਨੀਚ ਦੱਸਣੀ ਚਾਹੀ ਪਰ ਧੀ ਦੇ ਡਾਢੇ ਸੁਭਾ ਕਾਰਣ ਮਾਂ ਦੀ ਕਿਸੇ ਗੱਲ, ਕਿਸੇ ਨਸੀਹਤ ਦਾ ਉਸ ਉਤੇ ਕੋਈ ਅਸਰ ਨਾ ਹੋਇਆ।

ਇਕ ਦਿਨ ਮਾਂ ਦੇ ਘਰ ਨਾ ਹੋਣ ਦਾ ਫਾਇਦਾ ਉਸ ਕੁੜੀ ਤੇ ਦੋਸਤ ਮੁੰਡੇ ਨੇ ਚੁੱਕਿਆ।ਮਾਂ ਨੇ ਬਾਰੀ ਵਿਚੋਂ ਦੇਖਿਆ,

*"ਦੇਖ ਕੇ ਉਹ ਕੰਬ ਗਈ। ਮੁੰਡੇ ਨੇ ਕੁੜੀ ਦੀਆਂ ਦੋਹਾਂ ਗਲ੍ਹਾਂ ਨੂੰ ਆਪਣੀ ਤਲੀ ਵਿੱਚ ਪੋਲਾ ਜਿਹਾ ਫੜਿਆ ਹੋਇਆ ਸੀ ਤੇ ਪਲੋਸ ਰਿਹਾ ਸੀ। ਉਹ ਅੰਦਰ ਕਿਸ ਤਰ੍ਹਾਂ ਜਾਏ ? ਬਾਹਰ ਹੀ ਬੈਠ ਗਈ, ਕਿੱਥੋਂ ਉੱਠ ਕੇ ਗਈ ਸੀ।"*

———

*ਮਾਂ ਨੂੰ ਹੁਣ ਬੜੇ ਜ਼ੋਰ ਦਾ ਪਿਸ਼ਾਬ ਆ ਗਿਆ। ਉਸ ਨੇ ਕੁਝ ਦੇਰ ਇੰਤਜ਼ਾਰ ਕਰਨ ਬਾਰੇ ਸੋਚਿਆ ।ਫਿਰ ਸੋਚਿਆ, ਕਿਸੇ ਗੁਆਂਢੀ ਦੇ ਘਰ ਜਾ ਕੇ ਪਿਸ਼ਾਬ ਕਰ ਆਵੇ। ਪਰ ਇੰਝ ਕਰਨ ਤੇ ਗਵਾਂਢੀ ਕੀ ਸੋਚਣਗੇ, ਉਹ ਆਪਣੇ ਘਰ ਅੰਦਰ ਕਿਉਂ ਨਹੀਂ ਜਾ ਰਹੀ ? ਫਿਰ ਉਹ ਕੀ ਕਰੇ ?*

*"ਉਸ ਨੂੰ ਖ਼ਿਆਲ ਆਇਆ, ਪਿੰਡ ਵਿੱਚ ਜਦੋਂ ਉਹ ਭੱਤਾ ਲੈ ਕੇ ਜਾ ਰਹੀ ਹੁੰਦੀ ਤਾਂ ਰਾਹ ਵਿੱਚ ਬਾਹਰ ਕਈ ਵਾਰ ਉਸ ਨੂੰ ਕਿਸੇ ਕੋਝੇ ਦ੍ਰਿਸ਼ ਕੋਲੋਂ ਲੰਘਣਾ ਪੈਂਦਾ ।ਕਿੱਧਰੇ ਸੜਕ ਨੇੜੇ ਕੋਈ ਬੰਦਾ ਜੰਗਲ ਬੈਠਾ ਹੁੰਦਾ। ਕੋਈ ਕੁੱਤਾ-ਕੁੱਤੀ ਇਕ-ਦੂਜੇ ਦੇ ਨੇੜੇ ਹੁੰਦੇ। ਅਜਿਹੇ ਮੌਕਿਆਂ ਤੇ ਉਹ ਆਪਣੇ ਦੁੱਪਟੇ ਨਾਲ ਲੰਮਾ ਸਾਰਾ ਘੁੰਡ ਕੱਢ ਕੇ ਅਤੇ ਨੀਵੀਂ ਨਜ਼ਰ ਕਰ ਕੇ ਰਾਹੇ ਲੰਘ ਜਾਂਦੀ। ਹੁਣ ਵੀ ਉਸ ਨੇ ਆਪਣਾ ਦੁੱਪਟਾ ਠੀਕ ਕੀਤਾ, ਲੰਮਾ ਸਾਰਾ ਘੁੰਡ ਕੱਢਿਆ ਅਤੇ ਮੁੰਡੇ-ਕੁੜੀ ਦੇ ਕੋਲੋਂ ਦੀ ਪਿਸ਼ਾਬ ਕਰਨ ਲਈ ਅੰਦਰ ਲੰਘ ਗਈ।"*

ਇਕ ਮਾਂ ਆਪਣੀਆਂ ਅੱਖਾਂ ਸਾਹਮਣੇ ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਉਸ ਦੀ ਕੁੰਵਾਰੀ ਧੀ, ਕਿਸੇ ਜਵਾਨ ਮੁੰਡੇ ਨਾਲ ਘਰ ਬੈਠ ਕੇ ਐਨੀ ਨੇੜਤਾ ਵਾਲਾ ਵਰਤਾਰਾ ਕਰੇ ।(ਇਹ ਕਹਾਣੀ ਵੀਹਵੀਂ ਸਦੀ ਦੇ ਅੱਧ ਵਿਚਾਲੇ ਦੀ ਹੈ, ਜਦੋਂ ਵਿਆਹ ਤੋਂ ਪਹਿਲਾ ਜਵਾਨ ਕੁੜੀ- ਮੁੰਡਾ ਘਰਾਂ ਵਿੱਚ ਬੈਠ ਕੇ ਐਨੀ ਨੇੜਤਾ ਨਾਲ ਇਕ-ਦੂਜੇ ਨੂੰ ਛੂੰਹਣ ਦਾ ਹੀਂਆ ਨਹੀਂ ਕਰ ਸਕਦੇ ਸਨ।) ਜਿਸ ਨੂੰ ਸਮਾਜ ਵਿਆਹ ਤੋਂ ਪਹਿਲਾ ਕਦੇ ਮਾਨਤਾ ਨਹੀਂ ਦੇਂਦਾ। ਉਂਜ ਵੀ ਅਜਿਹਾ ਵਰਤਾਰਾ ਕਿਸੇ ਦੂਜੇ ਦੇ ਸਾਹਮਣੇ——, ਭਾਰਤੀ ਸੰਸਕਾਰਾਂ ਅਨੁਕੂਲ ਨਹੀਂ ਕਿਹਾ ਜਾਂਦਾ। ਇਸਤਰੀ-ਮਰਦ ਦੀ ਐਨੀ ਨੇੜਤਾ ਵਿਆਹ ਮਗਰੋਂ ਮਰਿਯਾਦਾ ਅਧੀਨ ਮੰਨੀ ਜਾਂਦੀ ਹੈ ਜਦਕਿ ਵਿਆਹ ਤੋਂ ਪਹਿਲਾ ਐਨੀ ਨੇੜਤਾ 'ਕੋਝਾ ਦ੍ਰਿਸ਼' ਤੇ 'ਬੇਸ਼ਰਮੀ' ਸਮਝੀ ਜਾਂਦੀ ਹੈ।

ਜਿੱਥੇ ਜ਼ੋਰ ਨਾ ਚਲੇ, ਉਥੇ ਮੂੰਹ ਲਪੇਟ ਕੇ ਨਿਕਲ ਜਾਣਾ ਹੀ ਬਿਹਤਰ ਹੁੰਦਾ ਹੈ। ਜਿਸ ਦ੍ਰਿਸ਼ ਨੂੰ ਦੇਖ ਕੇ ਬਰਦਾਸ਼ਤ ਕਰਨਾ ਔਖਾ ਹੋਵੇ, ਦੂਰ ਕਰਨ ਦਾ ਕੋਈ ਉਪਾ ਨਾ ਹੋਵੇ, ਉਥੋਂ ਪਰ੍ਹੇ ਹੱਟ ਜਾਣਾ ਹੀ ਸਹੀ ਜਾਪਦਾ ਹੈ। ਕਹਾਣੀ ਵਿਚਲੀ ਮਾਂ ਇਨ੍ਹਾਂ ਦੋਹਾਂ ਸਥਿਤੀਆਂ ਵਿਚੋਂ ਦੀ ਗੁਜ਼ਰਦੀ ਹੈ। ਨਾ ਉਹ ਧੀ ਨੂੰ ਕਿਸੇ ਮੁੰਡੇ ਦੇ ਐਨੇ ਨੇੜੇ ਦੇਖ ਸਕਦੀ ਹੈ ਤੇ ਨਾ ਹੀ ਧੀ ਨੂੰ ਇਸ ਕਰਤੂਤ ਲਈ ਡਾਂਟ-ਫਟਕਾਰ ਹੀ ਸਕਦੀ ਹੈ, ਕਿਉਂਕਿ ਡਾਢੀ ਧੀ ਉਤੇ ਇਸ ਦਾ ਕੋਈ ਅਸਰ ਹੋਣਾ ਹੀ ਨਹੀਂ। ਇਸ ਕੁਚੱਜੀ ਸਥਿਤੀ ਤੋਂ ਨਿਪਟਣ ਲਈ ਉਹ 'ਲੰਮੇ ਘੁੰਡ' ਦਾ ਸਹਾਰਾ ਲੈਂਦੀ ਹੈ ਤੇ ਉਨ੍ਹਾਂ ਦੀ ਨੇੜਤਾ ਦੀ ਅਵਹੇਲਨਾ ਕਰਕੇ ਨੇੜਿਓਂ ਦੀ ਨਿਕਲ ਜਾਂਦੀ ਹੈ। ਇੱਥੇ 'ਘੁੰਡ' ਉਹ ਓਹਲਾ ਹੈ, ਜਿਸ ਦਾ ਸਹਾਰਾ ਲੈ ਕੇ ਮਾਂ, ਧੀ ਦੇ ਕੁਚੱਜੇ, ਕੋਝੇ ਜਾਂ ਮੂੰਹ ਜ਼ੋਰ ਵਰਤਾਰੇ ਦੀ ਅਵਹੇਲਨਾ ਵੀ ਕਰਦੀ ਹੈ ਤੇ ਅਣਦੇਖਿਆ ਵੀ ਕਰਦੀ ਹੈ।

ਇਸ ਘੁੰਡ ਤੋਂ ਇਹ ਵੀ ਸਮਝਿਆ ਜਾ ਸਕਦਾ ਹੈ ਕਿ ਪੁਰਾਣੇ ਸਮੇਂ ਦੀਆਂ ਔਰਤਾਂ ਅਜੇ ਵੀ ਘੁੰਡ ਵਿੱਚ ਹਨ ਜਦਕਿ ਕੰਮ ਕਾਜੀ ਕੁੜੀਆਂ ਸ਼ਹਿਰਾਂ ਵਿੱਚ ਆਪਣੇ ਪੈਰਾਂ ਉਤੇ ਖੜੇ ਹੋਣ ਕਾਰਣ 'ਘੁੰਡ' ਤੋਂ

ਪਰ੍ਹੇ ਹੋ ਚੁੱਕੀਆਂ ਹਨ। ਘੁੰਡ ਸਥਿਤੀਆਂ ਦਾ ਸਾਹਮਣਾ ਨਾ ਕਰਨ ਦੀ ਕਮਜ਼ੋਰੀ ਦਾ ਲਖਾਇਕ ਬਣਦਾ ਹੈ, ਜੋ ਮਾਂ ਵਰਗ ਦੀ ਔਰਤ ਦਾ ਪ੍ਰਤੀਕ ਹੈ। ਕਹਾਣੀ ਆਧੁਨਿਕ ਪੀੜ੍ਹੀ ਦੀ ਧੀ ਦੇ ਰੂਪ ਵਿੱਚ ਆਪਣੇ ਫੈਸਲੇ ਆਪ ਕਰਨ ਵਾਲੀ, ਸਗੋਂ 'ਮੂੰਹ ਜ਼ੋਰ' ਮੁਟਿਆਰ ਦੀ ਆਮਦ ਦੀ ਦਸਤਕ ਦੇਂਦੀ ਹੈ, ਜੋ ਵਿਆਹ ਤੋਂ ਪਹਿਲਾ ਹੀ ਕਿਸੇ ਜਵਾਨ ਮੁੰਡੇ ਨਾਲ ਨੇੜਤਾ ਕਾਇਮ ਕਰ ਸਕਦੀ ਹੈ।ਅਜੋਕੇਂ ਸਮੇਂ ਵਿੱਚ ਇਹ ਗੱਲ ਹੁਣ ਕੋਈ ਬਹੁਤ ਵੱਡੀ ਨਹੀਂ ਰਹੀ। ਸੱਚ ਹੈ, ਸਾਹਿਤ ਵਿੱਚ ਅਕਸਰ ਆਉਣ ਵਾਲੇ ਸਮੇਂ ਦੀ ਦਸਤਕ ਹੀ ਨਹੀਂ, ਕਈ ਵਾਰ ਪੇਸ਼ੀਨਗੋਈ ਵੀ ਲੁਕੀ ਹੁੰਦੀ ਹੈ ਜਾਂ ਕਹਿ ਸਕਦੇ ਹਾਂ ਕਿ ਘਟੋ-ਘੱਟ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਮਾਂ-ਧੀ ਦਾ ਰਿਸ਼ਤਾ ਪੀੜ੍ਹੀ-ਦਰ-ਪੀੜ੍ਹੀ ਚਲਦਾ ਆਉਂਦਾ ਹੈ,ਇਸ ਵਿੱਚ ਉਨ੍ਹੀਵੀਂ ਸਦੀ ਦੇ ਅੱਧ ਤਕ ਕੋਈ ਬਹੁਤਾ ਬਦਲਾਵ ਨਹੀਂ ਦਿੱਸਦਾ। ਹਰ ਮਾਂ, ਧੀ ਨੂੰ ਬੇਗਾਨੇ ਘਰ ਜਾਣ, ਘਰ ਦੀ ਇੱਜ਼ਤ ਦਾ ਧਿਆਨ ਰੱਖਣ ਤੇ ਅੰਦਰ ਹੀ ਅੰਦਰ ਦਬ-ਘੁੱਟ ਕੇ ਰਹਿਣ ਦੀਆਂ ਸਮਝੌਤੀਆਂ ਦੇਂਦੀ ਨਜ਼ਰ ਆਉਂਦੀ ਹੈ। ਜੋ ਮਾਂ ਨੂੰ ਧੀ ਹੋਣ ਦੇ ਨਾਤੇ ਵਿਰਸੇ ਵਿੱਚ ਮਿਲਦਾ ਰਿਹਾ, ਉਹੀ ਵਿਰਸਾ ਉਸ ਨੇ ਆਪਣੀ ਧੀ ਨੂੰ ਸੌਂਪ ਦਿੱਤਾ। ਇਹ ਸਿਲਸਿਲਾ ਕਈ ਪੀੜ੍ਹੀਆਂ ਤੋਂ ਇੰਜ ਹੀ ਚਲਦਾ ਰਿਹਾ ਤੇ ਸ਼ਾਇਦ ਅਗਾਂਹ ਵੀ ਇਸ ਵਿੱਚ ਕੋਈ ਬਦਲਾਵ ਨਾ ਆਉਂਦਾ, ਜੇ ਅੱਗੇ ਵੱਧਦੀਆਂ ਧੀਆਂ ਇਸ ਚਲਦੇ ਆਉਂਦੇ ਵਿਰਸੇ ਤੇ ਵਤੀਰੇ ਤੇ ਰੋਕ ਨਾ ਲਾਉਂਦੀਆਂ। **ਪਰਵੇਜ਼ ਸੰਧੂ** ਦੀ ਕਹਾਣੀ **ਪੀੜ੍ਹੀ ਦਰ ਪੀੜ੍ਹੀ ਦੀ ਸੱਤ** ਸਾਲਾਂ ਦੀ ਧੀ ਨੇ ਜਦੋਂ ਆਪਣੇ ਮਾਂ-ਬਾਪ ਸਾਹਵੇਂ ਅਜਿਹੇ ਸਵਾਲਾਂ ਦੀ ਵਾਛੜ ਕਰ ਦਿੱਤੀ, ਜੋ ਪਰੰਪਰਾ ਤੋਂ ਇਕਦਮ ਵੱਖਰੇ ਹੀ ਨਹੀਂ ਸਗੋਂ ਕਹਿਣਾ ਚਾਹੀਦਾ ਹੈ ਕਿ ਵਿਸਫੋਟਕ ਸਨ ਕਿ ਕਹਾਣੀ ਵਿਚਲੀ ਮਾਂ ਦੇ ਪੈਰਾਂ ਹੇਠੋਂ ਜ਼ਮੀਨ ਹੀ ਨਿਕਲ ਗਈ।

ਕਹਾਣੀ ਵਿਚਲੀ ਮਾਂ ਪਿੰਡ ਵਿੱਚ ਜੰਮੀ-ਪਲੀ ਵਿਆਹ ਮਗਰੋਂ ਅਮਰੀਕਾ ਜਾ ਪਹੁੰਚੀ। ਹਾਲਾਂਕਿ ਪਿੰਡ ਰਹਿੰਦਿਆਂ ਮਾਂ ਤੇ ਤਾਈ ਵਲੋਂ ਸਮਝਾਈ ਜਾਂਦੀ ਹਰ ਗੱਲ ਨੂੰ ਭਾਵੇਂ ਸਹਿਜੇ ਸਵੀਕਾਰ ਨਹੀਂ ਕਰ ਸਕੀ। ਖੇਡਦੇ ਹੋਏ ਜਾਂ ਕਿਸੇ ਨਾਲ ਗੱਲਬਾਤ ਕਰਦਿਆਂ ਮਾਂ ਝੱਟ ਟੋਕ ਦੇਂਦੀ,

*"ਹੁਣ ਤੂੰ ਨਿਆਣੀ ਨਈਂ, ਗੁੱਡੀਆਂ ਦਾ ਖਹਿੜਾ ਛੱਡ., ਕੁਝ ਸਿਉਣਾ ਪਰੋਣਾ ਸਿੱਖ ਲੈ, ਕਲ੍ਹ ਨੂੰ ਬੇਗਾਨੇ ਘਰ ਜਾਣੈ।"*

*ਇਸ ਨਸੀਹਤਾਂ ਨਾਲ ਭਾਵੇਂ ਉਸ ਅੰਦਰ ਰੋਹ ਜਾਗਦਾ ਸੀ, ਪਰ ਬਗਾਵਤ, ਬੋਲਾਂ ਵਿੱਚ ਨਹੀਂ ਢੱਲਦੀ ਸੀ।*

*"ਮਾਂ ਦਾ ਵਾਰ-ਵਾਰ ਕਹਿਣਾ, "ਰੋਟੀ ਬਣਾਉਣੀ ਸਿੱਖ ਲੈ, ਬੇਗਾਨੇ ਕੀ ਕਹਿਣਗੇ ਮਾਂ ਕੋਈ ਕੰਮ ਨਹੀਂ ਸਿੱਖਇਆ।"*

*"ਧੀਆਂ ਤਾਂ ਬੇਗਾਨਾ ਧਨ ਹੁੰਦੀਆਂ ਆਪਣਾ ਘਰ ਤਾਂ ਕੁੜੀ ਦਾ ਉਹੀ ਹੁੰਦਾ, ਜਿੱਥੇ ਉਹ ਵਿਆਹੀ ਜਾਂਦੀ ਹੈ।"*

ਇਨ੍ਹਾਂ ਨਸੀਹਤਾਂ ਨੂੰ ਸੁਣ ਕੇ ਕਹਾਣੀ ਵਿਚਲੀ ਮਾਂ ਨੇ ਇਹ ਨਿਰਣਾ ਕੀਤਾ ਕਿ, "ਇਹ ਮੇਰੀ ਧੀ ਹੈ ..ਇਹ ਇਉਂ ਰਿਵਾਜਾਂ ਨੂੰ ਪੱਲ੍ਹੇ ਬੰਨ੍ਹ ਕੇ ਨਹੀਂ ਜੀਵੇਗੀ ਇਹ ਆਪਣੀ ਮਰਜ਼ੀ ਦੀ ਜ਼ਿੰਦਗੀ ਜਿਊਣ ਦੀ ਹੱਕਦਾਰ ਹੋਵੇਗੀ।"

ਆਪਣੀ ਸੱਤ ਸਾਲਾਂ ਦੀ ਧੀ ਸਾਵੀਨਾ ਲਈ ਲੱਕੜ ਦਾ ਛੋਟਾ ਘਰ ਤੋਹਫ਼ੇ ਵਿੱਚ ਦੇ ਕੇ ਉਹ 'ਮਾਂ' ਖੁਸ਼ ਹੈ ਕਿ ਉਸ ਨੇ ਆਪਣੀ ਧੀ ਨੂੰ ਇਕ ਘਰ ਦਿੱਤਾ ਹੈ, ਜਿਸ ਨੂੰ ਆਪ ਬਣਾ-ਸੰਵਾਰ ਕੇ ਰੱਖੇਗੀ।

ਸਾਵੀਨਾ ਆਪਣੇ ਭਰਾ ਨਾਲ ਇਸ ਗੱਲ ਤੇ ਲੜ ਪੈਂਦੀ ਹੈ, ਜਦੋਂ ਉਹ ਕਹਿੰਦਾ ਹੈ,

"ਦਿਸ ਇਜ਼ ਨਾਟ ਯੂਅਰ ਹੋਮ... ਦਿਸ ਇਜ਼ ਮਾਈ ਹਾਊਸ., ਯੁ ਹੈਵ ਟੂ ਸਟੇਅ ਵਿਦ ਯੂਅਰ ਹਸਬੈਂਡ।"

ਭਰਾ ਦੀ ਗੱਲ ਸੁਣ ਉਹ ਸੱਤ ਸਾਲਾਂ ਬੱਚੀ ਜਵਾਬ ਵਿੱਚ ਕਹਿੰਦੀ ਹੈ : "ਯੂ ਨੋ ਵੱਟ, ਜਦੋਂ ਮੈਂ ਵੱਡੀ



ਹੋ ਗਈ, ਮੈਂ ਬਹੁਤ ਕੰਮ ਕਰਾਂਗੀ.. ਆਈ ਵਿਲ ਵਰਕ ਹਾਰਡ..। ਫੇਰ ਮੈਂ ਆਪਣਾ ਘਰ ਆਪ ਖਰੀਦਾਂਗੀ। ਆਈ ਵਿੱਲ ਬਾਏ ਮਾਈ ਓਨ ਹਾਊਸ ਫੇਰ ਜੇ ਮੇਰੇ ਹਸਬੈਂਡ ਨੇ ਮੈਨੂੰ ਕੁਝ ਕਿਹਾ ਤਾਂ ਉਸ ਨੂੰ ਘਰੋਂ ਕੱਢ ਦਿਆਂਗੀ। ਆਈ ਵਿੱਲ ਕਿੱਕ ਹਿੰਮ ਆਊਟ ਔਫ ਮਾਈ ਹਾਊਸ!"

ਧੀ ਦੀ ਇਹ ਗੱਲ ਸੁਣ ਕਹਾਣੀ ਵਿਚਲੀ ਮਾਂ ਇਕਦਮ ਤ੍ਰਬਕ ਜਾਂਦੀ ਹੈ। ਉਹ ਆਪਣੀ ਧੀ ਨੂੰ ਮਜ਼ਬੂਤ ਬਣਾਉਣਾ ਚਾਹੁੰਦੀ ਹੈ। ਉਹ ਦਿਲੋਂ ਇਹ ਚਾਹੁੰਦੀ ਰਹੀ ਕਿ ਜੋ ਉਹ ਆਪ ਨਹੀਂ ਕਰ ਸਕੀ, ਉਸ ਦੀ ਧੀ ਕਰੇਗੀ। ਪਰ ਧੀ ਦਾ ਇਹ ਜਵਾਬ ਸੁਣਦੇ ਹੀ ਮਾਂ ਦਾ ਚਿਹਰਾ ਖੁਸ਼ੀ ਨਾਲ ਖਿੜਨ ਦੀ ਬਜਾਏ ਡਰ ਨਾਲ ਸਿਕੁੜ ਕਿਉਂ ਗਿਆ ? ਸ਼ਾਇਦ ਐਨੇ ਵੱਡੇ ਬਦਲਾਵ ਲਈ ਮਾਂ ਅਜੇ ਮਾਨਸਕ ਤੌਰ ਤੇ ਤਿਆਰ ਨਹੀਂ ਹੋਈ ਸੀ। ਧੀ ਆਪਣੀ ਮਰਜ਼ੀ ਜ਼ਰੂਰ ਕਰੇ, ਪਰ ਪਤੀ ਨੂੰ ਹੀ ਘਰੋਂ ਕੱਢ ਦੇਵੇੜ.ਇਹ ਗੱਲ ਉਸ ਮਾਂ ਦੇ ਸੰਸਕਾਰਾਂ ਨੂੰ ਵੀ ਸਵੀਕਾਰ ਨਹੀਂ। ਇਸੇ ਕਰ ਕੇ ਧੀ ਦੀ ਗੱਲ ਸੁਣ ਕੇ ਸਭ ਤੋਂ ਜ਼ਿਆਦਾ ਮਾਂ ਹੀ ਤ੍ਰਬਕਦੀ ਹੈ, ਕਿਉਂਕਿ ਉਸ ਨੂੰ ਬਚਪਨ ਵਿੱਚ ਖੇਡਦੀ ਆਪਣੀ ਧੀ ਦੇ ਤੇਵਰਾਂ ਦਾ ਆਭਾਸ ਹੋ ਗਿਆ ਸੀ ਕਿ ਆਉਣ ਵੇਲੇ ਸਮੇਂ ਵਿੱਚ ਬਹੁਤ ਕੁਝ ਉਲਟ-ਪਲਟ ਕਰ ਦੇਣ ਵਾਲਾ ਸਾਬਿਤ ਹੋ ਸਕਦਾ ਹੈ। ਇਸੇ ਕਰ ਕੇ ਮਾਂ ਦੇ ਚਿਹਰੇ ਉਤੇ ਖੁਸ਼ੀ ਦੀ ਥਾਂ ਉਤੇ ਡਰ ਫੈਲ ਗਿਆ ਦਿੱਸਦਾ ਹੈ।

ਬੱਚਿਆਂਲਈ ਉਨ੍ਹਾਂ ਦੇ ਆਦਰਸ਼ ਉਨ੍ਹਾਂ ਦੇ ਮਾਂ-ਬਾਪ ਹੁੰਦੇ ਹਨ। ਧੀਆਂ ਅਕਸਰ ਮਾਂ ਦਾ ਪ੍ਰਤੀਰੂਪ ਬਣਨਾ ਲੋਚਦੀਆਂ ਹਨ। ਪੜ੍ਹ-ਲਿਖ ਜਾਣ ਤੇ ਵੀ ਅਨੇਕਾਂ ਵਾਰ ਮੁਸ਼ਕਿਲ ਦੇ ਸਮੇਂ, ਜਦੋਂ ਕਿਸੇ ਸਮੱਸਿਆ ਵਿੱਚ ਘਿਰ ਜਾਣ ਤਾਂ ਉਨ੍ਹਾਂ ਦਾ ਇਕੋ ਇਕ ਸਹਾਰਾ ਮਾਂ ਹੀ ਹੁੰਦੀ ਹੈ।ਉਸ ਦੇ ਅਨੁਭਵ, ਉਸ ਦੀ ਸਿਆਣਪ, ਅਨਪੜ੍ਹ ਹੋਣ ਦੇ ਬਾਵਜੂਦ ਜ਼ਿੰਦਗੀ ਦੇ ਯਥਾਰਥ ਨੂੰ ਵੱਧ ਸੂਝ-ਬੂਝ ਨਾਲ ਨਜਿੱਠਣ ਦਾ ਮਾਦਾ ਰੱਖਦੀ ਹੈ।ਤਦੇ ਹੀ ਮਾਂ ਵੱਲ ਵਾਰ-ਵਾਰ ਪਲਟ ਕੇ ਦੇਖਣਾ ਕੋਈ ਅਣਹੋਣੀ ਗੱਲ ਨਹੀਂ। **ਜਿੰਦਰ ਦੀ ਕਹਾਣੀ 'ਹੁਣ ਤਕ'** ਮਾਂ ਦੇ ਇਸੇ ਰੂਪ ਦੀ ਸ਼ਾਹਦੀ ਭਰਦੀ ਹੈ।

ਪੀ. ਐਚ. ਡੀ. ਦਾ ਥੀਸਿਸ ਤਿਆਰ ਕਰਦੀ ਇਕ ਧੀ, ਉਸ ਵਿੱਚ ਸ਼ਾਮਿਲ ਇਕ ਚੈਪਟਰ 'ਇਕ ਔਰਤ' ਨੂੰ ਆਪਣੀ ਮਾਂ ਉਤੇ ਕੇਂਦਰਿਤ ਕਰਨ ਦਾ ਨਿਸ਼ਚਾ ਕਰਦੀ ਹੈ। ਹੁਣ ਉਹ ਆਪਣੀ ਮਾਂ ਨੂੰ ਪਹਿਲੇ ਤੋਂ ਵੱਧ ਘੋਖ ਕੇ ਦੇਖਣ ਤੇ ਜਾਂਚਣ ਲੱਗਦੀ ਹੈ। ਮਾਂ ਦੀਆਂ ਛੋਟੀਆਂ-ਛੋਟੀਆਂ ਗੱਲਾਂ, ਉਸ ਦੇ ਸ਼ੌਕ, ਉਸ ਦੇ ਗੀਤ, ਉਸ ਦੀ ਚੁੱਪੀ, ਪਤੀ ਨਾਲ ਰਿਸ਼ਤੇ ਵਿੱਚ ਇਕ ਠੰਡਾਪਨ ਆਦਿ ਦੇਖ ਧੀ, ਕਈ ਬਹਾਨਿਆਂ ਨਾਲ ਮਾਂ ਨੂੰ ਕੁਰੇਦ-ਕੁਰੇਦ ਕੇ ਗੱਲਾਂ ਪੁੱਛਦੀ ਹੈ। ਉਸ ਦੇ ਅਤੀਤ ਵਿੱਚ ਝਾਕਣ ਦਾ ਯਤਨ ਕਰਦੀ ਹੈ। ਆਪਣੀ ਮਾਸੀ ਤੇ ਹੋਰ ਕਈ ਰਿਸ਼ਤੇਦਾਰਾਂ ਤੋਂ ਮਾਂ ਦੇ ਸੁਭਾ, ਉਸ ਦੇ ਸ਼ੌਕਾਂ ਬਾਰੇ ਜਾਨਣ ਦਾ ਜਤਨ ਕਰਦੀ ਹੈ। ਬਹੁਤ ਕੁਝ ਪੁੱਛਣ ਤੇ ਵੀ ਮਾਂ ਖੁੱਲ੍ਹ ਕੇ ਗੱਲ ਨਹੀਂ ਕਰਦੀ, ਹਾਲਾਂਕਿ ਮਾਂ ਹੋਣ ਦੇ ਨਾਤੇ ਉਹ ਆਪਣੇ ਸਾਰੇ ਫ਼ਰਜ਼ ਬੜੀ ਮੁਸਤੈਦੀ ਨਾਲ ਨਿਭਾਉਂਦੀ ਹੈ।ਧੀ ਦੀ ਪੜ੍ਹਾਈ ਵਿੱਚ ਕੋਈ ਵਿਘਨ ਨਹੀਂ ਆਉਣ ਦੇਂਦੀ। ਪਤਨੀ ਦੇ ਫ਼ਰਜ਼ਾਂ ਵਿੱਚ ਵੀ ਕੋਈ ਕਮੀ ਨਹੀਂ। ਇਸ ਦੇ ਬਾਵਜੂਦ ਉਸ ਰਿਸ਼ਤੇ ਵਿੱਚ ਕੋਈ ਚਾਵ, ਕੋਈ ਗਰਮਜੋਸ਼ੀ ਨਜ਼ਰ ਨਹੀਂ ਆਉਂਦੀ।

ਰਿਸਰਚ ਕਰਦੀ ਧੀ ਦੀ ਖੋਜੀ ਨਜ਼ਰ ਮਾਂ ਦੀ ਚੁੱਪੀ ਦਾ ਰਾਜ਼ ਜਾਣ ਹੀ ਲੈਂਦੀ ਹੈ। ਮਾਂ ਦੇ ਕਮਰੇ ਵਿੱਚ ਲੱਗੀ, ਇਕ ਤਸਵੀਰ, ਜਿਸ ਹੇਠ ਲਿਖਿਆ ਹੈ,

'ਹੱਥੀਂ ਤੋਰੇ ਸੱਜਣਾਂ ਨੂੰ . ਨਾਲੇ ਯਾਦ ਕਰਾਂ ਨਾਲੇ ਰੋਵਾਂ।' ਇਹ ਗੀਤ ਗਾਉਂਦੇ ਹੀ ਮਾਂ ਰੋ ਪੈਂਦੀ। ਇਹ ਗੀਤ ਉਹ ਕਦੇ ਪੂਰਾ ਨਹੀਂ ਗਾ ਸਕੀ। ਉਸ ਦਾ ਕਾਲਜ ਦੀ ਪੜ੍ਹਾਈ ਨੂੰ ਵਿਚੇ ਹੀ ਛੱਡ ਦੇਣਾ, ਜਿਸ ਦੀ ਕੋਈ ਸਮਝ ਮਾਂ ਦੇ ਪੇਕਿਆਂ ਜਾਂ ਮਾਸੀ ਨੂੰ ਨਹੀਂ ਆਉਂਦੀ। ਉਸ ਦਾ ਧੁਰਾ ਧੀ ਲੱਭ ਹੀ ਲੈਂਦੀ ਹੈ। ਇਸੇ ਕਰ ਕੇ ਉਹ ਮਾਂ ਨੂੰ ਪੁੱਛਦੀ ਹੈ :

*"ਤੁਹਾਨੂੰ ਗਮਗੀਨ ਕਿਹਨੇ ਕੀਤਾ ?"*

*"ਕੀ ?" ਉਹ ਤ੍ਰਬਕਦੇ ਹਨ।*

*"ਤੁਹਾਡਾ ਪਹਿਲਾ ਪਿਆਰ।"*

*"ਤੂੰ ਬਹੁਤ ਗਲਤ ਸੋਚਣ ਲੱਗ ਪਈ ਏਂ।"*

*"ਪਹਿਲਾ ਮੇਰੀ ਗੱਲ ਦਾ ਜਵਾਬ ਦਿਓ।"*

*"ਮੈਂ ਤੇਰੀ ਹਰ ਗੱਲ ਦਾ ਜੁਆਬ ਦੇਣ ਲਈ ਬਾਊਂਡ ਨਹੀਂ।"*

ਮਾਂ-ਧੀ ਵਿਚਲਾ ਇਹ ਸੰਵਾਦ ਉਨ੍ਹਾਂ ਦੋਵਾਂ ਦੇ ਪਰੰਪਰਕ ਰੂਪ ਪ੍ਰਕ੍ਰਿਤੀ-ਸੁਭਾ ਆਦਿ ਤੋਂ ਮੁਕਤ ਲੱਗਦਾ ਹੈ। ਇੱਥੇ ਦੋਵੇਂ ਮਾਂ-ਧੀ ਦੋ ਸਹੇਲੀਆਂ ਵਾਂਗ ਗੱਲਾਂ ਕਰ ਰਹੀਆਂ ਹਨ, ਜਿਵੇਂ ਇਕ ਸਹੇਲੀ ਦੂਜੇ ਤੋਂ ਉਸ ਦੇ ਪਿਆਰ ਬਾਰੇ ਪੁੱਛੇ ਤੇ ਜ਼ਰੂਰੀ ਨਹੀਂ ਕਿ ਗੂੜ੍ਹੀ ਦੋਸਤੀ ਹੋਣ ਦੇ ਬਾਵਜੂਦ ਦੂਜੀ ਸਹੇਲੀ ਆਪਣਾ ਭੇਤ ਉਸ ਸਾਹਮਣੇ ਖੋਲ੍ਹ ਹੀ ਦੇਵੇ। ਮਾਂ ਵੀ ਇਹੀ ਜਵਾਬ ਦੇਂਦੀ ਹੈ ਕਿ, 'ਤੇਰੀ ਹਰ ਗੱਲ ਦਾ ਜਵਾਬ ਦੇਣ ਲਈ ਮੈਂ ਮਜ਼ਬੂਰ ਨਹੀਂ।'

ਲੱਗਦਾ ਹੈ, ਸ਼ਾਇਦ ਧੀ ਵੀ ਮਾਂ ਦੇ ਅਤੀਤ ਬਾਰੇ ਗਲਤ ਅੰਦਾਜ਼ਾ ਲੱਗਾ ਬੈਠਦੀ ਹੈ, ਕਿਉਂਕਿ ਮਾਂ ਦਾ ਇਹ ਕਹਿਣਾ,

*"ਤੂੰ ਇਹ ਜ਼ਰੂਰ ਲਿਖੀ ਬੰਦੇ ਨੇ ਤਾਂ ਔਰਤ ਨੂੰ ਕੀ ਸਮਝਣਾ ਸੀ। ਔਰਤ ਵੀ ਔਰਤ ਨੂੰ ਸਮਝ ਨਹੀਂ ਸਕੀ।"*

ਧੀ ਨੇ ਮਾਂ ਵਿਚੋਂ ਉਸ ਔਰਤ ਨੂੰ ਲੱਭਣ, ਫਰੋਲਣ ਤੇ ਪਰਖਣ ਦਾ ਬਥੇਰਾ ਜਤਨ ਕੀਤਾ, ਪਰ ਉਹ ਔਰਤ ਸ਼ਾਇਦ ਮਾਂ ਦੇ ਕਰਤੱਵ ਅਧੀਨ ਬਹੁਤ ਗਹਿਰੇ ਕਿਤੇ ਜਾ ਲੁਕੀ ਹੈ, ਜੋ ਹੁਣ ਕਿਸੇ ਵੀ ਰੂਪ ਵਿੱਚ ਸਾਹਮਣੇ ਨਹੀਂ ਆਉਣਾ ਚਾਹੁੰਦੀ।

ਮਾਂ ਦਾ ਇਹ ਜਵਾਬ, "ਮੇਰੀਏ ਧੀਏ. ਔਰਤ ਮਾਂ ਕਰਕੇ ਹੀ ਮਹਾਨ ਹੁੰਦੀ ਆ।"

ਇਹ ਜਵਾਬ ਸਿਰਫ਼ ਧੀ ਨੂੰ ਹੀ ਨਿਰਉੱਤਰ ਨਹੀਂ ਕਰ ਜਾਂਦਾ, ਪਾਠਕ ਦੀ ਸੋਚ ਤੇ ਵੀ ਰੋਕ ਲੱਗਾ ਜਾਂਦਾ ਹੈ ਕਿ ਉਹ ਕਿਸੇ ਵੀ ਮਾਂ ਅੰਦਰੋਂ ਦੱਬੀ-ਲੁੱਕੀ ਉਸ ਕੁੜੀ ਨੂੰ ਲੱਭਣ ਦਾ ਜਤਨ ਨਾ ਕਰਨ, ਜੋ ਉਹ ਵਿਆਹ ਤੋਂ ਪਹਿਲਾ ਹੋਇਆ ਕਰਦੀ ਹੈ। ਮਾਂ ਬਣਨ ਮਗਰੋਂ ਜਦੋਂ ਉਹ ਆਪ ਹੀ ਆਪਣਾ ਸਭ ਕੁਝ ਭੁੱਲਾ ਦੇਂਦੀ ਹੈ, ਫਿਰ ਦੂਜਿਆਂ ਨੂੰ ਕੀ ਹੱਕ ਹੈ ਕਿ ਉਹ ਉਸ ਦਾ ਪਿੱਛਲਾ ਫਰੋਲਦੇ ਫਿਰਨ। ਪਰ ਇਹ ਕਹਾਣੀ ਧੀ ਦੇ ਉਸ ਕਦ-ਕਾਠ ਤਕ ਪੁਜਦੀ ਹੈ, ਜੋ ਆਪਣੀ ਮਾਂ ਨੂੰ 'ਇਕ ਔਰਤ' ਦੇ ਰੂਪ ਵਿੱਚ ਦੇਖਣ-ਜਾਣਨ ਲਈ ਵੀ ਉਤਨੀ ਹੀ ਉਤਸੁਕ ਹੈ, ਜਿਤਨੀ ਕਿ ਉਸ ਨਾਲ ਲਾਡ ਕਰਨ ਤੇ ਸੇਧ ਲੈਣ ਲਈ।

**ਜਿੰਦਰ ਦੀ ਹੀ ਇਕ ਹੋਰ ਕਹਾਣੀ 'ਰਫਤਾਰ' ਮਾਂ-ਧੀ** ਦੀਆਂ ਤਿੰਨ ਪੀੜ੍ਹੀਆਂ ਨੂੰ ਦਰਸਾਉਂਦੀ ਹੈ। ਜਿੱਥੇ ਨਾਨੀ ਪੁਰਾਤਨ ਭਾਰਤੀ ਇਸਤਰੀ ਦੀ ਪ੍ਰਤੀਨਿਧੀ ਹੈ ਤੇ ਦੋਹਤਰੀ ਇਕਦਮ ਅਲਟਰਾ ਮਾਡਰਨ ਸਮੇਂ ਦੀ ਪੈਦਾਇਸ਼। ਪਰ ਇਨ੍ਹਾਂ ਦੋਵਾਂ ਵਿਚਕਾਰ ਪੁੱਲ ਵੀ ਬਣਦੀ ਤੇ ਨਾਲ-ਨਾਲ ਪਿੱਸਦੀ ਇਸਤਰੀ ਉਹ ਮਾਂ ਹੈ, ਜੋ ਵਿਚਕਾਰਲੇ ਸਮੇਂ ਦੀ ਪ੍ਰਤੀਨਿਧ ਹੈ। ਉਸ ਵਿੱਚ ਜੇ ਆਪਣੀ ਮਾਂ ਵਾਲੀ ਚੁੱਪੀ ਤੇ ਘਰ ਦੀ ਚਾਰਦੀਵਾਰੀ ਨੂੰ ਪਹਿਲ ਦੇਣ ਵਾਲੇ ਸਸੰਕਾਰ ਕੁੱਟ-ਕੁੱਟ ਕੇ ਭਰੇ ਹੋਏ ਹਨ ਤਾਂ ਉਹ ਅੱਜ ਦੇ ਦੌਰ ਦੀ ਤੇਜ਼ੀ, ਰਫਤਾਰ ਤੋਂ ਵੀ ਅਨਜਾਣ ਨਹੀਂ। ਆਪਣੀ ਧੀ ਪੂਨਮ ਦੇ ਕੁੜੀਆਂ-ਮੁੰਡਿਆਂ ਦੀ ਦੋਸਤੀ ਨੂੰ ਸਹਿਜਤਾ ਨਾਲ ਸਵੀਕਾਰ ਕਰ ਲੈਂਦੀ ਹੈ। ਉਹ ਆਪਣੀ ਧੀ ਨੂੰ, ਆਪਣੇ ਵਜੂਦ ਨੂੰ ਪੂਰੀ ਤਰ੍ਹਾਂ ਵਿਗਸਣ ਦਾ ਭਰਪੂਰ ਮੌਕਾ ਦੇਂਦੀ ਹੈ।

*"ਉਹ ਸਮਝਦੀ ਹੈ ਕਿ, 'ਪਹਿਲਾ ਕੁੜੀਆਂ ਨੂੰ ਪੜ੍ਹਾਇਆ ਜਾਂਦਾ ਸੀ ਤਾਂ ਕਿ ਉਨ੍ਹਾਂ ਨੂੰ ਚੰਗਾ ਜਿਹਾ ਮੁੰਡਾ ਮਿਲ ਜਾਵੇ। ਹੁਣ ਉਨ੍ਹਾਂ ਨੂੰ ਆਤਮ ਨਿਰਭਰ ਬਣਾਉਣ ਉਤੇ ਜ਼ੋਰ ਦਿੱਤਾ ਜਾਂਦਾ ਹੈ।"*

ਇਹ ਆਤਮ ਨਿਰਭਰ ਹੋਣ ਦਾ ਜਾਨੂਨ ਅੱਜ ਦੀ ਨੌਜਵਾਨ ਪੀੜ੍ਹੀ ਦਾ ਸੱਚ ਹੈ। ਪਰ ਨਾਨੀ ਦੀ ਸੋਚ ਇਸ ਪੱਧਰ ਤਕ ਪਹੁੰਚ ਹੀ ਨਹੀਂ ਸਕਦੀ। ਉਸ ਦੀ ਨਜ਼ਰ ਵਿੱਚ ਜੇ ਜਵਾਨ ਮੁੰਡਾ-ਕੁੜੀ ਆਪਸ ਵਿੱਚ ਇੱਕਠੇ ਬੈਠੇ ਹਨ ਤਾਂ ਉਨ੍ਹਾਂ ਵਿਚਕਾਰ ਜ਼ਰੂਰ ਕੁਝ ਹੋਏਗਾ।

*ਮਾਂ ਜਾਣਦੀ ਹੈ ਕਿ, "ਉਸ ਦੀ ਮਾਂ (ਨਾਨੀ) ਦੀ ਹੁਣ ਇਸ ਘਰ ਵਿੱਚ ਕੋਈ ਥਾਂ ਨਹੀਂ। ਜੇ ਉਸ ਇੱਥੇ ਰਹਿਣਾ ਹੈ ਤਾਂ ਬਸ ਬਿਨਾ ਟੋਕਾ-ਟਾਕੀ ਕੀਤੇ, ਆਪਣੀ ਸੇਵਾ ਕਰਵਾਈ ਜਾਏ।"*



*ਦੋਹਤਰੀ ਜਦੋਂ ਕੋਲ ਬੈਠ ਕੇ ਨਵੀਆਂ ਗੱਲਾਂ ਸੁਣਾਉਂਦੀ ਹੈ ਤਾਂ ਨਾਨੀ ਉਸ ਨੂੰ ਕਹਿੰਦੀ ਹੈ,*

*"ਚੁੱਪ ਰਹਿ ਨੀਂ ਕੁੜੀਏ। ਮੈਨੂੰ ਸਾਰਾ ਪਤਾ।"*

*"ਤੁਹਾਨੂੰ ਕੀ ਪਤਾ। ਨਾ ਤੁਹਾਨੂੰ ਪਤਾ ਤੇ ਨਾ ਤੁਹਾਡੀ ਧੀ ਨੂੰ।"*

*"ਤੂੰ ਜੋ ਸਿਆਣੀ ਜੰਮ ਪਈ।"*

*"ਦੇਖੋ ਤੁਸੀਂ 1947 ਤੋਂ ਪਹਿਲਾ ਦੇ ਹੋ। ਯਾਨੀ ਕਿ ਬੇਬੀ ਬੂਮਰ ਕਲਾਸ। ਮੰਮੀ ਸੱਠ ਤੋਂ ਬਾਅਦ ਦੇ। ਇਹ ਹੋ ਗਈ ਜਨਰੇਸ਼ਨ ਐਕਸ। ਮੈਂ ਇਕਾਸੀ ਦੀ ਹਾਂ ਜਨਰੇਸ਼ਨ ਵਾਈ।" ਪੜ੍ਹੀ-ਲਿਖੀ ਆਧੁਨਿਕ ਧੀ ਆਪਣੀ ਮਾਂ ਨੂੰ ਮਾਡਰਨ ਬਣਾਉਣ ਬਾਰੇ ਸੋਚਦੀ ਹੈ।*

*ਮਾਂ ਨੂੰ ਸਮਝਾਉਂਦੀ ਹੈ, "ਅੱਜ ਦੇ ਸਮੇਂ ਵਿੱਚ ਉਹੀ ਕਾਮਯਾਬ ਹੁੰਦਾ ਹੈ, ਜਿਸ ਕੋਲ ਸ਼ਾਰਪ ਬਰੇਨ ਹੋਵੇਗਾ। ਜਦੋਂ ਪਰਿਵਾਰ ਵਿੱਚ ਦੋਵੇਂ ਜੀਅ ਕਮਾਉਂਦੇ ਹੋਣ, ਉਦੋਂ ਕਿਸੇ ਤੇ ਇਕਨੌਮਿਕ ਡੀਪੈਂਡਿਟ ਘੱਟ ਜਾਂਦੀ ਹੈ।"*

ਇੰਜ ਆਪਣੀ ਧੀ ਤੇ ਮਾਂ ਵਿਚਕਾਰ ਫੱਸੀ ਇਕ ਮਾਂ ਦੀ ਅਜਿਹੀ ਸਥਿਤੀ ਹੈ ਕਿ ਉਸ ਨੂੰ ਦੋਵਾਂ ਪੀੜ੍ਹੀਆਂ ਵਿਚਾਲੇ ਅੰਤਰ ਨੂੰ ਮਿਟਾਉਣ ਲਈ ਬਹੁਤ ਕੁਝ ਛੁਪਾਉਣਾ ਪੈਂਦਾ ਹੈ ਤੇ ਬਹੁਤ ਕੁਝ ਸਮਝਣਾ ਤੇ ਸਮਝਾਉਣਾ ਪੈਂਦਾ ਹੈ ; ਕਿਉਂਕਿ ਅਸਲੀ ਜਨਰੇਸ਼ਨ ਗੈਪ ਨਾਨੀ ਤੇ ਦੋਹਤਰੀ ਵਿਚਕਾਰ ਹੈ। ਦੋਵਾਂ ਦੀ ਹੀ ਸੋਚ ਦੇ ਪੱਧਰ ਵੱਖਰੇ-ਵੱਖਰੇ ਹਨ। ਵਿਚਕਾਰਲੀ ਮਾਂ ਦੀ ਸਥਿਤੀ, ਜਿਵੇਂ ਪਹਿਲਾ ਵੀ ਕਿਹਾ, ਪੁੱਲ ਦੀ ਹੈ ਤੇ ਪਿੱਸਣ ਦੀ ਵੀ ਹੈ। ਇਨ੍ਹਾਂ ਵਿਚਕਾਰ ਸੰਤੁਲਨ ਬਣਾ ਕੇ ਚਲਣਾ ਕੋਈ ਸੌਖਾ ਕੰਮ ਨਹੀਂ। ਫਿਰ ਵੀ ਇਹ ਕਹਾਣੀ ਮਾਂ-ਧੀ ਦੇ ਰਿਸ਼ਤੇ ਵਿਚਲੇ 'ਪਾੜ' ਨੂੰ ਤੇ 'ਆਪਸੀ ਸਮਝ' ਨੂੰ ਕਾਫੀ ਹੱਦ ਤਕ ਪੇਸ਼ ਕਰਨ ਵਿੱਚ ਸਫ਼ਲ ਨਜ਼ਰ ਆਉਂਦੀ ਹੈ।

ਪੜ੍ਹੀ-ਲਿਖੀ ਧੀ ਉਤੇ ਘਰਦਿਆਂ ਨੂੰ ਹਮੇਸ਼ਾ ਨਾਜ਼ ਹੁੰਦਾ ਹੈ, ਵਿਸ਼ੇਸ਼ ਕਰ ਮਾਂ ਲਈ। ਉਹ ਧੀ ਦੇ ਰੂਪ ਵਿੱਚ ਆਪ ਹੀ ਉੱਚੀ ਪੁਲਾਂਘ ਪਾਰ ਕਰਦੀ ਮਹਿਸੂਸ ਕਰਦੀ ਹੈ। ਜੇ ਧੀਆਂ ਘਰ ਦੀ ਆਰਥਕ ਸਥਿਤੀ ਨੂੰ ਸੰਭਾਲਣ ਯੋਗ ਹੋ ਜਾਣ, ਫਿਰ ਡਿੱਗਦੇ-ਢਹਿੰਦੇ ਘਰਾਂ ਨੂੰ ਕਾਫੀ ਹੱਦ ਤਕ ਸੰਭਾਲਿਆ ਜਾ ਸਕਦਾ ਹੈ।

**'ਮੈਨੂੰ ਘਰ ਚਾਹੀਦਾ ਹੈ ਰੰਜਨ' ਨਾਮਕ ਕਹਾਣੀ ਗੁਰਪਾਲ ਲਿੱਟ ਦੀ ਰਚੀ ਹੋਈ ਹੈ। ਅਚਨਚੇਤੀ** ਘਰ ਤੇ ਆਏ ਆਰਥਕ ਸੰਕਟ ਤੋਂ ਉਭਰਨ ਲਈ ਜਵਾਨ ਧੀ ਨੂੰ ਬਾਪ ਦੇ ਉਮਰ ਦੇ, ਉਸ ਦੇ ਮਿੱਤਰ ਕੋਲ ਨੌਕਰੀ ਕਰਨੀ ਪੈਂਦੀ ਹੈ।ਬਾਪ ਦਿਲ ਦੇ ਦੌਰੇ ਨਾਲ ਮੰਜੀ ਨਾਲ ਮੰਜੀ ਹੋਇਆ ਪਿਆ ਹੈ। ਘਰ ਦਾ ਚੁੱਲ੍ਹਾ ਪਹਿਲਾ ਇਕ ਡੰਗ ਹੋਇਆ, ਫਿਰ ਉਹ ਵੀ ਠੰਡਾ ਹੋਣ ਲੱਗਾ। ਬਾਪ ਦਾ ਮਿੱਤਰ ਰਾਮਦਿਆਲ ਮਾਂ ਨੂੰ ਪਤਾ ਨਹੀਂ ਕੀ ਕਹਿ ਕੇ ਗਿਆ ਕਿ ਮਾਂ ਦਾ ਤ੍ਰਾਹ ਨਿਕਲ ਗਿਆ। ਅਖ਼ੀਰ ਮਾਂ ਨੇ ਜਵਾਨ ਧੀ ਸਪਨਾ ਨੂੰ ਰਾਮਦਿਆਲ ਕੋਲ ਭੇਜਦੇ ਹੋਏ ਕਿਹਾ,

"ਬੇਟੀ, ਪੈਸੇ ਲੈ ਕੇ ਹੀ ਆਵੀਂ ... ਤੇਰੇ ਪਿਤਾ ਜੀ ਦੀ ਹਾਲਤ।" ਮਾਂ ਤੋਂ ਗੱਲ ਪੂਰੀ ਨਾ ਹੋ ਸਕੀ। ਗੱਚ ਭਰ ਆਇਆ। ਮਾਂ ਦੀ ਹਾਲਤ ਦੀ ਸਮਝ ਉਸ ਨੂੰ ਰਾਮਦਿਆਲ ਦੇ ਘਰ ਪਹੁੰਚ ਕੇ ਆਈ ਸੀ। ਰਾਮ ਦਿਆਲ ਦਾ ਪਰਿਵਾਰ ਘਰ ਨਹੀਂ ਸੀ। ਪੈਸੇ ਲੈਣ ਅੰਦਰਲੇ ਕਮਰੇ ਵਿੱਚ ਜਾਣਾ ਪਿਆ ਸੀ। ਦੋ ਘੰਟਿਆਂ ਪਿੱਛੋਂ ਮੁੜ ਕੇ ਉਹ ਮਾਂ ਦੀ ਝੋਲੀ ਵਿੱਚ ਢੇਰੀ ਹੋ ਗਈ ਸੀ।"

ਆਵਾਰਾ ਪੁੱਤਰ ਕਾਰਣ ਘਰ ਦੀ ਜ਼ਿੰਮੇਵਾਰੀ ਜਵਾਨ ਧੀ ਦੇ ਮੋਢੇ ਤੇ ਆ ਪੈਣਾ ਸੁਭਾਵਿਕ ਗੱਲ ਹੈ। ਮਾਂ ਸਭ ਜਾਣਦੀ ਹੈ, ਪਰ ਘਰ ਦੀ ਨਿਘਰਦੀ ਹਾਲਤ ਕਾਰਣ, ਰਾਮਦਿਆਲ ਦੀ ਗੱਲ ਸਵੀਕਾਰ ਕਰਨ ਤੋਂ ਇਲਾਵਾ ਕੋਈ ਚਾਰਾ ਨਜ਼ਰ ਨਹੀਂ ਆਉਂਦਾ। ਸਪਨਾ ਘਰ ਦੀ ਵੱਡੀ ਧੀ ਹੋਣ ਕਾਰਣ ਬਲੀ ਦਾ ਬਕਰਾ ਬਣ ਜਾਂਦੀ ਹੈ ਜਾਂ ਬਣਾ ਦਿੱਤੀ ਜਾਂਦੀ ਹੈ।

ਸਪਨਾ ਦੇ ਬਾਸੀ ਸਰੀਰ ਵਿੱਚ ਰੁੱਚੀ ਘੱਟਦੇ ਹੀ ਰਾਮਦਿਆਲ ਨੇ ਉਸ ਦੀ ਮਾਂ ਨੂੰ ਹੋਰ ਚਾਰਾ ਪਾਇਆ। ਉਸ ਨੇ ਸਪਨਾ ਤੋਂ ਛੋਟੀ ਭੈਣ ਅਨੀਤਾ ਨੂੰ ਦਫ਼ਤਰ ਵਿੱਚ ਨੌਕਰੀ ਦੇਣ ਦਾ। ਸਪਨਾ ਨੇ ਇਸ ਗੱਲ ਦਾ ਵਿਰੋਧ ਕੀਤਾ।ਮਾਂ ਨੂੰ ਡਾਂਟਿਆ, ਰਾਮਦਿਆਲ ਨੂੰ ਝਿੜਕਿਆ। ਪਰ ਹਰ ਪਾਸੇ ਦੀ ਕੰਗਾਲੀ, ਤੰਗ ਹਾਲਤ ਵਿਚੋਂ 'ਅਨੀਤਾ' ਵੀ ਬਚ ਨਹੀਂ ਸਕੀ।

*"ਪਉੜੀਆਂ ਦੇ ਅੱਧ ਵਿੱਚ ਹੀ ਉਸ ਦੇ ਕਦਮ ਰੁੱਕ ਗਏ। ਅਨੀਤਾ ਦੀ ਹਰਖੀ ਹੋਈ ਆਵਾਜ਼ ਨੇ ਰੋਕ ਦਿੱਤੇ।*

*"ਲੈ ਸਾਂਭ..ਆਹ ਦਿੱਤੇ ਨੇ ਦਸ ਰੁਪਏ।" ਦੂਜੇ ਪਾਸਿਓਂ ਕੋਈ ਆਵਾਜ਼ ਨਹੀਂ ਆਈ*

*"ਕਹਿੰਦੀ ਸੀ ਪੰਜਾਹ ਦਊਗਾ... ਲੈ ਲਾ ਠੂਠਾ।"*

*ਹੌਲੀ ਬੋਲ ਅਨੀਤਾ... ਮਾਂ ਦੀ ਆਵਾਜ਼ ਦੱਬੀ ਹੋਈ ਸੀ।*

*"ਕਿਉਂ ਹੌਲੀ ਬੋਲਾਂ ਬੰਦਾ-ਕੁਬੰਦਾ ਤਾਂ ਦੇਖ ਲਿਆ ਕਰ। ਗਲੇ ਸੜੇ ਜਿਹਾਂ ਕੋਲ ਭੇਜ ਦਿੰਦੀ ਐ। ਆਪ ਚਲੇ ਜਾਇਆ ਕਰ ਇਹੋ ਜਿਹਾਂ ਕੋਲ। ਹੂੰ...! ਕਿੰਨੀ ਬੂ ਆਉਂਦੀ ਹੈ ਉਸ ਦੇ ਬੂਥੇ 'ਚੋਂ।"*

ਮਾਂ-ਧੀ ਵਿਚਕਾਰ ਰਿਸ਼ਤੇ ਦਾ ਓਹਲਾ ਘਰ ਦੀ ਦਿਨੋਂ-ਦਿਨ ਨਿਘਰਦੀ ਜਾਂਦੀ ਹਾਲਤ ਕਰਕੇ ਇਕਦਮ ਮੁੱਕ ਚੁੱਕਾ ਹੈ। ਫਿਰ ਵੀ ਹੱਥ-ਪੱਲੇ ਕੁਝ ਨਹੀਂ ਪੈਂਦਾ। ਜੀਉਣਾ ਹੀ ਮੁਹਾਲ ਹੋਇਆ ਜਾਪਦਾ ਹੈ।

ਇਸੇ ਕਰਕੇ ਸਪਨਾ ਦੇ ਅੰਦਰੋਂ ਇਕ ਗੁਬਾਰ ਜਿਹਾ ਨਿਕਲਦਾ ਹੈ,

*"ਰੰਜਨ ਰੰਜਨ, ਮੈਨੂੰ ਤਾਂ ਖ਼ੁਦ ਪਤਾ ਨਹੀਂ, ਇਸ ਸਭ ਕਾਸੇ ਦਾ। ਇਸ ਘਰ ਨੂੰ ਬਚਾਣ ਦੀ ਖਾਤਰ, ਮੈਂ ਆਪਣਾ ਘਰ ਸਵੀਕਾਰ ਨਹੀਂ ਕੀਤਾ। ਆਪਣੇ ਆਪ ਦੀ ਬਲੀ ਦੇ ਦਿੱਤੀ ਇਸ ਘਰ ਲਈ।.. ਨਹੀਂ ਬਚਾ ਸਕੀ ਰੰਜਨ... ਮੈਂ ਇਸ ਘਰ ਨੂੰ ਨਹੀਂ ਬਚਾ ਸਕੀ।"*

ਗੁਰਪਾਲ ਲਿਟ ਦੀ ਇਹ ਕਹਾਣੀ ਜ਼ਮੀਨੀ ਹਕੀਕਤ ਨੂੰ ਪੇਸ਼ ਕਰਦੀ ਹੈ, ਜਿੱਥੇ ਅਜਿਹੀ ਨਿਘਰੀ ਹਾਲਤ ਤੋਂ ਉਭਰਨ ਲਈ ਮਾਂ ਜਾਂ ਬਾਪ ਆਪ ਆਪਣੀਆਂ ਧੀਆਂ ਨੂੰ ਅਜਿਹੇ ਧੰਦੇ ਵੱਲ ਧਕੇਲ ਦੇਂਦੇ ਹਨ, ਕਿਉਂਕਿ ਜਿਊਣਾ ਹੀ ਸੱਚ ਹੈ, ਬਾਕੀ ਸਾਰੀਆਂ ਗੱਲਾਂ ਬਾਦ ਵਿੱਚ ਹੀ ਆਉਂਦੀਆਂ ਹਨ।

ਮਾਂ ਦਾ ਕਠੋਰ ਤੇ ਨਿਰਵਿਕਾਰ ਹੁੰਦਾ ਚਿਹਰਾ। ਧੀਆਂ ਦਾ ਦੋ-ਚਾਰ ਵਾਰ ਦੇ ਵਿਰੋਧ ਸਹਿਜੇ ਸਜਿਹੇ ਹੀ ਸਥਿਤੀ ਨੂੰ ਸਵੀਕਾਰ ਕਰ ਲੈਣਾ। ਇਹੋ ਜਿਹੇ ਘਰ ਤੇ ਉਨ੍ਹਾਂ ਦੁਆਲੇ ਵਿਚਰਦੀਆਂ ਅਜਿਹੀਆਂ ਸਥਿਤੀਆਂ ਕੋਈ ਨਵੀਂ ਗੱਲ ਨਹੀਂ ਤੇ ਨਾ ਹੀ ਨਵੀਂ ਗੱਲ ਹੈ, ਧੀਆਂ ਦਾ ਇਸ ਮੁਹਿੰਮ ਨੂੰ ਨਜਿੱਠਣ ਲਈ ਆਧਾਰ ਬਣਾਉਣਾ...ਕਿੱਧਰੇ ਕੁਝ ਵੀ ਤਾਂ ਅਸੁਭਾਵਿਕ ਜਾਂ ਅਲੋਕਾਰ ਨਹੀਂ, ਜ਼ਿੰਦਗੀ ਦੀ ਤਲਖ਼ ਸੱਚਾਈ ਹੈ।

ਦੁੱਧ ਵੇਚ ਕੇ ਘਰ ਦਾ ਗੁਜ਼ਾਰਾ ਕਰਨਾ ਹੁਣ ਪੁਗਦਾ ਨਹੀਂ, ਕਿਉਂਕਿ ਬਜ਼ਾਰਵਾਦ ਨੇ ਘਰਾਂ ਵਿੱਚ ਸੁਖ-ਸਹੂਲਤਾਂ ਦੇ ਸਾਧਨ ਵਧਾ ਦਿੱਤੇ ਹਨ। ਚਮਕ, ਦਮਕ ਤੇ ਐਸ਼ੋ-ਇਸ਼ਰਤ ਦੇ ਅਨੇਕ ਸਾਧਨ ਹੁਣ ਵਿਲਾਸਿਤਾ ਦੀਆਂ ਚੀਜ਼ਾਂ ਨਹੀਂ ਸਗੋਂ ਸਮਾਜ ਵਿੱਚ ਰਹਿੰਦਿਆਂ ਜ਼ਰੂਰਤਾਂ ਬਣ ਗਏ ਹਨ। ਦੁੱਧ ਵੇਚ ਕੇ ਸਿਰਫ਼ ਘਰ ਦਾ ਤੋਰਾ ਚਲ ਸਕਦਾ ਹੈ। ਜਦ ਸਾਰੀ ਦੁਨੀਆ ਸਾਧਨਾਂ ਤੇ ਸਵਾਰ ਹੋ ਕੇ ਤੇਜ਼ ਰਫਤਾਰੀ ਨਾਲ ਭੱਜ ਰਹੀ ਹੋਵੇ, ਉਥੇ ਔਖੇ-ਸੌਖੇ ਹੋ ਕੇ ਡੰਗ ਟਪਾਉਣਾ ਕੋਈ ਅਕਲਮੰਦੀ ਨਹੀਂ ਜਾਪਦੀ। ਆਪਣੇ ਆਲੇ-ਦੁਆਲੇ ਤੇ ਆਪਣੇ ਜਿਹੇ ਹੀ ਸਾਧਾਰਣ ਨਿਮਨ ਵਰਗੀ ਪਰਿਵਾਰ ਸ਼ਾਰਟ ਕਟ ਅਪਨਾ ਕੇ, ਧੀਆਂ ਦੇ ਆਰਕੈਸਟਰਾ ਵਿੱਚ ਨੱਚਣ ਕਾਰਣ ਹਰ ਆਧੁਨਿਕ ਚੀਜ਼ ਵਸਤ ਦਾ ਦਿਖਾਵਾ ਵੀ ਤੇ ਵਰਤੋਂ ਵੀ ਖੁਲ੍ਹੇ ਆਮ ਕਰ ਰਹੇ ਹੋਣ ਤਾਂ ਫਿਰ ਰੰਮੀ ਦੀ ਮਾਂ ਕਿਉਂ ਪਿੱਛੇ ਰਹੇ। ਆਖ਼ਿਰ ਉਸ ਦੀ ਵੀ ਧੀ ਸੁਹਣੀ-ਸੁਨੱਖੀ ਤੇ ਜਵਾਨ ਹੈ। ਉਹ ਵੀ ਹੋਰਨਾਂ ਕੁੜੀਆਂ ਤਰ੍ਹਾਂ ਨੱਚ-ਟੱਪ ਸਕਦੀ ਹੈ। ਫ਼ਰਕ ਸਿਰਫ਼ ਐਨਾ ਹੈ ਕਿ ਜੇ ਉਹ ਆਰਕੈਸਟਰਾ ਦਾ ਹਿੱਸਾ ਬਣ, ਵਿਆਹ-ਸ਼ਾਦੀਆਂ ਤੇ ਨੱਚਣ ਲਈ ਰਾਜ਼ੀ ਹੋ ਜਾਵੇ ਤਾਂ ਘਰ ਵਿੱਚ ਕਿੰਨੀਆਂ ਹੀ ਚੀਜ਼ਾਂ ਆ ਸਕਦੀਆਂ ਹਨ, ਜਿਨ੍ਹਾਂ ਨਾਲ ਘਰ ਦੀ ਸ਼ਾਨੋ-ਸ਼ੌਕਤ ਵੀ ਵੱਧ ਸਕਦੀ ਹੈ ਤੇ ਸੁਖ-ਆਰਾਮ ਵੀ।

ਇਸ ਲਈ **ਅਜਮੇਰ ਸਿੱਧੂ ਦੀ ਕਹਾਣੀ 'ਸ਼ਾਇਦ ਰੰਮੀ ਮੰਨ ਜਾਏ'** ਵਿਚਲੀ ਮਾਂ ਹਰ ਸੰਭਵ ਕੋਸ਼ਿਸ਼ ਕਰਦੀ ਹੈ ਕਿ ਉਸ ਦੀ ਧੀ ਆਪਣੀ ਮਾਂ ਦੀ ਗੱਲ ਮੰਨ ਜਾਵੇ। ਮਾਂ, ਬਿਮਲਾ ਦੇ ਘਰ ਦੀ ਚਮਕ-ਦਮਕ ਤੇ ਉਸ ਦੀਆਂ ਦੋਵੇਂ ਧੀਆਂ ਰੱਜੂ ਤੇ ਲੱਭੂ ਦੇ ਮਾਡਰਨ ਕੱਪੜਿਆਂ, ਪੀਜ਼ਾ, ਬਰਗਰ ਤੇ ਮੋਬਾਇਲਾਂ ਤੋਂ ਪ੍ਰਭਾਵਿਤ ਹੋ ਕੇ ਚਾਹੁੰਦੀ ਹੈ ਕਿ ਉਸ ਦੀ ਧੀ ਵੀ ਉਨ੍ਹਾਂ ਕੁੜੀਆਂ ਵਾਂਗ ਨੱਚੇ-ਟੱਪੇ ਤੇ ਘਰ ਭਰ ਦੇਵੇ। ਪਰ



ਰੰਮੀ ਦੀ ਸੋਚ ਵੱਖਰੀ ਏ। ਉਹ ਪੜ੍ਹਾਈ ਨੂੰ ਮੂਹਰੇ ਰੱਖਦੀ ਹੈ। ਭਗਤ ਸਿੰਘ ਤੇ ਸੁਖਦੇਵ ਦੀ ਫੋਟੋ ਨੂੰ ਪੂਜਦੀ ਹੈ। ਸ਼ਰਾਬੀ ਬਾਪ-ਭਰਾ ਨੂੰ ਭੰਡਦੀ ਤੇ ਕਹਿੰਦੀ ਹੈ :

*"ਜੇ ਸਾਡੇ ਨਾਲੋਂ ਸ਼ਰਾਬਾਂ ਚੰਗੀਆਂ, ਸਾਨੂੰ ਜੰਮਣ ਦੀ ਕੀ ਲੋੜ ਸੀ ?" ਭਰਾ ਦੇ ਕੱਪੜੇ ਧੋਣ ਤੋਂ ਇਨਕਾਰ ਕਰਦੀ ਹੈ,*

*"ਕੋਈ ਪੈਂਟ ਕਮੀਜ਼ ਹੈਗੀ, ਜਿਹਦੇ ਵਿਚੋਂ ਮੁਸ਼ਕ ਨਾ ਆਉਂਦਾ ਹੋਵੇ। ਇਕ ਜੇਬ੍ਹ 'ਚ ਹੱਥ ਮਾਰੋ, ਤੰਬਾਕੂ ਨਿਕਲੂ। ਦੂਜੀ 'ਚ ਮਾਰੋ ਬੀੜੀਆਂ ਨਿਕਲੂ।"*

ਮਾਂ ਤੇ ਧੀ ਦਾ ਰਿਸ਼ਤਾ ਇਸ ਕਹਾਣੀ ਵਿੱਚ ਬਜ਼ਾਰਵਾਦ ਤੇ ਉਪਭੋਗਵਾਦੀ ਪ੍ਰਵਿਰਤੀ ਤੋਂ ਪ੍ਰਭਾਵਿਤ ਹੁੰਦਾ ਹੈ। ਜਿਸ ਵਿੱਚ ਮਾਂ ਅੰਦਰ ਚਾਹਤ ਹੈ ਕਿ ਉਹ ਵੀ ਚਾਰ ਪੈਸੇ ਦੇਖੇ। ਜ਼ਿੰਦਗੀ ਦਾ ਸੁਖ ਮਾਣੇ। ਉਸ ਜਿਹੇ ਕੁਝ ਹੋਰ ਪਰਿਵਾਰਾਂ ਦੇ ਹਾਲਾਤ ਤੇ ਨਕਸ਼ੇ ਬਦਲ ਚੁੱਕੇ ਹਨ। ਬਿਮਲਾ ਆਪਣੀਆਂ ਧੀਆਂ ਦੇ ਸਿਰ ਤੇ ਕੋਠੀ ਵਿੱਚ ਬੈਠੀ, ਪੀਜ਼ਾ-ਬਰਗਰ ਖਾਂਦੀ ਹੈ। ਦੂਜੇ ਪਾਸੇ ਰੰਮੀ ਕਿਤਾਬਾਂ ਨਾਲ ਮੱਥਾ ਮਾਰਦੀ ਹੈ। ਗਰੀਬ ਬੱਚਿਆਂ ਨੂੰ ਮੁਫ਼ਤ ਪੜ੍ਹਾਉਂਦੀ ਹੈ। ਮਾਂ ਸੋਚਦੀ ਹੈ, ਇਸ ਸਭ ਨਾਲ ਕੀ ਹੋਣਾ ਹੈ ? ਚਾਰ ਦਿਨ ਉਹ ਵੀ ਸੁਖ ਦੇ ਗੁਜ਼ਾਰ ਸਕਦੀ ਹੈ। ਪੁੱਤਰ ਆਵਾਰਾ ਤੇ ਬੇਕਾਰ ਹੈ। ਧੀ ਸੁਨੱਖੀ ਤੇ ਜਵਾਨ ਹੈ। ਇਸ ਕਰਕੇ ਹੁਣ ਸਾਰੀ ਆਸ ਦਾ ਕੇਂਦਰ ਧੀ ਰੰਮੀ ਹੀ ਹੈ। ਪਰ ਰੰਮੀ ਉਤੇ ਮਾਂ ਦੀਆਂ ਕਹੀਆਂ ਗੱਲਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਆਰਕੈਸਟਰਾ ਜਾਂ ਸਭਿਆਚਾਰਕ ਪ੍ਰੋਗਰਾਮਾਂ ਦੇ ਨਾਂ ਉਤੇ ਜਵਾਨ ਕੁੜੀਆਂ ਨੂੰ ਸਟੇਜਾਂ ਉਤੇ ਅੱਧ-ਨੰਗਿਆਂ ਨਚਾਉਣਾ ਅੱਜ ਦੇ ਸਮੇਂ ਦੀ ਗੱਲ ਹੈ।

*"ਜੇ ਭੁੱਖੇ ਮਰਦੇ ਆਂ। ਤਾਂ ਕੀ ਧੀਆਂ-ਭੈਣਾਂ ਨੂੰ ਜਿਸਮ ਵੇਚਣ ਲਾ ਦੇਈਏ ? ਸਾਲਿਓ ! ਸ਼ਰਮ ਕਰੋ।"*

ਇਹੋ ਜਿਹੀ ਅੰਤਰ ਆਤਮਾ ਨੂੰ ਝਿੰਜੋੜਣ ਵਾਲੀ ਚੇਤਾਵਨੀ ਸੁਣ ਮਾਂ ਡਰ ਜ਼ਰੂਰ ਜਾਂਦੀ ਹੈ। ਪਰ ਇਸ ਸੱਚਾਈ ਨੂੰ ਅਵੱਸ਼ ਜ਼ਾਹਿਰ ਕਰਦੀ ਹੈ ਕਿ ਬਜ਼ਾਰਵਾਦ ਦੇ ਆਕਰਸ਼ਣ ਨੇ ਘਰਾਂ ਨੂੰ ਵੀ ਨਹੀਂ ਬਖ਼ਸ਼ਿਆ ਤੇ ਨੇੜਲੇ ਰਿਸ਼ਤਿਆਂ ਨੂੰ ਦਾਂਵ ਉਤੇ ਲਾਉਣ ਲਈ ਲਲਚਾਉਣਾ ਵੀ ਸ਼ੁਰੂ ਕਰ ਦਿੱਤਾ ਹੈ।

ਮਾਂ-ਧੀ ਦੇ ਰਿਸ਼ਤੇ ਦੀ ਕਹਾਣੀ ਮਾਂ ਦੇ ਡਾਵਾਂਡੋਲ ਵਤੀਰੇ ਤੇ ਧੀ ਦੇ ਬੁਲੰਦ ਇਰਾਦੇ ਤੇ ਚਰਿੱਤਰ ਉਤੇ ਧਿਆਨ ਕੇਂਦਰਿਤ ਕਰਦੀ ਹੈ।

ਅਕਸਰ ਮਾਂ ਆਪਣੀ ਜ਼ਿੰਦਗੀ ਚੁਪ-ਚੁਪੀਤੇ ਬਿਤਾ ਦੇਂਦੀ ਹੈ। ਚਾਹੁੰਦੇ ਹੋਏ ਵੀ ਬਗਾਵਤ ਨਹੀਂ ਕਰਦੀ, ਪਰ ਆਪਣੀ ਧੀ ਦੀ ਖੁਸ਼ੀ ਲਈ ਕਈ ਵਾਰ ਸਖ਼ਤ ਕਦਮ ਚੁੱਕਣ ਤੋਂ ਵੀ ਗੁਰੇਜ਼ ਨਹੀਂ ਕਰਦੀ। **ਬੀ.ਐਸ. ਬੀਰ ਦੀ ਕਹਾਣੀ ਪਿਤਾ ਸ਼੍ਰੀ ਬਨਾਮ ਵਾਲਿਦ** ਇਕ ਅਜਿਹੀ ਮਾਂ ਨੂੰ ਸਾਡੇ ਸਾਹਮਣੇ ਲਿਆਉਂਦੀ ਹੈ, ਜਿਸ ਨੇ ਭਾਵੇਂ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ। ਸਰਦਾਰਨੀ ਹੋ ਕੇ ਰਹਿਮਾਨ ਨਾਲ ਵਿਆਹ ਕਰਵਾ ਕੇ ਬਣ ਗਈ ਸਰਦਾਰੀ ਬੇਗਮ। ਪਰ ਜਦੋਂ ਉਸ ਦੀ ਧੀ ਨੇ ਗੁਰਇਕਬਾਲ ਸਿੰਘ ਨਾਮਕ ਸਿੱਖ ਨੌਜਵਾਨ ਨਾਲ ਵਿਆਹ ਕਰਨਾ ਚਾਹਿਆ ਤਾਂ ਬਾਪ ਨੇ ਮਾਂ ਦੇ ਸਿਰ ਦੂਸ਼ਣ ਲਾਇਆ,

*"ਤੂੰ ਸਭ ਸਮਝਦੀ ਏਂ। ਤੇਰੇ ਹੀ ਕਾਰਣ ਹੀ ਇੰਜ ਹੋਇਆ। ਤੇਰੇ ਸਿਖਾਇਆ ਹੀ ਜ਼ਾਹਿਰਾ ਇਹ ਕਦਮ ਚੁੱਕ ਰਹੀ ਹੈ, ਇਕ ਕਾਫ਼ਰ ਨਾਲ ਪੀਘਾਂ ਪਾ ਰਹੀ ਹੈ।"*

ਮੁਸਲਮਾਨ ਪਤੀ ਕੋਲ 'ਤਲਾਕ' ਕਹਿਣ ਦਾ ਅਜਿਹਾ ਹਥਿਆਰ ਹੁੰਦਾ ਹੈ, ਜਿਸ ਦੀ ਮਾਰ ਉਹ ਜਦੋਂ ਚਾਹੇ ਬੜੀ ਆਸਾਨੀ ਨਾਲ ਕਰ ਸਕਦਾ ਹੈ। ਇਸ ਕਰਕੇ ਬਹੁਤੀ ਵਾਰੀ ਤਾਂ ਬੀਵੀਆਂ ਇਸੇ ਸ਼ਬਦ ਦੇ ਖ਼ੌਫ਼ ਨਾਲ ਹੀ ਤ੍ਰਹਿੰਦੀਆਂ ਰਹਿੰਦੀਆਂ ਹਨ ਤੇ ਕੋਈ ਵੀ ਕਦਮ ਚੁੱਕਣ ਤੋਂ ਪਹਿਲਾ ਦਸ ਵਾਰ ਜ਼ਰੂਰ ਸੋਚਦੀਆਂ ਹਨ। ਰਹਿਮਾਨ ਵੀ ਇਸੇ ਹਥਿਆਰ ਦੀ ਵਰਤੋਂ ਕਰਨਾ ਚਾਹੁੰਦਾ ਹੈ। ਸਵੈ ਨਿਰਭਰ ਸਰਦਾਰੀ ਬੇਗਮ ਵੀ ਇਸ ਖ਼ੌਫ਼ ਤੋਂ ਠੰਠਬਰ ਜਾਂਦੀ ਹੈ, ਕਿਉਂਕਿ 'ਛੁੱਟੜ ਔਰਤ' ਦੀ ਸਮਾਜ ਵਿੱਚ ਕੋਈ ਇਜ਼ੱਤ ਨਹੀਂ ਹੁੰਦੀ। ਹਰ ਸਮਾਜ, ਧਰਮ ਤੇ ਵਰਗ ਛੁੱਟੜ ਔਰਤ ਉਤੇ ਹੀ ਉਂਗਲ ਧਰਦਾ ਹੈ।

ਇਹ ਸੱਚਾਈ ਜਾਣ ਧੀ ਜ਼ਾਹਿਰਾ ਨੇ ਫੈਸਲਾ ਲਿਆ ਕਿ ਉਹ ਵਿਆਹ ਹੀ ਨਹੀਂ ਕਰਵਾਏਗੀ।

*"ਮੰਮਾ ! ਪਾਪਾ ਤੁਹਾਨੂੰ ਤਲਾਕ ਨਹੀਂ ਦੇਣਗੇ। ਮੈਂ ਉਨ੍ਹਾਂ ਨੂੰ ਤਲਾਕ ਨਹੀਂ ਦੇਣ ਦੇਵਾਂਗੀ। ਅਸਾਂ ਦੋਹਾਂ ਨੇ ਫੈਸਲਾ ਕਰ ਲਿਐ, ਅਸੀਂ ਜ਼ਿੰਦਗੀ ਭਰ ਦੋਵੇਂ ਵਿਆਹ ਦੇ ਬੰਧਨਾਂ 'ਚ ਨਹੀਂ ਬੰਨ੍ਹਾਂਗੇ। ਨਾ ਮੈਂ ਕਿਸੇ ਨਾਲ ਨਿਕਾਹ ਕਰਾਂਗੀ ਤੇ ਨਾ ਹੀ ਉਹ ਕਿਸੇ ਹੋਰ ਨਾਲ ਵਿਆਹ ਕਰਵਾਏਗਾ। ਇਹ ਸਾਡੇ ਦੋਹਾਂ ਦਾ ਅਟੱਲ ਫੈਸਲਾ ਹੈ।"*

ਮਾਂ ਨੇ ਧੀ ਦਾ ਇਹ ਨਿਸ਼ਚਾ ਸੁਣ ਇਹ ਫੈਸਲਾ ਲੈ ਲਿਆ ਕਿ ਉਹ ਆਪਣੀ ਧੀ ਨੂੰ ਉਸ ਦੇ ਮਨਪਸੰਦ ਜੀਵਨ ਸਾਥੀ ਨਾਲ ਜ਼ਰੂਰ ਮਿਲਵਾ ਕੇ ਰਹੇਗੀ :

*"ਸਰਦਾਰੀ ਬੇਗਮ ਹੁਣ ਸੁਚੇਤ ਹੈ ਕਿ ਤਿੰਨ ਸ਼ਬਦ ਕਦੋਂ ਵੀ ਰਹਿਮਾਨ ਦੇ ਮੂੰਹੋਂ ਕਿਰ ਸਕਦੇ ਹਨ ਤੇ ਹੁਣ ਉਹ ਉਨ੍ਹਾਂ ਤਿੰਨ ਸ਼ਬਦਾਂ ਦੇ ਡਰ ਤੋਂ ਬਿਲਕੁਲ ਵੀ ਭੈਭੀਤ ਨਹੀਂ।"*

ਇਹ ਕਹਾਣੀ ਮਾਂ-ਧੀ ਦੇ ਰਿਸ਼ਤੇ ਨੂੰ ਇਕ ਅਜਿਹੇ ਪੱਧਰ ਤੋਂ ਬਿਆਨ ਕਰਦੀ ਹੈ, ਜੋ ਕਿੱਧਰੇ-ਕਿੱਧਰੇ ਪਰੰਪਰਕ ਵੀ ਹੈ ਤੇ ਕਿੱਧਰੇ-ਕਿੱਧਰੇ ਬਗਾਵਤੀ ਸੁਰ ਵਾਲਾ ਵੀ ਹੈ। ਪਰੰਪਰਕ ਪਖੋਂ ਇਹ ਤਿਆਗ ਤੇ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਹੈ। ਆਪਣੀ ਖੁਸ਼ੀ ਨੂੰ ਮਾਂ, ਧੀ ਲਈ ਤੇ ਧੀ ਆਪਣੀ ਮਾਂ ਪ੍ਰਤੀ ਨਿੱਛਾਵਰ ਕਰਨ ਲਈ ਤਿਆਰ ਹਨ। ਦੂਜੇ ਪਾਸੇ ਇਹ ਮਾਂ-ਧੀ ਦੋਵਾਂ ਦੇ ਆਪਣੇ ਸਮੇਂ ਦੀ ਆਜ਼ਾਦੀ ਨਾਲ ਲਏ ਗਏ ਫੈਸਲਿਆਂ ਨਾਲ ਜੁੜਦੀ ਹੈ। ਮਾਂ ਨੇ ਮਨਮਰਜ਼ੀ ਨਾਲ ਵਿਆਹ ਕੀਤਾ ਤੇ ਧੀ ਨੇ ਵੀ ਆਪਣੀ ਪਸੰਦ ਦਾ ਹਾਣੀ ਚੁਣਿਆ। ਧੀ ਦੇ ਇਸ ਫੈਸਲੇ ਨੇ ਮਾਂ ਨੂੰ ਹਿੰਮਤ ਦਿੱਤੀ ਤੇ ਉਹ ਆਪਣੀ ਧੀ ਦੀ ਖੁਸ਼ੀ ਲਈ ਤਲਾਕ ਦੇ ਸ਼ਬਦ ਸੁਣਨ ਲਈ ਮਾਨਸਕ ਪਖੋਂ ਤਿਆਰ ਹੋ ਗਈ। ਇਹ ਕਹਾਣੀ ਮਾਂ-ਧੀ ਦੇ ਅਟੁੱਟ ਰਿਸ਼ਤੇ ਦੀ ਕਹਾਣੀ ਬਣਦੀ ਹੈ।

ਇਕੱਲਾਪਨ ਚੰਗੇ-ਭਲੇ ਬੰਦੇ ਨੂੰ ਖੋਰ ਕੇ ਰੱਖ ਦੇਂਦਾ ਹੈ। ਜੇ ਇਹ ਇੱਕਲਾਪਨ ਕਿਸੇ ਔਰਤ ਨੂੰ ਭੋਗਣਾ ਪਏ ਤਾਂ ਉਸ ਨੂੰ ਦੋਹਰੀ ਮਾਰ ਭੋਗਣੀ ਪੈਂਦੀ ਹੈ। ਧੀ ਦੇ ਜਵਾਨ ਹੋਣ ਤੇ ਉਸ ਦੇ ਆਪਣੇ ਹਾਣ ਦੇ ਮੁੰਡੇ ਨਾਲ ਹੱਸਣ-ਖੇਡਣ ਤੇ ਦੇਰ-ਦੇਰ ਤਕ ਬੰਦ ਕਮਰੇ ਵਿੱਚ ਸਮਾਂ ਗੁਜ਼ਾਰਨ ਨਾਲ ਲੰਮੇ ਸਮੇਂ ਤੋਂ ਇੱਕਲ ਭੋਗ ਰਹੀ ਮਾਂ ਅੰਦਰ ਹੋਰ ਤਰ੍ਹਾਂ ਦੇ ਹੀ ਵਿਚਾਰ ਉਸਲਵੱਟੇ ਲੈਣ ਲੱਗਦੇ ਹਨ। ਪਹਿਲੇ-ਪਹਿਲ ਜਦੋਂ ਇੱਕਲੇ ਹੋਣ ਦਾ ਐਨਾ ਅਹਿਸਾਸ ਤੰਗ ਨਹੀਂ ਕਰਦਾ, ਜਿੰਨਾ ਜਵਾਨ ਧੀ ਦੇ ਮੁੰਡੇ ਨਾਲ ਨੇੜਤਾ ਕਾਇਮ ਕਰਨ ਤੇ ਕਰਦਾ ਹੈ। **ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਮੱਕੜੀਆਂ 1 ਤੇ 2** ਅਜਿਹੀ ਮਾਂ ਨੂੰ ਸਾਡੇ ਸਾਹਮਣੇ ਲਿਆਉਂਦੀ ਹੈ। ਜਿਸ ਅੰਦਰ ਕਿਸੇ ਮਰਦ ਦੀ ਚਾਹਤ, ਕਿਸੇ ਦਾ ਸਾਥ ਪਾਉਣ ਦੀ ਤਾਂਘ ਉਦੋਂ ਜ਼ੋਰ ਪਕੜਨ ਲੱਗਦੀ ਹੈ, ਜਦੋਂ ਉਸ ਦੀ ਧੀ ਬੇਬੀ ਬਿੰਨਾ ਨਾਮਕ ਮੁੰਡੇ ਨਾਲ ਦੋਸਤੀ ਕਰ ਲੈਂਦੀ ਹੈ। ਬਿੰਨਾ ਦੇ ਘਰ ਆਉਣ ਤੇ ਮਾਂ ਨੂੰ ਵੀ ਉਸ ਦਾ ਸਾਥ ਬਹੁਤ ਚੰਗਾ ਲੱਗਦਾ ਹੈ। ਉਹ ਉਸ ਨਾਲ ਖੁੱਲ੍ਹ ਕੇ ਹੱਸਣ ਤੇ 'ਦਮਾਦਮ ਮਸਤ ਕਲੰਦਰ' ਜਿਹੇ ਗਾਣਿਆਂ ਦੇ ਮਿਊਜ਼ਿਕ ਉਤੇ ਨੱਚਣ ਲੱਗਦੀ ਹੈ। ਧੀ ਨੂੰ ਮਾਂ ਦਾ ਐਨਾ ਬੇਪਰਵਾਹ ਵਤੀਰਾ ਪਸੰਦ ਨਹੀਂ ਆਉਂਦਾ। ਮਾਂ-ਧੀ ਵਿਚਕਾਰ ਖਟਾਸ ਤੇ ਦੂਰੀ ਆਉਣ ਲੱਗਦੀ ਹੈ।

ਮਾਂ ਦਾ ਬੌਸ ਰਮਿੰਦਰ ਸਿੰਘ ਉਨ੍ਹਾਂ ਦੇ ਘਰ ਆਉਂਦਾ-ਜਾਂਦਾ ਹੈ, ਜਿਸ ਦੀ ਬੀਵੀ ਕੈਂਸਰ ਦੀ ਮਰੀਜ਼ ਹੈ। ਕਦੇ-ਕਦਾਈਂ ਘਰ ਆਉਣ ਵਾਲੇ ਰਮਿੰਦਰ ਸਿੰਘ ਦੇ ਹੁਣ ਇਕ ਦਿਨ ਵੀ ਘਰ ਨਾ ਆਉਣ ਤੇ ਮਾਂ ਨੂੰ ਬਹੁਤ ਬੇਚੈਨੀ ਹੋਣ ਲੱਗਦੀ ਹੈ। ਹੁਣ ਉਹ ਸਰ੍ਹੇਆਮ ਉਸ ਦੀ ਕਾਰ ਵਿੱਚ ਬੈਠ ਕੇ ਹਸਪਤਾਲ ਉਸ ਦੀ ਬੀਵੀ ਨੂੰ ਦੇਖਣ ਲਈ ਜਾਂਦੀ ਹੈ। ਮਾਂ ਦੀ ਮਨਮਰਜ਼ੀ ਧੀ ਨੂੰ ਪਸੰਦ ਨਹੀਂ ਆਉਂਦੀ। ਇਕ ਦਿਨ ਉਹ ਘਰੋਂ ਜਾਣ ਦਾ ਐਲਾਨ ਕਰ ਦੇਂਦੀ ਹੈ। ਧੀ ਦੇ ਘਰ ਛੱਡ ਜਾਣ ਦਾ ਅਸਰ ਮਾਂ ਉਤੇ ਪੈਂਦਾ ਹੈ।

ਧੀ ਦਾ ਆਪਣੀ ਉਮਰ ਜਿਹਾ ਵਿਹਾਰ ਕਰਨਾ, ਮਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਉਂਦਾ ਹੈ ਕਿ ਉਹ ਇੱਕਲੀ ਹੈ।ਧੀ ਨੂੰ ਸਾਥ ਮਾਣਦੇ ਦੇਖ ਕੇ ਮਾਂ ਅੰਦਰ ਵੀ ਕਿਸੇ ਦਾ ਸਾਥ ਮਾਣਨ ਦਾ ਜੀਅ ਕਰਦਾ ਹੈ। ਮਾਂ ਦਾ ਧੀ ਦੇ ਦੋਸਤ ਮੁੰਡੇ ਨਾਲ ਹੱਸਣਾ-ਨੱਚਣਾ ਧੀ ਨੂੰ ਇਕਦਮ ਬਰਦਾਸ਼ਤ ਨਹੀਂ ਹੁੰਦਾ। ਇੱਥੇ ਧੀ, ਮਾਂ ਨੂੰ ਆਪਣੀ ਪ੍ਰਤੀਦਵੰਦੀ ਦੇ ਰੂਪ ਵਿੱਚ ਦੇਖਣ ਲੱਗਦੀ ਹੈ। ਉਸ ਨੂੰ ਕਿੱਧਰੇ-ਕਿੱਧਰੇ ਅਸੁਰੱਖਿਅਤ ਹੋਣ ਦਾ ਅਹਿਸਾਸ ਹੋਣ ਲੱਗਦਾ ਹੈ। ਜਾਂ ਉਸ ਨੂੰ ਮਾਂ ਦਾ ਇਹ ਵਤੀਰਾ, ਮਾਂ ਦੇ ਹਾਣ ਦਾ ਨਹੀਂ ਪ੍ਰਤੀਤ ਹੁੰਦਾ। ਉਹ



ਮਾਂ ਨੂੰ ਪਰੰਪਰਕ ਮਾਂ ਦੇ ਰੂਪ ਵਿੱਚ ਦੇਖਣਾ ਚਾਹੁੰਦੀ ਹੈ ਤੇ ਨਹੀਂ ਚਾਹੁੰਦੀ ਤੇ ਕਿ ਮਾਂ ਉਸ ਦੇ ਦੋਸਤ ਮੁੰਡੇ ਨਾਲ ਨੇੜਤਾ ਬਣਾਏ। ਇਸੇ ਕਾਰਣ ਹੀ ਉਹ ਰਮਿੰਦਰ ਸਿੰਘ ਦੀ ਮੌਜੂਦਗੀ ਵਿੱਚ ਠੰਡੇਪਨ ਦਾ ਵਿਹਾਰ ਕਰਦੀ ਹੈ।ਉਸ ਦੀ ਬੇਇਜ਼ੱਤੀ ਜਾਂ ਕਠੋਰ ਵਚਨ ਇਸ ਕਰਕੇ ਨਹੀਂ ਕਹਿ ਸਕਦੀ, ਕਿਉਂਕਿ ਉਹ ਮਾਂ ਦਾ ਡਾਇਰੇਕਟਰ ਬੌਸ ਹੈ।ਜੇ ਇੰਜ ਨਾ ਹੁੰਦਾ ਤਾਂ ਸ਼ਾਇਦ ਧੀ, ਉਸ ਦਾ ਘਰ ਆਉਣਾ ਬਰਦਾਸ਼ਤ ਨਾ ਕਰਦੀ।

ਇਕ ਵਾਰ ਉਹ ਮਾਂ ਨੂੰ ਕਹਿ ਹੀ ਦੇਂਦੀ ਹੈ,

*"ਤੂੰ ਮਾਂ ਹੋ ਕੇ ਮੈਥੋਂ ਸੜਦੀ ਏਂ। ਮੇਰੀਆਂ ਨਿੱਕੀਆਂ-ਨਿੱਕੀਆਂ ਖੁਸ਼ੀਆਂ ਵੀ ਤੈਥੋਂ ਜਰ ਨਹੀਂ ਹੁੰਦੀਆਂ। ਅਖੇ, ਮੈਂ ਤੇਰੇ ਨਾਲ ਰਹਿ ਹੀ ਨਹੀਂ ਸਕਦੀ।"*

ਧੀ ਦਾ ਇਹ ਕਹਿਣਾ ਤੇ ਮਾਂ ਨੂੰ ਛੱਡ ਕੇ ਚਲੇ ਜਾਣਾ ਮਾਂ ਦੀ ਜ਼ਿੰਦਗੀ ਵਿੱਚ ਵਿਸਫੋਟਕ ਸਾਬਿਤ ਹੁੰਦਾ ਹੈ।ਮਾਂ ਨੂੰ ਬਿੰਨਾ ਤੇ ਉਸ ਦਾ ਦੋਸਤ ਰਾਣਾ ਚੰਗਾ ਲੱਗਦਾ ਹੈ।ਅਨਜਾਣੇ ਛੋਹੇ ਜਾਣ ਵਾਲੇ ਹੱਥਾਂ ਦੀ ਛੋਹ ਚੰਗੀ ਲੱਗਦੀ ਹੈ।ਅਸਲ ਵਿੱਚ ਧੀ ਦੀ ਜਵਾਨੀ ਦੇਖ, ਮਾਂ ਨੂੰ ਆਪਣੀ ਜਵਾਨੀ ਦਾ ਅਹਿਸਾਸ ਹੋਣ ਲੱਗਦਾ ਹੈ।ਉਹ ਉਸ ਵਰਗਾ ਵਿਹਾਰ ਕਰਨ ਲੱਗਦੀ ਹੈ।ਬਿੰਨੇ ਤੇ ਬੇਬੀ ਦਾ ਬੰਦ ਕਮਰੇ ਵਿੱਚ ਇੱਕਠਿਆਂ ਸਮਾਂ ਗੁਜ਼ਰਾਨਾ ਮਾਂ ਨੂੰ ਅਖ਼ਰਦਾ ਜ਼ਰੂਰ ਹੈ। ਉਹ ਬਹਾਨੇ ਨਾਲ ਕਹਿੰਦੀ ਵੀ ਹੈ, ਪਰ ਧੀ ਅੱਗੋਂ ਪਲਟ ਕੇ ਜਵਾਬ ਦੇਂਦੀ ਹੈ :

*"ਉਹ ਹੁਣ ਬੱਚੀ ਨਹੀਂ ।"*

ਰਮਿੰਦਰ ਸਿੰਘ ਦੇ ਘਰ ਆਉਣ ਤੇ ਮਾਂ, ਧੀ ਉੱਪਰ ਮਾਂ ਵਰਗਾ ਰੋਹਬ ਰੱਖਣ ਵਿੱਚ ਨਾਕਾਮਯਾਬ ਰਹਿੰਦੀ ਹੈ। ਮਾਂ ਦੀ ਅੰਦਰਲੀ ਕਮਜ਼ੋਰੀ ਧੀ ਨੂੰ ਵਧੇਰੇ ਸ਼ਹਿ ਦੇਂਦੀ ਹੈ। ਉਹ ਘਰ ਵਿੱਚ ਮਾਂ ਦੀ ਮੌਜੂਦਗੀ ਵਿੱਚ ਹੀ ਦੋਸਤ ਮੁੰਡੇ ਨਾਲ ਕਿੰਨਾ-ਕਿੰਨਾ ਚਿਰ ਇੱਕਲੇ ਬੰਦ ਕਮਰੇ ਵਿੱਚ ਬਿਤਾਉਂਦੀ ਹੈ ਤੇ ਬਾਹਰ ਬੈਠੀ ਮਾਂ ਹਿਰਖੇ ਜਾਣ ਦੇ ਬਾਵਜੂਦ ਕੁਝ ਨਹੀਂ ਕਰ ਸਕਦੀ।

ਇਹ ਕਹਾਣੀ ਮਾਂ-ਧੀ ਦੇ ਰਿਸ਼ਤੇ ਨੂੰ ਇੱਕਲੀ ਔਰਤ ਦੇ ਨਜ਼ਰੀਏ ਤੋਂ ਪੇਸ਼ ਕਰਦੀ ਹੈ। ਮਾਂ-ਧੀ ਦੇ ਹੁੰਦੇ ਹੋਏ ਵੀ ਦੋਵੇਂ ਆਪਣੇ-ਆਪਣੇ ਖੋਲ ਵਿੱਚ ਸਿਮਟੀਆਂ ਹੋਈਆਂ ਹਨ। ਦੋਵਾਂ ਨੂੰ ਲੱਗਦਾ ਹੈ ਕਿ ਦੂਜੀ ਧਿਰ ਉਸ ਦੀ ਸੀਮਾ ਦਾ ਉਲੰਘਣ ਕਰ ਰਹੀ ਹੈ, ਜੋ ਕਿ ਜਾਇਜ਼ ਨਹੀਂ ਹੈ।ਇਹ ਕਹਾਣੀ ਮਾਂ-ਧੀ ਦੇ ਰਿਸ਼ਤੇ ਨੂੰ ਕਈ ਕੋਣਾਂ ਤੋਂ ਦੇਖਦੀ-ਪਰਖਦੀ ਹੈ।

**ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਅੱਧ ਚਾਨਣੀ ਰਾਤ ਦਾ ਦੁਖਾਂਤ'** ਵੀ ਮਾਂ-ਧੀ ਦੇ ਰਿਸ਼ਤੇ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ। ਹਾਲਾਂਕਿ ਦੁੱਗਲ ਦੀ ਕਹਾਣੀ ਸੁਖਵੰਤ ਕੌਰ ਮਾਨ ਦੀ ਕਹਾਣੀ ਤੋਂ ਬਹੁਤ ਪਹਿਲਾ ਦੀ ਹੈ। ਦੁੱਗਲ ਦੀ ਕਹਾਣੀ ਵਿਚਲੀ ਮਾਂ ਮਾਲਣ ਧੀ ਤੋਂ ਵੀ ਵੱਧ ਸੁਹਣੀ ਹੈ। ਧੀ ਦਾ ਵਿਆਹ ਤੈਅ ਹੋਣ ਤੇ ਉਸ ਨੂੰ ਮਿਲੀ ਸਗਨਾਂ ਦੀ ਮੁਕੈਸ਼ ਵਾਲੀ ਚੁੰਨੀ ਤੇ ਚੂੜੀਆਂ ਦੇਖ ਕੇ ਮਾਂ ਦੇ ਮਨ ਵਿੱਚ ਚਾਹਤ ਪੈਦਾ ਹੁੰਦੀ ਹੈ ਕਿ ਕਦੇ ਉਹ ਵੀ ਇਹੋ ਜਿਹੀ ਮੁਕੈਸ਼ ਦੇ ਸਿਤਾਰਿਆਂ ਵਾਲੀ ਚੁੰਨੀ ਸਿਰ ਉਤੇ ਲਵੇ। ਉਸ ਦੀਆਂ ਬਾਹਾਂ ਵੀ ਚੂੜੀਆਂ ਨਾਲ ਭਰੀਆਂ ਝਣ-ਝਣ ਕਰਨ।

ਪਿੱਛਲੇ ਅਠਾਰ੍ਹਾਂ ਸਾਲਾਂ ਤੋਂ ਹਰ ਸਾਲ ਅੱਧ ਚਾਨਣੀ ਰਾਤ ਨੂੰ ਆਪਣੇ ਪ੍ਰੇਮੀ ਵਲੋਂ ਉਸ ਦਾ ਬੂਹਾ ਠਕੋਰਨ ਦੇ ਬਾਵਜੂਦ ਉਸ ਦੀ ਆਮਦ ਨੂੰ ਨਾ ਗੌਲਣ ਵਾਲੀ ਮਾਂ ਮਾਲਣ ਉਸ ਰਾਤ ਆਪਣੇ ਆਪ ਨੂੰ ਨਾ ਰੋਕ ਸਕੀ। ਉਸ ਧੀ ਦੀ ਸਗਨਾਂ ਵਾਲੀ ਚੁੰਨੀ ਸਿਰ ਉਤੇ ਲਈ ਤੇ ਬਾਹਾਂ ਵਿੱਚ ਚੂੜੀਆਂ ਭਰ, ਪਿੰਡੋਂ ਬਾਹਰਲੇ ਬਾਗ ਵਿੱਚ ਆਪਣੇ ਪ੍ਰੇਮੀ ਨੂੰ ਮਿਲਣ ਤੁਰ ਪਈ।ਪ੍ਰੇਮੀ ਨੂੰ ਮਿਲ, ਉਹ ਸਾਰੀ ਦੁਨੀਆ ਭੁੱਲ ਗਈ। ਲੋਅ ਲੱਗਣ ਦਾ ਵੀ ਹੋਸ਼ ਨਾ ਰਿਹਾ।ਹੋਸ਼ ਪਰਤਦੇ ਹੀ ਮਾਲਣ ਘਰ ਨੂੰ ਭੱਜੀ ਤੇ ਸਿਰ-ਮੂੰਹ ਲਪੇਟ ਕੇ ਸੌਂ ਗਈ।

ਬਾਗ ਤੋਂ ਘਰ ਪਰਤਦਿਆਂ, ਸਿਰ ਉਤੇ ਸਿਤਾਰਿਆਂ ਵਾਲੀ ਚੁੰਨੀ ਦੇਖ, ਕਿਸੇ ਪਿੰਡ ਵਾਲੇ ਨੂੰ ਧੀ ਦਾ ਹੀ ਭਰਮ ਹੋਇਆ। ਦਰਖ਼ਤ ਹੇਠ ਇਕ ਚੂੜੀ ਵੀ ਟੁੱਟੀ ਹੋਈ ਮਿਲੀ।ਪਿੰਡ ਵਿੱਚ ਰੌਲਾ ਪੈ ਗਿਆ।ਮੰਦਰ ਜਾਂਦੀ ਧੀ ਨੇ ਟੁੱਟੀ ਚੂੜੀ ਪਛਾਣ ਲਈ। ਉਹ ਝੱਟ ਸਾਰਾ ਮਾਜਰਾ ਸਮਝ ਗਈ।ਧੀ ਨੇ ਕਿਸੇ ਦਾ ਮਾਂ ਵੱਲ

ਧਿਆਨ ਨਾ ਜਾਂਦੇ ਦੇਖ, ਇਸ ਭੇਤ ਨੂੰ ਭੇਤ ਹੀ ਰਹਿਣ ਦਿੱਤਾ। ਪਰ ਨਮੋਸੀ ਕਾਰਨ ਖੂਹ ਵਿੱਚ ਛਾਲ ਮਾਰ ਦਿੱਤੀ।

ਸਾਰੀ ਗੱਲ ਦਾ ਪਤਾ ਲੱਗਣ ਤੇ ਮਾਲਣ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਉਹ ਕੀ ਕਰ ਬੈਠੀ ? ਅਨਜਾਣੇ ਹੀ ਆਪਣੀ ਚਾਹਤ ਨੂੰ ਇਕ ਵਾਰ ਪੂਰਾ ਕਰਨ ਦੇ ਚੱਕਰ ਵਿੱਚ ਉਹ ਆਪਣੀ ਧੀ ਦੀ ਜ਼ਿੰਦਗੀ ਹੀ ਗਵਾਂ ਬੈਠੀ। ਜਵਾਨ ਧੀ ਨੇ ਮਾਂ ਦਾ ਪਰਦਾ ਬਣਿਆ ਰਹਿਣ ਦਿੱਤਾ ਤੇ ਆਪ ਖ਼ੁਦਕੁਸ਼ੀ ਕਰ ਲਈ।

ਮਾਂ-ਧੀ ਦੇ ਰਿਸ਼ਤੇ ਦੀ ਇਹ ਕਹਾਣੀ ਵੀ ਮਾਂ ਦੀ ਅਧੂਰੀ ਚਾਹਤ ਨੂੰ ਪੂਰਾ ਕਰਨ ਦੀ ਕਹਾਣੀ ਹੈ।ਧੀ ਦੇ ਜਵਾਨ ਸੁਫ਼ਨਿਆਂ ਨੂੰ ਪੂਰਾ ਹੁੰਦੇ ਦੇਖ, ਉਸ ਦਾ ਵੀ ਮਨ ਕੀਤਾ, ਇਕ ਵਾਰ ਉਹ ਵੀ ਆਪਣਾ ਆਪ ਮਾਣ ਕੇ ਦੇਖੇ।ਮਾਂ ਨੂੰ ਲੱਗਦਾ ਹੈ ਕਿ, ਹੁਣ ਧੀ ਜਿਹੀ ਸਹੇਲੀ ਵਿਆਹ ਮਗਰੋਂ ਉਸ ਤੋਂ ਦੂਰ ਚਲੀ ਜਾਵੇਗੀ। ਉਹ ਹਮੇਸ਼ਾ ਲਈ ਇੱਕਲੀ ਰਹਿ ਜਾਏਗੀ। ਇਸ ਇੱਕਲੇਪਨ ਨੂੰ ਭਰਨ ਲਈ ਉਸ ਕੋਲ ਕੋਈ ਅਜਿਹੀ ਯਾਦ ਹੋਣੀ ਚਾਹੀਦੀ ਹੈ, ਜਿਸ ਦੇ ਭਰੋਸੇ ਉਹ ਆਪਣੀ ਬਾਕੀ ਦੀ ਜ਼ਿੰਦਗੀ ਬਿਤਾ ਸਕੇ। ਉਸ ਯਾਦ ਦੇ ਪਲ ਉਸ ਦੇ ਇੱਕਲੇਪਨ ਵਿੱਚ ਰਾਹਤ ਦੇ ਸਕਣ।ਪਰ ਇਹ ਪਲ ਬਹੁਤ ਭਾਰੀ ਪਏ। ਇਹ ਯਾਦ ਸੁਖਾਵੀਂ ਦੀ ਥਾਂ ਬਾਕੀ ਜ਼ਿੰਦਗੀ ਲਈ ਨਾਸੂਰ ਬਣ ਗਈ।ਉਸ ਨੇ ਇਕ ਰਾਤ ਲਈ ਪ੍ਰੇਮੀ ਦੇ ਸਾਥ ਨੂੰ ਮਾਣਿਆ ਤੇ ਸਾਰੀ ਉੱਮਰ ਲਈ ਧੀ ਗਵਾਂ ਬੈਠੀ।

ਕਈ ਵਾਰ ਇੰਜ ਲੱਗਦਾ ਹੈ ਕਿ ਸਾਡੇ ਸਮਾਜ ਵਿੱਚ, ਸਾਡੀ ਜੀਵਨ ਸੋਚ ਵਿੱਚ ਜੋ ਰੁਤਬਾ, ਜੋ ਸੰਸਕਾਰ ਅਚੇਤੇ ਹੀ ਜੜ੍ਹ ਜਮਾਈ ਬੈਠੇ ਹਨ, ਉਹ ਬੜੇ ਅਰਥ ਭਰਪੂਰ ਤੇ ਗਹਿਰੇ ਹਨ। ਜਦੋਂ ਵੀ ਇਨ੍ਹਾਂ ਤੋਂ ਕੋਈ ਗੱਲ ਉਰ੍ਹੇ-ਪਰ੍ਹੇ ਦੀ ਹੁੰਦੀ ਹੈ, ਉਹ ਮੀਲ ਦਾ ਪੱਥਰ ਸਾਬਿਤ ਹੋਣ ਦੀ ਬਜਾਏ, ਆਪਣੇ ਪਰੰਪਰਕ ਅੰਦਾਜ਼ ਨੂੰ ਹੀ ਹੋਰ ਮਜ਼ਬੂਤ ਕਰਦੀ ਦਿੱਸਦੀ ਹੈ।ਮਾਂ ਨੂੰ ਮਾਂ ਦੇ ਰੁਤਬੇ ਜਿਹਾ, ਉਸ ਦੀ ਗਰਿਮਾ ਜਿਹਾ ਹੀ ਵਿਹਾਰ ਕਰਨਾ ਹੀ ਵਧੇਰੇ ਸੋਭਦਾ ਹੈ।

ਪੜ੍ਹ-ਲਿਖ ਕੇ ਧੀਆਂ ਨੇ ਮਾਂ ਦੀ ਸਥਿਤੀ ਨੂੰ ਬਦਲਣ ਦੇ ਜਤਨ ਵੀ ਕੀਤੇ। ਜਦੋਂ '**ਨਮਸਕਾਰ**' ਕਹਾਣੀ ਵਿਚਲੀ ਧੀ ਹਰਮਨ ਆਪਣੀ ਮਾਂ ਨੂੰ ਉਸ ਦਾ ਬਣਦਾ ਸਥਾਨ ਦਿਵਾਉਂਦੀ ਹੈ।**ਦਰਸ਼ਨ ਜੋਗਾ** ਦੀ ਕਹਾਣੀ ਵਿੱਚ ਧੀ ਜਦੋਂ ਦੇਖਦੀ ਹੈ ਕਿ ਉਸ ਦੀ ਮਾਂ ਨੂੰ ਸਾਰੀ ਉਮਰ ਪਰਿਵਾਰ ਵਿੱਚ ਉਹ ਸਥਾਨ, ਉਹ ਇੱਜ਼ਤ ਕਦੇ ਨਹੀਂ ਮਿਲੀ, ਜਿਸ ਦੀ ਹੱਕਦਾਰ ਰਹੀ ਸੀ ਤਾਂ ਹਰਮਨ ਨੇ ਮਾਂ ਦੀ ਮੌਤ ਮਗਰੋਂ ਉਸ ਦੇ ਭੋਗ ਪੈਣ 'ਤੇ ਗੁਰਦੁਆਰੇ ਵਿੱਚ ਸਾਰਿਆਂ ਸਾਹਮਣੇ ਮਾਂ ਦੀ ਫੋਟੋ ਲਿਆ ਰੱਖੀ ਤੇ ਉਸ ਨੂੰ ਸਾਰਿਆਂ ਸਾਹਮਣੇ 'ਨਮਸਕਾਰ' ਕੀਤਾ। ਉਹ ਨਹੀਂ ਚਾਹੁੰਦੀ ਸੀ ਕਿ ਭੋਗ ਵਾਲੇ ਦਿਨ ਮਾਂ ਦੀ ਇਕਦਮ ਛੋਟੀ ਜਿਹੀ ਫੋਟੋ ਇੱਕਠ ਸਾਹਮਣੇ ਰੱਖੀ ਜਾਏ, ਜਿਸ ਵਿਚੋਂ ਮਾਂ ਦਾ ਪੂਰਾ ਚਿਹਰਾ ਵੀ ਠੀਕ ਤਰ੍ਹਾਂ ਨਹੀਂ ਦਿਸ ਰਿਹਾ ਸੀ। ਧੀ ਨੇ ਮਨ ਵਿੱਚ ਪੂਰਾ ਨਿਸ਼ਚਾ ਕਰ, ਅੰਦਰੋਂ ਮਾਂ ਦੀ ਸੁਨਹਿਰੀ ਫਰੇਮ ਵਾਲੀ ਫੋਟੋ ਸਭ ਦੇ ਸਾਹਮਣੇ ਲਿਆ ਰੱਖੀ।

ਮਾਂ ਦੀ ਛੋਟੀ ਤਸਵੀਰ ਨੂੰ ਬਦਲ ਕੇ ਸੁਨਹਿਰੀ ਫਰੇਮ ਵਾਲੀ ਤਸਵੀਰ ਇਕੱਠ ਸਾਹਮਣੇ ਲਿਆ ਕੇ ਨਮਸਕਾਰ ਕਰਨਾ, ਇਸ ਤੱਥੋਂ ਪ੍ਰਭਾਵਸ਼ਲੀ ਬਣਦਾ ਹੈ ਕਿ ਮਾਂ ਦੀ ਹੈਸੀਅਤ ਨੂੰ ਸਦਾ ਪਰਿਵਾਰ ਵਲੋਂ ਛੋਟਾ ਤੇ ਨਕਾਰਿਆ ਹੀ ਸਮਝਿਆ ਜਾਂਦਾ ਰਿਹਾ। ਜਦਕਿ ਧੀ ਦੀ ਨਜ਼ਰ ਵਿੱਚ ਮਾਂ ਇਸ ਸਭ ਤੋਂ ਕਿਤੇ ਵੱਧ ਦੀ ਹੱਕਦਾਰ ਸੀ। ਜੋ ਹੈਸੀਅਤ ਤੇ ਮਾਣ ਉਸ ਦੀ ਮਾਂ ਨੂੰ ਪਰਿਵਾਰ ਤੇ ਪਤੀ ਨੇ ਕਦੇ ਜਿਉਂਦੇ-ਜੀਅ ਨਹੀਂ ਦਿੱਤਾ ਸੀ, ਉਹ ਵੱਡਪਣ ਧੀ ਨੇ ਆਪਣੀ ਮਾਂ ਨੂੰ ਉਸ ਦੀ ਮੌਤ ਬਾਦ ਦਿਵਾ ਕੇ, ਜਿਵੇਂ ਆਪਣਾ ਫ਼ਰਜ਼ ਨਿਭਾਇਆ।ਧੀ ਵਲੋਂ ਅਜਿਹਾ ਕਦਮ ਚੁੱਕਣ ਵਿੱਚ ਪਰਿਵਾਰ ਦੇ ਹਾਲਾਤਾਂ ਅਨੁਸਾਰ ਇਹ ਬਹੁਤ ਵੱਡਾ ਕਦਮ ਤੇ ਹਿੰਮਤ ਵਾਲਾ ਫੈਸਲਾ ਜਾਪਦਾ ਹੈ। ਮਾਂ ਨੂੰ ਉਸ ਦਾ ਬਣਦਾ ਮਾਨ-ਸਨਮਾਨ ਮਿਲਿਆ, ਭਾਵੇਂ ਮੌਤ ਤੋਂ ਬਾਦ ਹੀ ਸਹੀ, ਜੋ ਉਸ ਦੀ ਆਪਣੀ ਧੀ ਵਲੋਂ ਦਿਵਾਇਆ ਗਿਆ।

ਇਸੇ ਤਰ੍ਹਾਂ ਦਾ ਹੀ ਇਕ ਉੱਦਮ **ਕੁਲਬੀਰ ਬਡੇਸਰੋਂ** ਦੀ ਕਹਾਣੀ 'ਮਾਏ **ਨੀ'ਵਿਚਲੀ** ਧੀ ਕਰਦੀ ਹੈ।



ਤੇਰ੍ਹਾਂ ਸਾਲਾਂ ਦੀ ਧੀ ਨੂੰ ਪਤਾ ਲੱਗ ਗਿਆ ਕਿ ਉਸ ਦੀ ਮਾਂ ਆਪਣੇ ਪਤੀ ਤੇ ਸਹੁਰਿਆਂ ਵਲੋਂ ਤੰਗ ਕਰਨ ਕਾਰਣ ਭੱਜ ਆਈ। ਪਤੀ-ਪਤਨੀ ਦਾ ਆਪਸ ਵਿੱਚ ਤਲਾਕ ਹੋ ਗਿਆ।ਮਾਂ ਨੇ ਸਾਰੀ ਉਮਰ ਕਮਾ ਕੇ ਧੀ ਦੀ ਪਾਲਣਾ ਕੀਤੀ। ਹਰ ਵੇਲੇ ਪੈਸੇ ਬਚਾਉਣ ਬਾਰੇ ਸੋਚਦੀ ਰਹਿੰਦੀ ਹਾਲਾਂਕਿ ਮਾਂ ਦੇ ਪੇਕਿਆਂ ਦਾ ਵੱਡਾ ਪਰਿਵਾਰ ਕਨੇਡਾ ਵਿੱਚ ਸੈਟਲ ਸੀ। ਫਿਰ ਵੀ ਕਿਸੇ ਨੇ ਉਸ ਦੀ ਆਰਥਕ ਮਦਦ ਕਰਨ ਦਾ ਜਤਨ ਨਹੀਂ ਕੀਤਾ ਕਿ ਨਾ ਹੀ ਚਾਹਿਆ ਕਿ ਉਹ ਦੋਵੇਂ ਮਾਂ-ਧੀ ਵੀ ਕਨੇਡਾ ਆ ਜਾਣ। ਪਰ ਇਕ ਵਿਆਹ ਉਤੇ ਜਦੋਂ ਉਸ ਦੀ ਮਾਸੀ ਨੇ ਧੀ ਦੀ ਉਮਰ ਪੁੱਛੀ ਤੇ ਕਿਹਾ,

*"ਲੈ ਹੋਰ ਦੋ-ਚਾਰ ਸਾਲਾਂ ਤਕ ਹੋ ਜਾਊਗੀ ਵਿਆਹੁਣ ਜੋਗੀ।"*

*"ਲੈ, ਇਸ ਦਾ ਵਿਆਹ ਤਾਂ ਮੈਂ ਕਰੂੰਗਾ ਆਪਣੇ ਹੱਥੀ.।" ਮੇਰੇ ਵੱਡੇ ਮਾਸੜ ਨੇ ਚੌੜੇ ਹੋ ਕੇ ਕਿਹਾ।*

*"ਪਰ ਆਪਣੇ ਤੋਂ ਪਹਿਲਾ ਮੈਂ ਆਪਣੀ ਮਾਂ ਦਾ ਵਿਆਹ ਕਰਨਾ ਹੈ, ਉਸ ਦਾ ਇਕਲਾਪਾ ਦੂਰ ਕਰਨਾ ਹੈ। ਉਹ ਵੀ ਇਨਸਾਨ ਹੈ। ਜ਼ਿੰਦਗੀ ਦੀ ਹਰ ਖੁਸ਼ੀ, ਹਰ ਸੁਖ ਤੇ ਉਸ ਦਾ ਵੀ ਹੱਕ ਹੈ। ਉਸ ਬਾਰੇ ਕੋਈ ਨਹੀਂ ਸੋਚਦਾ, ਕੋਈ ਨਹੀਂ ਦੇਖਦਾ। ਉਸ ਦਾ ਵੀ ਹੱਕ ਹੈ, ਸਿਰ ਉੱਚਾ ਕਰਕੇ ਜੀਣ ਦਾ ।" ਧੀ ਵਲੋਂ ਆਪਣੀ ਮਾਂ ਬਾਰੇ ਇਹ ਕਹਿਣ ਨਾਲ ਹੀ ਰਿਸ਼ਤੇਦਾਰਾਂ ਵਿੱਚ ਸੰਨਾਟਾ ਪਸਰ ਗਿਆ।*

*"ਏਨਾ ਸੰਨਾਟਾ, ਏਨੀ ਚੁੱਪ...ਖੜਕਦੇ ਗਿਲਾਸ ਰੁਕ ਗਏ ਤੇ ਸਾਰਿਆਂ ਦੇ ਮੂੰਹ ਬੰਦ ਹੋ ਗਏ ਸਨ। ਸਿਰਫ਼ ਮੇਰੀ ਇੱਕਲੀ ਦੀ ਆਵਾਜ਼ ਗੂੰਜ ਰਹੀ ਸੀ।ਅਚਾਨਕ ਮੈਂ ਤੇਰੇ ਵੱਲ ਦੇਖਿਆ ਤੇ ਮੈਨੂੰ ਲੱਗਾ ਤੇਰਾ ਸਿਰ ਤਾਂ ਮੈਂ ਹੁਣੇ ਹੀ ਉੱਚਾ ਕਰ ਦਿੱਤਾ ਹੈ ਮਾਂ ਨੀ।"*

ਕੁਲਬੀਰ ਬਡੇਸਰੋਂ ਦੀ ਇਹ ਕਹਾਣੀ ਧੀ ਵਲੋਂ ਮਾਂ ਦਾ ਇਕਲਾਪਾ ਦੂਰ ਕਰਨ ਦੀ ਪਹਿਲ ਕਰਦੀ ਦਿਸਦੀ ਹੈ। ਸਿਰਫ਼ ਤੇਰ੍ਹਾਂ ਵਰ੍ਹਿਆਂ ਦੀ ਧੀ ਨੇ ਮਾਂ ਦੀ ਉਸ ਇੱਕਲਤਾ ਨੂੰ ਦੇਖ-ਸਮਝ ਲਿਆ, ਜਿਸ ਨੂੰ ਮਾਂ ਦੇ ਪੇਕੇ ਵਾਲੇ ਤੇ ਹੋਰ ਨੇੜਲੇ ਰਿਸ਼ਤੇਦਾਰ ਮਹਿਸੂਸ ਹੀ ਨਹੀਂ ਕਰ ਸਕੇ, ਸੋਚਣਾ ਤਾਂ ਬੜੀ ਦੂਰ ਦੀ ਗੱਲ ਹੈ।'ਮਾਏ ਨੀ' ਕਹਾਣੀ ਵੀ ਮਾਂ ਨੂੰ ਉਸ ਦਾ ਮਾਣ-ਸਨਮਾਣ ਦਿਵਾਉਂਦੀ ਹੈ।

ਇਸ ਦੇ ਨਾਲ ਹੀ ਬੀ. **ਐਸ.ਬੀਰ.ਦੀ** ਇਕ ਕਹਾਣੀ **ਕਮਲ-ਕੁਟ** ਵਿੱਚ ਵੀ ਛੋਟੀ ਉਮਰ ਦੀ ਧੀ ਆਪਣੀ ਮਾਂ ਨੂੰ ਉਸ ਦੀ ਗਲਤੀ ਦਾ ਅਹਿਸਾਸ ਕਰਵਾਉਂਦੀ ਹੈ। ਜਦੋਂ ਮਾਂ ਸਰੋਜ ਕਿਸ਼ੋਰ ਉਮਰ ਦੀ ਧੀ ਸੰਦਲ ਨੂੰ ਇਸ ਕਰਕੇ ਡਾਂਟਦੀ ਹੈ ਕਿ ਉਹ ਆਪਣੇ ਟਿਊਟਰ ਨਾਲ ਸੋਫ਼ੇ ਉਤੇ ਬੈਠੀ ਅੰਗ੍ਰੇਜ਼ੀ ਫਿਲਮ ਦੇਖ ਰਹੀ ਸੀ ਤੇ ਉਸ ਨਾਲ ਸਟ ਕੇ ਬੈਠੀ ਹੋਈ ਸੀ।

ਸਰੋਜ, ਧੀ ਤੇ ਟਿਊਟਰ ਦੋਵਾਂ ਨੂੰ ਤਾੜਦੀ ਹੈ, ਪਰ ਸੰਦਲ, ਟਿਊਟਰ ਦੇ ਜਾਣ ਮਗਰੋਂ ਮਾਂ ਨੂੰ ਹੀ ਆੜੇ ਹੱਥੀਂ ਲੈਂਦੇ ਹੋਏ ਕਹਿੰਦੀ ਹੈ,

*"ਜੇ ਇਹ ਫਿਲਮ ਵਾਹਯਾਤ ਹੈ, ਤਾਂ ਫਿਰ ਤੁਸੀਂ ਇਸ ਨੂੰ ਘਰ ਵਿੱਚ ਕਿਉਂ ਲਿਆਏ ?"*

*"... ਮੈਨੂੰ ਪਤਾ ਹੈ, ਤੁਸੀਂ ਹਾਟ ਫਿਲਮਾਂ ਕਿੱਥੇ ਰੱਖੀਆਂ ਹੋਈਆਂ ਨੇ ?"*

*ਧੀ ਜਾਣਦੀ ਹੈ ਕਿ ਮਾਂ ਸਕੂਲ ਮਗਰੋਂ ਕਿਸੇ ਨੂੰ ਮਿਲ ਕੇ ਆ ਰਹੀ ਹੈ। ਉਸ ਦੇ ਗਲੇ ਵਿੱਚ ਨਵਾਂ ਨੈਕਲੇਸ ਹੈ। ਪੁੱਛਣ ਤੇ ਮਾਂ ਦੱਸਦੀ ਹੈ, "ਕਿਸੇ ਨੇ ਗਿਫਟ ਕੀਤਾ ਹੈ।"*

*ਇਹ ਸੁਣ ਧੀ ਵੀ ਵਾਅਦਾ ਕਰਦੀ ਹੈ, "ਬਸ ਠੀਕ ਹੈ। ਪੌਰਾਮਿਸ ! ਮੈਂ ਕੋਈ ਵੀ ਕਮਲ-ਕੁਟ ਉਦੋਂ ਤਕ ਨਹੀਂ ਕਰਾਂਗੀ, ਜਦੋਂ ਤਕ ਮੈਂ ਆਪਣੇ ਪਾਪਾ ਦੇ ਸੁਫਨੇ ਸਾਕਾਰ ਨਹੀਂ ਕਰ ਲੈਂਦੀ। ਹੁਣ ਤਾਂ ਖ਼ੁਸ਼ ਹੋ।"*

ਇਸ ਕਹਾਣੀ ਵਿੱਚ ਸਰੋਜ ਦੀ ਮਾਂ ਪੁਸ਼ਪਾ ਤਸਵੀਰ ਵਿਚੋਂ ਵੀ ਜਿਵੇਂ ਉਸ ਨੂੰ ਸਮਝਾਉਂਦੇ ਹੋਏ ਕਹਿੰਦੀ ਹੈ,

*"ਜਦੋਂ ਤੂੰ ਸੰਦਲ ਦੀ ਉਮਰ ਦੀ ਸੀ। ਪਟਵਾਰੀ ਘਨਸ਼ਾਮ ਦਾਸ ਦੇ ਹਦਵਾਣਿਆਂ 'ਤੇ ਡੁੱਲ੍ਹ ਗਈ ਸੈਂ..ਕਮਲ-ਕੁਟ। ...ਜੇ ਮੈਂ ਤੇਰਾ ਧਿਆਨ ਨਾ ਕਰਦੀ ਤੇ ਤੈਨੂੰ ਨਾ ਸਮਝਾਉਂਦੀ ਤਾਂ ਤੂੰ ਸਾਰੇ ਪਿੰਡ ਵਿੱਚ ਚੰਨ ਚਾੜ੍ਹ ਦੇਣਾ ਸੀ। ਮਾਂ-ਪਿਓ ਦੀ ਇੱਜ਼ਤ ਦਾ ਕਚਰਾ ਕਰ ਦੇਣਾ ਸੀ।"*

ਜਵਾਨ ਹੁੰਦੀ ਧੀ ਲਈ ਚਰਿਤਰਵਾਨ ਮਾਂ ਦਾ ਆਦਰਸ਼ ਬਣਦੀ ਹੈ ਤੇ ਜੇ ਆਪ ਉਸ ਦੇ ਕਦਮ

ਡਗਮਗਾਉਂਦੇ ਹੋਣ ਤਾਂ ਉਹ ਮਾਂ ਵਾਲੇ ਹੱਕ ਤੇ ਰੋਹਬ ਨਾਲ ਧੀ ਨੂੰ ਸਮਝਾਉਣ ਵਿੱਚ ਘੱਟ ਪੈਂਦੀ ਹੈ। ਚਾਲ੍ਹੀ ਵਰ੍ਹਿਆਂ ਦੀ ਸਰੋਜ, ਇਹ ਸਮਝਣ ਵਿੱਚ ਭੁੱਲ ਕਰਦੀ ਹੈ ਕਿ ਉਸ ਦੇ ਕਿਸੇ ਬਾਹਰਲੇ ਨਾਲ ਸੰਬੰਧ ਨੂੰ ਉਸ ਦੀ ਪੰਦਰਾਂ ਸਾਲਾਂ ਦੀ ਧੀ ਸਮਝ ਨਹੀਂ ਸਕੇਗੀ। ਇੱਥੇ ਧੀ ਸਿਆਣੀ ਬਣ ਮਾਂ ਨੂੰ ਸਮਝਾਉਂਦੀ ਹੈ ਤੇ ਉਸ ਨੂੰ ਉਸ ਦੀ ਸਥਿਤੀ ਦਾ ਅਹਿਸਾਸ ਕਰਵਾਉਂਦੀ ਹੈ।

*ਸਰੋਜ ਆਪਣੀ ਮਾਂ ਦੀ ਤਸਵੀਰ ਨਾਲ ਸੰਵਾਦ ਰਚਾਉਂਦੇ ਹੋਏ ਪੁੱਛਦੀ ਹੈ, "ਮੰਮਾ, ਤੁਸੀਂ ਚੌਦਾਂ-ਪੰਦਰਾਂ ਦੀ ਉਮਰ ਵਿੱਚ ਕਮਲ-ਕੁਟ ਬਣੇ ਸੀ ?"*

*"ਮੈਨੂੰ ਤਾਂ ਮੌਕਾ ਹੀ ਨਹੀਂ ਦਿੱਤਾ ਗਿਆ। ਬਾਰ੍ਹਾਂ ਦੀ ਉਮਰ 'ਚ ਵਿਆਹ ਤੇ ਚੌਦਾਂ ਦੀ ਉਮਰ ਵਿੱਚ ਮੁਕਲਾਵਾ। ਬਸ ਬਾਕੀ ਜ਼ਿੰਦਗੀ ਗ੍ਰਹਿਸਤੀ ਵਿੱਚ ਕੋਹਲੂ ਦੇ ਬੈਲ ਦੀ ਤਰ੍ਹਾਂ । ਜੇ ਮੈਂ ਕਮਲ-ਕੁਟ ਬਣੀ ਹੁੰਦੀ ਤਾਂ ਅੱਜ ਤੈਨੂੰ ਕੁਝ ਕਹਿਣ ਜੋਗੀ ਹੁੰਦੀ ਮੈਂ ?"*

ਜੋ ਮਰਿਆਦਾ ਔਰਤ ਆਪ ਤੋੜਦੀ ਹੈ, ਉਸ ਬਾਰੇ ਆਪਣੀ ਧੀ ਨੂੰ ਨਸੀਹਤ ਕਰਦੀ ਉਹ ਅੰਦਰੋਂ ਕਮਜ਼ੋਰ ਮਹਿਸੂਸ ਕਰਦੀ ਹੈ। ਅਲੜ੍ਹ ਉਮਰ ਤੇ ਵਿਆਹ ਮਗਰਲੀ ਉਮਰ ਵਿੱਚ ਵੀ ਕੁੜੀ ਦੇ ਜਾਂ ਕਿਸੇ ਔਰਤ ਦੇ ਕਦਮ ਬਹਿਕ ਸਕਦੇ ਹਨ, ਪਰ ਉਸ ਵੇਲੇ ਮਾਂ ਤੇ ਧੀ ਹੋਣ ਦੇ ਨਾਤੇ ਸੰਭਲ ਕੇ ਚਲਣ ਦੀ ਲੋੜ ਹੁੰਦੀ ਹੈ। ਇੱਥੇ ਧੀ, ਮਾਂ ਨੂੰ ਉਸ ਦੀ ਗਲਤੀ ਦਾ ਅਹਿਸਾਸ ਕਰਵਾ, ਇਸ ਗੱਲ ਲਈ ਵੀ ਚੇਤਾਉਂਦੀ ਹੈ ਕਿ, ਕਲ੍ਹ ਨੂੰ ਉਹ ਆਪ ਵੀ ਮਾਂ ਦੇ ਨਕਸ਼ੇ-ਕਦਮ ਉਤੇ ਚਲ ਸਕਦੀ ਹੈ। ਮਾਂ ਵਲੋਂ ਗਲਤੀ ਸਵੀਕਾਰ ਕਰਨ ਤੇ ਸੰਦਲ ਮਾਂ ਨਾਲ ਵਾਅਦਾ ਕਰਦੀ ਹੈ ਕਿ ਉਹ ਆਪਣੇ ਪਾਪਾ ਦੇ ਸੁਪਨਿਆਂ ਨੂੰ ਸਾਕਾਰ ਕਰੇਗੀ ਤੇ ਕੋਈ ਵੀ ਕਮਲ-ਕੁਟ ਨਹੀਂ ਕਰੇਗੀ।

ਇਕ ਹੋਰ ਕਹਾਣੀ **ਮਹਿੰਦਰ ਸਿੰਘ ਤਤਲਾ** ਦੀ **ਮੌਤ ਦੇ ਸਾਏ ਵਿੱਚ** ਵੀ ਧੀ ਨੂੰ ਅਲੜ੍ਹ ਉਮਰ ਵਿੱਚ ਹੀ ਮਾਂ ਦੇ ਨਾਜਾਇਜ਼ ਸੰਬੰਧਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਬਾਪ ਦੀ ਗ਼ੈਰ-ਮੌਜੂਦਗੀ ਵਿੱਚ ਮਾਂ ਦੀ ਭੂਆ ਦੇ ਮੁੰਡੇ ਦੇ ਰੂਪ ਵਿੱਚ ਘਰ ਆਇਆ ਅਜਨਬੀ ਆਦਮੀ। ਜੋ ਉਸ ਦੀ ਮਾਂ ਨਾਲ ਚਾਰ-ਪੰਜ ਰਾਤਾਂ ਰਿਹਾ। ਜਾਂਦੇ ਹੋਏ ਅਲੜ੍ਹ ਸੁਖਦੀਪ ਨੂੰ ਵੀ ਮਧੋਲ ਗਿਆ। ਉਸ ਡਰਾਈਵਰ ਕਾਰਣ ਮਾਂ-ਧੀ ਦੋਵਾਂ ਨੂੰ ਏਡਜ ਹੋ ਗਈ। ਬਿਮਾਰੀ ਦੀ ਭੈੜੀ ਹਾਲਤ ਵਿੱਚ ਧੀ ਮਾਂ ਦੀ ਜਿਵੇਂ-ਤਿਵੇਂ ਸੇਵਾ ਕਰਦੀ ਰਹੀ, ਹਾਲਾਂਕਿ ਉਹ ਕਹਿੰਦੀ ਹੈ,

*"ਮੈਂ ਵੇਲੇ ਸਿਰ ਸੰਭਾਲ ਕਰਦੀ ਰਹਿੰਦੀ। ਮਾਂ ਹੋਣ ਕਾਰਣ ਤੇਹ ਜਿਹਾ ਆ ਜਾਂਦਾ। ਪਰ ਉਹ ਮਾਂ ਨਹੀਂ ਡੈਣ ਸੀ ਡੈਣ...।"*

*ਉਸ ਨੇ ਬਥੇਰਾ ਦੁਖ ਝੱਲਿਆ। ਕਦੇ ਮੇਰੇ ਮੂਹਰੇ ਹੱਥ ਬੰਨ੍ਹ ਲੈਂਦੀ, "ਧੀਏ, ਮੈਨੂੰ ਮਾਫ਼ ਕਰੀਂ। ਮੈਂ ਗੁਨਾਹਗਾਰ ਹਾਂ। ਹੁਣ ਤਾਂ ਰੱਬ ਅੱਗੇ ਅਰਜ਼ੋਈ ਕਰਦੀ ਹਾਂ, ਰੱਬ ਮੈਨੂੰ ਚੁੱਕ ਹੀ ਲਵੇ।"*

*ਮੇਰਾ ਮੂੰਹ ਨਫ਼ਰਤ ਨਾਲ ਗੁਸੈਲਾ ਹੋ ਜਾਂਦਾ। ਸੋਚਦੀ, ਅਜਿਹੀਆਂ ਮਾਵਾਂ ਤਾਂ ਜ਼ਾਲਮ ਹੁੰਦੀਆਂ ਹਨ। ਉਨ੍ਹਾਂ ਨੂੰ ਅਗਲੇ ਜਨਮ ਵਿੱਚ ਵੀ ਢੋਈ ਨਹੀਂ ਮਿਲਦੀ । ਪ੍ਰੇਤਾਂ ਬਣਦੀਆਂ ਨੇ।"*

ਮਾਂ-ਧੀ ਇਕੋ ਬਿਮਾਰੀ ਨਾਲ ਜੂਝਦੀਆਂ ਹਨ। ਮਾਂ ਮਰ ਚੁੱਕੀ ਹੈ ਤੇ ਸੁਖਦੀਪ ਵੀ ਬਿਮਾਰੀ ਦੀ ਨਿਘਰਦੀ ਸਟੇਜ ਤੇ ਪਹੁੰਚ ਚੁੱਕੀ ਹੈ।

ਮਾਂ ਨੂੰ ਜਿੱਥੇ ਧੀ ਨੂੰ ਸਾਂਭ ਕੇ, ਓਹਲੇ ਵਿੱਚ ਰੱਖਣਾ ਚਾਹੀਦਾ ਸੀ, ਉਸ ਆਪਣਾ ਕਰਤੱਵ ਨਾ ਨਿਭਾਇਆ। ਜਵਾਨ ਧੀ ਦੇ ਘਰ ਹੁੰਦੇ ਹੋਏ ਉਸ ਲਾਜ-ਸ਼ਰਮ ਲਾਹ ਦਿੱਤੀ ਤੇ ਇਹ ਨਾ ਸੋਚਿਆ ਕਿ ਧੀ ਉਤੇ ਇਸ ਦਾ ਕੀ ਅਸਰ ਪਏਗਾ।ਉਸ ਅਜਨਬੀ ਡਰਾਈਵਰ ਉਤੇ ਯਕੀਨ ਕੀਤਾ। ਜਦਕਿ ਮਾਂਵਾਂ ਜਵਾਨ ਧੀਆਂ ਨੂੰ ਸੌ-ਸੌ ਪਰਦਿਆਂ ਵਿੱਚ ਸਾਂਭ ਕੇ, ਲੁਕਾ ਕੇ ਰੱਖਦੀਆਂ ਹਨ। ਮਾਂ-ਬਾਪ ਦੇ ਕੀਤੇ ਕੁਕਰਮਾਂ ਦੀ ਸਜ਼ਾ ਉਨ੍ਹਾਂ ਦੀ ਔਲਾਦ ਨੂੰ ਭੁਗਤਣੀ ਪੈਂਦੀ ਹੈ। ਇਸ ਦੇ ਬਾਵਜੂਦ ਬਿਮਾਰੀ ਦੀ ਹਾਲਤ ਵਿੱਚ ਉਹੀ ਧੀ ਮਾਂ ਦੀ ਸੇਵਾ-ਸੰਭਾਲ ਕਰਦੀ ਹੈ। ਭਾਵੇਂ ਉਸ ਨੂੰ ਲਾਹਨਤਾਂ ਵੀ ਪਾਉਂਦੀ ਹੈ।

**ਰਾਣੀ ਨਗੇਂਦਰ ਦੀ ਕਹਾਣੀ ਪੰਘੂੜਾ ਮਾਂ-ਧੀ** ਦੇ ਰਿਸ਼ਤੇ ਨੂੰ ਇਕ ਹੋਰ ਆਯਾਮ ਦੇ ਜਾਂਦੀ ਹੈ। ਜਿੱਥੇ



ਮਾਂ, ਧੀ ਦੇ ਮਾਂ ਨਾ ਬਣ ਸਕਣ ਦੀ ਪੀੜਾ ਨੂੰ ਦੂਰ ਕਰਨ ਦੇ ਇਵਜ਼ ਵਿੱਚ ਉਸ ਲਈ 'ਸੇਰੋਗੇਟ ਮਦਰ' ਬਣਨ ਲਈ ਖੁਸ਼ੀ ਨਾਲ ਤਿਆਰ ਹੋ ਜਾਂਦੀ ਹੈ, ਤਾਂਕਿ ਉਸ ਦੀ ਧੀ ਦੀ ਝੋਲੀ ਵਿੱਚ ਬਾਲ ਖੇਡ ਸਕੇ।

ਵਿਗਿਆਨ ਦੇ ਵਿਕਾਸ ਨਾਲ ਅੱਜਕਲ੍ਹ ਕਿਰਾਏ ਦੀ ਕੁੱਖ ਲੈ ਕੇ ਬੱਚਿਆਂ ਦਾ ਜਨਮ ਸੰਭਵ ਹੋ ਰਿਹਾ ਹੈ। ਪਰ ਇਸ ਸੇਰੋਗੇਸ਼ਨ ਵਿੱਚ ਕਈ ਵਾਰ ਦਿੱਕਤਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸੋਨਲ ਤੇ ਉਸ ਦੇ ਪਤੀ ਜਤਿੰਦਰ ਨਾਲ ਵੀ ਕੁਝ ਅਜਿਹਾ ਹੀ ਵਾਪਰਦਾ ਹੈ। ਜਦੋਂ ਉਨ੍ਹਾਂ ਦੇ ਇਕਰਾਰ ਨਾਲ ਬੱਝੀ ਕੈਥੀ ਆਪਣੀ ਕੁੱਖ ਵਿੱਚ ਪਲਣ ਵਾਲੇ ਬੱਚੇ ਨੂੰ ਜਨਮ ਦੇਣ ਬਾਅਦ ਉਨ੍ਹਾਂ ਨੂੰ ਦੇਣ ਤੋਂ ਇਨਕਾਰ ਕਰ ਦੇਂਦੀ ਹੈ। ਅਜਿਹੀ ਮਾਯੂਸੀ ਦੀ ਹਾਲਤ ਵਿੱਚ ਸੋਨਲ ਦੀ ਮਾਂ ਸੰਗੀਤ ਬੇਦੀ, ਧੀ ਨੂੰ ਗਲੇ ਲੱਗਾ ਕੇ ਕਹਿੰਦੀ ਹੈ,

*"ਦਿਲ ਹਲਕਾ ਨਹੀਂ ਕਰੀਦਾ ਧੀਏ। ਮੇਰੇ ਤਿੰਨ ਬੱਚੇ ਹੋਏ। ਕਦੇ ਕੋਈ ਦਿੱਕਤ ਨਹੀਂ ਆਈ। ਸਭ ਰੱਬ ਦੀ ਰਜ਼ਾ ਹੈ। ਪਰ ਇਕ ਗੱਲ ਹੋਰ ਹੋ ਸਕਦੀ ਹੈ। ਕਿਉਂ ਨਾ ਮੈਂ ਤੇਰੇ ਬੱਚੇ ਦੀ ਸਹਾਇਕ ਮਾਂ ਬਣ ਜਾਵਾਂ।"*

*"ਕੀ ?" ਸੋਨਲ ਇਕਦਮ ਚੌਂਕ ਗਈ।*

*"ਇਹੋ ਕਿ ਜੋ ਕੰਮ ਕੈਥੀ ਨੇ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਮੈਂ ਕਰਕੇ ਦੇਖਦੀ ਹਾਂ।"*

*"ਮੰਮੀ, ਤੁਸੀਂ ਕੀ ਕਹਿ ਰਹੇ ਹੋ ? ਵਿਸ਼ਵਾਸ ਨਹੀਂ ਹੋ ਰਿਹਾ।"*

*"ਮੇਰੀ ਬੱਚੀ, ਮੈਨੂੰ ਆਪਣੇ ਆਪ ਤੇ ਵਿਸ਼ਵਾਸ ਹੋਇਆ ਤਾਂ ਹੀ ਮੈਂ ਤੇਰੇ ਨਾਲ ਗੱਲ ਕੀਤੀ ਹੈ। ਇੰਜ ਕਿਸੇ ਦਾ ਕਿਸੇ ਉਤੇ ਕੋਈ ਅਹਿਸਾਨ ਨਹੀਂ ਹੋਏਗਾ ਤੇ ਜਤਿੰਦਰ ਨੂੰ ਆਪਣਾ ਬੱਚਾ, ਆਪਣਾ ਖ਼ੂਨ ਮਿਲ ਜਾਏਗਾ।"*

ਵਿਗਿਆਨ ਦੀ ਤਰੱਕੀ ਨੇ ਕੁਝ ਅਜਿਹਾ ਕਰ ਸਕਣਾ ਸੰਭਵ ਕਰ ਦਿੱਤਾ ਹੈ, ਜੋ ਪਹਿਲਾ ਕਦੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਆਪਣੇ ਬੱਚੇ ਨੂੰ ਕਿਰਾਏ ਦੀ ਕੁੱਖ ਵਿੱਚ ਜਨਮ ਦੇਣਾ; ਜਿੱਥੇ ਵਿਗਿਆਨ ਦਾ ਵੱਡਾ ਕਾਰਨਾਮਾ ਹੈ, ਉਥੇ ਮਾਂ ਬਣਨ ਲਈ ਵਿਲਕਦੀ ਆਪਣੀ ਹੀ ਧੀ ਨੂੰ ਮਾਂ ਬਣਾਉਣ ਲਈ, ਇਕ ਮਾਂ ਦਾ ਉਸ ਧੀ ਲਈ 'ਸੇਰੋਗੇਟ ਮਦਰ' ਬਣਨ ਬਾਰੇ ਸੋਚਣਾ ਇਹ ਵੀ ਕਿਸੇ ਕਾਰਨਾਮੇ ਤੋਂ ਘੱਟ ਨਹੀਂ ਜਾਪਦਾ।

*ਤਦੇ ਹੀ ਸੋਨਲ ਕਹਿੰਦੀ ਹੈ, "ਸੋਚ ਰਹੀ ਹਾਂ, ਮੰਮੀ ਕਿੰਨੀ ਅਜ਼ੀਮ ਹੈ।"*

*"ਹਰ ਮਾਂ ਅਜ਼ੀਮ ਹੁੰਦੀ ਹੈ। ਆਪਣੇ ਬੱਚਿਆਂ ਤੋਂ ਵੱਧ ਕੇ ਮਾਂ ਲਈ ਸੰਸਾਰ 'ਚ ਕੋਈ ਸ਼ੈਅ ਜ਼ਿਆਦਾ ਅਹਿਮ ਨਹੀਂ।"*

*"ਪਰ ਜਤਿੰਦਰ ਅੱਜ ਤੋਂ ਪਹਿਲਾ ਮੈਨੂੰ ਕਦੇ ਇਸ ਗੱਲ ਦਾ ਅਹਿਸਾਸ ਨਹੀਂ ਹੋਇਆ ਕਿ ਮਾਂ ਐਨੀ ਵੱਡੀ ਕੁਰਬਾਨੀ ਵੀ ਦੇ ਸਕਦੀ ਹੈ।"*

*ਦੂਜੇ ਪਾਸੇ, "ਉਹ ਖੁਸ਼ ਹੈ ਕਿ ਵਰ੍ਹਿਆਂ ਬਾਅਦ ਧੀ ਦੇ ਘਰ ਦੀ ਸੁੰਞੀ ਨੁਕਰੇ ਪਿਆ ਖਾਲੀ ਪਘੂੰੜਾ ਹੁਣ ਬੱਚੇ ਦੀ ਕਿਲਕਾਰੀਆਂ ਨਾਲ ਮਹਿਕ ਉਠੇਗਾ।"*

ਮਾਂ-ਧੀ ਦੀ ਇਹ ਜੋੜੀ ਅੱਜ ਦੇ ਯੁੱਗ ਦੀ ਸਭ ਤੋਂ ਵੱਖਰੀ ਜੋੜੀ ਸਾਬਿਤ ਹੁੰਦੀ ਹੈ। ਇਸ ਵੱਖਰੇਪਨ ਵਿੱਚ ਵਿਗਿਆਨ ਦੀ ਤਰੱਕੀ ਦੇ ਨਾਲ, ਆਪਣੇ ਪੱਧਰ ਤੋਂ ਪਰ੍ਹੇ ਜਾ ਕੇ ਸੋਚਣਾ, ਕੁਝ ਨਵਾਂ ਕਰ ਦਿਖਾਉਣਾ, ਤੋਂ ਵੀ ਵੱਧ ਆਪਣੀ ਧੀ-ਜਵਾਈ ਦੀ ਸੁੰਨੀ ਗੋਦ ਨੂੰ ਭਰਨਾ ਸਭ ਤੋਂ ਜ਼ਿਆਦਾ ਮਾਇਨੇਖੇਜ਼ ਪ੍ਰਤੀਤ ਹੁੰਦਾ ਹੈ। ਮਾਵਾਂ ਅਜਿਹਾ ਹੌਂਸਲਾ ਵੀ ਕਰ ਸਕਦੀਆਂ ਹਨ।

***

ਉਪਰੋਕਤ ਚਰਚਾ ਅਧੀਨ ਪੰਜਾਬੀ ਕਹਾਣੀ ਵਿੱਚ ਮਾਂ-ਧੀ ਦੇ ਰਿਸ਼ਤੇ ਨੂੰ ਕਈ ਪਹਿਲੂਆਂ ਤੋਂ ਬਿਆਨ ਕਰਦੀਆਂ ਕਹਾਣੀਆਂ ਦੀ ਚਰਚਾ ਕਰਨ ਦਾ ਮਕਸਦ ਇਹ ਵੀ ਸੀ ਕਿ ਪੰਜਾਬੀ ਕਹਾਣੀ ਵਿੱਚ ਮਾਂ-ਧੀ ਦੇ ਇਸ ਅਟੁੱਟ ਰਿਸ਼ਤੇ ਵਿੱਚ ਕੀ-ਕੀ ਤਬਦੀਲੀਆਂ ਆਈਆਂ ਹਨ। ਮਾਂ ਤੇ ਧੀ ਦੋਵੇਂ ਹੀ ਨਾਰੀਆਂ ਹਨ।ਨਾਰੀ ਚਰਿੱਤਰ ਦੀ ਚਰਚਾ ਅਸੀਂ ਕਈ ਪਖੋਂ ਤੋਂ ਕਰਦੇ ਆਏ ਹਾਂ। ਇਸ ਅਧਿਐਨ ਵਿੱਚ ਇਹ ਸੋਚਿਆ ਗਿਆ ਕਿ ਸਾਡੇ ਪੰਜਾਬੀ ਕਹਾਣੀਕਾਰ ਮਾਂ-ਧੀ ਦੇ ਰਿਸ਼ਤੇ ਨੂੰ ਕਿਹੜੇ ਅਰਥਾਂ ਵਿੱਚ

ਬਿਆਨ ਕਰਦੇ ਹਨ। ਬਹੁਤ ਸਾਰੀਆਂ ਕਹਾਣੀਆਂ ਦੀ ਚਰਚਾ ਕਰਨ ਮਗਰੋਂ ਇਸ ਰਿਸ਼ਤੇ ਦੀ ਪੇਸ਼ਕਾਰੀ ਵਿੱਚ ਜੋ ਨੁਕਤੇ ਉਭਰਦੇ ਹਨ, ਉਹ ਇਸ ਪ੍ਰਕਾਰ ਹਨ –

- ਮਾਂ-ਧੀ ਦੇ ਪਰੰਪਰਕ ਰਿਸ਼ਤੇ ਨੂੰ ਬਿਆਨ ਕਰਦੇ ਹੋਏ ਅਕਸਰ ਤਿਆਗ, ਬਲੀਦਾਨ ਸਭ ਤੋਂ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਤਿਆਗ ਤੇ ਬਲੀਦਾਨ ਇਸ ਰਿਸ਼ਤੇ ਦੀ ਅਟੁੱਟਤਾ ਨੂੰ ਦਰਸਾਉਂਦਾ ਹੈ ਤੇ ਇਕ-ਦੂਜੇ ਦੇ ਅਤਿਅੰਤ ਨੇੜਲੇ ਹੋਣ ਦਾ ਸਬੂਤ ਵੀ ਦੇਂਦਾ ਹੈ।
- ਹਰ ਮਾਂ, ਆਪਣੇ ਅਧੂਰੇ ਸੁਫ਼ਨਿਆਂ ਤੇ ਇੱਛਾਵਾਂ ਨੂੰ ਆਪਣੀ ਧੀ ਦੇ ਰੂਪ ਵਿੱਚ ਪੂਰੇ ਕਰਨ ਦੀ ਚਾਹਤ ਰੱਖਦੀ ਹੈ। ਉਸ ਨੂੰ ਲੱਗਦਾ ਹੈ, ਆਖ਼ਿਰ ਆਪਣੀ ਜਾਈ ਤੇ ਹੀ ਉਸ ਦਾ ਸਭ ਤੋਂ ਵੱਧ ਹੱਕ ਹੈ ਤੇ ਦੂਜੇ ਪਾਸੇ ਧੀ ਵੀ ਇਸ ਸੁਫ਼ਨੇ ਨੂੰ ਹਰ ਸੰਭਵ ਤਰੀਕੇ ਨਾਲ ਪੂਰਾ ਕਰਨ ਦੀ ਕੋਸ਼ਿਸ਼ ਕਰਦੀ ਹੈ।
- ਮਾਂ ਦੀ ਮਹਾਨਤਾ ਨੂੰ ਕਦੇ ਵੀ ਘੱਟ ਨਹੀਂ ਮੰਨਿਆ ਜਾਂਦਾ, ਅਪਵਾਦ ਵੀ ਹੁੰਦੇ ਹਨ, ਜਿਨ੍ਹਾਂ ਕਾਰਨ ਮਾਂ ਆਪਣੇ ਅਹੁਦੇ ਤੇ ਘੱਟ ਖਰੀ ਉਤਰਦੀ ਹੈ।
- ਧੀਆਂ ਦੇ ਜਵਾਨ ਹੋਣ ਤੇ ਹੱਸਣ-ਖੇਡਣ ਤੇ ਕਈ ਮਾਵਾਂ ਆਪਣੇ ਅਧੂਰੇ ਰਹਿ ਗਏ, ਜਵਾਨੀ ਮਾਣਨ ਦੇ ਸੁਫ਼ਨੇ ਨੂੰ ਪੂਰਾ ਕਰਨ ਲਈ, ਜਵਾਨ ਧੀ ਵਾਂਗ ਹੀ ਵਿਹਾਰ ਕਰਨ ਲੱਗਦੀਆਂ ਹਨ, ਜੋ ਅਕਸਰ ਧੀਆਂ ਨੂੰ ਬਰਦਾਸ਼ਤ ਨਹੀਂ ਹੁੰਦਾ।
- ਉਂਜ ਤਾਂ ਜਵਾਨ ਧੀ ਨੂੰ ਮਾਂ ਸੌ-ਸੌ ਪਰਦਿਆਂ ਵਿੱਚ ਰੱਖਦੀ ਹੈ, ਪਰ ਕਈ ਵਾਰ ਆਪ ਰਸਤੇ ਤੋਂ ਭਟਕ ਜਾਣ ਕਾਰਣ ਧੀ ਨੂੰ ਸਮਝਾਉਣ ਦਾ ਅਧਿਕਾਰ ਵੀ ਗਵਾਂ ਬੈਠਦੀ ਹੈ ਉਥੇ ਕਈ ਵਾਰ ਧੀ ਮਾਂ ਨੂੰ ਸਮਝਾਉਂਦੀ ਨਜ਼ਰ ਆਉਂਦੀ ਹੈ।
- ਧੀਆਂ ਘਰ ਦੀ ਨਿਘਰਦੀ ਆਰਥਕ ਹਾਲਤ ਨੂੰ ਮੋਢਾ ਦੇਣ ਲਈ ਸਹਾਰਾ ਬਣਦੀਆਂ ਹਨ ਤੇ ਆਪਣੀ ਜਵਾਨੀ, ਅਹਿਸਾਸ ਤੇ ਚਰਿੱਤਰ ਦੀ ਬਲੀ ਵੀ ਚੜ੍ਹਾ ਦੇਂਦੀਆਂ ਹਨ।ਜਿੱਥੇ ਘਰ ਦੀ ਜ਼ਿੰਮੇਵਾਰੀ ਪੁੱਤਰਾਂ ਵਲੋਂ ਸੰਭਾਲੇ ਜਾਣ ਤੇ ਸਮਾਜਕ ਵਰਤਾਰੇ ਵਿੱਚ ਉਨ੍ਹਾਂ ਨੂੰ ਸਨਮਾਣ ਮਿਲਦਾ ਹੈ, ਉੱਥੇ ਇਸੇ ਕਾਰਣ ਧੀਆਂ ਦੇ ਵਿਆਹ ਨਾ ਹੋਣ ਤੇ ਉਸ ਪਰਿਵਾਰ ਨੂੰ ਸਮਾਜਕ ਵਰਤਾਰੇ ਵਿੱਚ ਲਾਹਨਤਾਂ ਤੇ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ।
- ਬਾਜ਼ਾਰਵਾਦ ਦੀ ਚਕਾਚੌਂਧ ਨੇ ਧੀਆਂ ਨੂੰ ਖਪਤਵਾਦ ਦਾ ਹਿੱਸਾ ਬਣਾ ਦਿੱਤਾ ਹੈ।ਕਈ ਮਾਵਾਂ ਚਾਹੁੰਣ ਲੱਗ ਪਈਆਂ ਹਨ ਕਿ ਉਸ ਦੀ ਧੀ ਵੀ ਦੂਜਿਆਂ ਵਾਂਗ ਕਮਾ ਕੇ ਘਰ ਨੂੰ ਸੁਖ-ਸੁਵਿਧਾਵਾਂ ਨਾਲ ਭਰ ਦੇਵੇ।
- ਅੱਜਕਲ੍ਹ ਧੀਆਂ ਆਪਣੀ ਮਾਂ ਨੂੰ ਉਸ ਦਾ ਬਣਦਾ ਸਨਮਾਨ ਦਿਵਾਉਣ ਤੇ ਉਸ ਦੀਆਂ ਅਧੂਰੀਆਂ ਖੁਸ਼ੀਆਂ ਨੂੰ ਪ੍ਰਾਪਤ ਕਰਨ ਲਈ ਵੀ ਕਮਰ ਕਸ ਰਹੀਆਂ ਹਨ। ਕਈ ਤਾਂ ਮਾਂ ਦੀ ਮੌਤ ਮਗਰੋਂ ਵੀ ਉਸ ਨੂੰ ਇਸ ਅਧਿਕਾਰ ਤੋਂ ਵਾਂਝਿਆਂ ਨਹੀਂ ਰੱਖਣਾ ਚਾਹੁੰਦੀਆਂ।
- ਘਰ ਵਿੱਚ ਆਉਂਦੇ ਜੇਨਰੇਸ਼ਨ ਗੈਪ ਨੂੰ ਮਾਂ ਤੋਂ ਵੱਧ ਹੋਰ ਕੋਈ ਸੰਤੁਲਿਤ ਨਹੀਂ ਕਰ ਸਕਦਾ।
- ਕੋਈ ਮਾਂ ਹੋਵੇ ਜਾਂ ਧੀ, ਦੋਵੇਂ ਇਕ-ਦੂਜੇ ਨੂੰ ਨਾਪਸੰਦ ਜਾਂ ਨਫ਼ਰਤ ਕਰਦੇ ਹੋਏ ਵੀ, ਦੂਜਿਆਂ ਸਾਹਮਣੇ ਕਦੇ ਇਕ-ਦੂਜੇ ਦੇ ਭੇਦ ਨਹੀਂ ਖੋਲ੍ਹਦੀਆਂ, ਓਹਲਾ ਜ਼ਰੂਰ ਰੱਖਦੀਆਂ ਹਨ। ਇਹ ਵੀ ਉਨ੍ਹਾਂ ਦੇ ਅਟੁੱਟ ਬੰਧਨ ਦਾ ਹਿੱਸਾ ਜਾਪਦਾ ਹੈ।

ਅਜੇ ਵੀ ਸੰਭਵ ਹੈ, ਬਹੁਤ ਸਾਰੀਆਂ ਕਹਾਣੀਆਂ ਇਸ ਚਰਚਾ ਵਿੱਚ ਸ਼ਾਮਿਲ ਹੋਣ ਤੋਂ ਰਹਿ ਗਈਆਂ ਹਨ, ਜੋ ਮਾਂ ਧੀ ਦੇ ਰਿਸ਼ਤੇ ਨੂੰ ਕਿਸੇ ਨਿਵੇਕਲੇ ਜਾਂ ਵੱਖਰੇ ਅੰਦਾਜ਼ ਤੋਂ ਪੇਸ਼ ਕਰਦੀਆਂ ਹੋਣਗੀਆਂ, ਜਿਨ੍ਹਾਂ ਤਕ ਮੇਰੀ ਪਹੁੰਚ ਸੰਭਵ ਨਹੀਂ ਹੋ ਸਕੀ। ਪੰਜਾਬੀ ਕਹਾਣੀ ਵਿੱਚ ਅਜੇ ਵੀ ਇਸ ਰਿਸ਼ਤੇ ਦੀ ਪੇਸ਼ਕਾਰੀ ਹੋਰ ਗਹਿਰਾਈ ਤੇ ਨਵੇਂ ਆਯਾਮਾਂ ਤੋਂ ਕੀਤੇ ਜਾਣ ਦੀ ਬੜੀ ਸੰਭਾਵਨਾ ਮੌਜੂਦ ਹੈ।

**ਪੁਸਤਕ ਸੂਚੀ :**

1. ਅਤੀਤ ਹੋਤੀ ਸਦੀ ਤਥਾ ਇਸਤਰੀ ਕਾ ਭਵਿਸ਼ਯ : ਸੰ. ਰਾਜੇਂਦਰ ਯਾਦਵ, ਅਰਚਨਾ ਵਰਮਾ; ਰਾਜਕਮਲ ਪ੍ਰਕਾਸ਼ਨ, ਨਈਂ ਦਿੱਲੀ, (ਦੂਸਰਾ ਸੰਸਕਰਣ, 2011; ਪਹਿਲਾ ਸੰਸਕਰਣ : 2001)
2. ਲਿੰਗਭਾਵ ਕਾ ਮਨੋਵੈਗਿਆਨਿਕ ਅੰਨਵੇਸ਼ਣ ; ਲੀਲਾ ਦੂਬੇ; ਵਾਣੀ ਪ੍ਰਕਾਸ਼ਨ (2004)
3. ਇਸਤਰੀ ਉਪੇਸ਼ਿਤਾ ; ਸਿਮੋਨ ਬਿਓਵਾਰ, ਹਿੰਦੀ ਅਨੁਵਾਦ
4. 51 ਕਹਾਣੀਆਂ ; ਬਲਵੰਤ ਗਾਰਗੀ : ਨਵਯੁਗ ਪਬਲਿਸ਼ਰਜ਼, ਦਿੱਲੀ
5. ਮੇਰੀਆਂ ਸਾਰੀਆਂ ਕਹਾਣੀਆਂ ; ਕੁਲਵੰਤ ਸਿੰਘ ਵਿਰਕ : ਨਵਯੁਗ ਪਬਲਿਸ਼ਰਜ਼, ਦਿੱਲੀ
6. ਚੋਣਵੀਆਂ ਕਹਾਣੀਆਂ ; ਕਰਤਾਰ ਸਿੰਘ ਦੁੱਗਲ : ਨੇ. ਬੁਕ ਟਰਸੱਟ
7. ਮਕੜੀਆਂ ; ਸੁਖਵੰਤ ਕੌਰ ਮਾਨ : ਚੇਤਨਾ ਪ੍ਰਕਾਸ਼ਨ
8. ਬਿਨਾਂ ਵਜ੍ਹਾ ਤਾਂ ਨਹੀਂ / ਜ਼ਖ਼ਮ ; ਜਿੰਦਰ : ਲੋਕਗੀਤ ਪ੍ਰਕਾਸ਼ਨ
9. ਕਾਹਵਾ ਘਰ ਦੀ ਹਸੀਨਾ; ਸੰ. ਜਿੰਦਰ : ਸੰਗਮ ਪਬਲੀਕੇਸ਼ਨ
10. ਪਰਵਾਸੀਆਂ ਦੀਆਂ ਕਹਾਣੀਆਂ ; ਸੰ. ਹਰਚੰਦ ਸਿੰਘ ਬੇਦੀ
11. ਨਮਸਕਾਰ ; ਦਰਸ਼ਨ ਜੋਗਾ : ਲੋਕਗੀਤ ਪ੍ਰਕਾਸ਼ਨ
12. 47-ਏ ਦਿੱਲੀ ; ਮਹਿੰਦਰ ਸਿੰਘ ਤਤਲਾ : ਪਰਵਾਜ ਪ੍ਰਕਾਸ਼ਨ
13. ਮੈਨੂੰ ਘਰ ਚਾਹੀਦਾ ਹੈ , ਰੰਜਨ ; ਗੁਰਪਾਲ ਸਿੰਘ ਲਿਟ
14. ਚੁਰਾਹੇ ਖੜ੍ਹਾ ਬੁੱਤ ਬੋਲਦਾ; ਬੀ. ਐਸ.ਬੀਰ : ਆਰਸੀ ਪਬਲਿਸ਼ਰਜ਼
15. ਖੁਸ਼ਕ ਅੱਖ ਦਾ ਖ਼ਾਬ ; ਅਜਮੇਰ ਸਿੱਧੂ : ਚੇਤਨਾ ਪ੍ਰਕਾਸ਼ਨ
16. ਟਾਹਣਿਓਂ ਟੁੱਟੇ; ਪਰਵੇਜ਼ ਸਿੱਧੂ : ਲੋਕਗੀਤ ਪ੍ਰਕਾਸ਼ਨ,

ਪਤ੍ਰਿਕਾ : ਕਹਾਣੀ ਪੰਜਾਬ ; ਸੰ. ਰਾਮ ਸਰੂਪ ਅਣਖੀ

***ਸੰਪਰਕ- 9868182835***




---

ਪੰਜਾਬੀ ਵਿਚ ਆਲੋਚਕ ਇਸ ਸਮੇਂ ਹਨ ਹੀ ਬੜੇ ਘੱਟ। ਜਿਨ੍ਹਾਂ ਨੇ ਥੋੜ੍ਹਾ ਬਹੁਤਾ ਕੰਮ ਕੀਤਾ ਹੈ, ਉਹ ਬਹੁਤੇ ਸਰਗਰਮ ਨਹੀਂ ਹਨ। ਸਾਡੀ ਅਕਾਦਮਿਕ ਦੁਨੀਆ ਦੀ ਬਹੁ ਗਿਣਤੀ ਬੌਣੀ ਹੈ। ਕਈ ਵਾਰ ਕਹਿੰਦੇ-ਕਹਾਉਂਦਿਆਂ ਦੀਆਂ ਗੱਲਾਂ ਉੱਤੇ ਹਾਸਾ ਆਉਂਦਾ ਹੈ। ਮੈਨੂੰ ਬੜੀ ਦੇਰ ਦਾ ਅਹਿਸਾਸ ਹੈ ਕਿ ਇਹ ਬੀੜਾ ਸਾਨੂੰ ਆਪ ਹੀ ਚੁੱਕਣਾ ਪੈਣਾ ਹੈ। ਇਸ ਸੰਬੰਧੀ ਮੈਂ ਆਪਣੇ ਸਮਕਾਲੀ ਕਹਾਣੀਕਾਰਾਂ ਦੇ ਰੇਖਾ ਚਿੱਤਰ ਵੀ ਲਿਖੇ ਹਨ ਤੇ ਉਹਨਾਂ ਦੀਆਂ ਕਹਾਣੀਆਂ ਬਾਰੇ ਵੀ ਲਿਖਿਆ ਹੈ। ਪਰ ਇਹਨਾਂ ਕੱਲੇ-ਕਾਰੇ ਜਤਨਾਂ ਦਾ ਸੀਮਤ ਲਾਭ ਹੈ। ਪਹਿਲੀ ਪੀੜ੍ਹੀ ਦੀ ਖੁਸ਼ਨਸੀਬੀ ਸੀ ਕਿ ਉਹਨਾਂ ਕੋਲ ਨਾਮਵਰ ਆਲੋਚਕ ਸਨ। ਮੈਂ ਵਰਿਆਮ ਸੰਧੂ, ਸਿੱਧੂ ਦਮਦਮੀ, ਮੁਖਤਾਰ ਗਿੱਲ ਬਾਰੇ ਸਕੈੱਚ ਲਿਖੇ। 'ਨਵਾਂ ਜ਼ਮਾਨਾ' ਵਿਚ 'ਮੇਰੇ ਸਮਕਾਲੀ' ਨਾਂ ਹੇਠ ਕਹਾਣੀਕਾਰਾਂ ਬਾਰੇ ਲੇਖ ਲਿਖੇ। ਪਰ ਜਾਪਦਾ ਹੈ, ਕਿਤੇ ਕੋਈ ਗੈਪ ਹੈ। ਮੈਂ ਵੀ ਸੋਚਦਾ ਹਾਂ ਕਿ ਮੈਂ ਹੀ ਦੂਜਿਆਂ ਬਾਰੇ ਲਿਖਦਾ ਹਾਂ, ਮੇਰੇ ਬਾਰੇ ਕੋਈ ਨਹੀਂ ਲਿਖਦਾ। ਮੇਰੇ ਕਿਸੇ ਵੀ ਸਮਕਾਲੀ ਨੇ ਇਹ ਕੋਸ਼ਿਸ਼ ਨਹੀਂ ਕੀਤੀ। ਇਹ ਸ਼ਿਕਾਇਤ ਨਹੀਂ, ਪਰ ਗਿਲਾ ਤਾਂ ਹੁੰਦਾ ਹੀ ਹੈ। ਹੁਣ ਵੇਖੋ, ਵਰਿਆਮ ਸੰਧੂ ਵਧੀਆ ਬੰਦਾ ਹੈ। ਆਪਣੀ ਹਰ ਕਹਾਣੀ ਬਾਰੇ ਰਾਇ ਲਿਖਣ ਲਈ ਕਹੇਗਾ, ਪਰ ਆਪ ਕਦੇ ਇਕ ਸ਼ਬਦ ਨਹੀਂ ਲਿਖੇਗਾ। ਹੁਣ ਸੋਚਦਾ ਹਾਂ ਕਿ ਕਿਤੇ ਨਾ ਕਿਤੇ ਤੰਦ ਜ਼ਰੂਰ ਢਿੱਲੀ ਹੈ। ਇਹ ਸਾਰੀ ਗੱਲ ਤੰਗ ਨਜ਼ਰੀ ਵਿਚੋਂ ਉਪਜੀ ਲਗਦੀ ਹੈ। ਹਰਭਜਨ ਹਲਵਾਰਵੀ ਮੇਰਾ ਕੁਲੀਗ ਹੈ। ਸੂਝਵਾਨ ਹੈ। ਉਹਨੇ 'ਜਾਗ੍ਰਤੀ' ਵਿਚ ਮੈਨੂੰ ਕਹਿ ਕੇ ਆਪਣਾ ਸਕੈੱਚ ਲਿਖਵਾਇਆ। ਪਰ ਆਪ ਮੇਰੀ ਕਿਤਾਬ ਉੱਤੇ ਹੋਈ ਗੋਸ਼ਟੀ ਵਿਚ ਪਹਿਲਾਂ ਤੋਂ ਲਿਖਿਆ ਰੀਵੀਊ ਪੜ੍ਹ ਦਿੱਤਾ। ਪ੍ਰਗਟ ਸਿੰਘ ਸਿੱਧੂ ਜਦੋਂ ਭਾਵਾਤਮਕ ਆਲੋਚਨਾ ਦੀ ਗੱਲ ਕਰਦਾ ਹੈ ਤਾਂ ਠੀਕ ਕਹਿੰਦਾ ਹੈ ਕਿ ਲੋਕ ਕਿਸੇ ਨੂੰ ਵੀ ਸੂਰਜ, ਚੰਦ ਜਾਂ ਆਕਾਸ਼ ਬਣਾ ਦਿੰਦੇ ਨੇ, ਪਰ ਤਾਰਿਆਂ ਦੀ ਵੀ ਹੋਂਦ ਹੈ, ਉਨ੍ਹਾਂ ਦਾ ਵੀ ਵਜੂਦ ਹੈ। ਇਹੀ ਉਲਾਰਪੁਣਾ ਹੈ। ਸਿੱਧੂ ਨੇ ਭੂਸ਼ਨ ਧਿਆਨਪੁਰੀ ਦੀ 'ਜੱਗਬਾਣੀ' ਵਾਲੀ ਲਿਖਤ ਵੱਲ ਧਿਆਨ ਦੁਆਇਆ ਹੈ, ਜਿਸ ਵਿਚ ਉਹ ਵਰਿਆਮ ਸੰਧੂ ਨੂੰ ਅੱਧਾ ਆਕਾਸ਼ ਤੇ ਪ੍ਰੇਮ ਪ੍ਰਕਾਸ਼ ਨੂੰ ਬਾਕੀ ਅੱਧਾ ਅਕਾਸ਼ ਕਹਿੰਦਾ ਹੈ।

**(ਪ੍ਰੇਮ ਗੋਰਖੀ ਦੀ ਗੁਰਬਚਨ ਸਿੰਘ ਭੁੱਲਰ ਵੱਲੋਂ ਕੀਤੀ ਮੁਲਾਕਾਤ 'ਚੋਂ, ਪੁਸਤਕ ਬਚਨ-ਬਿਲਾਸ 'ਚੋਂ)**

---

# ਨਵੀਂ ਧਰਤੀ 'ਤੇ ਸੰਘਰਸ਼, ਸ਼ੋਸ਼ਣ ਵਿਚੋਂ ਲੰਘਦੇ ਮਨੁੱਖਾਂ ਦੀ ਕਥਾ : ਜ਼ਰਖ਼ੇਜ਼ / - ਡਾ. ਸੰਤੋਖ ਸਿੰਘ ਸੁੱਖੀ




ਜਦੋਂ ਇੱਕ ਸਥਾਨਕ ਖੇਤਰ ਸਥਾਨਕ ਲੋਕਾਂ ਦੀਆਂ ਲੋੜਾਂ, ਖਹਿਸ਼ਾਂ, ਉਮੰਗਾਂ, ਉਮੀਦਾਂ ਨੂੰ ਪੂਰਾ ਕਰਨ ਤੋਂ ਅਸਮੱਰਥ ਹੋ ਜਾਂਦਾ ਹੈ ਤਾਂ ਉੱਥੋਂ ਉੱਠ ਸਕਦੇ ਲੋਕ ਉੱਠ ਜਾਂਦੇ ਹਨ। ਇਹ ਵਰਤਾਰਾ ਨਵਾਂ ਰਾਹ ਲੱਭਦਾ ਹੈ। ਇਹ ਲੱਭਤ ਜਿੱਥੇ ਨਵੀਆਂ ਸਭਿਆਤਾਵਾਂ ਨਾਲ ਸੰਪਰਕ ਕਰਾਉਂਦੀ ਨਵਾਂ ਕੁਝ ਸਿਰਜਦੀ ਹੈ, ਉੱਥੇ ਨਵੇਂ ਸਮਾਜਿਕ ਸੰਵਾਦ, ਦੁਵਿਧਾਵਾਂ, ਦਵੰਧ ਨੂੰ ਸਿਰਜਦੀ ਹੈ। ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਚਰਵਾਹਿਆਂ ਦੇ ਸਾਹਮਣੇ ਚਰਾਗਾਹਾਂ ਮੁੱਕ ਰਹੀਆਂ ਹੁੰਦੀਆਂ ਸਨ ਤਾਂ ਉਹਨਾਂ ਦੀ ਤਲਾਸ਼ ਨਵੀਆਂ ਚਰਾਗਾਹਾਂ ਵੱਲ ਹੁੰਦੀ ਸੀ। ਇਸ ਲਈ ਤਲਾਸ਼ ਦੁਨੀਆਂ ਦੀ ਸੰਚਾਲਕ ਹੈ। ਇਸੇ ਤਰ੍ਹਾਂ ਫ਼ਸਲਾਂ ਦੇ ਵਾਧੂ ਉਤਪਾਦਨ ਨੇ ਮੰਡੀਆਂ ਪੈਦਾ ਕੀਤੀਆਂ। ਮੰਡੀਆਂ ਦੀ ਤਲਾਸ਼ ਦੇ ਮਹਾਂਦੀਪ ਤੋਂ ਮਹਾਂਦੀਪ ਦੇ ਰਾਹ ਮੋਕਲੇ ਕੀਤੇ। ਕੱਚਾ ਮਾਲ, ਪੱਕਾ ਮਾਲ, ਬਸਤੀਆਂ, ਸਾਮਰਾਜ, ਵਪਾਰ, ਲੁੱਟ, ਹਮਲੇ, ਜ਼ੁਲਮ ਸਭ ਇਸ ਦੇ ਵਾਧੇ ਤੇ ਵਿਸਥਾਰ ਹਨ। ਇਸ ਵਿਚ ਬੰਦੇ ਦੀ ਹੋਣੀ ਨੂੰ ਸਮਝਣਾ ਹੋਰ ਵੀ ਲਾਜ਼ਮੀ ਹੋ ਜਾਂਦਾ ਹੈ ਕਿਉਂਕਿ ਉਹ ਇਹਨਾਂ ਸਾਰੀਆਂ ਗਤੀਵਿਧੀਆਂ ਨੂੰ ਸਹੂਲਤ ਦੇ ਰੂਪ ਵਿਚ ਭੋਗਦਾ ਤੇ ਜ਼ੁਲਮ ਦੇ ਰੂਪ ਵਿਚ ਝੱਲਦਾ ਹੈ।

ਅੱਜ ਦਾ ਸਮਾਂ ਸਭ ਤਰ੍ਹਾਂ ਦੀ 'ਉੱਤਰ ਵਰਤਾਰੇ' ਭੁਗਤਾ ਚੁੱਕਾ ਹੈ। ਮੰਡੀ ਤੇ ਵਿੱਤੀ ਮੰਡੀ ਵਿਚ ਮਨੁੱਖ ਇਕ ਯੰਤਰ ਤੋਂ ਵੀ ਹੇਠਲੀ ਵਸਤ ਵੱਲ ਆ ਰਿਹਾ ਹੈ ਕਿਉਂਕਿ ਤਕਨੋਲੋਜੀ ਮੰਡੀ ਦੀ ਸਿੱਧੀ ਮਦਦ ਕਰ ਰਹੀ ਹੈ। ਮਨੁੱਖ ਦੀ ਇੰਨੀ ਦੁਰਦਸ਼ਾ ਕਦੇ ਨਹੀਂ ਹੋਈ ਜਿਹੜੀ ਅੱਜ ਦੇ ਸਮੇਂ ਵਿਚ ਹੋਈ ਹੈ। ਕਿਸੇ ਵਿਅਕਤੀ ਤੋਂ ਬਹੁਤ ਜ਼ਿਆਦਾ ਕੰਮ ਕਰਵਾਉਣਾ ਤਾਂ ਜ਼ੁਲਮ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ ਪਰ ਕਿਸੇ ਵਿਅਕਤੀ ਨੂੰ ਕੰਮ ਕਰਨ ਦੇ ਯੋਗ ਹੀ ਨਾ ਸਮਝਿਆ ਜਾਵੇ, ਬਹੁਤ ਵੱਡਾ ਜ਼ੁਲਮ ਹੈ। ਰਾਜਨੀਤਿਕ ਤੇ ਬੌਧਿਕ ਜਮਾਤਾਂ ਇਸ ਵਿਚ ਚਲਾਕੀ ਦਾ ਰਾਹ ਅਖ਼ਤਿਆਰ ਕਰਦੀਆਂ ਮੌਕੇ ਦੀ ਜ਼ਰੂਰਤ ਗਰਦਾਨ ਦਿੰਦੀਆਂ ਹਨ। ਇਸ ਲਈ ਇਹ ਦੌਰ ਮਨੁੱਖ ਦੀ ਅਸੁਰੱਖਿਆ ਦਾ ਹੈ ਜਿਸ ਵਿਚ ਉਹ ਤੜਪਦਾ, ਖਿਝਦਾ, ਚੀਕਦਾ, ਰੋਂਦਾ, ਬਿਹਬਲ ਦਿਖਾਈ ਦਿੰਦਾ ਹੈ।

1993 ਤੋਂ ਬਾਅਦ ਭਾਰਤ ਦਾ ਕਲਿਆਣਕਾਰੀ ਰਾਜ ਦਾ ਸੰਕਲਪ ਵਿਸ਼ਵੀਕਰਨ, ਨਿੱਜੀਕਰਨ, ਉਦਾਰੀਕਰਨ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਪੈਨਸ਼ਨਾਂ ਖ਼ਤਮ ਕਰਨੀਆਂ, ਹਰੇਕ ਵਿਭਾਗ ਵਿਚੋਂ ਪੋਸਟਾਂ ਘਟਾਉਣੀਆਂ, ਤਿੰਨ-ਤਿੰਨ ਬੰਦਿਆਂ ਦੀ ਜ਼ਿੰਮੇਵਾਰੀ ਇੱਕ ਬੰਦੇ 'ਤੇ ਪਾਉਣੀ, ਪ੍ਰਾਈਵੇਟ ਅਦਾਰਿਆਂ ਨੂੰ ਹੱਲਾਸ਼ੇਰੀ ਦੇਣੀ, ਬੈਂਕਾ ਨੂੰ ਸ਼ਰਤਾਂ ਨਰਮ ਕਰਕੇ ਲੋਕਾਂ ਨੂੰ ਕਰਜ਼ਾਈ ਬਣਾਉਣ ਆਦਿ ਇਸਦੀਆਂ ਅਲਾਮਤਾਂ ਸਨ। ਹੁਣ ਇਹ ਅਲਾਮਤਾਂ ਦੇ ਸਿੱਟੇ ਸਾਹਮਣੇ ਆ ਰਹੇ ਹਨ। ਰੁਜ਼ਗਾਰ ਘੱਟ ਗਿਆ। ਸਰਕਾਰੀ ਖੇਤਰ ਦੀਆਂ ਨੌਕਰੀਆਂ ਨਾ-ਮਾਤਰ ਹੋ ਗਈਆਂ।



ਫਲਸਰੂਪ ਜਿਸ ਖਿੱਤੇ ਨੂੰ ਮਾਣ ਨਾਲ ਦੁਨੀਆਂ ਤੇ ਪੇਸ਼ ਕੀਤਾ ਜਾਂਦਾ ਸੀ ਉਸ ਹੀ ਖਿੱਤੇ ਤੋਂ ਸਭ ਤੋਂ ਵੱਧ ਪਰਵਾਸ ਹੋਇਆ। ਹਾਲਾਤਾਂ ਨੇ ਉਸ ਨੂੰ ਉਚਤਮ ਤੋਂ ਨਿਊਨਤਮ 'ਤੇ ਲਿਆਂਦਾ ਹੈ, ਜਿਸ ਕਰਕੇ ਮਨੁੱਖ ਆਪਣੀਆਂ ਜੜ੍ਹਾਂ ਨੂੰ ਛੱਡਣ ਲਈ ਤਿਆਰ ਹੋ ਗਿਆ।

ਪੰਜਾਬ ਦੇ ਪਰਵਾਸ ਨੂੰ ਵਿਭਿੰਨ ਕੋਣਾਂ ਤੋਂ ਦੇਖਦਿਆ ਇਹ ਗੱਲ ਸਪੱਸ਼ਟ ਦਿਖਾਈ ਦਿੰਦੀ ਹੈ ਕਿ ਇਹ ਪਰਵਾਸ ਘੱਟ, ਪਲਾਇਨ ਜ਼ਿਆਦਾ ਹੈ। ਸਥਿਤੀਆਂ ਨਾਲ ਟਕਰਾਉਣ ਦੀ ਬਜਾਇ ਪਾਸਾ ਵੱਟ ਕੇ ਲੰਘ ਜਾਣਾ ਸਾਡਾ ਪਛਾਣ ਚਿੰਨ੍ਹ ਬਣ ਗਿਆ ਹੈ। ਭਾਵੇਂ ਇਸ ਦੇ ਬਹੁਤ ਸਾਰੇ ਰਾਜਨੀਤਿਕ ਤੇ ਆਰਥਿਕ ਕਾਰਨ ਹਨ ਫਿਰ ਵੀ ਇੰਨ੍ਹਾ ਗੈਰ ਜ਼ੁੰਮੇਵਾਰ ਹੋਣਾ ਵੀ ਵਾਜਿਬ ਨਹੀਂ ਹੈ। ਪਰ ਸੰਕਟ ਇਹ ਵੀ ਬਣਿਆ ਹੋਇਆ ਹੈ ਕਿ ਜਿੱਥੇ ਪਾਸਾ ਵੱਟ ਕੇ ਜਾਇਆ ਜਾਦਾ ਹੈ ਉਥੇ ਵੀ ਮੁਸੀਬਤਾਂ ਝੱਲਣੀਆਂ ਪੈ ਰਹੀਆਂ ਹਨ। ਦੁਖਾਂਤ ਇਹ ਬਣ ਰਿਹਾ ਹੈ ਕਿ ਇੱਕ ਧਰਤੀ ਛੱਡ ਦਿੱਤੀ ਗਈ ਪਰ ਦੂਜੀ 'ਤੇ ਪੈਰ ਨਹੀਂ ਲੱਗ ਰਿਹਾ। ਇਹੀ ਦੁਖਾਂਤ ਭਗਵੰਤ ਰਸੂਲਪੁਰੀ ਦੇ ਨਾਵਲ 'ਜ਼ਰਖ਼ੇਜ਼' ਵਿਚ ਪੇਸ਼ ਹੋਇਆ ਹੈ।

**'ਜ਼ਰਖ਼ੇਜ਼'** (**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ, ਮੁੱਲ: 200 ਰੁਪੈ, ਪੰਨੇ: 144 ਸਾਲ: 2019**) ਨਾਵਲ ਸਮਕਾਲੀ ਜੀਵਨ ਦੇ ਰੂਪਾਂਤਰਣ ਦਾ ਨਾਵਲ ਹੈ, ਜਿੱਥੇ ਸਭ ਕੁਝ ਬਦਲ ਰਿਹਾ ਹੈ। ਵਿਦਿਆਰਥੀ, ਮਾਪੇ ਬਹੁਤ ਜ਼ਿਆਦਾ ਪੀੜਾ ਵਿਚ ਹਨ। ਇਹ ਸਥਿਤੀ ਅਜਿਹੀ ਹੈ ਜਿਵੇਂ ਪੰਛੀਆਂ ਦੇ ਜੋੜੇ ਕੋਲ ਆਪਣਾ ਬੋਟ ਪਾਲਣ ਲਈ ਜਗ੍ਹਾ ਨਾ ਹੋਵੇ, ਉਹ ਥਾਂ-ਥਾਂ ਭਟਕ ਰਹੇ ਹੋਣ। ਇਹ ਭਟਕਣ ਦੁਨੀਆਂ ਦੇ ਹਰ ਕੋਨੇ ਵਿਚ ਹੋ ਰਹੀ ਹੈ। ਜਿੱਥੇ ਆਰਥਿਕਤਾ ਡੁੱਬ ਰਹੀ ਹੈ ਉੱਥੇ ਲੋਕ ਤੈਰਾਕ ਹੋਣ ਦੀ ਬਜਾਇ ਭੱਜ ਰਹੇ ਹਨ। ਇਸ ਨੱਠ-ਭੱਜ ਵਿਚ ਆਦਮੀ ਦੀ ਊਰਜਾ, ਤਾਕਤ, ਹੌਸਲਾ, ਭਵਿੱਖ ਦੀਆਂ ਯੋਜਨਾਵਾਂ ਆਦਿ ਸਾਰਾ ਕੁਝ ਡੁੱਬ ਰਿਹਾ ਹੈ।

ਇਹ ਨਾਵਲ ਆਰ.ਐੱਮ.ਪੀ. ਡਾਕਟਰ ਸੁਰਿੰਦਰ ਦੇ ਕੈਨੇਡਾ ਪਹੁੰਚਣ ਨਾਲ ਸ਼ੁਰੂ ਹੁੰਦਾ ਹੈ ਤੇ ਚੌਥੀ ਫੇਰੀ ਤੋਂ ਬਾਅਦ ਮੁੜ ਆਉਣ 'ਤੇ ਖ਼ਤਮ ਹੁੰਦਾ ਹੈ। ਉਦੇਸ਼ ਸੁਰਿੰਦਰ ਨੇ ਆਪਣੇ ਕਲੋਨੇ ਪੜ੍ਹਦੇ ਲੜਕੇ ਦੀ ਫੀਸ ਇਕੱਤਰ ਕਰਨੀ ਹੈ। ਵਿਜ਼ਟਰ ਵੀਜ਼ੇ 'ਤੇ ਇਹ ਕੰਮ ਕਰਨਾ ਜੋਖ਼ਮ ਭਰਿਆ ਹੈ ਪਰ ਫਿਰ ਇਹ ਕੰਮ ਕੀਤਾ ਜਾਂਦਾ ਹੈ। ਪਹਿਲੀ ਫੇਰੀ ਕੈਨੇਡਾ ਦੇ ਵਰਨਨ ਸ਼ਹਿਰ ਦੀ ਹੈ ਜਿਥੇ ਸੁਰਿੰਦਰ ਦੇ ਪਿੰਡ ਦੇ ਬੰਦੇ ਪਹਿਲਾਂ ਹੀ ਫ਼ਾਰਮ ਦੇ ਮਾਲਕ ਹਨ। ਸੁਰਿੰਦਰ ਆਪਣੇ ਕੰਮ ਦੀ ਕਿਸਮ, ਉਸ ਦਾ ਖੇਤਰ ਨੂੰ ਪੂਰੇ ਵਿਸਥਾਰ ਨਾਲ ਬਿਰਤਾਂਤਦਾ ਹੈ। ਉਹ ਬੰਦਿਆ ਦੀਆਂ ਕਿਸਮਾਂ ਤੇ ਸੇਬਾਂ ਦੀਆਂ ਕਿਸਮਾਂ ਨੂੰ ਆਪਣੀ ਦ੍ਰਿਸ਼ਟੀ ਨਾਲ ਵਿਖਿਆਉਂਦਾ ਹੈ। ਉਸਦੀ ਨਜ਼ਰ ਇੱਕ ਵਿਜ਼ਟਰ ਦੀ ਨਜ਼ਰ ਹੈ। ਜਿਸ ਵਿਚ ਉਹ ਕੰਮ ਕਰਨਾ ਚਾਹੁੰਦਾ, ਧਨ ਕਮਾਉਣਾ ਚਾਹੁੰਦਾ ਹੈ। ਇਹ ਦ੍ਰਿਸ਼ਟੀ ਹੀ ਪਰਵਾਸ ਦੇ ਸਾਰੇ ਵਰਤਾਰੇ ਨੂੰ ਪੁਨਰ ਪਰਿਭਾਸ਼ਿਤ ਕਰਦੀ ਹੈ।

ਸੁਰਿੰਦਰ ਆਪਣੇ ਸਬੰਧਾਂ ਰਾਹੀਂ ਕੰਮ ਹਾਸਿਲ ਕਰਨ ਵਿਚ ਸਫ਼ਲ ਹੁੰਦਾ ਹੈ। ਇਸ ਤੋਂ ਇਹ ਗੱਲ ਵੀ ਸਾਬਤ ਹੁੰਦੀ ਹੈ ਕਿ ਵਿਦੇਸ਼ਾਂ ਵਿਚ ਆਪਣੇ ਪੈਰ ਲਗਾਉਣ ਲਈ ਕੇਵਲ ਧਨ ਹੀ ਜ਼ਰੂਰੀ ਨਹੀਂ ਸਗੋਂ ਸਬੰਧ ਵੀ ਉਨੇ ਹੀ ਜ਼ਰੂਰੀ ਹਨ। ਪਹਿਲਾ ਪਿੰਡ ਦੇ ਵਿਅਕਤੀਆਂ ਕਾਰਨ ਕੰਮ ਮਿਲਦਾ ਹੈ ਫਿਰ ਸਬੰਧਾਂ ਦੀ ਲੜੀ ਬਣ ਜਾਦੀ ਹੈ। ਇਥੇ ਸੁਰਜੀਤ, ਸਰੂਪ, ਪੰਮਾ, ਗੁਰਬਖਸ਼, ਛਿੰਦਾ, ਪੂਰਨ ਆਦਿ ਪਾਤਰ ਉਸਦੇ ਸਹਿਯੋਗੀ ਬਣਦੇ ਹਨ।

ਨਾਵਲ ਦੀਆਂ ਅੰਦਰਲੀਆਂ ਪਰਤਾਂ ਨੂੰ ਫਰੋਲਦਿਆਂ ਇੱਕ ਗੱਲ ਇਹ ਉਭਰਕੇ ਆਉਂਦੀ ਹੈ ਕਿ ਇੱਥੇ ਪੱਕੇ ਵਸੇ ਪੰਜਾਬੀ ਲੋਕ ਆਪਣੇ ਨਵੇਂ ਆ ਰਹੇ ਪੰਜਾਬੀਆਂ ਨੂੰ ਚੰਗੀ ਨਜ਼ਰ ਨਾਲ ਨਹੀਂ ਦੇਖਦੇ। ਕਿਉਂਕਿ ਉਹਨਾਂ ਨੂੰ ਫ਼ਿਕਰ ਪੈਦਾ ਹੋ ਰਿਹਾ ਹੈ ਕਿ ਹੋਰ ਤੇ ਨਵਾਂ ਆਵਾਸ ਉਹਨਾਂ ਦੇ ਕੰਮ ਦੇ ਵਸੀਲੇ ਘਟਾ ਦੇਵੇਗਾ। ਇਹ ਉਹਨਾਂ ਦੇ ਸਰਵਾਈਵਲ ਦਾ ਮਸਲਾ ਹੈ। ਇਸ ਲਈ

ਉਹਨਾਂ ਦੀ ਫ਼ਿਕਰਮੰਦੀ ਲਾਜ਼ਮੀ ਹੈ। ਇੱਥੇ ਆਕੇ ਇਹ ਸਵਾਲ ਹੋਰ ਵੀ ਅਹਿਮ ਬਣ ਗਿਆ ਹੈ ਕਿ ਹੁਣ ਪੰਜਾਬ ਦੇ ਲੋਕਾਂ ਦੀ ਦਰਿਆਦਿਲੀ ਕਿੱਥੇ ਚਲੀ ਗਈ ਹੈ? ਅਜ਼ਬ ਦੀ ਗੱਲ ਇਹ ਹੈ ਕਿ ਜਦੋਂ ਪੰਜਾਬ ਵਿਚ ਉਤਰ-ਪੂਰਬ ਦੀ ਲੇਬਰ ਆਈ ਤਾਂ ਇਸ ਨੂੰ ਸਵੀਕਾਰਿਆ ਗਿਆ ਕਿਉਂਕਿ ਸਥਾਨਕ ਲੇਬਰ ਨਾਲੋਂ ਬਾਹਰੋਂ ਆਈ ਲੇਬਰ ਸਸਤੀ ਸੀ। ਇਥੋਂ ਦਾ ਮਜ਼ਦੂਰ ਨਕਾਰ ਦਿੱਤਾ ਗਿਆ। ਜਿਸ ਨਾਲ ਉਸ ਅੰਦਰ ਮਾਨਸਿਕ ਪੀੜਾ ਵੀ ਵਧੀ। ਦੋਨਾਂ ਤਰ੍ਹਾਂ ਦੀ ਲੇਬਰ ਵਿਚ ਭੁਗਤਾਓ ਕਰਨ ਵਾਲਾ ਮਾਲਕ ਅਜੀਬ ਤਰ੍ਹਾਂ ਮਹਿਸੂਸ ਕਰਨ ਲੱਗਿਆ। ਉਸ ਨੇ ਦੇਸੀ ਮਜ਼ਦੂਰ ਦੇ ਦੁੱਖ ਨੂੰ ਮਹਿਸੂਸਿਆ ਹੀ ਨਹੀਂ। ਹੁਣ ਉਹੀ ਵਰਤਾਰਾ ਉਸ ਨਾਲ ਬਾਹਰਲੀ ਧਰਤੀ ’ਤੇ ਵਾਪਰ ਰਿਹਾ ਹੈ ਭਾਵੇਂ ਉਹ ਕੱਚਾ ਵਸਨੀਕ ਹੈ ਜਾਂ ਪੱਕਾ। ਭਾਵ ਵਰਤਾਰਾ ਖੁਦ ਨੂੰ ਦੁਹਰਾ ਰਿਹਾ ਹੈ ਪਰੰਤੂ ਉਸਦਾ ਸਮਾਂ ਤੇ ਸਥਾਨ ਵੱਖਰਾ-ਵੱਖਰਾ ਹੈ। ਹੁਣ ਪਹਿਲਾਂ ਗਿਆ ਪੰਜਾਬੀ ਤੇ ਬਾਅਦ ਵਿਚ ਗਿਆ ਪੰਜਾਬੀ ਬਿਗਾਨੀ ਧਰਤੀ ’ਤੇ ਟਕਰਾਅ ਦੀ ਸਥਿਤੀ ਵਿਚ ਹਨ। ਪੰਜਾਬੀ ਬੰਦੇ ’ਤੇ ਬਹੁਤ ਵੱਡਾ ਸਵਾਲ ਉੱਠਣ ਲੱਗ ਪਿਆ ਹੈ ਕਿ ਦੂਜਿਆਂ ਦੀਆਂ ਸਮੱਸਿਆਵਾਂ ਘਟਾਉਣ ਵਾਲੇ ਪੰਜਾਬੀ ਆਪਣੇ ਲੋਕਾਂ ਬਾਰੇ ਕਿੰਨਾ ਮਾੜਾ ਸੋਚਦੇ ਹਨ। ਇਸ ਬਾਰੇ ਰਾਹੁਲ ਦੇ ਬੋਲ ਬਹੁਤ ਸਪੱਸ਼ਟ ਕਰਦੇ ਹਨ ਜਦੋਂ ਉਹ ਦੱਸਦਾ ਹੈ ਕਿ ਉਹਨਾਂ ਨੇ ਆਪਣਾ ਟਿਕਾਣਾ ਕਿਉਂ ਬਦਲਿਆ ਹੈ :

“ਡੈਡੀ ਮਾਲਕ ਨਾਲ ਝਗੜਾ ਹੋ ਗਿਆ ਸੀ। ਕਹਿੰਦਾ ਤੁਸੀਂ ਅੱਧੀ ਰਾਤ ਨੂੰ ਗੱਲਾਂ ਕਰਦੇ ਰਹਿੰਦੇ ਹੋ। ਆਪਸ ’ਚ ਗੱਲ ਗੱਲ ਤੇ ਗਾਲ਼ਾਂ ਕੱਢਦੇ ਹੋ। ਸਾਨੂੰ ਉਤੇ ਸੁਣਦੀਆਂ। ਅਸੀਂ ਡਿਸਟਰਬ ਹੁੰਦੇ ਐ। ਤੁਸੀਂ ਖ਼ਾਲੀ ਕਰੋ ਬਸ ਬੇਸਮੈਂਟ। ਡੈਡੀ ਜਿਹੜੇ ਪੱਕੇ ਪੰਜਾਬੀ ਟੱਬਰਾਂ ਨਾਲ ਆਏ ਹੋਏ ਆ ਨਾ... ਇਹ ਖੱਚ ਲੋਕ ਕਾਲੇ ਗੋਰੇ ਆ, ਸਟੂਡੈਂਟਾਂ ਨਾਲ ਬਹੁਤ ਨਫ਼ਰਤ ਕਰਦੇ ਐ। ਅਸੀਂ ਫੇਰ ਬਦਲ ਲਈ ਬੇਸਮੈਂਟ, ਇਹ ਘਰ ਜਿਥੇ ਆਪਾਂ ਰਹਿੰਦੇ ਆ, ਇਹ ਫ਼ਿਜ਼ੀ ਦਾ ਪਰਿਵਾਰ ਐ। ਚੰਗੇ ਐ। ਇਨ੍ਹਾਂ ਦੀਆਂ ਚਾਰ ਪੰਜ ਪਹਿਲੀਆਂ ਪੀੜ੍ਹੀਆਂ ਦੱਖਣੀ ਭਾਰਤ ਤੋਂ ਫ਼ਿਜ਼ੀ ਗਈਆਂ ਸਨ। ਉਥੋਂ ਇਹ ਪੰਜਵੀਂ ਪੀੜ੍ਹੀ ਦੇ ਕਈ ਟੱਬਰ ਕੈਨੇਡਾ ਆ ਗਏ ਸਨ। ਹੁਣ ਏਥੇ ਵੀ ਇਨ੍ਹਾਂ ਦੀ ਦੂਜੀ ਪੀੜ੍ਹੀ ਚੱਲ ਪਈ ਏ। ਆਪਣੇ ਜਿਹੜੇ ਪੰਜਾਬੀ ਆ ਏਥੇ ਪੱਕੇ। ਉਹ ਚਾਹੁੰਦੇ ਆ ਇਹ ਸਾਰੇ ਸਟੂਡੈਂਟ ਏਥੋਂ ਨਿਕਲ ਜਾਣ... ਜਿਹੜੇ ਇਨ੍ਹਾਂ ਦੇ ਨਿਆਣੇ ਐ, ਇਕ ਤਾਂ ਬਹੁਤ ਪੜ੍ਹਦੇ ਨੀਂ, ਹੈਗੇ ਕਈ ਪੜ੍ਹਨ ਆਲੇ ਪਰ ਬਹੁਤੇ ਪਿਓ ਦੀ ਕਮਾਈ ਈ ਹਜ਼ਮ ਕਰਦੇ ਨੇ। ਕਈ ਤਾਂ ਡਰੱਗ ’ਚ ਪੈ ਗਏ, ਕਈ ਟੁੱਟੇ ਭੱਜੇ ਕੰਮ ਕਰਨ ਲੱਗ ਪਏ। ਜਿਹੜੇ ਚੰਗੀਆਂ ਜੌਬਾਂ ਕਰਦੇ ਨੇ ਉਹ ਬਹੁਤ ਥੋੜ੍ਹੇ ਨੇ। ਤੇ ਇਨ੍ਹਾਂ ਦੇ ਮਾਂ ਪਿਓ ਦਾਦੇ ਫ਼ਾਰਮਾਂ ’ਚ, ਲੱਕੜ ਮਿੱਲ੍ਹਾਂ ’ਚ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ ਐ, ਇਹ ਏਥੋਂ ਦੇ ਜੰਮੇ ਪਲੇ ਉਨ੍ਹਾਂ ਦੇ ਡਾਲਰਾਂ ਤੇ ਐਸ਼ ਕਰਦੇ ਨੇ। ਵੱਡੀਆਂ ਵੱਡੀਆਂ ਗੱਡੀਆਂ ਰੱਖਦੇ ਨੇ। ” ਰਾਹੁਲ ਆਪਣੇ ਅੰਦਰਲੀ ਜ਼ਹਿਰ ਜਾਂਦਾ ਜਾਂਦਾ ਕੱਢ ਗਿਆ ਸੀ।

ਦੂਸਰਾ ਮਸਲਾ ਪੰਜਾਬੀਆਂ ਵਲੋਂ ਪੰਜਾਬੀਆਂ ਦੇ ਸੋਸ਼ਣ ਦਾ ਮਸਲਾ ਹੈ ਜਿਸ ਵਿਚ ਰੈਸਟੋਰੈਂਟ ਵਾਲੇ ਆਪਣੇ ਰੈਸਟੋਰੈਂਟ ’ਤੇ ਕੰਮ ਕਰਨ ਦੇ ਤਜਰਬੇ ਦਾ ਕਾਰਜ-ਪੱਤਰ ਦੇਣ ਲਈ ਹਜ਼ਾਰਾਂ ਡਾਲਰ ਮੰਗਦੇ ਹਨ। ਇਸ ਤਰ੍ਹਾਂ ਵਕੀਲ ਪੱਕਾ ਹੋਣ ਲਈ ਫਾਈਲ ਪੇਸ਼ ਕਰਨ ਤੇ ਬਹੁਤ ਸਾਰੇ ਡਾਲਰ ਲੈ ਰਹੇ ਹਨ। ਇਹ ਵੱਖਰੇ ਕਿਸਮ ਦਾ ਸ਼ੋਸ਼ਣ ਹੈ। ਚੋਰ ਮੋਰੀਆਂ ਨੂੰ ਢਕ ਕੇ ਪੇਸ਼ ਕਰਨਾ ਵਕਾਲਤ ਦਾ ਕਿੱਤਾ ਤੇ ਹਿੱਸਾ ਬਣਿਆ ਪਿਆ ਹੈ। ਬਿਨ੍ਹਾਂ ਚੱਕਰ ਤੋਂ ਚੱਕਰ ਬਣਾਉਣਾ ਇਹਨਾਂ ਵਕੀਲਾਂ ਦਾ ਸ਼ੋਸ਼ਣ ਚੱਕਰ ਹੈ। ਪੰਜਾਬ ਅੰਦਰ ਵੀ ਇਹੀ ਕੁਝ ਵਾਪਰ ਰਿਹਾ ਹੈ। ਪਰਵਾਸ ਦੇ ਵਰਤਾਰੇ ਨੇ ਵਿਦੇਸ਼ਾਂ ਵਿਚ ਪਹੁੰਚਣ ਤੇ ਪਹੁੰਚਕੇ ਪੱਕੇ ਹੋਣ ਨੇ ਸ਼ੋਸ਼ਣ ਆਧਾਰਾਂ ਨੂੰ ਜਨਮਿਆਂ ਹੈ। ਇੱਥੇ ਕਾਨੂੰਨ ਬੰਦੇ ਦੀ ਮੱਦਦ ਨਹੀਂ ਕਰ ਰਿਹਾ ਸਗੋਂ ਕਾਨੂੰਨ ਦੇ ਗਿਆਨ ਦੀ ਕਮੀ ਸ਼ੋਸ਼ਣ ਦੀ ਡਿਗਰੀ ਵਧਾ ਰਿਹਾ ਹੈ। ਕਿਸੇ ਦੀ ਅਪੂਰਤੀ ਕਿਸੇ ਦੀ ਪੂਰਤੀ ਕਰ ਰਹੀ ਹੈ। ਇਸ ਸਬੰਧੀ ਹੇਠ ਲਿਖਿਆ ਸਾਬਤ ਕਰਦਾ ਹੈ ਕਿ ਪੰਜਾਬੀ ਬੰਦੇ ਦੀ ਮਾਨਸਿਕਤਾ ਕਿਸ ਕਦਰ ਹੇਠਾਂ ਚਲੀ ਗਈ ਹੈ :



“ਡੈਡੀ! ਪੰਜਾਬ ਰੈਸਟੋਰੈਂਟ ਵਾਲਾ ਬਹੁਤ ਲਾਲਚੀ ਹੋਈ ਜਾ ਰਿਹਾ ਏ। ਸਾਲੇ ਦੀ ਦਿਨੋਂ ਦਿਨ ਭੁੱਖ ਵਧੀ ਜਾਂਦੀ ਏ। ਸ਼ਰੇਆਮ ਡਾਲਰ ਮੰਗਦਾ ਏ। ਉਹਨੂੰ ਕਿਸੇ ਦਾ ਡਰ ਹੀ ਨਹੀਂ। ਜੇ ਅੱਗੋਂ ਸਵਾਲ ਕਰੋ ਤਾਂ ਕਹਿੰਦਾ ਮੈਂ ਤੁਹਾਡੇ ਕੋਲ ਚਲ ਕੇ ਆਇਆ ਐ? ਮੈਨੂੰ ਤਾਂ ਕੋਈ ਲੋੜ ਨੀਂ ਬਈ ਤੁਸੀਂ ਮੇਰੇ ਕੋਲ ਕੰਮ ਕਰੋ। ਮੇਰੇ ਕੋਲ ਤਾਂ ਲਾਇਨਾ ਲੱਗੀਆਂ ਹੋਈਆਂ ਹਨ। ਤੁਹਾਨੂੰ ਪੀ. ਆਰ. ਲਈ ਪੇਪਰਾਂ ਦੀ ਲੋੜ ਏ। ਉਹ ਮੈਂ ਪੂਰੀ ਕਰਨੀ ਏ ਤਾਂ ਮੈਂ ਮਨੀ ਵੀ ਮੂੰਹ ਮੰਗੀ ਲਵਾਂਗਾ। ਕੈਨੇਡਾ ਦੀ ਪੀ.ਆਰ. ਲੈਣੀ ਕਿਤੇ ਸੌਖੀ ਐ! ਕਾਕਾ ਮੈਂ ਜਦੋਂ ਏਜੰਟਾਂ ਰਾਹੀਂ ਦੋ ਨੰਬਰ ’ਚ ਕੈਨੇਡਾ ਆਇਆ ਸੀ ਤਾਂ ਲੱਖਾਂ ਰੁਪਏ ਮੇਰੇ ਲੱਗੇ ਸਨ। ਤੁਸੀਂ ਤਾਂ ਕੈਨੈਡਾ ਕੰਟਰੀ ਇੰਝ ਇੰਟਰ ਕਰਦੇ ਹੋ ਜਿਵੇਂ ਜਵਾਈ ਸਹੁਰੇ ਘਰ ਆਉਂਦਾ ਏ।”

ਮੈਂ ਉਹਨੂੰ ਕਿਹਾ ਸੀ, “ਵੇਖ ਪੁੱਤਰ ਤੈਨੂੰ ਇਹ ਅੱਕ ਵੀ ਚੱਬਣਾ ਪੈਣਾ ਏ। ਚੱਲ ਦੇ ਕੇ ਮੂੰਹ ਕਾਲਾ ਕਰ ਉਹਦਾ। ਫੇਰ ਸਾਰੀ ਉਮਰ ਕਮਾਉਣੇ ਹੀ ਹਨ। ਪੁੱਤ ਚੁੱਪ ਕਰਕੇ ਆਪਣਾ ਮਤਲਬ ਕੱਢੀਦਾ। ਮੇਰੇ ਕੋਲ ਹੈਗੇ ਆ ਡਾਲਰ। ਕੁਝ ਤੂੰ ਕਰ ਲੈ ’ਕੱਠੇ। ਉਹਦੇ ਕੋਲੋਂ ਮਿੱਠਾ ਪਿਆਰਾ ਹੋ ਕੇ ਪੇਪਰ ਲੈ। ਪੀ. ਆਰ. ਹੋ ਕੇ ਇਹਦੀ ਮਕਾਣ ਦੇ ਦੇਵੀ।”

“ਡੈਡੀ ਇਨ੍ਹਾਂ ਪੱਕੇ ਪੰਜਾਬੀਆਂ ਨੇ ਸਾਨੂੰ ਲੁੱਟਣ ਸ਼ੁਰੂ ਕੀਤਾ ਹੋਇਆ ਏ। ਜਿਹੜੇ ਪੰਜਾਬੀ ਵਕੀਲ ਹਨ, ਇਹ ਵੀ ਸਟੂਡੈਂਟਾਂ ਨੂੰ ਚੰਗਾ ਲੁੱਟਦੇ ਪਏ ਨੇ। ਕਈ ਸਟੂਡੈਂਟ ਵਰਕ ਪਰਮਿੱਟ ਲੈਣ ਲਈ... ਪੀ. ਆਰ. ਦੀ ਫ਼ਾਇਲ ਲਾਣ ਲਈ ਇਨ੍ਹਾਂ ਪੰਜਾਬੀ ਵਕੀਲਾਂ ਤੇ ਏਜੰਟਾਂ ਕੋਲੋਂ ਫਸ ਜਾਂਦੇ ਹਨ। ਇਹ ਫੇਰ ਉਨ੍ਹਾਂ ਨੂੰ ਡਰਾ ਕੇ ਲੁੱਟਦੇ ਹਨ। ਗੱਲ ਕੋਈ ਹੁੰਦੀ ਨਹੀਂ ਐਵੇਂ ਚੱਕਰ ਪਾ ਦਿੰਦੇ ਨੇ। ਹੁਣ ਬਹੁਤੇ ਸਟੂਡੈਂਟਾਂ ਨੇ ਆਪ ਹੀ ਫ਼ਾਇਲਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।” ਰਾਹੁਲ ਇਨ੍ਹਾਂ ਪੰਜਾਬੀਆਂ ਤੋਂ ਬਹੁਤ ਜ਼ਿਆਦਾ ਦੁੱਖੀ ਹੋ ਗਿਆ ਸੀ।

ਇਸੇ ਤਰ੍ਹਾਂ ਦੇ ਸ਼ੋਸ਼ਣ ਵਿਚ ਉਹ ਸ਼ੋਸ਼ਣ ਵੀ ਸ਼ਾਮਿਲ ਹੈ ਜਿਹੜਾ ਉਹਨਾਂ ਪੜ੍ਹਨ ਲਿਖ ਸਕਣ ਵਾਲੀਆਂ ਲੜਕੀਆਂ ਵੱਲੋਂ ਕੀਤਾ ਜਾ ਰਿਹਾ ਹੈ ਜਿਹੜੀਆਂ ਆਇਲਜ਼ ਪਾਸ ਕਰਕੇ ਕਿਸੇ ਲੜਕੇ ਨੂੰ ਬਾਹਰ ਲਿਜਾਂਦੀਆਂ ਹਨ। ਇਹ ਇੱਕ ਸੌਦਾ ਹੈ ਜਿਸ ਵਿਚ ਇੱਕ ਲੜਕੀ ਉਹ ਲੱਭੀ ਜਾਂਦੀ ਹੈ ਜਿਸਦਾ ਆਇਲਜ਼ ਪਾਸ ਹੁੰਦਾ ਹੈ। ਉਸਨੂੰ ਸਟੂਡੈਂਟ ਵੀਜ਼ੇ ’ਤੇ ਬਾਹਰ ਭੇਜਿਆ ਜਾਂਦਾ ਹੈ ਫਿਰ ਉਸ ਤੋਂ ਬਾਅਦ ਉਹ ਆਪਣੇ ਪਤੀ ਨੂੰ ਬੁਲਾਉਂਦੀ ਹੈ। ਇਸ ਤਰ੍ਹਾਂ ਹੌਲੀ-ਹੌਲੀ ਉਹਨਾਂ ਦੀ ਪੀ.ਆਰ. ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਸੌਦੇਬਾਜ਼ੀ ਵਿਚ ਗਰੀਬ ਪਰ ਹੁਸਿਆਰ ਲੜਕੀ ਧਨ ਪ੍ਰਾਪਤ ਕਰਦੀ ਆਪਣੀ ਪੜ੍ਹਾਈ ਕਰਦੀ ਹੈ ਤੇ ਅਮੀਰ ਤੇ ਨਲਾਇਕ ਲੜਕਾ ਲੜਕੀ ਦੀ ਸਹਾਇਤਾ ਨਾਲ ਬਾਹਰ ਪਹੁੰਚਦਾ ਹੈ। ਭਾਵ ਲੱਕੜ ਸੰਗ ਲੋਹਾ ਤਰਦਾ ਹੈ। ਇਹ ਵਰਤਾਰਾ ਅਜਿਹਾ ਹੈ ਜਿਥੋਂ ਪੰਜਾਬੀਆਂ ਦੀਆਂ ਚੁਸਤ-ਚਲਾਕੀਆਂ ਦਾ ਪਤਾ ਲਗਦਾ ਹੈ ਕਿ ਉਹ ਕਿਹੜੇ ਮੋੜ ’ਤੇ ਆ ਕੇ ਸਮਝੋਤਾ ਕਰਦੇ ਹਨ ਤੇ ਕਿਥੇ ਤੋੜਦੇ ਹਨ। ਇਸ ਸੰਬੰਧੀ ਹੇਠ ਲਿਖੀ ਟਿੱਪਣੀ ਦਸਦੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਭਾਰੂ ਧਿਰ ਦੂਸਰੇ ਨੂੰ ਕਿਵੇਂ ਰੋਅਬ ਹੇਠ ਰੱਖਦੀ ਹੈ, ਦੱਬਦੀ ਹੈ, ਦਬੱਲਦੀ ਹੈ। ਇਹ ਵੱਖਰੇ ਹੀ ਕਿਸਮ ਦੀ ਮਾਨਸਿਕ ਪੀੜਾ ਹੈ :

“ਚੰਗਾ ਕਾਹਦਾ ਡੈਡੀ, ਇਨ੍ਹਾਂ ਦਾ ਡੇੜ ਕੁ ਸਾਲ ਬਾਅਦ ਪੰਗਾ ਪੈ ਗਿਆ ਸੀ। ਏਹਦੇ ਮਾਂ ਪਿਓ ਫ਼ੀਸਾਂ ਦੇ ਪੈਸੇ ਭੇਜਦੇ ਰਹੇ। ਏਹ ਜੋ ਕੰਮ ਕਰਦਾ, ਬੇਸਮੈਂਟ, ਗਰੋਸਰੀ ਤੇ ਹੋਰ ਥਾਂ ਖਰਚ ਹੋ ਜਾਂਦੇ। ਕੁੜੀ ਜੋ ਕੰਮ ਕਰਦੀ ਉਹ ਮਨੀ ਆਪਣੇ ਮਾਪਿਆ ਨੂੰ ਪਿੱਛੇ ਭੇਜਦੀ ਰਹੀ। ਗੱਲ ਏਥੇ ਆ ਕੇ ਮੁੱਕੀ ਕਿ ਜਦੋਂ ਕੁੜੀ ਦੀ ਲਾਸਟ ਸਮੈਸਟਰ ਦੀ ਫ਼ੀਸ ਇਨ੍ਹਾਂ ਨੇ ਭੇਜੀ ਤਾਂ ਕੁੜੀ ਤਾਂ ਏਹਦੇ ਨਾਲ ਲੜ੍ਹਨ ਲੱਗ ਪਈ। ਕਹਿੰਦੀ ਤੂੰ ਤਾਂ ਜ਼ਮਾਂ ਨਖੱਟੂ, ਜ਼ਮਾਂ ਨਿਕੰਮਾ... ਨਲਾਇਕ ਏ। ਤੂੰ ਏਥੇ ਸਰਵਾਇਵ ਈ ਨਹੀਂ ਕਰ ਕਸਦਾ। ਮੈਂ ਈ ਸੀ ਕਿ ਤੈਨੂੰ ਕੈਨੇਡਾ ਲੰਘਾ ਦਿੱਤਾ। ਨਹੀਂ ਤਾਂ ਤੂੰ ਪੰਜਾਬ ’ਚ ਧੱਕੇ ਖਾਣੇ ਸੀ। ਏਹ ਵੀ ਅੱਗੋਂ ਆਕੜਨ ਲੱਗ ਪਿਆ ਸੀ। ਲਓ ਜੀ ਨਿੱਤ ਕਲੇਸ਼

ਵੱਧਣ ਲੱਗ ਪਿਆ ਸੀ। ਨੌਬਤ ਏਥੋਂ ਤੱਕ ਪਹੁੰਚ ਗਈ ਕਿ ਕੁੜੀ ਕਹਿਣ ਲੱਗ ਪਈ ਸੀ ਕਿ ਮੈਂ ਤੇਰੇ ਨਾਲ ਰਹਿ ਨੀਂ ਸਕਦੀ। ਮੈਂ ਤੈਨੂੰ ਤਲਾਕ ਦੇ ਦੇਣਾ ਏ। ਇਹਦੇ ਨਾਲ ਏਦਾਂ ਦੀ ਭਸੂੜੀ ਪਈ ਹੋਈ ਏ।" ਰਾਹੁਲ ਨੇ ਉਸ ਮੁੰਡੇ ਦਾ ਸਾਰਾ ਕੱਚਾ ਚਿੱਠਾ ਮੇਰੇ ਅੱਗੇ ਢੇਰੀ ਕਰ ਦਿੱਤਾ ਸੀ।

ਇਸ ਨਾਵਲ ਦਾ ਹੋਰ ਪਾਸਾਰ ਖੇਤੀਬਾੜੀ ਕਰਨ ਦੇ ਢੰਗਾਂ ਤੇ ਸਬੰਧਾਂ ਦਾ ਹੈ। ਇਸ ਵਿਚਲੇ ਢੰਗ ਉਹੀ ਹਨ ਜਿਹੜੇ ਪੰਜਾਬ ਵਿਚ ਵਰਤੇ ਜਾਂਦੇ ਹਨ। ਰੇਹਾਂ, ਸਪ੍ਰੇਹਾਂ, ਖਾਦਾਂ, ਰਸਾਇਣ ਉਸੇ ਤਰੀਕੇ ਨਾਲ ਵਰਤੇ ਜਾਂਦੇ ਹਨ ਜਿਵੇਂ ਵੱਧ ਉਪਜ ਲਈ ਇੱਧਰ ਵਰਤੇ ਜਾਂਦੇ ਹਨ। ਇਹ ਨਾਵਲ ਕੈਨੇਡਾ ਵਿਚ ਵਧਦੀ 'ਸ਼ੁੱਧਤਾ' ਨੂੰ ਸਾਹਮਣੇ ਲਿਆਉਂਦਾ ਹੈ ਕਿ ਉਥੇ ਵੀ ਉਤਪਾਦਨ ਮੁੱਖ ਹੈ, ਮਨੁੱਖ ਮੁੱਖ ਨਹੀਂ ਹੈ। ਮੁਨਾਫਾ ਕੇਂਦਰ ਵਿਚ ਹੈ। ਇਸ ਮੁਨਾਫੇ ਨੇ ਸਾਰੇ ਖੇਤੀਬਾੜੀ ਪ੍ਰਬੰਧ ਵਿਚ ਮਨੁੱਖੀ ਹਿਤੈਸ਼ੀ ਹੋ ਸਕਦੇ ਕਿਰਦਾਰ ਨੂੰ ਬੇਈਮਾਨ ਬਣਾਇਆ ਹੋਇਆ ਹੈ। ਸੇਬਾਂ ਨੂੰ ਸਪਰੇਅ ਕਰਕੇ ਲਾਲ ਕੀਤਾ ਜਾ ਰਿਹਾ ਹੈ ਤਾਂ ਜੋ ਵੱਧ ਮੁੱਲ ਮਿਲੇ। ਪਰ ਮਨੁੱਖ ਦੀ ਸਿਹਤ ਕਿਤੇ ਵੀ ਨਿਸ਼ਾਨੇ 'ਤੇ ਨਹੀਂ ਹੈ। ਜ਼ਹਿਰਾਂ ਵੇਚਕੇ ਉੱਤਮ ਕਿਸਾਨ ਕਹਾਉਣ ਦਾ ਫੈਸ਼ਨ ਉੱਥੇ ਵੀ ਹੈ। ਇਸ ਲਈ ਇਹ ਗੱਲ ਸਮਝਣ ਵਾਲੀ ਹੈ ਕਿ ਮੁਨਾਫਾ ਹਰ ਇੱਕ ਵਿਅਕਤੀ ਨੂੰ ਬੇਈਮਾਨ ਬਣਾ ਦਿੰਦਾ ਹੈ ਭਾਵੇਂ ਉਸਦਾ ਪਿਛੋਕੜ ਕਿਸੇ ਵੀ 'ਇਮਾਨਦਾਰ' ਸਟੇਟ, ਧਰਮ ਨਾਲ ਜੁੜਿਆ ਹੋਵੇ।

ਨਾਵਲ ਦੀ ਕੇਂਦਰੀ ਧੁਨੀ ਕੈਨੇਡਾ ਅੰਦਰਲੇ ਜੀਵਨ ਨੂੰ ਵਿਭਿੰਨ ਕੋਣਾਂ ਤੋਂ ਦੇਖਦੇ ਹੋਏ ਪੰਜਾਬੀ ਮਾਨਸਿਕਤਾ ਨੂੰ ਸਮਝਣਾ ਹੈ। ਬਿਗਾਨੀ ਧਰਤੀ 'ਤੇ ਪੰਜਾਬੀ ਕਿਵੇਂ ਵਿਚਰਦੇ ਹਨ ਇਹ ਇਸਦਾ ਮੁਢਲਾ ਸਵਾਲ ਬਣਦਾ ਹੈ। ਇਸ ਦਾ ਉਤਰ ਵੀ ਇਹੀ ਉਭਰਦਾ ਹੈ ਕਿ ਜਿਹੜਾ ਵਿਆਕਤੀ ਜਿਸ ਮਾਨਸਿਕਤਾ ਨਾਲ ਬਾਹਰ ਗਿਆ ਹੈ। ਉਸੇ ਮਾਨਸਿਕਤਾ ਨਾਲ ਪਰਵਾਸ ਦੇ ਵਰਤਾਰੇ ਨੂੰ ਪ੍ਰਤਿਕਿਰਿਆ ਦਿਖਾ ਰਿਹਾ ਹੈ। ਫਰਕ ਸਿਰਫ਼ ਇਹ ਹੈ ਕਿ ਪਹਿਲਾਂ ਮਿਡਲ ਸ਼੍ਰੇਣੀ ਹੋਰ ਅਮੀਰ ਹੋਣ ਲਈ ਵਿਦੇਸ਼ਾਂ ਵਿਚ ਗਈ ਸੀ ਪਰ ਹੁਣ ਦੀ ਪੀੜ੍ਹੀ ਆਪਣੀ ਬੇਰੁਜ਼ਗਾਰੀ ਨੂੰ ਢੱਕਣ ਲਈ ਬਾਹਰ ਗਈ ਹੈ। ਇਧਰਲੀ ਧਰਤੀ ਉਹਨਾਂ ਨੂੰ ਬੇਚੈਨ ਕਰ ਰਹੀ ਹੈ। ਹੱਲ ਉਸ ਧਰਤੀ ਕੋਲ ਵੀ ਨਹੀਂ ਹਨ ਪਰ ਉਹ ਬੇਚੈਨ ਨੂੰ ਕੁਝ ਸਮੇਂ ਲਈ ਚੈਨ ਦੇ ਦਿੰਦੀ ਹੈ। ਇਸ ਤੋਂ ਬਾਅਦ ਉਹੀ ਸੰਘਰਸ਼ ਹੈ ਜਿਹੜਾ ਇਥੋਂ ਛੱਡ ਕੇ ਗਏ ਹਨ। ਪਰੰਤੂ ਫ਼ਰਕ ਇਹ ਹੈ ਕਿ ਵਿਦੇਸ਼ਾਂ ਵਿਚ ਮਨੁੱਖ ਦੀ ਕਦਰ ਕੁਝ ਹੋਂਦ ਰੱਖਦੀ ਹੈ। ਜਿਥੇ ਮਨੁੱਖ ਨੂੰ ਇਕ ਮਨੁੱਖ ਹੋਣ ਦੀ ਮਾਣਤਾ ਮਿਲ ਜਾਂਦੀ ਹੈ, ਵਾਤਾਵਰਣ ਸਾਫ਼ ਮਿਲ ਜਾਂਦਾ ਹੈ, ਹਵਾ ਖੁੱਲੀ ਮਿਲ ਜਾਂਦੀ ਹੈ, 'ਕੁੱਝ ਖੁੱਲ੍ਹਾ' ਹਾਸਿਲ ਹੋ ਜਾਂਦੀਆਂ ਹਨ। ਪਰ ਕਠਿਨ ਸੰਘਰਸ਼ ਉਸਦਾ ਨਸੀਬ ਬਣ ਜਾਂਦਾ ਹੈ।

ਸੋ ਨਾਵਲ ਕੁਝ ਧਾਰਨਾਵਾਂ ਸਥਾਪਿਤ ਕਰਦਾ ਹੈ ਕਿ ਦੁਨੀਆਂ ਦਾ ਭਾਵੇਂ ਕੋਈ ਵੀ ਖਿੱਤਾ ਹੋਵੇ ਪੱਕਾ ਵਸਨੀਕ ਕੱਚੇ ਵਸਨੀਕ ਨੂੰ ਹਮੇਸ਼ਾਂ ਠਿੱਠ ਕਰਦਾ ਹੈ। ਦੂਸਰਾ ਸ਼ੋਸਣ ਕਰਨ ਵਾਲੇ ਲਈ ਨਸਲ, ਧਰਮ, ਪਿਛੋਕੜ ਨਾਲ ਕੋਈ ਸਬੰਧ ਨਹੀਂ ਹੁੰਦਾ ਉਸਦੇ ਮੁਨਾਫੇ ਨੂੰ ਕੇਂਦਰ ਵਿਚ ਰੱਖਣਾ ਹੈ, ਇਹੀ ਉਸਦੀ ਮਾਨਸਿਕਤਾ ਹੈ, ਅਵਚੇਤਨ ਹੈ ਤੇ ਇਹੀ ਉਸਦਾ ਸੱਚ ਹੈ। ਤੀਸਰਾ ਮੁਨਾਫ਼ਾ ਇੰਨਾ ਕੇਂਦਰ ਵਿਚ ਹੈ ਕਿ ਆਦਮੀ ਨੇ ਆਦਮੀ, ਉਸਦੀ ਸਿਹਤ, ਜੀਣਾ, ਜੀਵਨ ਨੂੰ ਨਕਾਰ ਦਿੱਤਾ ਹੈ। ਨੈਤਿਕਤਾ ਦਾ ਪ੍ਰਪੰਚ ਜ਼ਿਆਦਾ ਹੈ, ਪਰ ਸੱਚ ਕੁਝ ਹੋਰ ਹੈ। ਚੌਥਾ ਜੈਂਡਰ ਸੈਂਸਟੀਵਿਟੀ ਨੇ ਨਵੀਂ ਕਰਵਟ ਲਈ ਹੈ। ਬੌਧਿਕਤਾ ਤੇ ਇਨਟੈਲੀਜੈਂਸ ਸ਼ੋਸ਼ਣ ਦੇ ਨਵੇਂ ਰੂਪ ਵਿਚ ਆਈ ਹੈ। ਪੰਜਵਾਂ ਇਥੇ ਸਰਵਿਸ ਦਾ ਅਰਥ ਸਰਵਾਈਵਲ ਹੈ, ਸੇਵਾ ਨਹੀਂ। ਧਨ ਕਮਾਉਣਾ ਏਜੰਡਾ ਹੈ। ਇਸ ਤਰ੍ਹਾਂ ਪੱਕੇ ਵਸਨੀਕ ਤੇ ਪੱਕੇ ਹੋਣ ਲਈ ਤਾਂਘਦੇ ਲੋਕ ਸਾਂਝੇ ਤੌਰ ਤੇ ਧਨ ਦੀ ਪ੍ਰਾਪਤੀ ਲਈ ਆਹਮੋ ਸਾਹਮਣੇ ਹਨ। ਜਿੱਥੇ ਧਨ ਕੇਂਦਰ ਵਿਚ ਰਹੇਗਾ ਉੱਥੇ ਸੰਘਰਸ਼ ਤੇ ਸ਼ੋਸਣ ਲਾਜ਼ਮੀ ਤੌਰ 'ਤੇ ਹਾਜ਼ਰ ਰਹੇਗਾ।

(**ਸੰਪਰਕ**-88725-11179, 99151-28868)



# ਸਮਾਜ ਤੇ ਮਾਨਸਿਕ ਵਰਤਾਰਿਆਂ ਦਾ ਬਿਰਤਾਂਤ : ਪੇਜ ਨੰਬਰ ਦੋ ਸੌ ਛਪੰਜਾ /- ਡਾ. ਸੁਖਪਾਲ ਕੌਰ ਸਮਰਾਲਾ




ਦਵਿੰਦਰ ਮੰਡ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਹੈ। ਉਸਦੇ ਕਹਾਣੀ ਸੰਗ੍ਰਹਿ **'ਪੇਜ ਨੰਬਰ ਦੋ ਸੌ ਛਪੰਜਾ'** (**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ, ਮੁੱਲ: 200 ਰੁਪੈ, ਸਾਲ: 2019**) ਪੜ੍ਹਦਿਆਂਉਸ ਦੀਆਂ ਕਹਾਣੀਆਂ ਦੇ ਸਮਾਜਕ ਸਰੋਕਾਰਾਂ ਅਤੇ ਮਾਨਵੀਂ ਸਰੋਕਾਰਾਂ ਨਾਲ ਜੁੜੇ ਮਸਲਿਆਂ ਬਾਰੇ ਚਰਚਾ ਕਰਨ ਦਾ ਅਲੱਗ ਅੰਦਾਜ਼ ਸਾਹਮਣੇ ਆਉਂਦਾ ਹੈ। ਸਮਾਜਕ ਵਰਤਾਰਿਆਂ ਦੇ ਨਾਲ ਨਾਲ ਮਾਨਸਿਕ ਵਰਤਾਰਿਆਂ ਦੀ ਬਾਤ ਪਾਉਦੀਆਂ ਇਹ ਕਹਾਣੀਆਂ ਇਕ ਅਜਿਹਾ ਸੰਸਾਰ ਸਿਰਜਦੀਆਂ ਹਨ ਜਿੱਥੇ ਪਿਆਰ ਦੀ ਮਹਿਕ ਨਾਲ ਇੱਕ ਇਨਸਾਨ ਆਪਣਾ ਜੀਵਨ ਗੁਜ਼ਾਰਦਾ ਹੈ, ਕਿਤੇ ਆਪਣਾ ਆਪਾ ਲਕੋਣ ਲਈ ਮਖੌਟਿਆਂ ਦਾ ਸਹਾਰਾ ਭਾਲਦਾ ਹੈ, ਆਪਣੀਆਂ ਦੱਬੀਆਂ ਖਾਹਿਸ਼ਾਂ ਦੀ ਪੂਰਤੀ ਲਈ ਬਗਾਵਤੀ ਰਾਹ ਅਪਣਾਉਂਦਾ ਹੈ। ਉਸਦੀਆਂ ਕਹਾਣੀਆਂ ਦੀ ਚਰਚਾ ਕਰਦਿਆਂ ਕਹਾਣੀ 'ਆਲ੍ਹਣਾ' ਇਕ ਅਜਿਹੇ ਪਰਵਾਸੀ ਬੰਦੇ ਦੇ ਦੁਖਾਂਤ ਨੂੰ ਸਿਰਜਦੀ ਹੈ ਜਿਹੜਾ ਉਮਰ ਭਰ ਆਪਣਾ ਆਲ੍ਹਣਾ ਬਣਾਉਣ ਲਈ ਤੀਲਾ ਤੀਲਾ ਇਕੱਠਾ ਕਰਦਾ ਹੈ ਪਰ ਕਾਮਯਾਬ ਨਹੀ ਹੁੰਦਾ।

ਆਲ੍ਹਣਾ ਸ਼ਬਦ ਘਰ ਦਾ ਪ੍ਰਤੀਕ ਹੈ, ਸੁਖਦ ਅਹਿਸਾਸਾਂ ਵਾਲਾ ਘਰ ਜਿਸ ਲਈ ਇਨਸਾਨ ਸਾਰੀ ਜ਼ਿੰਦਗੀ ਮਿਹਨਤ ਕਰਦਾ ਹੈ। ਪਰ ਕਈ ਵਾਰ ਮਿਹਨਤ ਮੁਸ਼ੱਕਤ ਨਾਲ ਬਣਾਇਆ ਇਹ ਆਲ੍ਹਣਾ ਟਿਕ ਨਹੀ ਪਾਉਂਦ ਅਤੇ ਬਿਖਰ ਜਾਂਦਾ ਹੈ। ਅਜਿਹਾ ਹੀ ਕੁਝ 'ਮੈਂ' ਪਾਤਰ ਦੇ ਮਾਮੇ ਨਾਲ ਵਾਪਰਦਾ ਹੈ ਜਿਸ ਬਾਰੇ ਉਸ ਦਾ ਇੰਗਲੈਂਡ ਤੋਂ ਆਇਆ ਦੋਸਤ ਉਸ ਨੂੰ ਦੱਸਦਿਆ ਮਾਮੇ ਦੀ ਸਾਰ ਲੈਣ ਲਈ ਕਹਿੰਦਾ ਹੈ ਜੋ ਇੰਡੀਆਂ ਵਾਪਸ ਆਉਣ ਦੀ ਕੋਸ਼ਿਸ਼ ਕਰਦਾ ਹੈ। ਕਹਾਣੀ ਦਾ 'ਮੈਂ'ਪਾਤਰ ਇਸ ਕਹਾਣੀ ਦੇ ਸਾਰੇ ਬਿਰਤਾਂਤ ਵਿਚ ਆਪਣੇ ਮਾਮੇ ਦੀ ਤੁਲਨਾ ਉਸ ਕਬੂਤਰ ਨਾਲ ਕਰਦਾ ਹੈ ਜਿਹੜਾ ਤੀਲਾ ਤੀਲਾ ਇੱਕਠਾ ਕਰਕੇ ਆਲ੍ਹਣਾ ਬਣਾਉਦਾ ਹੈ ਪਰ ਅੰਤ ਉਸਦੇ ਆਲ੍ਹਣੇ ਵਿੱਚੋ ਆਂਡੇ ਵੀ ਡਿੱਗ ਕਿ ਟੁੱਟ ਜਾਂਦੇ ਹਨ। ਮੈਂ ਪਾਤਰ ਦੇ ਪਰਵਾਸੀ ਮਾਮੇ ਨਾਲ ਵੀ ਅਜਿਹਾ ਹੀ ਵਾਪਰਦਾ ਹੈ ਜੋ ਜ਼ਿੰਦਗੀ ਭਰ ਧੱਕੇ ਖਾ ਕੇ ਕਮਾਈ ਕਰਦਾ ਹੈ ਪਰ ਅੰਤ ਉਸਦੀ ਪਤਨੀ ਤੇ ਬੱਚੇ ਵੀ ਉਸਦਾ ਸਾਥ ਛੱਡ ਜਾਂਦੇ ਹਨ। ਪਰਵਾਸੀ ਭਾਰਤੀਆਂ ਦੀ ਇਹ ਇੱਕ ਵੱਡੀ ਤ੍ਰਾਸਦੀ ਹੈ ਕਿ ਇਕ ਬਿਹਤਰ ਜੀਵਨ ਦੀ ਉਮੀਦ ਵਿੱਚ ਕਮਾਈਆਂ ਕਰਦੇ ਉਹ ਆਪਣੇ ਘਰ /ਪਰਿਵਾਰ ਅਤੇ ਰਿਸ਼ਤੇ ਨਾਤਿਆਂ ਤੋਂ ਦੂਰ ਹੁੰਦੇ ਜਾਂਦੇ ਹਨ ਜਾਂ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਦੂਰੀ ਬਣ ਜਾਂਦੀ ਹੈ। 'ਮੈਂ' ਪਾਤਰ ਦੇ ਮਾਮਾ ਵੀ ਚੰਗੇ ਜੀਵਨ ਦੀ ਤਲਾਸ਼ ਵਿੱਚ ਵਿਦੇਸ਼ ਜਾ ਕੇ

ਕਮਾਈ ਕਰਨਾ ਚਾਹੁੰਦਾ ਹੈ। ਇੰਗਲੈਂਡ ਪਹੁੰਚ ਕਿ ਕਈ ਕੰਮ ਕਰਨ ਤੋਂ ਬਾਅਦ ਆਖਰ ਉਹ ਬਿਟ੍ਰਿਸ਼ ਏਅਰਵੇਜ ਵਿੱਚ ਨੌਕਰੀ ਕਰਦਾ ਹੈ। ਨੌਕਰੀ ਅਤੇ ਪੈਸੇ ਦੀ ਲਾਲਸਾ ਉਸ ਸਭ ਤੋਂ ਪਰ੍ਹੇ ਕਰ ਦਿੰਦੀ ਹੈ :-

"ਬਰਤਾਨੀਆ 'ਚ ਤਾਂ ਬਰਤਨਾਂ 'ਚ ਆਨੇ ਇੱਕਠੇ ਕਰੀ ਜਾਉ ਤਾਂ ਜਾ ਕੇ ਸਰਦਾ। ਰਿਸ਼ਤੇਦਾਰ ਤਾਂ ਦੂਰ ਦੀਆਂ ਗੱਲਾਂ ਨੇ ਮੈਂ ਕੀ ਕਰਾਂ? ਤਹਾਨੂੰ ਯਾਦ ਕਰਾਂ ਕਿ ਪੈਹੇ ਕਮਾਵਾਂ।"[1]

ਇਹ ਪੈਹੇ ਕਮਾਉਣ ਦੀ ਲਾਲਸਾ ਹੀ ਉਸ ਨੂੰ ਸਭ ਤੋਂ ਦੂਰ ਕਰਦੀ ਹੋਈ ਅੰਤ ਇੱਕਲਤਾ ਵੱਲ ਧੱਕਦੀ ਹੈ ਅਤੇ ਜਿਸ ਪਤਨੀ ਅਤੇ ਬੱਚਿਆ ਲਈ ਉਹ ਦਿਨ ਰਾਤ ਮਿਹਨਤ ਕਰਦਾ ਹੈ ਉਹ ਵੀ ਉਸ ਦਾ ਸਾਥ ਛੱਡ ਆਪੋ ਆਪਣੀ ਹੋਰ ਦੁਨੀਆਂ ਵਿੱਚ ਜਾ ਵਸਦੇ ਹਨ। ਤੀਲਾ ਤੀਲ੍ਹਾ ਹੋ ਉਸਦਾ ਆਲ੍ਹਣਾ ਬਿਖਰ ਜਾਂਦਾ ਹੈ ਜਿਸ ਨੂੰ ਸਾਰੀ ਉਮਰ ਜੋੜਨ ਦੀ ਕੋਸ਼ਿਸ਼ ਵਿੱਚ ਰਿਹਾ। ਅੰਤ ਉਹ ਭਾਰਤ ਵੱਲ ਨੂੰ ਘਰ ਵਾਪਸੀ ਕਰਦਾ ਹੈ ।

ਰੰਗਮੰਚ ਵਿੱਚ ਸਟੇਜ ਤੇ ਖੇਡੇ ਜਾ ਰਹੇ ਇਕਾਂਗੀ ਦੀ ਕਹਾਣੀ ਹਰ ਦਰਸ਼ਕ ਨੂੰ ਆਸਾਨੀ ਨਾਲ ਸਮਝ ਆ ਜਾਂਦੀ ਹੈ ਪਰ ਪਰਦੇ ਦੇ ਪਿੱਛੇ ਚਲ ਰਹੀ ਕਹਾਣੀ ਨੂੰ ਕੋਈ ਨਹੀ ਜਾਣ ਪਾਉਂਦਾ। ਕੁਝ ਅਜਿਹਾ ਹੀ ਵਿਸ਼ਾ ਕਹਾਣੀ 'ਪਰਦੇ ਪਿਛਲਾ ਇਕਾਂਗੀ' ਦੀ ਹੈ ਜਿਸ ਵਿੱਚ ਇਕ ਅਵੈਧ ਰਿਸ਼ਤੇ ਦੇ ਸੱਚ ਨੂੰ ਪਰਦੇ ਦੇ ਸਾਹਮਣੇ ਸਮਾਜਕ ਸਵੀਕ੍ਰਿਤੀ ਲਈ ਉਸ ਨੂੰ ਸੰਪੂਰਨਤਾ ਪ੍ਰਦਾਨ ਕਰਨ ਲਈ ਕਹਾਣੀ ਦੀ ਪਾਤਰ ਬਿੱਟੀ ਆਪਣੀ ਚੌਥੀ ਬੇਟੀ ਦਾ ਕੰਨਿਆਂ ਦਾਨ 'ਮੈਂ' ਪਾਤਰ ਹੱਥੋਂ ਕਰਵਾਉਂਦੀ ਹੈ ਜਿਹੜਾਂ ਕਿ ਉਸਦੀ ਪਰਦੇ ਪਿਛਲੀ ਕਹਾਣੀ ਦਾ ਉਹ ਸੱਚ ਹੈ ਜੋ ਸਮਾਜਕ ਵਰਜਨਾਵਾਂ ਤੋਂ ਪਾਰ ਹੈ। ਰਿਸ਼ਤੇ ਵਿੱਚ ਚਾਚੀ ਲੱਗਦੀ ਬਿੱਟੀ 'ਮੈਂ' ਪਾਤਰ ਤੋਂ ਉਮਰ ਵਿੱਚ ਛੋਟੀ ਹੈ ਪਰ ਉਸ ਦੇ ਚਾਚੇ ਨਾਲ ਵਿਆਹੀ ਜਾਂਦੀ ਹੈ। 'ਮੈਂ' ਪਾਤਰ ਦੇ ਇਹ ਕਹਿਣ ਤੇ ਕਿ ਰਿਸ਼ਤੇ ਵਿੱਚ ਉਹ ਉਸਦੀ ਚਾਚੀ ਲੱਗਦੀ ਹੈ। ਉਹ ਉਸ ਨੂੰ ਜਵਾਬ ਦਿੰਦੀ ਹੈ:-

"ਇਸ ਸਮਾਜਕ ਰਿਸ਼ਤੇ ਦੀਆਂ ਕਈ ਪਰਤਾਂ ਨੇ?"ਜਦੋਂ ਬਿੱਟੀ ਨੇ ਇਹ ਕਿਹਾ ਤਾਂ ਮੈਨੂੰ ਇਹਨਾਂ 'ਪਰਤਾਂ' ਅੰਦਰ ਝਾਕਣਾ ਪਿਆ।"[2]

ਇਹਨਾਂ ਪਰਤਾਂ ਵਿਚਲੇ ਮਾਨਸਕ ਖਲਾਅ ਦੀ ਪੂਰਤੀ ਲਈ ਬਿੱਟੀ ਤੇ 'ਮੈਂ' ਪਾਤਰ ਇਕ ਅਜਿਹੇ ਰਿਸ਼ਤੇ ਦੀ ਕਹਾਣੀ ਵਿੱਚ ਜੁੜ ਜਾਂਦੇ ਹਨ ਜਿਹੜੀ ਕਿ ਪਰਦੇ ਦੇ ਪਿੱਛੇ ਚਲਦੀ ਹੈ। ਬਿੱਟੀ ਆਪਣੇ ਪਤੀ ਕੋਲ ਇੰਗਲੈਂਡ ਚਲੀ ਜਾਂਦੀ ਹੈ। ਬਿੱਟੀ 'ਮੈਂ'ਪਾਤਰ ਨੂੰ ਰੰਗਮੰਚ ਦੀ ਆਖਰੀ ਝਾਕੀ ਲਿਖਣ ਲਈ ਕਹਿੰਦੀ ਹੈ ਜਿਸ ਨੂੰ ਉਹ ਸਮਝ ਨਹੀ ਪਾਉਂਦਾ। ਕਈ ਸਾਲਾਂ ਬਾਅਦ ਬੀਮਾਰ ਬਿੱਟੀ ਨੂੰ ਮਿਲਣ ਜਾਣ ਅਤੇ ਉੱਥੇ ਜਾ ਕੇ ਉਸਦੀ ਬੇਟੀ ਦੇ ਵਿਆਹ 'ਤੇ ਕੰਨਿਆ ਦਾਨ ਕਰਨ ਸਮੇਂ 'ਮੈਂ' ਪਾਤਰ ਦੇ ਸਾਹਮਣੇ ਰੰਗਮੰਚ ਦੀ ਆਖਰੀ ਝਾਕੀ ਦਾ ਸੱਚ ਆਉਂਦਾ ਹੈ ਜਦੋ ਉਸ ਨੂੰ ਇਹ ਪਤਾ ਲੱਗਦਾ ਹੈ ਕਿ ਉਸ ਦੀ ਇਹ ਬੇਟੀ ਬਿੱਟੀ ਅਤੇ ਉਸਦੀ ਔਲਾਦ ਹੈ। ਆਪਣੇ ਸਾਹ ਸਤਹੀਣ ਚਾਚੇ ਵੱਲ ਦੇਖ ਉਸ ਨੂੰ ਜਾਪਦਾ ਹੈ ਜਿਵੇਂ ਉਹ ਪਰਦੇ ਪਿਛਲੇ ਇਕਾਂਗੀ ਦਾ ਸਾਰਾ ਸੱਚ ਜਾਣ ਗਿਆਂ ਹੋਵੇ ਅਤੇ ਉਸ ਨੇ ਮੂਕ ਸਹਿਮਤੀ ਦੇ ਦਿੱਤੀ ਹੋਵੇ।

ਔਲੇ ਦਾ ਖਾਧਾ ਅਤੇ ਸਿਆਣੇ ਦਾ ਕਿਹਾ ਬਾਅਦ ਵਿੱਚ ਸਮਝ ਆਉਂਦਾ ਹੈ, ਇਹ ਤੱਥ ਕਹਾਣੀ 'ਔਲੇ ਦਾ ਬੂਟਾ' ਵਿੱਚ ਸਹੀ ਸਾਬਿਤ ਹੁੰਦਾ ਨਜ਼ਰੀ ਪੈਂਦਾ ਹੈ ਜਿੱਥੇ ਕਹਾਣੀ ਦੇ ਮੁੱਖ ਪਾਤਰ ਦਾ ਉਸ ਦੇ ਪਿੰਡ ਦੀ ਸਾਹਿਤ ਸਭਾ ਵੱਲੋਂ ਉਸ ਦੇ ਸਾਹਿਤ ਵਿੱਚ ਪਾਏ ਯੋਗਦਾਨ ਲਈ ਕੀਤੇ ਜਾ ਰਹੇ ਸਨਮਾਨ ਸਮਾਗਮ ਵਿੱਚ ਉਸਦਾ ਦੁਬਾਰਾ ਮਿਲਾਪ ਉਸ ਔਰਤ ਨਾਲ ਮੁੱਖ ਮਹਿਮਾਨ ਵਜੋਂ ਹੁੰਦਾ ਹੈ , ਜਿਸਨੂੰ ਕਿਸੇ ਸਮੇਂ ਉਹ ਅਤੇ ਉਸਦਾ ਦੋਸਤ ਇਕ ਅਜਿਹੀ ਔਰਤ ਵਜੋਂ ਜਾਣਦੇ ਸਨ ਜਿਸਨੇ ਉਹਨਾਂ ਦੇ ਪਿੰਡ 'ਧੰਦਾ'



ਸ਼ੁਰੂ ਕੀਤਾ ਹੋਇਆ ਸੀ। ਕਹਾਣੀ ਦੀ ਸ਼ੁਰੂਆਤ ਮੁੱਖ ਪਾਤਰ ਦੇ ਸਨਮਾਨ ਮਿਲਣ ਦੀ ਖ਼ਬਰ ਨਾਲ ਸ਼ੁਰੂ ਹੁੰਦੀ ਹੈ। ਉਸ ਨੂੰ ਲੱਗਦਾ ਹੈ ਕੇ ਇਕ ਡੇਰੇ ਦੀ ਸੰਚਾਲਿਕਾ ਦਾ ਇਕ ਸਾਹਿਤ ਸਮਾਗਮ ਵਿੱਚ ਮਹਿਮਾਨ ਬਣਕੇ ਆਉਣਾ ਬਾਹਲੇ ਅਰਥ ਨਹੀ ਰੱਖਦਾ। ਮੁੱਖ ਪਾਤਰ ਦਾ ਬਚਪਨ ਦਾ ਦੋਸਤ ਮੁਲਖ ਰਾਜ ਦੁਆਰਾ ਉਸ ਨੂੰ ਸਮਾਗਮ ਦੇ ਪ੍ਰਬੰਧ ਬਾਰੇ ਜਾਣਕਾਰੀ ਦਿੰਦਿਆ ਮੁਖ ਮਹਿਮਾਨ ਬਾਰੇ ਭੇਤ ਭਰੇ ਢੰਗ ਨਾਲ ਗੱਲ ਕਰਦਿਆਂ ਉਸ ਨੂੰ ਸਾਰੀ ਕਹਾਣੀ ਸੁਣਾਉਣਾ ਮੁੱਖ ਪਾਤਰ ਨੂੰ ਫਲੈਸ਼ ਬੈਕ ਵਿੱਚ ਲੈ ਜਾਂਦਾ ਹੈ ਜਿੱਥੇ ਉਸ ਨੂੰ ਪਾਲ ਕੌਰ ਨਾਂ ਦੀ ਪਿੰਡ ਦੀ ਨੂੰਹ ਦਿਖਾਈ ਦਿੰਦੀ ਹੈ ਜਿਸ ਦੇ ਪਤੀ ਦੀ ਮੌਤ ਤੋ ਬਾਅਦ ਉਹ ਆਪਣੇ ਬੱਚਿਆ ਦੇ ਪਾਲਣ ਪੋਸ਼ਣ ਅਤੇ ਜੀਵਨ ਨਿਰਵਾਹ ਲਈ ਹਰ ਉਹ 'ਧੰਦਾਂ' ਅਪਣਾਉਂਦੀ ਹੈ ਜੋ ਸਮਾਜਕ ਤੌਰ ਤੇ ਵਰਜਿਤ ਹੈ ਉਧਰ ਅੱਲੜ ਉਮਰੇ ਮੁੱਖ ਪਾਤਰ ਅਤੇ ਉਸਦਾ ਦੋਸਤ ਮੁਲਖ ਰਾਜ ਆਪਣੇ ਸਾਥੀਆਂ ਨਾਲ ਮਰਦਾਨਗੀ ਸਾਬਿਤ ਕਰਨ ਦੇ ਚੱਕਰ ਵਿੱਚ ਪਾਲ ਕੌਰ ਦਾ ਬੂਹਾ ਖੜਕਾਉਂਦੇ ਹਨ। ਜਦੋਂ ਮੁੱਖ ਪਾਤਰ ਪਾਲ ਕੌਰ ਕੋਲ ਜਾਂਦਾ ਹੈ ਤਾਂ ਉਹ ਹੈਰਾਨ ਉਹ ਉਸ ਨੂੰ ਨਸੀਹਤ ਦੇ ਕੇ ਵਾਪਸ ਭੇਜਦੀ ਹੈ :-

"ਜਦੋਂ ਮੈਂ ਉਸਨੂੰ ਪੰਜ ਰੁਪਏ ਫੜਾਏ ਤਾਂ ਧਰਮ ਨਾਲ ਉਹਨੇ ਨੇੜਿਓ ਅਲਮਾਰੀ ਖੋਹਲ ਪੰਜ ਰੁਪਏ ਹੋਰ ਚੁਕੇ ਤੇ ਦਸ ਰੁਪਏ ਕਰ ਮੈਨੂੰ ਫੜਾਉਂਦੀ ਬੋਲੀ, ਨਾਂ ਨਾਂ ਪੁੱਤ ਤੂੰ ਪੜ੍ਹਨ ਲਿਖਣ ਆਲਾ ਆਹ ਫੜ ਪਿਆਰ ਇਧਰ ਨਾ ਆਈ ਮੁੜ ਕੇ ਵੱਡਾ ਬਣਜਾ ਤੇਰੇ ਪੇ ਦਾ ਬੜਾ ਨਾਂ ਆ।" ਫਿਰ ਉਹਨੇ ਮੈਨੂੰ ਚੁੰਮ ਚੱਟ ਕੇ ਦਸ ਰੁਪਏ ਫੜਾ ਕੇ ਘਰ ਭੇਜ ਦਿੱਤਾ।[3]

ਵਰਤਮਾਨ ਵਿੱਚ ਵਾਪਸ ਪਰਤਦਿਆਂ ਜਦੋਂ ਮੁੱਖ ਪਾਤਰ ਉਸ ਨੂੰ ਦੇਖਦਾ ਹੈ ਤਾਂ ਉਹ ਉਸ ਨੂੰ ਦੇਖ ਖੜੀ ਹੁੰਦੀ ਹੈ। ਮੁੱਖ ਪਾਤਰ ਉਸ ਦੇ ਨਾਲ ਵਾਲੀ ਕੁਰਸੀ ਤੇ ਬੈਠਦਾ ਹੈ। ਸਨਮਾਨ ਦੀ ਰਸਮ ਤੋਂ ਬਾਅਦ ਗਾਇਤਰੀ ਦੇਵੀ ਉਰਫ ਪਾਲ ਕੌਰ ਮੁੱਖ ਪਾਤਰ ਨੂੰ ਔਲੇ ਦਾ ਬੂਟਾ ਦਿੰਦੀ ਹੈ ਜਿਸ ਨੂੰ ਲੈ ਕੇ ਲੇਖਕ ਨੂੰ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਉਹ ਉਸ ਨੂੰ ਇਕ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਹੈਕਿ ਜਿਸ ਤਰ੍ਹਾਂ ਔਲੇ ਦਾ ਬੂਟਾ ਆਪਣੇ ਗੁਣਾ ਕਾਰਨ ਜਾਣਿਆਂ ਜਾਦਾ ਹੈ ਉਸੇ ਤਰ੍ਹਾਂ ਲੇਖਕ ਵੀ ਆਪਣੀਆਂ ਲਿਖਤਾ ਨਾਲ ਸਮਾਜ ਨੂੰ ਸੇਧ ਦੇਵੇਗਾ:-

"ਅਚਾਨਕ ਮੇਰੀ ਨਜ਼ਰ ਮੁਲਖ ਰਾਜ ਦੇ ਚਿਹਰੇ ਉਹ ਜਿਵੇਂ ਸਿਰ ਹਿਲਾ ਰਹੀ ਹੋਵੇ ਤੇ ਮੈਨੂੰ ਪੰਜ ਦੇ ਨਾਲ ਪੰਜ ਰੁਪਏ ਹੋਰ ਪਾ ਕੇ ਦਸ ਕਰਕੇ ਮੋੜਦੀ ਕਈ ਕੁਝ ਸਮਝਾ ਰਹੀ ਹੋ ਹੋਵੇ।"[4]

ਅਜੋਕੇ ਸਮਾਜ ਵਿੱਚ ਵੀ ਜਾਤ ਪਾਤ ਦਾ ਸਿਉਂਕ ਕਿਸ ਪ੍ਰਕਾਰ ਸਮਾਜ ਨੂੰ ਅੰਦਰੋਂ ਖੋਖਲਾ ਕਰ ਰਿਹਾ ਹੈ ਅਤੇ ਇਸ ਨਾਲ ਜੁੜਿਆ ਵਿਅਕਤੀ ਕਿਸ ਪ੍ਰਕਾਰ ਦੇ ਸੰਕਟ ਭੋਗਦਾ ਹੈ ਇਸ ਦਾ ਅਨੁਭਵ ਕਹਾਣੀ 'ਕੋਠੀ ਦਾ ਸੌਦਾ' ਵਿੱਚ ਸਹਿਜੇ ਹੀ ਕੀਤਾ ਜਾ ਸਕਦਾ ਹੈ। ਆਪਣੇ ਭਰਾ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਲਈ ਜੀਵਨ ਨਿਰਬਾਹ ਦੇ ਰਾਸਤੇ ਬਣਾਉਂਦਿਆ 'ਮੈਂ'ਪਾਤਰ ਉਸ ਨੂੰ ਕੋਠੀ ਦਾ ਸੌਦਾ ਕਰਨ ਲਈ ਕਹਿੰਦਾ ਹੈ।ਪਰਵਾਸ ਵਿੱਚ ਰਹਿਣ ਵਾਲੇ ਮੁੱਖ ਪਾਤਰ ਨੂੰ ਜਦੋਂ ਕੋਠੀ ਦੇ ਸੌਦੇ ਦੀ ਸਾਰੀ ਸੱਚਾਈ ਪਤਾ ਲੱਗਦੀ ਹੈ ਤਾਂ ਉਹ ਇੱਕ ਝਟਕਾ ਮਹਿਸੂਸ ਕਰਦਾ ਹੈ। ਆਪਣੇ ਕੋਠੀ ਦਾ ਸੌਦਾ ਕਰਨ ਲਈ ਉਸ ਦੇ ਭਤੀਜੇ ਨੂੰ ਆਪਣੀ ਜਾਤ ਦੀ ਅਸਲੀਅਤ ਛੁਪਾਉਣੀ ਪੈਂਦੀ ਹੈਕਿਉਂਕਿ ਅਜੇ ਵੀ ਅਖੌਤੀ ਸਮਾਨਤਾ ਵਾਲੇ ਸਮਾਜ ਵਿੱਚ ਕਈ ਲੋਕ ਉਸ ਕੋਠੀ ਨੂੰ ਖਰੀਦਣ ਲਈ ਇਸ ਲਈ ਤਿਆਰ ਨਹੀ ਸਨ ਕਿਉਂਕਿ ਉਹ ਸਮਝਦੇ ਸਨ ਕਿ ਇਹ ਨੀਵੀਂ ਜਾਤ ਨਾਲ ਸੰਬੰਧਿਤ ਮਾਲਕ ਦੀ ਹੈ। ਇਸੇ ਲਈ ਉਸਦੇ ਮਾਲਕ ਨੂੰ ਆਪਣੀ ਜਾਤੀ ਪਹਿਚਾਣ ਨਾਲ ਸੰਬੰਧਿਤ ਸਾਰੀਆ ਨਿਸਾਨੀਆਂ ਉਥੋਂ ਹਟਾਉਣੀਆ ਪੈਂਦੀਆਂ ਹਨ ਜਿਨ੍ਹਾਂ ਵਿੱਚ ਡਾਕਟਰ

ਅੰਬੇਦਕਰ ਅਤੇ ਰਵੀਦਾਸ ਦੀਆਂ ਤਸਵੀਰਾਂ ਸ਼ਾਮਿਲ ਸਨ। ਤ੍ਰਾਸਦੀ ਇਹ ਕਿ ਮੁੱਖ ਪਾਤਰ, ਉਸਦਾ ਭਤੀਜਾ ਅਤੇ ਪ੍ਰਾਪਟੀ ਡੀਲਰ ਸਭ ਇਸ ਸਿਸਟਮ ਵਿੱਚ ਬੁਰੀ ਤਰ੍ਹਾਂ ਬੰਨੇ ਹੋਏ ਹਨ ਅਤੇ ਚਾਹ ਕਿ ਵੀ ਕੁਝ ਨਹੀ ਕਰ ਪਾਉਂਦੇ :-

"ਲੈਅ ਦੱਸੋ ਭਾ ਜੀ ਤਹਾਨੂੰ ਰਿੰਕੂ ਨੇ ਨਹੀ ਦੱਸਿਆ। ਬੜੇ ਲੋਕ ਕੋਠੀ... ਉਪਰਲੀਆਂ ਜਾਤਾਂ ਦੇ ਵੀ ਆਏ ਬਸ ਫੇ ਕੀ ਸੀ ਡਰੈਂਗ ਰੂਮ'ਚ ਦੋਵੇਂ ਵੱਡੀਆਂ ਫੋਟੋਆਂ ਦੇਖ ਕੇ ਸਮਝ ਜਾਂਦੇ ਸਨ। ਡਾ. ਅੰਬੇਡਕਰ ਅਤੇ ਬਾਬੇ ਰਵਿਦਾਸ ਦੀਆਂ।... ਹੁਣ ਜਦੋਂ ਦੀਆਂ ਫੋਟੋਆਂ ਲਾਹ ਕੇ ਲੁਕੋ ਦਿੱਤੀਆ ਤਾਂ ਜਾ ਕਿ ਸੌਦਾ ਹੋਇਆ।... ਆਪਾਂ ਤਾਂ ਸਭ ਜਾਣਦੇ ਹਾਂ ਕਿ ਸਾਡੇ ਰਹਿਬਰ ਆ ਪਰ ਜੀਣ ਲਈ ,ਬਿਜਨਸ ਲਈ ਆਹ ਸਾਰਾ ਕੁਝ ਕਰਨਾ ਪੈਂਦਾ..।"[5]

ਕਿੰਨਾ ਵੱਡਾ ਮਸਲਾ ਹੈ ਕਿ ਜੀਣ ਲਈ ਵਿਅਕਤੀ ਨੂੰ ਆਪਣੀ ਪਹਿਚਾਣ ਲਕੋਣੀ ਪੈਂਦੀ ਹੈ।ਮੁੱਖ ਪਾਤਰ ਦਾ ਉਹਨਾਂ ਤਸਵੀਰਾਂ ਨੂੰ ਅਮਰੀਕਾ ਲਿਜਾਣ ਲਈ ਅਟੈਚੀ ਵਿੱਚ ਸਾਂਭਣਾ ਕਿਤੇ ਨਾ ਕਿਤੇ ਇਸ ਗੱਲ ਵੱਲ ਇਸ਼ਾਰਾ ਹੈ ਕਿ ਪਰਵਾਸੀ ਮੁਲਕਾਂ ਵਿੱਚ ਵਿਅਕਤੀ ਨੂੰ ਆਪਣੀ ਹੋਂਦ ਨਾਲ ਜੀਣ ਲਈ ਅਧਿਕਾਰ ਸ਼ਾਇਦ ਉਸਦੇ ਆਪਣੇ ਮੁਲਕ ਨਾਲੋਂ ਜ਼ਿਆਦਾ ਹੈ।

ਕਹਾਣੀ 'ਦਾਨੀ' ਅਸਲ ਵਿੱਚ ਫੋਕੇ ਅਤੇ ਦੰਭੀ ਦਾਨੀਆਂ ਨੂੰ ਉਜਾਗਰ ਕਰਦੀ ਹੈ ਜਿਹੜੇ ਕਿ ਦਿਖਾਵੇ ਅਤੇ ਫੋਕੀ ਸ਼ਾਨ ਖਾਤਿਰ ਸਮਾਜਕ ਕੰਮਾਕਾਰਾਂ ਵਿੱਚ , ਸਮਾਜ ਭਲਾਈ ਵਿੱਚ ਹਿੱਸਾ ਲੈਂਦੇ ਹਨ।ਕਹਾਣੀ ਦੇ ਮੁੱਖ ਪਾਤਰ ਰਾਮ ਲੁਭਾਇਆ ਜੋ ਕਿ ਆਪਣੇ ਆਪ ਨੂੰ ਵੱਡਾ ਸਮਾਜ ਸੇਵੀ ਅਤੇ ਦਾਨੀ ਸਮਝਦਾ ਹੈ ,ਉਦੋਂ ਝਟਕਾ ਲੱਗਦਾ ਹੈ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੀ ਭੈਣ ਦੀ ਸੱਸ ਜਿਸਨੂੰ ਉਹ ਹਮੇਸ਼ਾ ਹੀ ਬੁਰਾ ਭਲਾ ਬੋਲਦਾ ਰਹਿੰਦਾ ਸੀ, ਦੀ ਮੌਤ ਤੋ ਬਾਅਦ ਹਸਪਤਾਲ ਵਾਲੇ ਉਸ ਦਾ ਸਰੀਰ ਅੰਗਦਾਨ ਲਈ ਲੈ ਗਏ ਹਨ ਤਾਂ ਉਹ ਆਪਣੇ ਹੋ ਰਹੇ ਸਨਮਾਨ ਨੂੰ ਇਕ ਤਰ੍ਹਾਂ ਨਾਲ ਅਪਮਾਨ ਜਿਹਾ ਮਹਿਸੂਸ ਕਰਦਾ ਹੈ।

ਧਰਮ ਦਾ ਤੇਜ਼ਾਬ ਕਿਸ ਪ੍ਰਕਾਰ ਵਿਅਕਤੀ ਅਤੇ ਸਮਾਜ ਨੂੰ ਅੰਦਰੋਂ ਮਾਰਦਾ ਹੈ ਇਹ ਕਹਾਣੀ 'ਤੇਜ਼ਾਬ'ਵਿੱਚ ਬਾਖੂਬੀ ਦਰਸਾਇਆ ਗਿਆ ਹੈ। ਧਾਰਮਿਕ ਪਾਖੰਡਾਂ ,ਨਕਲੀ ਰਹਿਬਰਾਂ ਅਤੇ ਕਰਮਕਾਡਾਂ ਦੇ ਵਿੱਚ ਫਸਿਆ ਵਿਅਕਤੀ ਆਪਣੇ ਦੁੱਖਾ ਦਾ ਛੁਟਕਾਰੇ ਦਾ ਹੱਲ ਇਹਨਾਂ ਕਰਮਕਾਡਾਂ ਵਿਚੋਂ ਲੱਭਦਾ ਹੈ ਪਰ ਉਸਦੇ ਪੱਲੇ ਸਿਵਾਏ ਨਿਰਾਸ਼ਾ ਦੇ ਕੁਝ ਨਹੀ ਪੈਂਦਾ । ਕਹਾਣੀਕਾਰ ਨੇ ਜਿਸ ਪ੍ਰਕਾਰ ਅੰਨੀ ਸ਼ਰਧਾ ਅਤੇ ਫੈਲੇ ਧਰਮਾਂ ਬਾਰੇ ਬਾਰੀਕੀ ਨਾਲ ਚਿਤਰਿਆ ਹੈ ਉਹ ਕਮਾਲ ਹੈ । ਗੁਰੂ ਦੀ ਮਿਹਰ ਦੀ ਉਡੀਕ ਵਿੱਚ ,ਦਿਨ ਫਿਰਨ ਦੀ ਉਡੀਕ ਕਰਦੇ 'ਮੈ'ਪਾਤਰ ਦੇ ਸਕੇ ਸੰਬੰਧੀ ਉਸ ਨੂੰ ਪਾਗਲ ਮੰਨਦੇ ਹਨ ਜਿਹੜਾ ਉਹਨਾਂ ਨਾਲ ਜੁੜਿਆ ਨਹੀ ਸੀ,ਸਮਾਗਮਾ ਵਿੱਚ ਹਿੱਸਾ ਨਹੀ ਲੈਂਦਾ। 'ਮੈਂ' ਪਾਤਰ ਨੂੰ ਧਰਮ ਇਕ ਤੇਜ਼ਾਬ ਦੀ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਹੜਾ ਪਤਲਾ ਕਰਕੇ ਵਰਤਿਆਂ ਜਾ ਰਿਹਾ ਹੈ ਅਤੇ ਮਨੁੱਖਤਾ ਨੂੰ ਖਤਮ ਕਰ ਰਿਹਾ ਹੈ।

'ਪੇਜ ਨੰਬਰ ਦੋ ਸੌ ਛਪੰਜਾ' ਇਸ ਕਹਾਣੀ ਸੰਗ੍ਰਹਿ ਦੀ ਅਜਿਹੀ ਕਹਾਣੀ ਹੈ ਜਿਸ ਨੂੰ ਪੜ੍ਹਦਿਆ ਪਾਠਕ ਦੇ ਮਨ ਵਿੱਚ ਅਖੀਰ ਤੱਕ ਉਤਸੁਕਤਾ ਬਣੀ ਰਹਿੰਦੀ ਹੈ। ਇਕ ਔਰਤ ਦੇ ਅੰਤਰੀਵ ਮਨ ਦੀਆਂ ਖਾਹਿਸ਼ਾਂ ਦੇ ਨਾਲ ਨਾਲ ਉਸ ਦੇ ਦੈਹਿਕ ਸੰਸਕਾਰਾਂ ਪ੍ਰਤੀ ਉਸ ਦੀ ਸੋਝੀ ਅਤੇ ਜਾਗ੍ਰਿਤੀ ਜਿਸ ਦੇ ਪਿਛੋਕੜ ਵਿੱਚ ਕਿਧਰੇ ਕਬੀਲਾਈ ਪ੍ਰੰਪਰਾਵਾਂ ਕਾਰਜਸ਼ੀਲ ਹਨ ਨੂੰ ਪੇਸ਼ ਕਰਨ ਵਾਲੀ ਇਸ ਕਹਾਣੀ ਦੇ ਆਰੰਭ ਵਿੱਚ ਇਹ ਪ੍ਰਸ਼ਨ ਉਭਰਦਾ ਹੈ ਕਿ ਅੂਪਰਵਾ ਅਜਿਹੇ ਕਿਸ ਰੋਗ ਨਾਲ ਜੂਝ ਰਹੀ ਹੈ ਜਿਸ ਦਾ ਗਿਆਨ ਉਸ ਦੇ



ਇੰਨੇ 'ਪੜ੍ਹੇ ਲਿਖੇ' ਪਤੀ ਨੂੰ ਵੀ ਨਹੀ। ਇਸ ਪ੍ਰਸ਼ਨ 'ਤੇ ਹੀ ਅੱਗੇ ਸਾਰੀ ਕਹਾਣੀ ਉਸਰਦੀ ਹੈ। ਅਪੂਰਵਾ ਦਾ ਪਤੀ ਆਨੰਦ ਮੂਰਤੀ ਇਗਲੈਂਡ ਤੋਂ ਇਤਿਹਾਸ ਵਿਸ਼ੇ ਵਿੱਚ ਡਾਕਟਰੇਟ ਕਰਕੇ ਪਰਤਿਆ ਹੈ। ਇਤਿਹਾਸ ਅਤੇ ਧਰਮ ਨਾਲ ਜੁੜਿਆ ਉਹ ਪੂਰੀ ਤਰਾਂ ਧਾਰਮਿਕਤਾ ਦੇ ਰੰਗ ਵਿੱਚ ਰੰਗਿਆ ਨਜ਼ਰੀ ਪੈਂਦਾ ਹੈ।ਦੂਸਰੇ ਪਾਸੇ ਉਸਦਾ ਰੂਮਮੇਟ ਅਤੇ ਸਾਥੀ ਅਸ਼ੋਕ ਇੱਕ ਖੁੱਲ੍ਹੇ-ਡੁੱਲ੍ਹੇ ਸੁਭਾਅ ਵਾਲਾ ਵਿਅਕਤੀ ਸੀ ਜਿਹੜਾ ਕਿ ਆਪਣੀ ਸਾਥਣ ਨਾਲ ਵਿਆਹ ਤੋਂ ਬਿਨਾਂ ਰਹਿੰਦਾ ਹੈ। ਆਨੰਦ ਮੂਰਤੀ ਨੂੰ ਇਹ ਸਭ ਅਸੰਸਕਾਰੀ ਲੱਗਦਾ ਹੈ ਕਿਉਂਕਿ ਉਸਦੇ ਸਮੂਹਿਕ ਅਵਚੇਤਨ ਦੇ ਸੰਸਕਾਰ ਵਰਜਨਾਵਾਂ ਦੇ ਧਾਰਨੀ ਹਨ। ਅਸ਼ੋਕ ਆਪਣੇ ਖੋਜ ਕਾਰਜ ਦੌਰਾਨ ਅਫਰੀਕੀ ਕਬੀਲੇ ਦੇ ਲੋਕਾਂ ਨਾਲ ਵਿਚਰਦਾ ਅਤੇ ਉਹਨਾਂ ਦੇ ਰੀਤੀ ਰਿਵਾਜਾਂ ਨੂੰ ਸਟੱਡੀ ਕਰਦਾ ਹੈ ਅਤੇ ਇਸ ਸੰਬੰਧੀ ਆਨੰਦ ਮੂਰਤੀ ਨਾਲ ਵੀ ਚਰਚਾ ਕਰਦਾ ਹੈ। ਉਹ ਆਪਣੇ ਥੀਸਿਸ ਦੇ ਪੇਜ ਨੰਬਰ ਦੋ ਸੌ ਛਪੰਜਾ ਦਾ ਜ਼ਿਕਰ ਕਰਦਾ ਹੈ ਜਿਸ ਵਿੱਚ ਕਬੀਲੇ ਵਾਲੇ ਔਰਤ ਨੂੰ ਸਮਾਨਤਾ ਦੇ ਅਧਿਕਾਰ ਦਿੰਦਿਆ ਆਪਣੇ ਪਤੀ ਤੋਂ,ਦੈਹੀ ਸੁੱਖ ਤੋਂ ਅਸ਼ੰਤੁਸ਼ਟ ਹੋਣ ਦੀ ਸੂਰਤ ਵਿੱਚ ਉਸ ਤੋਂ ਅਲੱਗ ਹੋਣ ਦਾ ਅਧਿਕਾਰ ਵੀ ਸ਼ਾਮਿਲ ਸੀ। ਆਨੰਦ ਮੂਰਤੀ ਲਈ ਇਹ ਸਭ ਹੈਰਾਨੀ ਭਰਿਆ ਸੀ। ਇਹੀ ਆਨੰਦ ਮੂਰਤੀ ਆਪਣੀ ਪਤਨੀ ਦੀਆਂ ਅਤ੍ਰਿਪਤ ਖਾਹਿਸ਼ਾ ਨੂੰ ਸਮਝ ਨਹੀ ਪਾਉਂਦਾ ।ਉਸ ਦੇ ਸੰਸਕਾਰੀ ਵਿਹਾਰ ਉਸਦੀ ਪਤਨੀ ਨੂੰ ਮਾਨਸਿਕ ਵਿਸ਼ਾਦ ਦੀ ਅਵਸਥਾ ਵਿੱਚ ਪਹੁੰਚਾ ਦਿੰਦੇ ਹਨ ਜਿਸ ਬਾਰੇ ਉਹ 'ਇੰਨਾ ਪੜ੍ਹਿਆ ਲਿਖਿਆ' ਹੋਣ ਦੇ ਬਾਵਜੂਦ ਵੀ ਸਮਝ ਨਹੀ ਪਾਉਂਦਾ। ਇਸੇ ਲਈ ਉਸ ਦੀ ਪਤਨੀ ਅਪੂਰਵਾ, ਜੋ ਅਸ਼ੋਕ ਨਾਲ ਅਕਸਰ ਉਸਦੇ ਖੋਜ ਕਾਰਜ ਸੰਬੰਧੀ ਚਰਚਾ ਕਰਦੀ ਰਹਿੰਦੀ ਹੈ ਅਸੋਕ ਨੂੰ ਜ਼ਰੀਆ ਬਣਾਉਦੀ ਹੈ ਤਾਂ ਜੋ ਉਹ ਆਪਣੇ ਮਨ ਦੀ ਗੱਲ ਆਨੰਦ ਮੂਰਤੀ ਤੱਕ ਪਹੰਚਾ ਸਕੇ:-

"ਤੂੰ ਆਨੰਦ ਮੂਰਤੀ ਨੂੰ ਸਮਝਾ ਦੇਈਂ। ਮੈਂ ਤੇਰੇ ਥੀਸਿਸ ਦਾ ਦੋ ਸੌ ਛਪੰਜਾ ਵਾਲਾ ਪੇਜ ਫੋਟੋ ਕਾਪੀ ਕਰਕੇ ਤੇ ਉਸ ਵਿਚ ਲੰਬੀ ਲੌਕੀ ਦੇ ਦੋ ਹਿੱਸੇ ਕਰਕੇ ਗੋਦਰੇਜ਼ ਦੀ ਅਲਮਾਰੀ ਵਿੱਚ ਸੇਫ ਵਾਲੇ ਖਾਨੇ 'ਚ ਰੱਖ ਆਈ ਹਾਂ... ਮੈਂ ਤਾਂ ਛੇ ਮਹੀਨੇ ਕੱਢ ਲਏ ਨੇ...ਹੁਣ ਮੈਂ ਕਦੇ ਇਸ ਘਰ ਨਹੀ ਪਰਤਣਾ...ਥੈਂਕਸ...।"


ਅਸ਼ੋਕ ਨੇ ਆਨੰਦ ਮੂਰਤੀ ਨੂੰ ਫੋਨ ਕਰਨ ਲਈ ਨੰਬਰ ਮਿਲਾ ਲਿਆ।[6]

ਲੌਕੀ ਦੇ ਦੋ ਟੁਕੜੇ ਕਰਨਾ, ਸੇਫ ਵਿੱਚ ਰੱਖਣਾ ਇਹਨਾਂ ਸਭ ਰਾਹੀ ਅਪੂਰਵਾ ਆਪਣੀ ਅਸ਼ੰਤੁਸ਼ਟ ਵਿਆਹੁਤਾ ਜ਼ਿੰਦਗੀ ਦਾ ਰਾਜ਼ ਅਸ਼ੋਕ ਸਾਹਮਣੇ ਖੋਲ ਦਿੰਦੀ ਹੈ ਜਿਸ ਨੂੰ ਪੜ੍ਹ ਕੇ ਉਹ ਦੰਗ ਰਹਿ ਜਾਂਦਾ ਹੈ। ਕਹਾਣੀ ਦੀ ਮੂਲ ਸੁਰ ਇਹੀ ਹੈ ਕਿ ਇਕ ਔਰਤ ਆਪਣੇ ਲਈ ਬਰਾਬਰਤਾ ਦਾ ਅਧਿਕਾਰ ਜੀਵਨ ਦੇ ਹਰ ਖੇਤਰ ਵਿੱਚ ਚਾਹੁੰਦੀ ਹੈ ਅਤੇ ਇਸ ਲਈ ਉਹ ਸਮਝੌਤਾ ਨਹੀ ਕਰ ਸਕਦੀ। ਸਮਾਜਕ ਤੌਰ ਤੇ ਭਾਵੇਂ ਇਸ ਤੱਥ ਨੂੰ ਕਿਤੇ ਅਣਗੋਲਿਆ ਕਰ ਦਿੱਤਾ ਜਾਵੇ ਪਰ ਉਸ ਦੀ ਮਾਨਸਕ ਸ਼ੰਤੁਸ਼ਟੀ ਲਈ ਪਤੀ ਪਤਨੀ ਦੇ ਰਿਸ਼ਤੇ ਵਿੱਚ ਦੈਹਿਕ ਸੁੱਖ ਦਾ ਹੋਣਾ ਵੀ ਓਨਾ ਹੀ ਜ਼ਰੂਰੀ ਹੈ।

ਉੱਤਮ ਪੁਰਖੀ ਬਿਰਤਾਂਤ ਵਾਲੀਆ ਕਹਾਣੀਆਂ ਵਿੱਚ ਕਹਾਣੀਕਾਰ ਨੇ ਸਮਾਜ ਦੇ ਹਾਸ਼ੀਆਗਤ ਵਰਗ ਦੇ ਮਸਲਿਆਂ ਦੇ ਨਾਲ ਨਾਲ ਮਾਨਿਸਕ ਅਤੇ ਸਮਾਜਕ ਸਰੋਕਾਰਾ ਨੂੰ ਵੀ ਆਪਣੀਆਂ ਕਹਾਣੀਆਂ ਦੇ ਵਿਸ਼ਿਆਂ ਵਿੱਚ ਬਾਖੂਬੀ ਪੇਸ਼ ਕੀਤਾ ਹੈ।

**ਸੰਪਰਕ**-83606-83823

# ਸਮਾਜਿਕ ਜੀਵਨ ਦਾ ਮਾਨਵਵਾਦੀ ਬਿਰਤਾਂਤ: ਪਾਰਲੇ ਪੁਲ਼ / - ਡਾ. ਭੁਪਿੰਦਰ ਕੌਰ




ਕੈਨੇਡਾ ਦੀ ਧਰਤੀ ਤੇ ਸਾਹਿਤ ਖੇਤਰ ਵਿਚ ਸੁਰਜੀਤ ਕਿਸੇ ਜਾਣ ਪਛਾਣ ਦੀ ਮੁਥਾਜ ਨਹੀਂ ਹੈ। ਪੰਜਾਬੀ ਮਾਂ ਬੋਲੀ ਨੂੰ ਉਹ ਤਿੰਨ ਕਾਵਿ ਪੁਸਤਕਾਂ 'ਸ਼ਿਕਸਤ ਰੰਗ', 'ਹੇ ਸਖੀ' ਤੇ 'ਵਿਸਮਾਦ' ਭੇਂਟ ਕਰ ਚੁੱਕੀ ਹੈ। ਸਾਹਿਤ ਇਸ ਗੱਲ ਦਾ ਗਵਾਹ ਹੈ ਕਿ ਕਈ ਸਾਹਿਤਕਾਰਾਂ ਨੇ ਸ਼ਾਇਰ ਵਜੋਂ ਵੀ ਨਾਮਣਾ ਖੱਟਿਆ ਤੇ ਕਹਾਣੀ ਵਿਧਾ ਤੇ ਵੀ ਕਲਮ ਅਜ਼ਮਾ ਕੇ ਕਹਾਣੀਕਾਰ ਵਜੋਂ ਵੀ ਸਥਾਪਤ ਹੋਏ ਹਨ। ਸੁਰਜੀਤ ਵੀ ਇਸ ਪ੍ਰਕਾਰ ਦੇ ਸਾਹਿਤਕਾਰਾਂ ਦੀ ਢਾਣੀ ਵਿਚ ਸ਼ਾਮਲ ਹੋਈ ਹੈ। ਪਰ ਸੁਰਜੀਤ ਅੰਦਰ ਕਹਾਣੀ ਕਹਿਣ ਦਾ ਸ਼ੌਕ ਕਾਲਜ ਦੇ ਦਿਨਾਂ ਤੋਂ ਹੀ ਸੀ, ਉਹ ਆਪ ਆਪਣੇ ਬਾਰੇ ਦਸਦੀ ਹੈ ਕਿ ਪ੍ਰਵਾਸ ਦੌਰਾਨ ਜੋ ਕੁਝ ਵੀ ਉਸ ਨਾਲ ਵਾਪਰਿਆ, ਦੇਖਿਆ ਤੇ ਜੋ ਘਟਨਾ ਮਨ ਨੂੰ ਛੂਹ ਗਈ ਉਸ ਨੂੰ ਉਸ ਨੇ ਕਹਾਣੀ ਰਾਹੀਂ ਹੀ ਪਾਠਕਾਂ ਨਾਲ ਸਾਂਝਾ ਕੀਤਾ ਹੈ। ਅਸਲ ਵਿਚ ਉਸ ਨੇ ਆਪਣੇ ਸਮੇਂ ਦੀਆਂ ਕੁਝ ਹਕੀਕਤਾਂ ਨੂੰ ਹੀ ਕਲਪਨਾ ਦੀ ਪੁੱਠ ਚਾੜ੍ਹ ਕੇ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ।

ਸੁਰਜੀਤ ਮਾਨਵਵਾਦੀ ਦ੍ਰਿਸ਼ਟੀਕੋਣ ਦੀ ਧਾਰਨੀ ਕਹੀ ਜਾ ਸਕਦੀ ਹੈ ਕਿਉਂਕਿ ਅਜਿਹੇ ਦ੍ਰਿਸ਼ਟੀਕੋਣ ਵਾਲਾ ਸ਼ਖ਼ਸ ਮਨੁੱਖੀ ਦਰਦ ਵਿਚ ਬਹੁਤ ਹੀ ਜਲਦੀ ਭਿੱਜ ਜਾਂਦਾ ਹੈ ਤੇ ਉਸ ਦਰਦ ਨੂੰ ਆਪਣਾ ਦਰਦ ਸਮਝ ਕੇ ਉਸ ਬਾਰੇ ਲਿਖਣ ਦੀ ਜ਼ੁਰਰੱਤ ਕਰਦਾ ਹੈ। ਸੁਰਜੀਤ ਵੀ ਇਸੇ ਪ੍ਰਕਾਰ ਦੀ ਕਹਾਣੀਕਾਰਾ ਹੈ ਜੋ ਸਰਬਤ ਦਾ ਭਲਾ ਚਾਹੁੰਣ ਵਾਲੀ ਤੇ ਮਨੁੱਖਤਾ ਦੇ ਘਾਤਕ ਪੱਖਾਂ ਦੀ ਨਿੰਦਕ ਹੈ। ਇਸ ਦੀ ਕਹਾਣੀ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਨੇ ਸਾਰੀਆਂ ਹੀ ਕਹਾਣੀਆਂ ਉਤਮ ਪੁਰਖੀ ਸ਼ੈਲੀ ਵਿਚ ਲਿਖੀਆਂ ਹਨ। ਵਜ੍ਹਾ ਇਹੀ ਕਹੀ ਜਾ ਸਕਦੀ ਹੈ ਕਿ ਉਹ ਆਪਣੇ ਆਪ ਨੂੰ ਪਾਤਰ ਦੇ ਧੁਰ ਅੰਦਰ ਉਤਾਰ ਕੇ ਉਸ ਦੇ ਦਰਦ ਨੂੰ ਪੇਸ਼ ਕਰਦੀ ਹੈ। ਕਹਾਣੀ ਵਿਚ ਕੁਝ ਵੀ ਬਨਾਵਟੀ ਨਹੀਂ ਲਗਦਾ। ਸੋ ਮੈਂ ਇਸ ਨੂੰ ਮਾਨਵਵਾਦੀ ਕਹਾਣੀਕਾਰ ਕਹਿ ਸਕਦੀ ਹਾਂ। ਡਿਕਸ਼ਨਰੀ ਆਫ਼ ਫ਼ਿਲਾਸਫੀ ਵਿਚ ਮਾਨਵਵਾਦ ਬਾਰੇ ਦਰਜ ਹੈ, 'ਮਾਨਵਵਾਦ ਇਕ ਐਸੀ ਪ੍ਰਣਾਲੀ ਹੈ ਜਿਹੜੀ ਮਨੁੱਖ ਦੇ ਜ਼ਮੀਰ ਲਈ ਸਤਿਕਾਰ ਤੇ ਉਸ ਦੇ ਭਲੇ ਤੇ ਸਰਬਪੱਖੀ ਵਿਕਾਸ ਲਈ ਫ਼ਿਕਰਮੰਦੀ ਅਤੇ ਸਮਾਜਿਕ ਜੀਵਨ ਵਾਸਤੇ ਸੁਖਾਵੀਆਂ ਹਾਲਤਾਂ ਸਿਰਜਣ ਦੇ ਹੱਕ ਵਿਚ ਹੈ। ਮਾਨਵਵਾਦੀ ਵਿਚਾਰ ਸ਼ੋਸ਼ਣ ਅਤੇ ਗੁਨਾਹ ਦੇ ਖਿਲਾਫ਼ ਲੋਕਾਂ ਦੇ ਸੰਘਰਸ਼ ਵਿਚ ਆਪ ਮੁਹਾਰੇ ਪੈਦਾ ਹੋਏ।" ਕਿਸੇ ਵੀ ਸ਼ਖ਼ਸ ਦਾ ਸਦਾਚਾਰੀ ਹੋਣਾ ਤੇ ਆਪਣੇ ਆਪ ਤੇ ਕਾਬੂ ਹੋਣਾ ਮਾਨਵਵਾਦੀ ਹੋਣ ਦੀ ਨਿਸ਼ਾਨੀ ਹੈ। ਇਸ ਲਈ ਮੈਂ ਸੁਰਜੀਤ ਨੂੰ ਇਸ ਰੁਚੀ ਨਾਲ ਜੋੜ ਸਕਦੀ ਹਾਂ ਕਿਉਂਕਿ ਉਹ ਵੀ ਸਮਾਜ ਦੇ ਯਥਾਰਥ ਦੀ ਪੇਸ਼ਕਾਰੀ ਕਰਦੀ ਹੋਈ ਕਹਾਣੀ ਕਹਿੰਦੀ ਹੈ। ਇਸ ਗੱਲ ਦੀ ਹਾਮੀ ਡਾ. ਮੋਹਨ ਤਿਆਗੀ ਵੀ ਭਰਦੇ ਹਨ ਕਿ ਉਸ ਦਾ ਰਚਨਾ ਸੰਸਾਰ ਪਰਵਾਸੀ ਸਾਹਿਤ ਦੇ ਸੀਮਤ ਸਰੋਕਾਰਾਂ ਅਤੇ ਦਾਇਰਿਆਂ ਨੂੰ ਤੋੜਦਾ ਹੋਇਆ ਵਿਸ਼ਵ ਵਿਆਪੀ ਧਰਾਤਲ ਗ੍ਰਹਿਣ ਕਰ ਲੈਂਦਾ ਹੈ, ਜਿਸ ਵਿਚੋਂ ਉਸ ਦੀ ਖੁੱਲੀ ਡੁੱਲ੍ਹੀ ਰਚਨਾਤਮਕ ਬਿਰਤੀ ਤੇ ਮਾਨਵਵਾਦੀ ਦ੍ਰਿਸ਼ਟੀ ਦੇ ਦੀਦਾਰ ਹੁੰਦੇ ਹਨ।



**'ਪਾਰਲੇ ਪੁਲ਼'** (**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ, ਮੁੱਲ: 200 ਰੁਪੈ, ਸਾਲ: 2019**) ਉਸ ਦੀ ਪਹਿਲੀ ਕਹਾਣੀ ਸੰਗ੍ਰਹਿ ਹੈ ਪਰ ਇਸ ਵਿਚਲੀਆਂ ਕਹਾਣੀਆਂ ਕਈ ਪੱਤਰ ਪਤ੍ਰਿਕਾਵਾਂ ਵਿਚ ਛਪ ਕੇ ਚਰਚਾ ਦਾ ਵਿਸ਼ਾ ਬਣ ਚੁੱਕੀਆਂ ਹਨ। ਸਾਰੀਆਂ ਹੀ ਕਹਾਣੀਆਂ ਉਸ ਦੇ ਮਾਨਵਵਾਦੀ ਨਜ਼ਰੀਏ ਦੀ ਪੈਰਵੀ ਕਰਦੀਆਂ ਹਨ।

ਪਹਿਲੀ ਕਹਾਣੀ **'ਪਾਰਲੇ ਪੁਲ਼'** ਨਿਊਯੌਰਕ ਵਿਚ ਹੋਏ 9-11 ਦੇ ਹਮਲੇ ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ। ਕਹਾਣੀ ਰਾਹੀਂ ਸੁਰਜੀਤ ਅਮਰੀਕਾ ਦੀ ਸੋਚ ਤੇ ਵਿਖਾਵੇ 'ਤੇ ਇਕ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ ਕਿ ਜਿੱਥੇ ਅਮਰੀਕਾ ਵਰਗੀ ਧਰਤੀ ਤੇ ਜਾਨਵਰਾਂ ਪ੍ਰਤੀ ਮੋਹ ਦਰਸਾਇਆ ਜਾਂਦਾ ਹੈ। ਉਥੇ ਦੂਜੇ ਮੁਲਕਾਂ ਦੇ ਲੋਕਾਂ ਨੂੰ ਉਹ ਜਾਨਵਰਾਂ ਨਾਲੋਂ ਵੀ ਨੀਵਾਂ ਸਮਝਦਾ ਹੈ। ਕੀ ਉਸ ਦਾ ਪਿਆਰ ਸਿਰਫ਼ ਜਾਨਵਰਾਂ ਨਾਲ ਹੀ ਹੈ, ਜਿਸ ਵਿਚ ਜਾਨ ਹੈ, ਉਸ ਦੇ ਦਰਦ ਨੂੰ ਮਹਿਸੂਸ ਕਰਨਾ ਹੀ ਮਾਨਵਵਾਦ ਹੈ। ਕਹਾਣੀ ਦਾ ਬਿਰਤਾਂਤ ਇਕ ਕਤੂਰੇ ਤੋਂ ਸ਼ੁਰੂ ਹੋ ਕੇ 9-11 ਤੱਕ ਦੀ ਘਟਨਾ ਤੱਕ ਫੈਲਿਆ ਹੋਇਆ ਹੈ। ਜਿੱਥੇ ਕਹਾਣੀ ਦੀ ਬਿਰਤਾਂਤਕਾਰ ਠੰਡ ਵਿਚ ਕਤੂਰੇ ਨੂੰ ਛੱਡ ਆਉਂਦੀ ਹੈ। ਉਥੇ 9-11 ਦੀ ਘਟਨਾ ਤੋਂ ਦੁਖੀ ਕਿਉਂ ਹੁੰਦੀ ਹੈ। ਕਹਾਣੀਕਾਰਾ ਇਸ ਘਟਨਾ ਰਾਹੀਂ ਅਮਰੀਕਾ ਵਰਗੇ ਮੁਲਕ ਤੇ ਵਿਅੰਗ ਕਰਦੀ ਹੈ। ਇਸ ਘਟਨਾ ਉਪਰੰਤ ਮੀਡੀਆ ਵਲੋਂ ਨਸਲੀ ਵਿਤਕਰੇ ਭੜਕਾਉਣ ਦੀਆਂ ਤਕਰੀਰਾਂ ਤੇ ਵੀ ਵਿਅੰਗ ਕੀਤਾ ਗਿਆ ਹੈ ਜਿਸ ਕਰਕੇ ਹਰ ਸਰਦਾਰ ਨੂੰ ਹੀ ਨਫ਼ਰਤ ਦੀ ਨਜ਼ਰ ਨਾਲ ਦੇਖਿਆ ਗਿਆ।

ਮਾਨਵਵਾਦੀ ਦ੍ਰਿਸ਼ਟੀਕੋਣ ਦੀ ਅਗਲੀ ਉਦਾਹਰਣ ਆਇਲਨ ਤੇ ਐਵਨ ਦੋ ਬੰਦਿਆਂ ਦੀ ਕਹਾਣੀ ਹੈ, ਉਨ੍ਹਾਂ ਦੀ ਜ਼ਿੰਦਗੀ ਦੀ ਕਹਾਣੀ ਹੈ। ਇਕ ਬੱਚਾ ਸੀਰੀਆਂ ਦੀ ਲੜਾਈ ਵਿਚ ਜਾਨ ਬਚਾਉਣ ਲਈ ਸਮੁੰਦਰੀ ਕਰੋਪੀ ਦਾ ਸ਼ਿਕਾਰ ਹੋ ਕੇ ਮਰ ਜਾਂਦਾ ਹੈ, ਜਿਸ ਦੀ ਲੋਥ ਸਮੁੰਦਰੀ ਕੰਢੇ ਤੇ ਪਈ ਹੋਈ ਦਿਲਾਂ ਨੂੰ ਹਿਲਾ ਦਿੰਦੀ ਹੈ ਤੇ ਇਕ ਕਹਾਣੀ ਐਵਨ ਨਾਮੀ ਬੱਚੇ ਦੀ ਹੈ, ਜਿਸ ਦੇ ਮਾਪੇ ਬੱਚੇ ਦੀ ਖੁਸ਼ੀ ਖਾਤਰ ਅਕਤੂਬਰ ਮਹੀਨੇ ਵਿਚ ਹੀ ਕ੍ਰਿਸਮਸ ਮਨਾਉਂਦੇ ਹਨ। ਇਸ ਵਿਚ ਮਾਪਿਆਂ ਦੇ ਨਾਲ ਨਾਲ ਪੂਰਾ ਸ਼ਹਿਰ ਸ਼ਾਮਲ ਹੁੰਦਾ ਹੈ ਕਹਾਣੀਕਾਰਾ ਕਹਾਣੀ ਰਾਹੀਂ ਸਾਂਝ ਤੇ ਭਰਾਤਰੀ ਭਾਵ ਨੂੰ ਪੇਸ਼ ਕਰਦੀ ਹੈ ਤੇ ਮਾਨਵੀ ਮੁੱਹਬਤ ਦਾ ਪੈਗ਼ਾਮ ਦਿੰਦੀ ਹੈ। ਕਹਾਣੀ ਦਾ ਅੰਤ ਟਰੂਡੋ ਦੇ ਪ੍ਰਧਾਨ ਮੰਤਰੀ ਬਣ ਕੇ ਸੀਰੀਆਂ ਲਈ ਕੈਨੇਡਾ ਦਾ ਰਾਹ ਖੁੱਲ੍ਹਣ ਤੇ ਇਕ ਚੰਗੀ ਸੋਚ ਤੇ ਮਾਨਵਤਾ ਲਈ ਸਭ ਕੁਝ ਚੰਗਾ ਹੋਣ ਦਾ ਸੰਕੇਤ ਦਿੰਦਾ ਹੈ। ਇਸ ਪ੍ਰਕਾਰ ਦਾ ਵਿਸ਼ਾ ਵੀ ਕਹਾਣੀਕਾਰਾਂ ਦੀ ਸੋਚ ਤੇ ਵਿਚਾਰਧਾਰਾ ਨੂੰ ਪ੍ਰਗਟਾਉਂਦਾ ਹੈ। ਹੱਡੀ ਜੁੜਨ ਦੇ ਪ੍ਰਤੀਕ ਰਾਹੀਂ ਕਹਾਣੀਕਾਰਾ ਮਨੁੱਖਤਾ ਦੀ ਟੁੱਟੀ ਹੋਈ ਆਸਥਾ ਜੋੜਨ ਦੀ ਚਾਹਵਾਨ ਹੈ।

ਪ੍ਰਵਾਸ ਦੌਰਾਨ ਪ੍ਰਵਾਸੀ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਉਸ ਨੂੰ ਦੁੱਖੀ ਕਰਦੀਆਂ ਹਨ। ਉਹ ਹਰ ਪੀੜ੍ਹੀ ਲਈ ਚਿੰਤਿਤ ਹੈ, ਉਨ੍ਹਾਂ ਦੇ ਦੁੱਖ ਵਿਚ ਦੁੱਖੀ ਹੁੰਦੀ ਹੈ, ਰੋਲਾਂ ਬਾਰਤ ਦੋ ਪ੍ਰਕਾਰ ਦੇ ਸਾਹਿਤ ਦੀ ਗੱਲ ਕਰਦਾ ਹੈ ਇਕ ਉਹ ਸਾਹਿਤ ਜੋ ਪਾਠਕ ਨੂੰ ਇਕ ਪ੍ਰਕਾਰਜ ਦਿੰਦਾ ਹੈ, ਸਾਂਝ ਪਾ ਕੇ ਪਾਠ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦਾ ਹੈ, ਉਸੇ ਤਰ੍ਹਾਂ ਹੀ ਪ੍ਰਵਾਨ ਕਰਨ ਲਈ ਕਹਿੰਦਾ ਹੈ। ਸੁਰਜੀਤ ਦੀ ਕਹਾਣੀ ਪਹਿਲੇ ਕਿਸਮ ਦੇ ਸਾਹਿਤ ਦੇ ਅੰਤਰਗਤ ਆਉਂਦੀ ਹੈ ਜੋ ਸਮੱਸਿਆਵਾਂ ਪ੍ਰਤੀ ਚਿੰਤਾ ਪ੍ਰਗਟ ਕਰਨ ਤੇ ਸੋਚਣ ਵਿਚਾਰਨ ਦਾ ਸੱਦਾ ਦਿੰਦੀ ਹੈ। ਜਿੱਥੇ ਸੁਰਜੀਤ ਇਕ ਸਮੱਸਿਆ ਪੇਸ਼ ਕਰਦੀ ਹੈ, ਉਥੇ ਹੱਲ ਵੀ ਸੁਝਾਉਂਦੀ ਹੈ ਜਿਵੇਂ ਉਸ ਦੀ ਕਹਾਣੀ **'ਐਮਰਜੈਂਸੀ ਰੂਮ'** ਕੈਨੇਡਾ ਦੀ ਮਸਰੂਫ਼ੀਅਤ ਭਰੀ ਜ਼ਿੰਦਗੀ ਵਿਚੋਂ ਪੈਦਾ ਹੋਈ ਸਮੱਸਿਆ ਹੈ, ਜੋ ਬਜ਼ੁਰਗ ਔਰਤਾਂ ਨੂੰ ਪੇਸ਼ ਆਉਂਦੀ ਹੈ। ਪਰ ਜੇਕਰ ਕੈਨੇਡਾ ਦੇ ਸਿਸਟਮ ਨੂੰ ਦੇਖਿਆ ਜਾਵੇ ਤਾਂ ਹਰ ਕੋਈ ਆਪਣੀ ਥਾਂ ਤੇ ਠੀਕ ਹੈ। ਦੂਜੀ ਪੀੜ੍ਹੀ ਦੀ ਆਪਣੀ ਮਜ਼ਬੂਰੀ ਹੈ ਕਿ ਉਹ ਬਜ਼ੁਰਗਾਂ ਲਈ ਮਾਪਿਆਂ ਲਈ ਸਮਾਂ ਨਹੀਂ ਕੱਢ ਸਕਦੇ ਤੇ ਬਜ਼ੁਰਗ ਆਪਣੀ ਥਾਂ ਠੀਕ ਹਨ ਕਿ ਉਨ੍ਹਾਂ ਨੂੰ ਸਾਥ ਚਾਹੀਦਾ ਹੈ, ਕੋਈ ਗੱਲ ਕਰਨ ਵਾਲਾ ਚਾਹੀਦਾ ਹੈ ਐਮਰਜੈਂਸੀ ਰੂਮ ਦੀ ਮੁੱਖ ਪਾਤਰ ਨੇ ਦਵਾਈ ਲੈਣ ਜਾਣਾ ਹੈ ਪਰ ਨਾਲ ਜਾਣ ਵਾਲਾ ਕੋਈ ਵੀ ਨਹੀਂ ਹੈ। ਬੱਚੇ ਆਪਣੇ ਕੰਮਾਂ ਵਿਚ ਵਿਅਸਤ ਹਨ ਤੇ

ਪਤੀ ਆਪਣੇ ਕੰਮ ਵਿਚ। ਇਸ ਲਈ ਇਸ ਪਾਤਰ ਨੂੰ ਇਕੱਲੇ ਹੀ ਐਮਰਜੈਂਸੀ ਰੂਮ ਜਾਣਾ ਪੈਂਦਾ ਹੈ। ਸੁਰਜੀਤ ਦੇ ਇਸ ਪ੍ਰਕਾਰ ਦੇ ਪਾਤਰ ਹਿੰਮਤ ਨਹੀਂ ਹਾਰਦੇ, ਬਲਕਿ ਇਕੱਲਤਾ 'ਚੋਂ ਨਿਕਲਣ ਦਾ ਰਾਹ ਤਲਾਸ਼ ਹੀ ਲੈਂਦੇ ਹਨ। ਇਸੇ ਪ੍ਰਕਾਰ ਦੀ ਇਕ ਪਾਤਰ ਸਿਮੋਨ ਹੈ ਜੋ ਪਾਰਕਿਨਸਨ ਦੀ ਬਿਮਾਰੀ ਨਾਲ ਪੀੜਤ ਹੈ। **'ਮੇਰੀ ਹਾਰ ਮੇਰੀ ਜਿੱਤ'** ਦੀ ਮੁੱਖ ਪਾਤਰ ਸਿਮਰਨਜੀਤ ਕੌਰ ਤੋਂ ਬਣੀ ਸਿਮੋਨ ਇਕੱਲਤਾ ਹੰਢਾਉਂਦੀ ਘਰ ਵਿਚ ਪੁਰਾਣੀਆਂ ਯਾਦਾਂ ਵਿਚ ਗੁਆਚੀ ਹੋਈ ਤੁਰੀ ਫਿਰਦੀ ਹੈ, ਘਰ ਦੀ ਹਰ ਸ਼ੈਅ ਨਾਲ ਉਸ ਦੀ ਕੋਈ ਨਾ ਕੋਈ ਯਾਦ ਜੁੜੀ ਹੋਈ ਹੈ। ਭਾਵੇਂ ਕਿ ਇਸ ਬੀਮਾਰੀ ਨਾਲ ਪੀੜਤ ਮਨੁੱਖ ਜ਼ਿੰਦਗੀ ਪੱਖੋਂ ਹਾਰ ਜਾਂਦਾ ਹੈ ਪਰ ਸਿਮੋਨ ਹਿੰਮਤ ਕਰ ਕੇ ਇਸ ਬੀਮਾਰੀ ਤੇ ਜਿੱਤ ਪ੍ਰਾਪਤ ਕਰ ਲੈਂਦੀ ਹੈ। ਉਹ ਕਿਸੇ ਸਕੂਲ ਵਿਚ ਆਪਣੀਆਂ ਸੇਵਾਵਾਂ ਦੇ ਕੇ ਆਪਣੇ ਆਪ ਨੂੰ ਇਕੱਲਤਾ ਚੋਂ ਕੱਢਣ ਦਾ ਰਾਹ ਲੱਭ ਲੈਂਦੀ ਹੈ ਤੇ ਇਕ ਸੁਰਖ ਸਵੇਰ ਵਿਚ ਪ੍ਰਵੇਸ਼ ਕਰਦੀ ਹੈ। ਇਸੇ ਕਿਸਮ ਦੀ ਇਕ ਪਾਤਰ **'ਤੂੰ ਭਰੀ ਹੁੰਗਾਰਾ'** ਕਹਾਣੀ ਦੀ ਮੁੱਖ ਪਾਤਰ ਹੈ, ਜਿਸ ਰਾਹੀਂ ਸੁਰਜੀਤ ਮਾਨਵੀ ਜੀਵਨ ਦੇ ਇਕ ਪਾਸਾਰ ਦੀ ਪੇਸ਼ਕਾਰੀ ਕਰਦੀ ਹੈ। **'ਰਬੜ ਪਲਾਂਟ'** ਪਰਵਾਸੀ ਭਾਈਚਾਰੇ ਦੀ ਨਿਗੂਣੀ ਹੋਂਦ ਵੱਲ ਇਸ਼ਾਰਾ ਕਰਦਾ ਹੈ, ਕਿਸੇ ਵੀ ਵਿਹੜੇ ਵਿਚ ਇਸ ਨੂੰ ਲਗਾਉਣ ਲਈ ਇਸ ਵੱਲੋਂ ਕੀਤੇ ਗਏ ਸੰਘਰਸ਼ ਦੀ ਲੋੜ ਹੁੰਦੀ ਹੈ। ਇਸ ਕਹਾਣੀ ਰਾਹੀਂ ਕਹਾਣੀਕਾਰ ਪ੍ਰਵਾਸ ਨੂੰ ਨਵੇਂ ਨਜ਼ਰੀਏ ਤੋਂ ਸਮਝਣ ਵੱਲ ਇਸ਼ਾਰਾ ਕਰਦੀ ਹੈ। ਜਿੱਥੇ ਸਮੱਸਿਆਵਾਂ ਦੀ ਪੇਸ਼ਕਾਰੀ ਹੈ ਉਥੇ ਆਪਣੇ ਮਨ ਵਿਚਲੇ ਤੌਖਲਿਆਂ ਦਵੰਦਾਂ ਤੋਂ ਪਾਰ ਜਾਣ ਲਈ ਪਰਵਾਸ ਤੋਂ ਆਵਾਸ ਵੱਲ ਵੱਧਦੀ ਸਾਰਥਿਕ ਦਿਸ਼ਾ ਵੱਲ ਜਾਣਾ ਇਸ ਸਮੱਸਿਆ ਦਾ ਹੱਲ ਵੀ ਹੈ।

**'ਜਾਗਦੀਆਂ ਅੱਖਾਂ ਦਾ ਤਲਿਸਮ'** ਕਹਾਣੀ ਰਾਹੀਂ ਕਹਾਣੀਕਾਰਾਂ ਮਨੁੱਖਤਾ ਪ੍ਰਤੀ ਸਾਂਝ ਤੇ ਹਮਦਰਦੀ ਦੀ ਪੇਸ਼ਕਾਰੀ ਕਰਦੀ ਹੈ। ਜਿਸ ਆਧਾਰ ਤੇ ਇਹ ਕਹਾਣੀ ਸਿਰਜੀ ਗਈ ਹੈ। ਸੁਰਜੀਤ ਲਵੀਨ ਵਰਗੇ ਮਾਨਵੀ ਦ੍ਰਿਸ਼ਟੀਕੋਣ ਦੇ ਧਾਰਨੀ ਪਾਤਰਾਂ ਰਾਹੀਂ ਲੋਕਾਂ ਨੂੰ ਅੰਗਦਾਨ ਮੁਹਿੰਮ ਪ੍ਰਤੀ ਜਾਗਰੁਕ ਤੇ ਉਤਸ਼ਾਹਿਤ ਕਰਦੀ ਹੈ। ਕਹਾਣੀ **'ਅੰਗਦਾਨ'** ਸੰਬੰਧੀ ਲੋਕਾਂ ਦੇ ਮਨਾਂ ਅੰਦਰ ਪੈਦਾ ਹੋਏ ਭਰਮ ਭੁਲੇਖੇ ਦੂਰ ਕਰ ਕੇ ਚੇਤੰਨ ਕਰਨ ਦੀ ਇਕ ਲਹਿਰ ਚਲਾਉਣ ਦੀ ਕੋਸ਼ਿਸ਼ ਕਰਦੀ ਹੈ। ਸਾਰੀ ਕਹਾਣੀ **'ਅਮਰ ਕਰਮਾ ਡੋਨੇਸ਼ਨ ਸੁਸਾਇਟੀ'** ਦੀ ਕਾਰਗੁਜਾਰੀ ਦੁਆਲੇ ਘੁੰਮਦੀ ਹੈ। ਕਈ ਵਾਰ ਕੋਈ ਨਵੇਕਲਾ ਵਿਸ਼ਾ ਪੰਜਾਬੀ ਕਹਾਣੀ ਨੂੰ ਨਵੀਆਂ ਲੀਹਾਂ ਤੇ ਲੈ ਜਾਂਦਾ ਹੈ। ਸੁਰਜੀਤ ਨੇ ਵੀ ਇਸ ਕਹਾਣੀ ਰਾਹੀਂ ਇਸ ਲਹਿਰ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਹੈ।

ਜਿਵੇਂ ਕਿ ਮੈਂ ਪਹਿਲਾ ਵੀ ਜ਼ਿਕਰ ਕੀਤਾ ਹੈ ਕਿ ਮਾਨਵਵਾਦੀ ਕਹਾਣੀ ਸਮਾਜ ਅੰਦਰ ਜੋ ਕੁਝ ਵੀ ਗਲਤ ਹੋ ਰਿਹਾ ਹੋਵੇ, ਉਸ ਦੇ ਵਿਰੋਧ ਵਿਚ ਖੜ੍ਹੀ ਹੁੰਦੀ ਹੈ। **'ਪਾਰਲੇ ਪੁਲ਼'** ਸੰਗ੍ਰਹਿ ਦੀ ਕਹਾਣੀ 'ਡਿਸਏਬਲ' ਪਰਵਾਸੀਆਂ ਵਲੋਂ ਕੈਨੇਡਾ ਵਿਖੇ ਮੈਡੀਕਲ ਤੇ ਬੀਮਾ ਸਹੂਲਤਾ ਦੀ ਦੁਰਵਰਤੋਂ ਕਰਨ ਵੱਲ ਸੰਕੇਤ ਕਰਦੀ ਹੈ। ਇਸ ਕਹਾਣੀ ਦਾ ਹਰ ਪਾਤਰ ਆਪਣੇ ਲਾਭ ਲਈ ਕੁਝ ਵੀ ਕਰਨ ਲਈ ਉਤਾਰੂ ਹੈ, ਉਹ ਸਿਰਫ਼ ਨਿੱਜ ਬਾਰੇ ਹੀ ਸੋਚਦਾ ਹੈ, ਦੂਜਿਆਂ ਦੀ ਪਰਵਾਹ ਨਹੀਂ ਕਰਦਾ। ਕਹਾਣੀ ਦੀ ਮੁੱਖ ਪਾਤਰ ਨੈਨੀ ਦੇ ਵੀਜ਼ੇ ਤੇ ਮੋਗੇ ਤੋਂ ਕੈਨੇਡਾ ਆਉਂਦੀ ਹੈ ਤੇ ਮੁਸੀਬਤਾਂ ਝਾਗ ਕੇ ਵਰਕ ਪਰਮਿਟ ਹਾਸਲ ਕਰਦੀ ਹੈ ਤੇ ਆਪਣੇ ਕਾਲਜ ਦੇ ਸਾਥੀ ਮਾਨਵ ਨਾਲ ਵਿਆਹ ਕਰਵਾ ਕੇ ਕੈਨੇਡਾ ਸੱਦ ਲੈਂਦੀ ਹੈ। ਪਰ ਮਾਨਵ ਦੇ ਲਾਲਚੀ ਸੁਭਾ ਕਰਕੇ ਉਸ ਤੋਂ ਅਲੱਗ ਹੋ ਜਾਂਦੀ ਹੈ ਤੇ ਆਪਣੇ ਜੀਵਨ ਨੂੰ ਆਪਣੇ ਢੰਗ ਨਾਲ ਜਿਉਂਦੀ ਹੈ। ਉਹ ਬਹੁਤ ਕੁਝ ਅਜਿਹਾ ਦੇਖਦੀ ਹੈ ਕਿ ਕੈਨੇਡੀਅਨ ਪ੍ਰਬੰਧ ਦੀ ਕਾਰਜ਼ ਸ਼ੈਲੀ ਤੇ ਪ੍ਰਸ਼ਨ ਚਿੰਨ੍ਹ ਲਗਾ ਦਿੰਦੀ ਹੈ। ਇਸ ਪਾਤਰ ਰਾਹੀਂ ਕਹਾਣੀਕਾਰਾਂ ਨੇ ਪੱਛਮੀ ਮੁਲਕਾਂ ਦੀਆਂ ਸਿਹਤ ਸਹੂਲਤਾਂ ਦੇ ਨਾਂ ਤੇ ਚੱਲਦੇ ਵੱਡੇ ਵੱਡੇ ਕਾਰੋਬਾਰਾਂ ਤੇ ਵੱਡੀਆਂ ਵੱਡੀਆਂ ਬੀਮਾ ਕੰਪਨੀਆਂ ਦੀ ਖੇਡ ਦਾ ਪਰਦਾ ਫਾਸ਼ ਕੀਤਾ ਹੈ। ਇਹ ਸੁਰਜੀਤ ਦਾ ਮਾਨਵਵਾਦੀ ਨਜ਼ਰੀਆਂ ਹੀ ਹੈ ਜੋ ਇਸ ਪ੍ਰਕਾਰ ਦੀਆਂ ਗਲਤ ਕੀਮਤਾਂ ਤੇ ਵਿਅੰਗ ਕਰਦੀ ਹੈ।



ਪਤੀ ਪਤਨੀ ਦੇ ਅਣਸੁਖਾਵੇਂ ਰਿਸ਼ਤਿਆਂ ਪ੍ਰਤੀ ਵੀ ਕਹਾਣੀਕਾਰਾ ਚਿੰਤਿਤ ਹੈ ਜਿਸ ਨੂੰ ਉਹ **'ਵੈਲਨਟਾਈਨਜ਼ ਡੇਅ'** ਵਿਚ ਪੇਸ਼ ਕਰਦੀ ਹੈ। ਕਹਾਣੀ ਦੱਸਦੀ ਹੈ ਔਰਤ ਨੂੰ ਕਿਤੇ ਵੀ ਸਪੇਸ ਨਹੀਂ ਮਿਲਦੀ। ਮਰਦ ਪ੍ਰਧਾਨ ਸਮਾਜ ਤੋਂ ਔਰਤ ਸਿਰਫ਼ ਰੂਹ ਦੇ ਸੁੱਖ ਦੀ ਮੰਗ ਕਰਦੀ ਹੈ, ਪਰ ਉਹ ਹੀ ਨਹੀਂ ਮਿਲਦੀ। ਕਹਾਣੀ ਦੀ ਨਾਇਕਾ ਰੋਜ਼ੀ ਦਾ ਵਿਆਹ ਬਿਅੰਤ ਨਾਲ ਹੁੰਦਾ ਹੈ। ਬੇਸ਼ਕ ਉਹ ਪੜ੍ਹੀ ਲਿਖੀ ਖੂਬਸੂਰਤ ਔਰਤ ਹੈ ਪਰ ਬਿਅੰਤ ਵਲੋਂ ਉਸ ਨੂੰ ਇਕ ਵਸਤੂ ਤੋਂ ਸਿਵਾ ਕੁਝ ਨਹੀਂ ਸਮਝਿਆਂ ਜਾਂਦਾ। ਉਹ ਆਪਣੇ ਕਾਰੋਬਾਰ ਵਿਚ ਹੀ ਮਸਤ ਰਹਿੰਦਾ, ਕਦੇ ਵਧਾਉਣ ਲਈ ਤੇ ਕਦੇ ਚੌਪਟ ਹੋਏ ਕਾਰੋਬਾਰ ਦੇ ਗ਼ਮ ਵਿਚ। ਇਕ ਸਮਾਂ ਐਸਾ ਆਉਂਦਾ ਹੈ ਕਿ ਬੱਚਿਆਂ ਦੀ ਸਾਰੀ ਜ਼ਿੰਮੇਵਾਰੀ ਰੋਜ਼ੀ ਤੇ ਹੀ ਰਮਾ ਜਾਂਦੀ ਹੈ। ਕਹਾਣੀਕਾਰਾਂ ਤੰਗ ਜੁੱਤੀ ਉਤਾਰ ਕੇ ਹੱਥ ਵਿਚ ਫੜਨ ਦੇ ਪ੍ਰਤੀਕ ਰਾਹੀਂ ਔਰਤ ਦੀ ਮੁਕਤੀ ਵੱਲ ਇਸ਼ਾਰਾ ਕਰਦੀ ਹੈ। ਰੋਜੀ ਉਨ੍ਹਾਂ ਪਰਵਾਸੀ ਔਰਤਾਂ ਦੀ ਪ੍ਰਤੀਨਿੱਧਤਾ ਕਰਦੀ ਹੈ ਜੋ ਹਰ ਪ੍ਰਕਾਰ ਦੀਆਂ ਮੁਸੀਬਤਾਂ ਨਾਲ ਜੂਝਦੀ ਤੇ ਅਖੀਰ ਆਪਣੇ ਹੀ ਢੰਗ ਨਾਲ ਜੀਵਨ ਜਿਉਣ ਦੀ ਜੁਰੱਅਤ ਕਰਦੀ ਹੈ। ਕਹਾਣੀ ਔਰਤ ਦੇ ਅਸਤਿਤਵ ਦੀ ਗੱਲ ਕਰਦੀ ਹੈ ਕਿ ਹਰ ਔਰਤ ਨੂੰ ਆਪਣੀ ਲੜਾਈ ਖੁਦ ਹੀ ਲੜਨੀ ਪੈਂਦੀ ਹੈ। ਸੁਰਜੀਤ ਇਸ ਕਹਾਣੀ ਰਾਹੀ ਨਾਰੀ ਵਰਗ ਦਾ ਝੰਡਾ ਬੁਲੰਦ ਕਰਨ ਦੇ ਹੌਸਲੇ ਦੀ ਗੱਲ ਕਰਦੀ ਹੈ।


ਕਹਾਣੀ 'ਜੁਗਨੂੰ' ਨਵੀਂ ਪੀੜ੍ਹੀ ਪ੍ਰਤੀ ਇਕ ਚਿੰਤਾ ਉਪਜਾਉਂਦੀ ਹੈ ਕਿ ਕਿਵੇਂ ਇਹ ਪੀੜ੍ਹੀ ਯਥਾਰਥ ਤੋਂ ਬਹੁਤ ਦੂਰ ਹੁੰਦੀ ਹੋਈ ਸੁਪਨਿਆਂ ਨੂੰ ਹੀ ਸੱਚ ਮੰਨ ਲੈਂਦੀ ਹੈ ਤੇ ਵੱਟਸਅੱਪ ਤੇ ਫੇਸਬੁੱਕ ਦੇ ਜਾਲ ਵਿਚ ਫਸ ਜਾਂਦੀ ਹੈ। ਕਹਾਣੀ ਇਸ ਪੀੜ੍ਹੀ ਦੇ ਕਈ ਸ਼ੰਕਿਆ ਨੂੰ ਦੂਰ ਕਰਦੀ ਹੋਈ ਚੇਤੰਨ ਕਰਦੀ ਹੈ ਕਿ ਕਿਵੇਂ ਫੇਸਬੁੱਕ ਤੇ ਵੱਟਸਅੱਪ ਦੀ ਐਡਿਕਸ਼ਨ ਮਨੁੱਖੀ ਜ਼ਜਬਾਤਾਂ ਨਾਲ ਖਿਲਵਾੜ ਕਰਦੀ ਹੈ। ਇਹੀ ਇਸ ਕਹਾਣੀ ਦਾ ਵਿਸ਼ਾ ਹੈ। ਕਹਾਣੀ ਦਾ ਮੁੱਖ ਪਾਤਰ ਜੁਗਨੂੰ ਦੇ ਨਾਂ ਦੀ ਆਈ ਡੀ ਨਾਲ ਇਸ ਕਦਰ ਜੁੜ ਜਾਂਦੀ ਹੈ, ਤੇ ਹਮਦਰਦੀ ਦਾ ਰਵੱਈਆ ਰੱਖਦੀ ਹੈ ਪਰ ਉਸ ਸਮੇਂ ਉਹ ਟੁੱਟ ਜਾਂਦੀ ਹੈ ਜਦੋਂ ਇਹ ਪਤਾ ਲਗਦਾ ਹੈ ਕਿ ਇਹ ਤਾਂ ਫੇਕ ਆਈ ਡੀ ਸੀ। ਸੁਰਜੀਤ ਇਸ ਕਹਾਣੀ ਰਾਹੀਂ ਦੁਨੀਆਂ ਭਰ ਵਿਚ ਹੋ ਰਹੇ ਇਮੋਸ਼ਨਲ ਅਤਿਆਚਾਰਾਂ ਦੀ ਗੱਲ ਕਰਦੀ ਹੈ ਤੇ ਅਗਲੀ ਪੀੜ੍ਹੀ ਨੂੰ ਇਸ ਪ੍ਰਤੀ ਚੇਤੰਨ ਕਰਦੀ ਹੈ।

ਅੰਤ ਵਿਚ ਮੈਂ ਕਹਿ ਸਕਦੀ ਹਾਂ ਕਿ ਸੁਰਜੀਤ ਦੀ ਕਹਾਣੀ ਉਸ ਦੀ ਸ਼ਖ਼ਸੀਅਤ ਤੇ ਉਸ ਦੀ ਵਿਚਾਰਧਾਰਾ ਦੀ ਪੈਰਵੀ ਕਰਦੀ ਹੈ। ਉਹ ਆਪਣੇ ਆਲੇ ਦੁਆਲੇ ਜੋ ਕੁਝ ਵੀ ਗਲਤ ਹੋ ਰਿਹਾ ਹੁੰਦਾ ਹੈ ਉਸ ਨੂੰ ਕਲਪਨਾ ਦੀ ਪੁੱਠ ਚਾੜ ਕੇ ਪਾਠਕਾਂ ਦੇ ਰੂ ਬਰੂ ਕਰਦੀ ਹੈ। ਉਹ ਕਹਾਣੀ ਰਾਹੀਂ ਇਸਤਰੀ ਦੀ ਸਵੈ ਪਰਿਕਰਮਾ ਹੀ ਪੇਸ਼ ਨਹੀਂ ਕਰਦੀ ਬਲਕਿ ਇਸਤਰੀ ਦੇ ਦੁੱਖ ਤੇ ਮਨੋ ਸਥਿਤੀ ਦੀ ਬਾਤ ਵੀ ਪਾਉਂਦੀ ਹੈ, ਇਹ ਜ਼ਰੂਰੀ ਵੀ ਹੁੰਦਾ ਹੈ ਡਾ. ਹਰਭਜਨ ਸਿੰਘ ਲਿਖਦੇ ਹਨ ਕਿ ਘਟਨਾਵਾਂ ਨਾਲ ਸੰਬੰਧਤ ਹੁੰਦੀ ਹੋਈ ਵੀ ਸਾਡੀ ਕਹਾਣੀ ਘਟਨਾ ਸਥਿਤੀ ਤੋਂ ਜਿਆਦਾ ਮਨੋਸਥਿਤੀ ਪ੍ਰਤੀ ਵਧੇਰੇ ਵਫਾਦਾਰ ਰਹੀ ਹੈ। ਸੋ, ਸੁਰਜੀਤ ਦੀ ਕਹਾਣੀ ਵੀ ਮਨੋਸਥਿਤੀ ਨੂੰ ਬਾਖੂਬੀ ਪੇਸ਼ ਕਰਦੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਸੁਰਜੀਤ ਦੀ ਕਹਾਣੀ ਮਨੁੱਖ ਨੂੰ ਮਨੁੱਖ ਲਈ ਸੋਚਣ ਤੇ ਉਸ ਦੀ ਸਮੱਸਿਆ ਨੂੰ ਆਪਣੇ ਢੰਗ ਨਾਲ ਹੱਲ ਸੁਝਾਉਣ ਦਾ ਸੱਦਾ ਦਿੰਦੀ ਹੈ।

(**ਸੰਪਰਕ-98555-95818**)

# ਚੀਰ ਹਰਨ: ਨਾਰੀ ਦੀ ਸਮਾਜਿਕ ਇਤਿਹਾਸਕਾਰੀ

-ਡਾ. ਜਸਵਿੰਦਰ ਕੌਰ ਬਿੰਦਰਾ




ਪੰਜਾਬੀ ਕਹਾਣੀ ਦੇ ਖੇਤਰ ਵਿੱਚ ਸਰੂਪ ਸਿਆਲਵੀ ਦਾ ਨਾਂ ਕਿਸੇ ਪਛਾਣ ਦਾ ਮੁਹਤਾਜ ਨਹੀਂ ਰਹਿ ਗਿਆ। ਲਗਾਤਾਰ ਚਾਰ ਕਹਾਣੀ ਸੰਗ੍ਰਹਿਆਂ ਨਾਲ ਉਸ ਨੇ ਪੰਜਾਬੀ ਕਹਾਣੀ ਦੇ ਪਿੜ ਵਿੱਚ ਆਪਣੀ ਪੈੜ ਬਣਾਈ ਹੋਈ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਦਲਿਤ ਮੁੱਦਿਆਂ ਨਾਲ ਵਧੇਰੇ ਨਜਿੱਠਦੇ ਹਨ। ਕਈ ਵਾਰ ਉਹ ਮਿਥਿਹਾਸਕ ਤੇ ਭਾਰਤੀ ਚਿੰਤਨ ਦੀ ਸਥਾਪਤ ਸੋਚ ਤੋਂ ਪਰ੍ਹੇ ਜਾ ਕੇ ਪੁਨਰ ਵਿਚਾਰ ਕਰ, ਉਨ੍ਹਾਂ ਵਿਚਲੇ ਭੇਦਾਂ ਤਕ ਪਹੁੰਚਣ ਦੀ ਕੋਸ਼ਿਸ਼ ਵੀ ਕਰਦਾ ਰਿਹਾ ਹੈ। ਜਿਸ ਵਿੱਚ ਉਸ ਨੂੰ ਕਈ ਵਾਰ ਸਫ਼ਲਤਾ ਵੀ ਪ੍ਰਾਪਤ ਹੋਈ ਹੈ।

ਮੌਜੂਦਾ ਕਹਾਣੀ ਸੰਗ੍ਰਹਿ **'ਚੀਰ ਹਰਨ'** (**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ, ਮੁੱਲ: 160 ਰੁਪਏ, ਪੰਨੇ :128,ਸਾਲ 2019**) ਵੀ ਉਪਰੋਕਤ ਵਿਸ਼ਿਆਂ ਨਾਲ ਹੀ ਮਿਲਦਾ-ਜੁਲਦਾ ਹੈ। ਸੰਗ੍ਰਹਿ ਦੀ ਪਲੇਠੀ ਤੇ ਸਿਰਲੇਖ ਵਾਲੀ ਕਹਾਣੀ ਹੀ ਅਸਲ ਵਿੱਚ ਇਸ ਸੰਗ੍ਰਹਿ ਦਾ ਹਾਸਿਲ ਕਹੀ ਜਾ ਸਕਦੀ ਹੈ। ਕਹਾਣੀਕਾਰ ਨੇ ਪੁਰਾਣੇ ਸਮਿਆਂ ਤੋਂ ਲੈ ਕੇ ਅਜੋਕੇਂ ਸਮੇਂ ਵਿੱਚ ਪਹੁੰਚੀ ਇਸਤਰੀ ਦੀ ਪਰਵਾਰਕ-ਸਮਾਜਕ ਪੱਧਰ ਉਤੇ ਵੀ ਉਸ ਦੀ ਉਪਭੋਗੀ ਵਸਤੂ ਹੋਣ ਦੀ ਸਥਿਤੀ ਉਤੇ ਖੁੱਲ੍ਹ ਕੇ ਰੋਸ਼ਨੀ ਪਾਈ ਹੈ। ਘਰ ਦੀ ਇੱਜ਼ਤ ਸਮਝੀ ਜਾਂਦੀ ਇਸਤਰੀ ਨੂੰ, ਵੰਸ਼ ਨੂੰ ਅੱਗੇ ਲੈ ਕੇ ਜਾਣ ਵਾਲੀ ਤੇ ਮਾਂ ਹੋਣ ਦਾ ਰੁਤਬਾ ਹਾਸਿਲ ਕਰਨ ਵਾਲੀ ਜਿਹਾ ਤਮਗਾ ਜ਼ਰੂਰ ਦਿੱਤਾ ਜਾਂਦਾ ਰਿਹਾ ਹੈ ਪਰ ਅਸਲ ਵਿੱਚ ਪੰਜਾਬ ਦੇ ਪਿੰਡਾਂ ਵਿੱਚ ਇਸ ਦੀ ਕੀਮਤ ਜ਼ਮੀਨ ਤੋਂ ਕਿਤੇ ਘੱਟ ਰਹੀ ਹੈ। ਜ਼ਮੀਨ ਨੂੰ ਹੱਥੋਂ ਨਾ ਜਾਣ ਦੇਣ ਦੀ ਜੱਟਵਾਦੀ ਸੋਚ ਨੇ ਇਸਤਰੀ ਨੂੰ ਜਿਨਸ ਦੇ ਰੂਪ ਵਿੱਚ ਵਧੇਰੇ ਵਰਤਿਆ। ਇਕ ਹੀ ਪਰਿਵਾਰ ਦੇ ਸਾਰੇ ਭਰਾਵਾਂ ਦੀ ਪਤਨੀ ਬਣਨ ਲਈ ਮਜ਼ਬੂਰ ਕੀਤਾ ਗਿਆ ਜਾਂ ਇਹੋ ਜਿਹੀਆਂ ਚਾਲਾਂ ਵਰਤੀਆਂ ਗਈਆਂ ਕਿ ਘਰ ਦੀ ਜ਼ਮੀਨ ਕਿਸੇ ਦੂਜੇ ਦੇ ਪੁੱਤਰ ਦੇ ਹੱਥ ਨਾ ਆ ਸਕੇ।

ਅਫ਼ਸੋਸ ਦੀ ਗੱਲ ਇਹ ਹੈ ਕਿ ਬਚਪਨ ਤੋਂ ਹੀ ਕੁੜੀਆਂ ਨੂੰ ਅਜਿਹੀ ਮਾਨਸਿਕਤਾ ਨਾਲ ਹੀ ਤਿਆਰ ਕੀਤਾ ਜਾਂਦਾ ਹੈ। ਉਹ ਵੀ ਜ਼ਮੀਨ ਦੇ ਹੱਥੋਂ ਨਾ ਖੁੱਸ ਜਾਣ ਕਾਰਣ ਆਪਣੇ ਹੀ ਘਰਾਂ ਵਿੱਚ ਅਨੇਕ ਵਾਰ ਉਪਭੋਗੀ ਜਿਨਸ ਵਾਂਗ ਵਰਤੀਆਂ ਜਾਂਦੀਆਂ ਹਨ। ਬਹੁਤੀ ਵਾਰ ਉਹ ਇਹ ਸਭ ਖੁਸ਼ੀ ਨਾਲ ਹੀ ਕਰਦੀਆਂ ਹਨ। ਜੇ ਕਿਤੇ ਬਰਿੰਦਰ ਕੌਰ ਜਿਹੀ ਕੇਂਦਰੀ ਪਾਤਰ ਅਜਿਹੇ ਵਤੀਰੇ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦੇਵੇ ਤਾਂ ਉਹੀ ਸੱਸ, ਦੇਵਰ ਤੇ ਸਮਾਜ ਦੇ ਹੋਰ ਲੋਕ, ਜਿਨ੍ਹਾਂ ਵਿੱਚ ਔਰਤਾਂ ਤੇ ਮਰਦ ਦੋਵੇਂ ਸ਼ਾਮਿਲ ਹੁੰਦੇ ਹਨ, ਉਸ ਨੂੰ ਮਾੜਾ ਕਹਿੰਦੇ ਤੇ ਕੋਸਦੇ ਹਨ। ਬਰਿੰਦਰ ਇਕ ਮੁਹਾਜ਼ ਉਤੇ



ਆਪਣੀ ਮਰਜ਼ੀ ਕਰਕੇ ਜ਼ਰੂਰ ਖੜੀ ਹੋ ਗਈ ਪਰ ਜਦੋਂ ਉਸ ਦਾ ਵਾਸਤਾ ਇਕ ਧੀ ਹੋਣ ਦੇ ਨਾਤੇ ਜਾਂ ਮਾਂ ਹੋਣ ਦੇ ਨਾਤੇ ਆਪਣੇ ਭਰਾ ਤੇ ਪੁੱਤਰ ਨਾਲ ਪਿਆ ਤਾਂ ਭਰਾ ਵਲੋਂ ਪਿਉ ਦੀ ਜਾਇਦਾਦ ਵਿੱਚ ਬਣਦਾ ਹਿੱਸਾ ਮੰਗਣ ਉਤੇ ਐਕਸੀਡੈਂਟ ਵਿੱਚ ਮਰਵਾ ਦੇਣ ਤਕ ਦਾ ਸੁਣ ਕੇ ਉਹ ਸਹਿਮ ਗਈ। ਪਰ ਉਸ ਦਾ ਆਪਣਾ ਹੀ ਪੁੱਤਰ ਜ਼ਮੀਨ ਵਿੱਚ ਉਸ ਦੇ ਹਿੱਸੇ ਨੂੰ ਆਪਣੇ ਨਾਂ ਲੁਆਉਣ ਖਾਤਿਰ ਮਾਂ ਦੀ ਇੱਜ਼ਤ ਉਤੇ ਹੱਥ ਪਾਉਣ ਤਕ ਜਾ ਪਹੁੰਚਿਆ। ਅਜਿਹੀ ਸੋਚ ਵਾਲੇ ਮਰਦਾਂ ਨਾਲ ਔਰਤ ਕਿੱਥੋਂ ਤਕ ਜੂਝ ਸਕਦੀ ਹੈ। ਪਤੀ ਵੇਲੇ ਔਰਤ ਕਈ ਵਾਰ ਕੁਝ ਹੌਂਸਲਾ ਕਰਨ ਦੀ ਹਿੰਮਤ ਕਰ ਸਕਦੀ ਹੈ, ਪਰ ਪੁੱਤਰਾਂ ਸਾਹਵੇਂ ਅਕਸਰ ਉਸ ਨੂੰ ਨਮੋਸ਼ੀ ਦਾ ਸਾਹਮਣਾ ਹੀ ਕਰਨਾ ਪੈਂਦਾ ਰਿਹਾ ਹੈ।

ਇਸ ਲੰਮੀ ਤੇ ਨਾਵਲਿਟ ਦਾ ਰੂਪ ਧਾਰਦੀ ਕਹਾਣੀ ਨੂੰ ਲੇਖਕ ਨੇ ਪੌਰਾਣਿਕ ਕਾਲ ਤੋਂ ਆਰੰਭ ਕਰ ਕੇ, ਸਮਾਜ ਵਿੱਚ ਇਸਤਰੀ ਦੇ ਉੱਚਮੁੱਖੀ ਸਥਾਨ ਤੋਂ ਇਕਦਮ ਹੇਠਾਂ ਲਿਆਉਂਦੇ ਕਾਰਨਾਂ ਤੇ ਸੋਚ ਨਾਲ, ਬਦਲਦੀਆਂ ਸਥਿਤੀਆਂ ਉਤੇ ਰੋਸ਼ਨੀ ਪਾਈ। ਉਸ ਨੇ ਮਹਾਂਭਾਰਤ ਵਿਚ ਕੁੰਤੀ ਤੇ ਦਰੋਪਦੀ ਦੇ ਉਦਾਹਰਣ ਰਾਹੀਂ ਅਜੋਕੇਂ ਸਮੇਂ ਦੀ ਇਸਤਰੀ ਦੀ ਵੀ ਹਰ ਮੁਹਾਜ਼ ਉਤੇ ਹੁੰਦੀ ਹਾਰ ਨੂੰ ਕਥਾਨਕ ਵਿੱਚ ਸਮੋ ਕੇ ਪੇਸ਼ ਕੀਤਾ ਹੈ। ਭਾਵੇਂ ਬਰਿੰਦਰ ਦੀ ਪੋਤਰੀ ਪੜ੍ਹ-ਲਿਖ ਕੇ 'ਲਿਵ ਇਨ ਰਿਲੇਸ਼ਨ' ਤਕ ਦੇ ਫੈਸਲੇ ਨੂੰ ਅਪਨਾਉਂਦੀ ਹੈ, ਪਰ ਸੁਖ ਉਸ ਨੂੰ ਵੀ ਨਹੀਂ ਮਿਲਦਾ। ਸਗੋਂ ਦਿਨੋਂ-ਦਿਨ ਵੱਧਦੀ ਪੈਸੇ ਦੀ ਹਵਸ ਤੇ ਸੁਖਾਂ-ਸਹੂਲਤ ਹਾਸਿਲ ਕਰਨ ਦੀ ਲਾਲਸਾ ਨੇ ਸਾਰਿਆਂ ਅੰਦਰੋਂ ਹਰ ਰਿਸ਼ਤੇ-ਨਾਤੇ ਦੀ ਭਾਵਨਾ ਨੂੰ ਖਤਮ ਕਰਨ ਦਾ ਬੀੜਾ ਚੁੱਕ ਲਿਆ ਹੈ। ਹੱਦ ਹੈ, ਇਕ ਪੁੱਤਰ ਵਲੋਂ ਆਪਣੀ ਹੀ ਮਾਂ ਦੀ ਕੁੱਖ ਉਤੇ ਵਾਰ ਕਰਨਾ। ਅਜਿਹੇ ਕਾਰੇ ਮਗਰੋਂ ਸਾਰਿਆਂ ਨਾਲ ਟਾਕਰਾ ਲੈਣ ਵਾਲੀ ਮਾਂ ਨਮੋਸ਼ੀ ਨਾਲ ਹੀ ਮਰ ਗਈ।

ਸਰੂਪ ਸਿਆਲਵੀ ਨੇ 'ਸੱਪ' ਵਿੱਚ ਵੀ ਔਰਤ ਨਾਲ ਹੁੰਦੀ ਬਦਨੀਅਤੀ ਨੂੰ ਕੇਂਦਰ ਵਿੱਚ ਰੱਖਿਆ, ਜਿੱਥੇ ਇਕ ਬਾਪ ਆਪਣੀ ਹੀ ਧੀ ਨਾਲ ਜ਼ਬਰ-ਜਨਾਹ ਕਰਦਾ ਰਿਹਾ। ਮਾਂ ਨੂੰ ਸਾਰੀ ਸੱਚਾਈ ਦਾ ਪਤਾ ਹੋਣ ਦੇ ਬਾਵਜੂਦ ਉਹ ਕੁਝ ਨਾ ਕਰ ਸਕੀ। ਮਾਂ-ਧੀ, ਉਸ ਦੀ ਕੁੱਟ ਤੋਂ ਹਰ ਵੇਲੇ ਤ੍ਰਹਿੰਦੀਆਂ ਹੀ ਰਹੀਆਂ। ਉਹ ਡਰ ਤੇ ਸਹਿਮ ਉਸ ਕੁੜੀ ਅੰਦਰ ਵਿਆਹ ਮਗਰੋਂ ਵੀ ਨਾ ਨਿਕਲਿਆ। ਸਮਾਜਕ ਤੌਰ ਉਤੇ ਧੀ ਦਾ ਵਿਆਹ ਕਰ ਕੇ ਵੀ, ਬਾਪ ਨੇ ਧੀ ਨੂੰ ਸੁਖੀ ਨਹੀਂ ਰਹਿਣ ਦਿੱਤਾ ਤੇ ਆਪਣੇ ਚਲਦੇ ਕਾਰੋਬਾਰ ਵਿੱਚ ਜਵਾਈ ਕੋਲੋਂ ਹਿੱਸਾ ਪੁਵਾ ਕੇ ਉਸ ਨੂੰ ਆਰਥਕ ਪੱਖੋਂ ਹੀਣਾ ਕਰ ਦਿੱਤਾ। ਅੰਤ ਵਿੱਚ ਆਪਣੀ ਧੀ ਨੂੰ ਦੁਕਾਨ ਉਤੇ ਨੌਕਰੀ ਕਰਨ ਲਈ ਬੁਲਾਉਣ ਤੇ ਸਹੁਰੇ ਵਲੋਂ ਇਨਕਾਰ ਕਰਨ ਤੇ ਧੀ ਅੰਦਰ ਵੀ ਬਾਪ ਦੀ ਜਕੜਨ ਵਿਚੋਂ ਨਿਕਲਣ ਦੀ ਹਿੰਮਤ ਆਈ। ਪਤਾ ਨਹੀਂ ਕਿਉਂ, ਅਜਿਹੀ ਮਾਂ-ਧੀ ਉਤੇ ਤਰਸ ਖਾਣ ਜਾਂ ਉਨ੍ਹਾਂ ਨਾਲ ਹਮਦਰਦੀ ਕਰਨ ਦਾ ਮੇਰਾ ਮਨ ਨਹੀਂ ਕਰਦਾ। ਇਹੋ ਜਿਹਾ ਸਮਾਜ ਕਦੇ ਤਰੱਕੀ ਨਹੀਂ ਕਰ ਸਕਦਾ, ਉੱਥੋਂ ਰਹਿਣ ਵਾਲਿਆਂ ਦੀ ਸੋਚ ਕਦੇ ਨਹੀਂ ਬਦਲ ਸਕਦੀ, ਜਦੋਂ ਤਕ ਔਰਤ ਇਹੋ ਜਿਹੀ ਮਾਂ ਦੇ ਰੂਪ ਵਿੱਚ ਸਾਹਮਣੇ ਆਉਂਦੀ ਰਹੇਗੀ। ਆਪਣੀ ਧੀ ਨੂੰ ਬਰਬਾਦ ਕਰਨ ਦਾ ਕਾਰਣ ਉਹ ਆਪ ਹੀ ਬਣਦੀ ਹੈ। ਐਨਾ ਵੀ ਕਿਸੇ ਦੀ ਮਾਰ ਤੇ ਕੁੱਟ ਦਾ ਕੀ ਡਰ ਤੇ ਖ਼ੌਫ ਹੋਇਆ ਕਿ ਸਾਲੋਂ-ਸਾਲ ਔਰਤਾਂ ਮੂੰਹੋਂ ਉਫ਼ ਨਹੀਂ ਕਰਦੀਆਂ। ਸਾਡੇ ਸਮਾਜ ਵਿੱਚ ਅਜਿਹੇ ਬਾਪ ਤੇ ਅਜਿਹੀਆਂ ਅਧਮੋਈਆਂ ਮਾਵਾਂ ਦਾ ਹੋਣਾ ਅਸੁਭਾਵਿਕ ਨਹੀਂ, ਪਰ ਸਵਾਲ ਇਹ ਹੈ ਕਿ ਅਸੀਂ ਕਿਸ ਸਮੇਂ ਵਿੱਚ ਜੀ ਰਹੇ ਹਾਂ ? ਸਾਨੂੰ ਬਿਨਾ ਕਿਸੇ ਦੇ ਸਿਖਾਏ ਨਵੀਨ ਤਕਨਾਲੋਜੀ ਨੂੰ ਵਰਤਣ ਦੀ ਸਮਝ ਬੜੀ ਆਸਾਨੀ ਨਾਲ ਆ ਜਾਂਦੀ ਹੈ ਤੇ ਦੂਜੇ ਪਾਸੇ ਸਾਡੇ ਸਮਾਜ ਵਿੱਚ ਅਜੇ ਵੀ ਕੁੜੀਆਂ-ਔਰਤਾਂ ਨਾਲ ਹੁੰਦੀ ਬਦਸਲੂਕੀ ਬਾਰੇ ਬੋਲਣ ਦੀ ਜਾਚ ਸਾਨੂੰ ਨਹੀਂ ਆਈ। ਔਰਤਾਂ ਆਪ ਹੀ ਅੱਗੇ ਆਉਣ ਦੀ ਹਿੰਮਤ ਨਹੀਂ ਕਰਦੀਆਂ। ਦੇਸ ਤੇ ਕੌਮਾਂ ਸਿਰਫ਼

ਵਿਗਿਆਨ ਤੇ ਤਕਨਾਲੋਜੀ ਵਿੱਚ ਮੱਲਾਂ ਮਾਰਨ ਨਾਲ ਅੱਗੇ ਨਹੀਂ ਵੱਧਦੇ, ਸਮਾਜ ਵਿੱਚ ਬਦਲਾਵ ਆਉਣ ਨਾਲ ਵਿਕਾਸ ਸੰਭਵ ਹੁੰਦਾ ਹੈ।

'ਵਿਵਸਥੀ' ਵਿੱਚ ਉਹ ਭਾਰਤੀ ਸਥਾਪਤੀ ਦੀਆਂ ਰੂੜੀਵਾਦੀਆਂ ਮਾਨਤਾਵਾਂ ਤੇ ਚੇਤਨਾ ਨਾਲ ਜਾਗਰਿਤ ਹੁੰਦੀ ਸੋਚ ਵਿਚਕਾਰ ਦਵੰਦ ਨੂੰ ਉਭਾਸਰਦਾ ਹੈ। ਕਹਾਣੀ ਵਿੱਚ ਸੌ ਸਾਲ ਜਾਂ ਪੰਜ ਸੌ ਸਾਲ ਤਕ ਕੇਸ ਦੀ ਤਾਰੀਕ ਪਾਉਣ ਵਿੱਚ, ਦਿਨੋਂ-ਦਿਨ ਅੰਧਵਿਸ਼ਵਾਸੀ ਤੇ ਮੂੜ੍ਹ ਹੋ ਚੁੱਕੀਆਂ ਮਾਨਤਾਵਾਂ ਨੂੰ ਪ੍ਰਮੁੱਖਤਾ ਦੇਣ ਵੱਲ ਇਸ਼ਾਰਾ ਕੀਤਾ ਗਿਆ ਹੈ। ਇਸ ਦੇ ਬਾਵਜੂਦ ਚੇਤਨਾ ਵੀ ਪਿੱਛੇ ਰਹਿਣ ਵਾਲੀ ਨਹੀਂ ਦਿੱਸਦੀ। ਭਾਵੇਂ ਉਸ ਦਾ ਜ਼ੋਰ ਬਹੁਤਾ ਨਹੀਂ, ਪਰ ਫਿਰ ਵੀ ਉਹ ਕਦਮ ਪਿੱਛੇ ਹਟਾਉਣ ਵਾਲੀ ਨਹੀਂ ਦਿੱਸਦੀ।

'ਅਵਾਜ਼ਾਰ' ਕਹਾਣੀ ਜਾਤ ਦੇ ਦਲਿਤ ਮਸਲੇ ਨੂੰ ਚੁੱਕਦੀ ਹੈ। ਇੱਥੇ ਇਕ ਮਾਂ ਆਪਣੀ ਹੀ ਧੀ ਨਾਲ ਇਸ ਕਰ ਕੇ ਨਫ਼ਰਤ ਕਰਦੀ ਹੈ, ਕਿਉਂਕਿ ਉਸ ਦਾ ਬਾਪ ਦਲਿਤ ਸੀ। ਉਸ ਨੇ ਅਜੇ ਤਕ ਉਸ ਭਰੂਣ ਨੂੰ ਆਪਣੇ ਕਮਰੇ ਵਿੱਚ ਸ਼ੀਸ਼ੇ ਦੇ ਇਕ ਜ਼ਾਰ ਵਿੱਚ ਪਾ ਕੇ ਰੱਖਿਆ ਹੋਇਆ ਹੈ, ਉਹ ਵੀ ਇਕ ਦਲਿਤ ਦਾ ਬੀਜ਼ ਸੀ। ਲੇਖਕ ਨੇ ਇਹ ਕਿਹੜੇ ਸਮਾਜ ਦੀ ਔਰਤ ਨੂੰ ਪਾਤਰ ਵਜੋਂ ਚੁਣਿਆ ਹੈ, ਜੋ ਬਿਨਾ ਵਿਆਹ ਕੀਤੇ ਦੋ-ਦੋ ਵਾਰੀ ਮਾਂ ਬਣਦੀ ਹੈ ਤੇ ਸਮਾਜ, ਪਰਿਵਾਰ ਤੇ ਉਸ ਦੇ ਦਫ਼ਤਰ ਦਾ ਅਮਲਾ ਉਸ ਨੂੰ ਕੁਝ ਨਹੀਂ ਕਹਿੰਦੇ।

ਉਸ ਦਾ ਇਕ ਨਿੱਜੀ ਮਸਲਾ ਰਿਹਾ ਹੈ, ਜੋ ਅੱਗੇ ਵੀ ਉਸ ਦੀਆਂ ਕਈ ਕਹਾਣੀਆਂ ਵਿੱਚ ਆ ਚੁੱਕਾ ਹੈ। ਹੁਣ ਵੀ 'ਉਪਰਲੀ ਅਦਾਲਤ' ਵਿੱਚ ਉਹ ਇਸੇ ਗਲੀ ਵਾਲੇ ਮਸਲੇ ਨੂੰ ਬਿਆਨ ਕਰਦਾ ਹੈ। ਇਸ ਰਾਹੀਂ ਉਹ ਭਾਰਤ ਦੀ ਨਿਆਂ ਵਿਵਸਥਾ ਉਤੇ ਭਰਪੂਰ ਵਾਰ ਕਰਦਾ ਹੈ, ਜਿੱਥੇ ਸਾਲਾਂ ਬੱਧੀ ਕੇਸਾਂ ਦੇ ਫੈਸਲੇ ਨਹੀਂ ਹੁੰਦੇ, ਬੰਦੇ ਭਾਵੇਂ ਦੂਜੇ ਜਹਾਨ ਪਹੁੰਚ ਜਾਣ। ਇਸ ਤੋਂ ਇਹ ਵੀ ਭਾਸਦਾ ਹੈ ਕਿ ਪਾਠਕਾਂ ਨੂੰ ਇਹ ਵਿਸ਼ੇ ਦਾ ਦੁਹਰਾਓ ਵੀ ਲੱਗ ਸਕਦਾ ਹੈ, ਜਦਕਿ ਲੇਖਕ ਜਾਂ ਕੋਈ ਵੀ ਇਹੋ ਜਿਹਾ ਵਿਅਕਤੀ, ਜੋ ਅਜਿਹੇ ਬੇਸਿਰ-ਪੈਰ ਦੇ ਕੇਸ ਵਿੱਚ ਉਲਝਿਆ ਹੋਇਆ ਹੋਵੇ, ਉਸਨੂੰ ਹਰ ਦਿਨ ਕਿਹੋ ਜਿਹੇ ਮਾਨਸਿਕ ਤਨਾਓ ਵਿਚੋਂ ਲੰਘਣਾ ਪੈਂਦਾ ਹੋਏਗਾ।


ਸਰੂਪ ਸਿਆਲਵੀ ਕੋਲ ਮਿਥਿਹਾਸ ਤੇ ਭਾਰਤੀ ਚਿੰਤਨ ਦੀ ਜਾਣਕਾਰੀ ਹੈ, ਉਹ ਇਨ੍ਹਾਂ ਨੂੰ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕਰਨ ਦਾ ਜਤਨ ਕਰਦਾ ਰਹਿੰਦਾ ਹੈ, ਪਰ ਬਿਰਤਾਂਤਕ ਸ਼ੈਲੀ ਵਾਕ-ਰਚਨਾ ਤੇ ਭਾਸ਼ਾ-ਸੰਵਾਦ ਉਤੇ ਉਸ ਨੂੰ ਬਹੁਤ ਅਭਿਆਸ ਦੀ ਲੋੜ ਵੀ ਹੈ। ਕਈ ਵਾਰ ਇਨ੍ਹਾਂ ਮਹੱਤਵ ਪੂਰਣ ਗੱਲਾਂ ਵਿੱਚ ਲਾਪਰਵਾਹੀ ਤੇ ਅਭਾਵ ਕਾਰਣ ਕੋਈ ਰਚਨਾ ਚੰਗੇ ਵਿਸ਼ੇ ਦੇ ਬਾਵਜੂਦ ਬਹੁਤੀ ਪ੍ਰਭਾਵਸ਼ਾਲੀ ਨਹੀਂ ਬਣਦੀ।

(ਸੰਪਰਕ-98681-82835)



# ਅਨੁਭਵੀ ਕੈਨਵਸ ਵਿਚਲਾ ਕਥਾ ਪ੍ਰਵਚਨ 'ਰੇਤ ਦੇ ਘਰ'

## - ਅਰਵਿੰਦਰ ਕੌਰ ਕਾਕੜਾ




ਪਰਮਜੀਤ ਮਾਨ ਦਾ ਨਾਂ ਪੰਜਾਬੀ ਕਹਾਣੀ ਵਿਚ ਇਸ ਲਈ ਜਾਣਿਆ ਜਾਣ ਲੱਗਾ ਹੈ ਕਿ ਕਿਉਂਕਿ ਉਹ ਆਪਣੀ ਕਹਾਣੀ ਵਿਚ ਨਵੀਂ ਮੌਲਿਕ ਦ੍ਰਿਸ਼ਟੀ, ਨਵੇਂ ਪ੍ਰਸੰਗ ਲੈ ਕੇ ਹਾਜ਼ਰ ਹੁੰਦਾ ਹੈ। 'ਰੇਤ ਦਾ ਘਰ' ਉਸ ਦਾ ਨਵਾਂ ਕਹਾਣੀ ਸੰਗ੍ਰਹਿ ਹੈ। ਇਨ੍ਹਾਂ ਕਹਾਣੀਆਂ ਵਿਚੋਂ ਗੁਜ਼ਰਦਿਆਂ ਸਮੁੰਦਰੀ ਜੀਵਨ ਦੇ ਨਾਲ ਨਾਲ ਔਰਤ ਮਰਦ ਦੇ ਰਿਸ਼ਤਿਆਂ ਵਿਚਲੀਆਂ ਅਨੇਕਾਂ ਤਰੰਗਾਂ ਨੂੰ ਉਭਾਰਦੀਆਂ ਹਨ। ਅਜੋਕੇ ਸਮਾਜ ਵਿਚ ਜਟਿਲ ਸਮੱਸਿਆਵਾਂ, ਮਾਨਸਿਕ ਗੁੰਝਲਾਂ ਮਾਨਵ ਨੂੰ ਝੰਜੋੜਦੀਆਂ ਹਨ।

ਪਹਿਲੀ ਕਹਾਣੀ 'ਰੇਤ ਦਾ ਘਰ' ਵਿਚ ਆਪ ਸਿਰਜੇ ਮੁਹੱਬਤੀ ਰਿਸ਼ਤਿਆਂ ਦੀ ਪੀੜ ਉਸ ਸਮੇਂ ਅਸਹਿ ਬਣ ਜਾਂਦੀ ਹੈ ਜਦੋਂ ਜਜ਼ਬਾਤਾਂ ਉੱਪਰ ਡੂੰਘੀ ਸੱਟ ਵੱਜਦੀ ਹੈ। ਇਸ ਕਹਾਣੀ ਵਿਚਲੀ ਮੈਂ ਪਾਤਰ ਪਿਆਰ ਦੇ ਭਰਮ ਵਿਚ ਵਿਚਰਦੀ ਸਮਾਜਿਕ ਨਿਘਰਤਾ ਦੇ ਮਾਪਦੰਡਾਂ ਦੇ ਦਵੰਦ ਨੂੰ ਹੰਢਾਉਂਦੀ ਸੰਕਟਮਈ ਤਣਾਓ ਭੋਗਦੀ ਹੈ। ਜੋ ਉਸ ਦੀ ਮੌਤ ਦਾ ਕਾਰਨ ਵੀ ਸਾਬਤ ਹੁੰਦਾ ਹੈ। ਯੂਨੀਵਰਸਿਟੀ ਵਿੱਚ ਪੜ੍ਹਦਿਆਂ ਰਜਨੀ ਭਾਵੁਕਤਾ ਵਿੱਚ ਵਹਿ ਕੇ ਡੈਕੀਅਨ ਨਾਂ ਦੇ ਮੁੰਡੇ ਨਾਲ ਪਿਆਰ ਕਰਦੀ ਹੈ। ਜੋ ਉਸ ਨੂੰ ਭੋਗਣ ਦੀ ਵਸਤੂ ਸਮਝਦਾ ਹੈ। ਰਜਨੀ ਦੀ ਜ਼ਿੰਦਗੀ ਦੇ ਅਨੇਕਾਂ ਉਤਰਾਅ ਚੜ੍ਹਾਅ ਆਉਂਦੇ ਹਨ। ਅੰਤ 'ਚ ਉਹ ਦਰਿਆ ਦੇ ਕਿਨਾਰੇ ਤੇ ਬੈਠੀ ਰੇਤ ਦਾ ਘਰ ਬਣਾ ਰਹੀ ਹੁੰਦੀ ਹੈ। ਰੇਤ ਦਾ ਘਰ ਵੀ ਇਕ ਸੰਕੇਤਕ ਅਰਥ ਰੱਖਦਾ ਹੈ। 'ਬਰਫ਼ ਦੀ ਡਲ਼ੀ' ਕਹਾਣੀ ਵਿਚਲੀ ਸੁਰ ਵੀ ਮੁਹੱਬਤੀ ਕੈਨਵਸ ਸਿਰਜਦੀ ਹੋਈ, ਔਰਤ ਤੇ ਮਰਦ ਦੇ ਰਿਸ਼ਤੇ ਵਿਚ ਸੰਤੁਲਨ ਬਣਾਈ ਰੱਖਦੀ ਹੈ। ਭਾਵੇਂ ਕਹਾਣੀ ਵਿਚਲਾ ਪਾਤਰ ਕਿਤੇ ਨਾ ਕਿਤੇ ਆਪਣੀ ਸਮਾਜਿਕ ਮਰਿਆਦਾ ਤੋਂ ਤਿੜਕਦਾ ਨਜ਼ਰ ਆਉਂਦਾ ਹੈ ਪਰ ਕਹਾਣੀ ਵਿਚਲੀ ਔਰਤ ਪਾਤਰ ਮੈਰੀ ਇਕ ਹੱਦ ਤੱਕ ਮਰਦ ਦਾ ਸਾਥ ਮਾਣਦੀ ਹੋਈ ਆਪਣੀ ਸਮਾਜਿਕ ਮਰਿਆਦਾ ਦੀ ਉਲੰਘਣਾ ਨਹੀਂ ਕਰਦੀ। ਰਚਨਾ ਪ੍ਰਬੰਧ ਦੀ ਦ੍ਰਿਸ਼ਟੀ ਤੋਂ ਇਹ ਕਹਾਣੀ ਇਸ ਪੱਖੋਂ ਵੀ ਨਿਵੇਕਲੀ ਸਾਬਤ ਹੁੰਦੀ ਹੈ ਕਿ ਕਹਾਣੀ ਦਾ ਪਾਤਰ ਪੂਰਵ ਪੂੰਜੀਵਾਦੀ ਮੁਲਕ ਦੇ ਵਿੱਚ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿਚੋਂ ਉੱਠਕੇ ਮਹਾਂਨਗਰ ਦੀ ਸੈਰ ਕਰਦਾ ਲੰਡਨ, ਨਿਊਯਾਰਕ, ਹਿਊਸਟਨ ਆਦਿ ਵਿੱਚ ਜਾ ਪਹੁੰਚਦਾ ਹੈ। ਇਸ ਸਭ ਉਸ ਦੀ ਮਿਹਨਤ ਦਾ ਸਿੱਟਾ ਹੈ ਜਿਸ ਨੇ ਉਸ ਨੂੰ ਜਹਾਜ ਵਿਚ ਨੌਕਰੀ ਦਿਵਾਈ। ਬਹੁਤ ਸਾਰੇ ਪੂੰਜੀਵਾਦੀ ਮੁਲਕ ਦੇ ਪੱਖ ਇਸ ਕਹਾਣੀ ਵਿੱਚ ਗੁੰਦਵੇਂ ਤੌਰ ਤੇ ਪ੍ਰਤੱਖ ਨਜ਼ਰ ਆਉਂਦੇ ਹਨ। ਹੋਟਲ ਕਲਚਰ ਦੇ ਨਾਲ ਨਾਲ ਉਸ ਸਮਾਜ ਵਿਚਲੇ ਵਿਆਹ ਪ੍ਰਬੰਧ ਤੇ ਪਰਿਵਾਰਕ ਤਾਣੇ ਬਾਣੇ ਦੀ ਤਸਵੀਰ ਬਾਖੂਬੀ ਨਾਲ ਚਿਤਰੀ ਗਈ ਹੈ। ਕਹਾਣੀਕਾਰ ਦੋ ਸਮਾਜਾਂ ਵਿਚਲੇ ਵਿਆਹ ਪ੍ਰਬੰਧ ਦੇ ਪਰਿਵਾਰਕ ਪ੍ਰਬੰਧ ਦੀ ਤੁਲਨਾ ਮੈਰੀ ਤੇ ਵਿਜੈ ਦੀ ਆਪਸੀ ਵਾਰਤਾਲਾਪ ਵਿੱਚ ਸਮੇਟ ਲੈਂਦਾ ਹੈ। ਇਹ ਕਹਾਣੀ ਸਥਿਤੀ ਚਿਤਰਨ ਵਿੱਚ ਅਜਿਹੇ ਘਟਨਾਕ੍ਰਮ ਪੇਸ਼ ਕਰਦੀ ਹੈ ਕਿ ਪਾਠਕਾਂ ਸਾਹਵੇਂ ਕਈ ਸੁਆਲ

ਆਪ ਮੁਹਾਰੇ ਖੜ੍ਹੇ ਹੁੰਦੇ ਹਨ।

'ਕੈਪਟਨ ਉਦਾਸ ਸੀ' ਅਤੇ 'ਜੱਸੀ' ਕਹਾਣੀਆਂ ਸਮੁੰਦਰੀ ਜਹਾਜ ਅੰਦਰਲੇ ਵਾਤਾਵਰਨ ਨੂੰ ਪੇਸ਼ ਕਰਦੀ ਹੋਈ ਸਮੁੰਦਰ ਵਿੱਚ ਆਉਂਦੀਆਂ ਅਨੇਕਾਂ ਔਕੜਾਂ ਦੀ ਪੇਸ਼ਕਾਰੀ ਕਰਦੀ ਹੈ। ਇਹ ਕਹਾਣੀ ਪਾਠਕਾਂ ਅੰਦਰ ਜਗਿਆਸਾ ਪੈਦਾ ਕਰਦੀ ਹੈ ਕਿ ਸਮੁੰਦਰ ਵਿਚ ਜਹਾਜ ਉਪਰ ਡਾਕੂਆਂ ਦੇ ਹਮਲੇ ਕਿਸ ਤਰ੍ਹਾਂ ਹੁੰਦੇ ਹਨ। ਸਮੁੰਦਰੀ ਜਹਾਜ ਵਿਚਲੇ ਕੀਮਤੀ ਸਮਾਨ ਨੂੰ ਕਿਵੇਂ ਲੁੱਟਿਆ ਜਾਂਦਾ ਹੈ। ਕਹਾਣੀ ਵਿਚਲੇ ਥੀਮਿਕ ਪਾਸਾਰਾਂ ਦਾ ਨਿਭਾਓ ਕਹਾਣੀਕਾਰ ਨੇ ਇਸ ਤਰ੍ਹਾਂ ਕੀਤਾ ਕਿ ਪੜ੍ਹਦਿਆਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਦ੍ਰਿਸ਼ ਅੱਖਾਂ ਸਾਹਵੇਂ ਲੰਘ ਰਿਹਾ ਹੋਵੇ। ਅਜਿਹੀ ਕਥਾ ਜੁਗਤ ਵਾਤਾਵਰਨੀ ਜਾਂ ਘਟਨਾ ਪ੍ਰਧਾਨ ਕਥਾਨਕ ਨੂੰ ਉਸਾਰਦੀ ਹੋਈ ਸਮੁੰਦਰੀ ਕਲਾਈਮੈਕਸ ਸਿਰਜਣ ਵਿੱਚ ਵੀ ਕਾਮਯਾਬ ਹੁੰਦੀ ਹੈ। ਕਹਾਣੀ ਵਿਚ ਦੋ ਵਰਗ ਪੇਸ਼ ਹੁੰਦੇ ਹਨ ਇਕ ਪਾਸੇ ਕੈਪਟਸ, ਚੀਫ਼ ਇੰਜੀਨੀਅਨ ਸੈਕਿੰਡ ਅਫ਼ਸਰ ਡਿਊਟੀ ਅਫ਼ਸਰ, ਰੇਡੀਓ ਅਫ਼ਸਰ ਜੋ ਜਹਾਜ ਦੀ ਪੂਰੀ ਸੁਰੱਖਿਆ ਦੇ ਲਈ ਆਪਣੀ ਡਿਊਟੀ ਤੇ ਤੈਨਾਤ ਹਨ। ਦੂਜੇ ਪਾਸੇ ਸੈਮੂਅਲ ਆਈਜੈਕ ਤੇ ਉਨ੍ਹਾਂ ਦੇ ਡਾਕੂ ਸਾਥੀ। ਇਕ ਪਾਸੇ ਜਹਾਜ ਦੇ ਬਚਾਅ ਦਾ ਪ੍ਰਬੰਧ ਹੋ ਰਿਹਾ ਸੀ ਤੇ ਦੂਜੇ ਪਾਸੇ ਹਮਲੇ ਦਾ। ਸੁਸ਼ੀਲ ਨਾਮ ਦਾ ਇੰਡੀਅਨ ਕੈਡਿਟ ਦੁਨੀਆਂ ਵੇਖਣ ਦਾ ਸੁਪਨਾ ਲੈ ਕੇ ਭਰਤੀ ਹੋਇਆ ਸੀ। ਕਹਾਣੀਕਾਰ ਨੇ ਜਹਾਜੀ ਜ਼ਿੰਦਗੀ ਦਾ ਅਜਿਹਾ ਚਿੱਤਰ ਖਿਚਿਆ ਜਿਸ ਵਿਚ ਅੱਤ ਦੇ ਹੌਂਸਲੇ, ਸਾਹਸ ਤੇ ਬਹਾਦਰੀ ਦੀ ਲੋੜ ਹੁੰਦੀ ਹੈ। ਇਹ ਕਹਾਣੀ ਜਹਾਜੀ ਜੀਵਨ ਦੀਆਂ ਸਮੱਸਿਆਵਾਂ ਤੋਂ ਲੈ ਕੇ ਮਨੁੱਖੀ ਮਾਨਸਿਕਤਾ ਵਿਚਲੇ ਅਨੇਕਾਂ ਪਹਿਲੂਆਂ ਨੂੰ ਬਿਆਨਦੀ ਹੈ। ਵੇਖਣ ਨੂੰ ਭਾਵੇਂ ਜਹਾਜੀ ਨੌਕਰੀ ਬਹੁਤ ਵਧੀਆ ਲੱਗਦੀ ਹੈ ਪਰ ਵਿਚੋਂ ਵੇਖਣ ਤੇ ਭਲੀਭਾਂਤ ਨਜ਼ਰ ਆਉਂਦਾ ਹੈ ਕਿ ਜਹਾਜ਼ ਦਾ ਹਰ ਮੁਲਾਜ਼ਮ ਕਿੰਨੇ ਭਿਅੰਕਰ ਖ਼ਤਰਿਆਂ ਵਿਚ ਜਕੜਿਆ ਹੋਇਆ ਹੈ। 'ਜੱਸੀ' ਕਹਾਣੀ ਦਾ ਕੈਨਵਸ ਵੀ ਜਹਾਜ਼ੀ ਵਾਤਾਵਰਨ ਪ੍ਰਗਟਾਉਂਦਾ ਹੋਇਆ ਇਕ ਨਾਰੀ ਪਾਇਲਟ ਦੇ ਅਹਿਸਾਸ ਨੂੰ ਸਾਹਮਣੇ ਲੈ ਕੇ ਆਉਂਦਾ ਹੈ। ਇਹ ਕਹਾਣੀ ਵੀ ਭਾਰਤ ਤੇ ਅਰਬ ਦੀ ਧਰਤੀ ਨੂੰ ਕਹਾਣੀ ਦਾ ਅਧਾਰ ਬਣਾਉਂਦੀ ਹੋਈ ਪਤੀ ਪਤਨੀ ਦੇ ਰਿਸ਼ਤੇ ਤੇ ਕੇਂਦਰਿਤ ਹੁੰਦੀ ਹੈ।

ਪਿੱਤਰੀ ਸੱਤਾ ਨੇ ਨਾਰੀ ਵਿਰੋਧੀ ਮਾਨਸਿਕਤਾ ਪੈਦਾ ਕਰਦਿਆਂ ਨਾਰੀ ਉਪਰ ਆਪਣੇ ਮਰਦਾਵੀਂ ਮੁੱਲ/ਸੰਸਕਾਰ ਥੋਪਣ ਲਈ ਨਾਰੀ ਨੂੰ ਹੀ ਵਾਹਕ ਬਣਾਇਆ ਹੈ। ਨਾਰੀ ਨੂੰ ਨਾਰੀ ਦੀ ਦੁਸ਼ਮਣ ਬਣਾ ਕੇ ਆਪਣਾ ਲਾਹਾ ਲਿਆ। ਨਾਰੀ ਵਿਚਲੀ ਸ਼ੱਕ ਦੀ ਤੀਬਰ ਭਾਵਨਾ ਦਾ ਜ਼ਿਕਰ ਕਹਾਣੀਕਾਰ ਨੇ ਆਪਣੀਆਂ ਇਨ੍ਹਾਂ ਕਹਾਣੀਆਂ ਵਿੱਚ ਕੀਤਾ ਹੈ। 'ਰੇਗਿਸਤਾਨ ਦੇ ਹੰਝੂ' ਕਹਾਣੀ ਵਿਚਲਾ ਇੱਕ ਅੰਸ਼ ਏਸੇ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ। ਸਤਿਬੀਰ ਤੇ ਕੁਲਜੀਤ ਵਿਜੈ ਦੇ ਮਕਾਨ ਵਿਚ ਕਿਰਾਏਦਾਰ ਰਹਿੰਦੇ ਹਨ। ਜਹਾਜ ਦੇ ਐਕਸੀਡੈਂਟ ਵਿੱਚ ਜਦੋਂ ਸਤਿਬੀਰ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਪਤਨੀ ਕੁਲਜੀਤ ਉੱਪਰ ਕਹਿਰ ਟੁੱਟ ਪੈਂਦਾ ਹੈ। ਵਿਜੈ ਦੀ ਪਤਨੀ ਨੂੰ ਇਸ ਗੱਲੋਂ ਚਿੜ ਆਉਂਦੀ ਹੈ ਕਿ ਉਸ ਦਾ ਪਤੀ ਕੁਲਜੀਤ ਪ੍ਰਤੀ ਕਿਉਂ ਹਮਦਰਦੀ ਰੱਖਦਾ ਹੈ। ਕਹਾਣੀ ਵਿਚ ਇਕ ਤ੍ਰਾਸਦੀ ਇਹ ਪੈਦਾ ਹੁੰਦੀ ਹੈ ਕਿ ਭਾਰਤੀ ਸਮਾਜ ਵਿੱਚ ਵਿਆਹੁਤਾ ਦਾ ਮਾਣ ਉਸ ਦੇ ਪਤੀ ਨਾਲ ਬਣਦਾ ਹੈ।

'ਨੀਲਮਾ' ਕਹਾਣੀ ਵਿਚਲੀ ਪਾਤਰ ਵੀ ਜੀਵਨ ਦੀਆਂ ਵਧੀਕੀਆਂ ਸਹਿਣ ਕਰਦੀ ਹੋਈ ਜ਼ਿੰਦਗੀ ਦੀ ਹਰ ਮੁਸ਼ਕਿਲ ਦਾ ਮੁਕਾਬਲਾ ਕਰਨ ਲਈ ਅੱਗੇ ਆਉਂਦੀ ਹੈ। ਨੀਲਮਾ ਤੇ ਅਮਰੀਕ ਦੀ ਹੋਈ ਅੰਤਰਜਾਤੀ ਸ਼ਾਦੀ ਨੇ ਉਨ੍ਹਾਂ ਦੇ ਰਾਹ ਵਿੱਚ ਅਨੇਕਾਂ ਅੜਚਨਾ ਖੜੀਆਂ ਕੀਤੀਆਂ ਹਨ। ਭਾਰਤੀ ਸਮਾਜ ਵਿੱਚ ਜਾਤੀ ਤੇ ਧਰਮ ਦੀ ਪੀਡੀ ਜਕੜ ਸਦੀਆਂ ਤੋਂ ਉਸੇ ਤਰ੍ਹਾਂ ਹੀ ਬਰਕਰਾਰ ਹੈ। ਇਸ ਕਹਾਣੀ ਵਿਚ ਪੇਂਡੂ ਤੇ ਸ਼ਹਿਰੀ ਸਭਿਆਚਾਰਕ ਵਿਖਰੇਵੇਂ ਦੇ ਕਈ ਅੰਸ਼ ਸਾਹਮਣੇ ਆਏ ਹਨ। ਇਸ ਮਸ਼ੀਨੀ ਯੁੱਗ



ਵਿਚ ਮਨੁੱਖ ਇਕ ਪੁਰਜ਼ਾ ਬਣ ਕੇ ਰਹਿ ਗਿਆ ਹੈ। 'ਵਰ ਕਿ ਸਰਾਪ' ਕਹਾਣੀ ਵਿਚ ਨਾਰੀ ਕੇਂਦਰਿਤ ਵਿਸ਼ੇ ਨੂੰ ਸਾਹਮਣੇ ਲਿਆਂਦਾ ਗਿਆ ਹੈ। ਭਾਵੇਂ ਇਸ ਦੇ ਕਥਾਨਕ 'ਚ ਮੈਕਸੀਕੋ ਸ਼ਹਿਰ ਵਿਚ ਬਾਰ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਕਹਾਣੀਕਾਰ ਇਸ ਦ੍ਰਿਸ਼ ਰਾਹੀ ਪੰਜਾਬੀਆਂ ਦੀ ਵਿਦੇਸ਼ਾਂ ਵਿਚ ਨਜ਼ਾਇਜ ਖੁੱਲ੍ਹੇਪਣ ਦੀ ਪ੍ਰਵਿਰਤੀ ਨੂੰ ਪ੍ਰਗਟਾਉਂਦਿਆਂ ਜਿਨਸੀ ਪ੍ਰੇਸ਼ਾਨੀ ਹੰਢਾਉਂਦੀ 'ਫੈਸਲੇ ਦੀ ਘੜੀ' ਦੀ ਨਾਇਕਾ ਅੰਜਲੀ ਵੀ ਹੈ ਜੋ ਇੰਟਰਵਿਊ ਲਈ ਮੁੰਬਈ ਪਹੁੰਚਦੀ ਹੈ। 'ਸੁਪਨੇ ਦੀ ਜ਼ਖ਼ਮੀ ਗਾਥਾ' ਵਿੱਚ ਜੀਤੀ ਦੇ ਰਾਜ ਪਿਆਰ ਵਿਆਹ ਦੇ ਬੰਧਨ ਲਈ ਕਈ ਔਕੜਾਂ ਦਾ ਸਾਹਮਣਾ ਕਰਦੇ ਹਨ। 'ਗੱਡੀ ਦੌੜੀ ਜਾ ਰਹੀ' ਕਹਾਣੀ ਪੰਜਾਬ ਦੇ ਕਾਲੇ ਦਿਨਾਂ ਦੀ ਦਾਸਤਾਨ ਪੇਸ਼ ਕਰਦੀ ਹੋਈ ਉਸ ਸਮੇਂ ਦੇ ਲੋਕਾਂ ਉਪਰ ਪਏ ਅਨੇਕਾਂ ਜ਼ਖ਼ਮਾਂ ਦੀ ਨਿਸ਼ਾਨਦੇਹੀ ਵੀ ਕਰਦੀ ਹੈ। ਇਸ ਦੌਰ ਨੇ ਪੰਜਾਬੀਆਂ ਪ੍ਰਤੀ ਲੋਕਾਂ ਦੀ ਸਤਿਕਾਰ ਦੀ ਭਾਵਨਾ ਨੂੰ ਬਹੁਤ ਜਿਆਦਾ ਘਟਾਇਆ ਹੈ।

ਸਮੁੱਚੇ ਰੂਪ ਵਿਚ ਇਨ੍ਹਾਂ ਕਹਾਣੀਆਂ ਦੇ ਸਰੋਕਾਰ ਸਮਾਜਿਕ, ਪਰਿਵਾਰਕ, ਆਰਥਿਕ, ਮਨੋਵਿਗਿਆਨਕ ਪੱਖਾਂ ਨਾਲ ਜੁੜਦੇ ਹੋਏ ਮਾਨਵੀਂ ਕਿਰਦਾਰਾਂ ਦੀਆਂ ਕਈ ਪਰਤਾਂ ਉਲੀਕਦੇ ਹਨ। ਉੱਤਮ ਜਾਂ ਚੰਗੀ ਕਹਾਣੀ ਉਹ ਹੁੰਦੀ ਹੈ ਜੋ ਜੀਵਨ, ਵਿਅਕਤੀਆਂ, ਘਟਨਾਵਾਂ, ਵੇਰਵਿਆਂ ਪ੍ਰਤੀ ਤੀਖਣ ਸਮਝ ਰੱਖਦੀ ਹੋਈ ਢੁੱਕਵਾਂ ਵਾਤਾਵਰਨ ਉਸਾਰਦੀ ਹੈ। ਇਨ੍ਹਾਂ ਕਹਾਣੀਆਂ ਦਾ ਚਿਤਰਨ ਮੁਹੱਬਤੀ ਪ੍ਰਤਿਕਰਮਾਂ ਨੂੰ ਅਭਿਵਿਅਕਤ ਕਰਦਾ ਹੋਇਆ ਕਹਾਣੀਕਾਰ ਦੇ ਸਵੈ ਪ੍ਰਗਟਾਵੇ ਰਾਹੀਂ ਮਨੁੱਖੀ ਮਨ ਦੀਆਂ ਗੁੰਝਲਾ ਦਾ ਬਹੁ ਪਰਤੀ ਵਿਸ਼ਲੇਸ਼ਣ ਕਰਦਾ ਹੈ। ਇਨ੍ਹਾਂ ਕਹਾਣੀਆਂ ਦਾ ਬੁਨਿਆਦੀ ਤੱਤ ਕਹਾਣੀਕਾਰ ਪਰਮਜੀਤ ਦਾ ਅਨੁਭਵ ਹੈ। ਕਹਾਣੀ ਵਿਚਲਾ ਬਿਆਨੀਆ ਢੰਗ ਪਾਠਕ ਨੂੰ ਆਪਣੇ ਨਾਲ ਤੋਰ ਲੈਣ ਦੀ ਸਮਰੱਥਾ ਰੱਖਦਾ ਹੈ। ਕਹਾਣੀਕਾਰ ਕਿਤੇ ਕਿਤੇ ਸਮੱਸਿਆ ਦਾ ਸੱਤਹੀ ਪੱਧਰ ਵਿਸ਼ਲੇਸ਼ਣ ਕਰਕੇ ਕਥਾਨਕ 'ਚ ਵਿਸ਼ੇਸ਼ ਸਪੇਸ ਗ੍ਰਹਿਣ ਕਰਨ ਲਈ ਕਲਪਨਾ ਰੁਮਾਂਸ ਤੇ ਯਥਾਰਥ ਦਾ ਮਿਸ਼ਰਣ ਕਰ ਲੈਂਦਾ ਹੈ। ਇਹ ਸੱਚ ਹੈ ਕਿ ਕਹਾਣੀਕਾਰ ਉਹ ਕੁਝ ਵਧੇਰੇ ਤੀਖਣਤਾ ਨਾਲ ਬਿਆਨ ਕਰ ਸਕਦਾ ਹੈ ਜੋ ਉਸ ਨੇ ਹੱਢੀ ਹੰਢਾਇਆ ਹੋਵੇ। ਏਸੇ ਲਈ ਜਹਾਜੀ ਵਾਤਾਵਰਣ ਸਿਰਜਦਿਆਂ ਕਹਾਣੀਕਾਰ ਸਫ਼ਲ ਸਾਬਤ ਹੁੰਦਾ ਹੈ।

ਪਰਮਜੀਤ ਮਾਨ ਆਪਣੀਆਂ ਕਹਾਣੀਆਂ ਵਿਚ ਪੂੰਜੀਵਾਦ ਤੇ ਪੂਰਵ ਪੂੰਜੀਵਾਦੀ ਪ੍ਰਬੰਧ ਦਾ ਪਰਿਚੈ ਕਰਵਾਉਂਦਾ ਹੋਇਆ ਨਵੀਂ ਤੇ ਕਾਲਪਨਿਕ ਇੱਛਾ ਭਾਵ ਸਵੈ ਇੱਛਕ ਯਥਾਰਥ ਦੀ ਵੀ ਕਲਪਨਾ ਕਰਦਾ ਹੈ। ਇਹ ਕਹਾਣੀਆਂ ਇਕਹਿਰਾ ਤੇ ਬੱਝਵਾ ਪ੍ਰਭਾਵ ਛੱਡਦੀਆਂ ਹਨ। ਇਨ੍ਹਾਂ ਕਹਾਣੀਆਂ ਦਾ ਬਹੁਤਾ ਪੱਖ ਆਧੁਨਿਕ ਸੰਵੇਦਨਾ ਦਾ ਗਲਪੀ ਬਿੰਬ ਉਭਰਨਾ ਹੈ ਤੇ ਇੰਝ ਵੀ ਲਗਦਾ ਹੈ ਕਿ ਕਹਾਣੀਆਂ ਸਵੈ ਜੀਵਨੀ ਪੂਰਕ ਹਨ ਕਿਉਂਕਿ ਕਥਾਕਾਰ ਦੀ ਦਖ਼ਲ ਅੰਦਾਜ਼ੀ ਇਨ੍ਹਾਂ ਕਹਾਣੀਆਂ ਵਿੱਚ ਸ਼ੁਰੂ ਤੋਂ ਅਖੀਰ ਤੱਕ ਜਾਰੀ ਰਹਿੰਦੀ ਹੈ। ਇਨ੍ਹਾਂ ਕਹਾਣੀਆਂ ਵਿਚਲੀ ਸਥਿਤੀ ਅੰਦਰਲਾ ਤਨਾਓ ਦਾ ਅੰਤ ਸੁਝਾਅ ਮੁੱਖੀ ਨਹੀਂ ਪੇਸ਼ਕਾਰੀ ਤੱਕ ਹੀ ਸੀਮਤ ਰਹਿੰਦਾ ਹੈ। ਇਸ ਦੇ ਪਾਤਰ ਪ੍ਰਬੰਧ ਬਦਲਣ ਦੀ ਬਜਾਏ ਸੰਕਟਮਈ ਸਥਿਤੀ ਨਾਲ ਸਮਝੌਤਾ ਕਰਨ ਲਈ ਵੀ ਅੱਗੇ ਆਉਂਦੇ ਹਨ। ਰਚਨਾ ਪ੍ਰਬੰਧ ਦੀ ਦ੍ਰਿਸ਼ਟੀ ਤੋਂ ਕਹਾਣੀਆਂ ਵਿੱਚ ਪਿਛਲ ਝਾਤ ਜੁਗਤ ਦੀ ਵਧੇਰੇ ਵਰਤੋਂ ਸਾਹਮਣੇ ਆਉਂਦੀ ਹੈ। ਕਹਾਣੀ ਵਿੱਚ ਅਨੁਭੂਤੀ ਅਤੇ ਸਮਾਜਕ ਯਥਾਰਥ ਸਮਾਨਅੰਤਰ ਚਲਦੇ ਹੋਏ ਮਨੋਵੇਦਨਾ ਨੂੰ ਹਲੂਣਦੇ ਹਨ। ਇਨ੍ਹਾਂ ਕਹਾਣੀਆਂ ਵਿਚ ਅਸਤਿਤਵੀ ਸੰਤਾਪ ਹੰਢਾਉਂਦੇ ਮਨੁੱਖ ਦੀ ਜ਼ਿੰਦਗੀ ਵਿਚਲੀਆਂ ਅਨੇਕਾਂ ਵਿੱਥਾਂ ਦੀ ਪੂਰਤੀ ਲਈ ਕਹਾਣੀਕਾਰ ਸੰਵੇਦਨਾਮਈ ਰੁਖ ਅਖ਼ਤਿਆਰ ਕਰਦਾ ਹੈ। ਪਰਮਜੀਤ ਮਾਨ ਨੇ ਅਜੇ ਵਿਸ਼ਵੀ ਸਰੋਕਾਰਾਂ ਨੂੰ ਆਪਣੀ ਕਹਾਣੀ ਦੇ ਕੈਨਵਸ 'ਚ ਸਪੇਸ ਪ੍ਰਦਾਨ ਕਰਨੀ ਹੈ ।

# ਮੇਰਾ ਸਟੱਡੀ ਟੇਬਲ- ਭਗਵੰਤ ਰਸੂਲਪੁਰੀ

## ਗੁਰਮੀਤ ਕੜਿਆਲਵੀ ਇਕ 'ਖ਼ਤਰਨਾਕ ਅੱਤਵਾਦੀ'





ਗਰਮੀਤ ਕੜਿਆਲਵੀ ਮੇਰਾ ਸਮਕਾਲੀ ਕਹਾਣੀਕਾਰ ਏ। 'ਖ਼ਤਰਨਾਕ ਅੱਤਵਾਦੀ ਦੀ ਜੇਲ੍ਹ ਯਾਤਰਾ' ਉਸ ਦੀ ਵੱਖਰੇ ਅਨੁਭਵਾ ਦੀ ਕਿਤਾਬ ਏ। ਉਹ ਸ਼ੁਰੂ ਤੋਂ ਹੀ 'ਆਪਣੇ ਲੋਕਾਂ' ਨਾਲ ਖੜਦਾ ਆ ਰਿਹਾ ਏ। ਉਸਦੀ ਪਹਿਲੀ ਕਹਾਣੀਆਂ ਦੀ ਕਿਤਾਬ 'ਅੱਦ ਦਾ ਬੂਟਾ 1993 ਵਿਚ ਆਈ ਸੀ ਤਾਂ ਸਾਡਾ ਸਾਂਝਾ ਕਹਾਣੀ ਸੰਗ੍ਰਹਿ 'ਚਾਨਣ ਦੀ ਲੀਕ' 1992 ਵਿਚ ਆਇਆ ਸੀ। ਤਕਰੀਬ 28-30ਸਾਲਾਂ ਤੋਂ ਅਸੀਂ ਲਗਾਤਾਰ ਲਿਖਦੇ ਆ ਰਹੇ ਹਾਂ। ਕੜਿਆਲਵੀ ਬਿਨਾਂ ਕਿਸੇ ਲੋਭ ਲਾਲਚ ਦੇ ਲਗਾਤਾਰ ਕਹਾਣੀ ਲਿਖ ਰਿਹਾ ਏ। ਉਹਦੇ ਪੈਰ ਥੱਲ੍ਹੇ ਕਦੇ ਵੀ ਵੱਡੇ ਇਨਾਮ ਦਾ 'ਬਟੇਰਾ' ਨਹੀਂ ਆਇਆ। ਜਿਵੇਂ ਅੱਜ ਕੱਲ ਪਹਿਲੀ ਕਿਤਾਬ ਲਿਖ ਕੇ ਸਿਖਾਂਦਰੂ ਲੇਖਕ ਦੇ ਪੈਰ ਥੱਲੇ ਵੱਡੇ ਵੱਡੇ 'ਬਟੇਰੇ' ਆ ਜਾਂਦੇ ਨੇ। ਕੜਿਆਲਵੀ ਨੇ ਅਨੇਕਾਂ ਜਾਨਦਾਰ ਕਹਾਣੀਆਂ ਲਿਖੀਆਂ ਹਨ। ਪਰ ਇਹ ਕਿਤਾਬ ਉਸ ਦਾ ਸਵੈ ਬਿਰਤਾਂਤ ਏ। ਕਹਾਣੀ ਵਾਂਗ ਇਨ੍ਹਾਂ ਸਵੈ ਟੁਕੜਿਆਂ 'ਚ ਵੀ ਉਸ ਨੇ ਵਾਰਤਾਲਾਪ ਜੁਗਤ ਰਾਹੀ ਜਾਨਦਾਰ ਦ੍ਰਿਸ਼ ਪੇਸ਼ ਕੀਤੇ ਹਨ। ਉਸਦੀ ਜ਼ਿੰਦਗੀ ਕਦੇ ਵੀ ਸਾਵੀਂ ਤੇ ਪੱਧਰੀ ਨਹੀਂ ਰਹੀ। ਚਾਹੇ ਉਹਦਾ ਬਚਪਨ ਹੋਵੇ ਜਾਂ ਉਹਦੀ ਜਵਾਨੀ ਦੇ ਸਾਲ ਹੋਣ । ਆਪਣੇ ਅੰਤਰਜਾਤੀ ਵਿਆਹ ਦੇ ਆਰ-ਪਾਰ ਫੈਲੀਆਂ ਘਟਨਾਵਾਂ ਨੂੰ ਉਸ ਨੇ ਇਸ ਕਿਤਾਬ ਵਿਚ ਪ੍ਰਮੁੱਖਤਾ ਨਾਲ ਬਿਆਨ ਕੀਤਾ ਹੈ। ਕਿਤਾਬ ਵਿਚ ਉਸ ਨੇ ਲੂ ਕੰਡੇ ਖੜੇ ਕਰ ਦੇਣ ਵਾਲਾ ਉਹ ਬਿਰਤਾਂਤ ਵੀ ਸ਼ਾਮਿਲ ਕੀਤਾ ਹੈ ਜਦੋਂ ਮੈਂ ਤਾਂ ਕਾਲੀ ਪੰਜਾਬ ਸੰਕਟ ਵੇਲੇ ਉਸਦੇ ਘਰ ਗਏ ਸੀ ਤਾਂ ਉਸਦੇ ਘਰ ਵਾਲੇ ਕਿਵੇਂ ਡਰ ਕੇ ਸਹਿਮ ਗਏ ਸਨ। ਕੜਿਆਲਵੀ ਦੇ ਜੀਵਨ ਨੂੰ ਸਮਝਣ ਲਈ ਇਹ ਬਹੁਤ ਹੀ ਪੜ੍ਹਨਯੋਗ ਕਿਤਾਬ ਏ। ਜਿਸ ਨੂੰ ਮੈਂ ਦੇਰੀ ਨਾਲ ਪੜ੍ਹ ਸਕਿਆ ਹਾਂ।

## 'ਦੀਵਿਆਂ ਦੀ ਸਰਗਮ' ਸੰਤੋਖ ਸਿੰਘ ਸੁੱਖੀ

ਮੈਂ ਕਵਿਤਾ ਬਹੁਤ ਘੱਟ ਪੜ੍ਹਦਾ ਹਾਂ। ਪਿਛੇ ਜਿਹੇ ਇਕ ਸਮਾਗਮ ਵਿਚ ਇਕ ਕਵੀ ਸਮਾਗਮ ਵਿਚ ਹੀ ਪੂੜੀਆਂ ਛੋਲਿਆ ਦੇ ਲੰਗਰ ਵਾਂਗ ਆਪਣੀ ਕਵਿਤਾ ਦੀ ਕਿਤਾਬ ਵੰਡਣ ਲੱਗ ਪਿਆ। ਮੈਂ ਉਥੇ ਹੀ ਸੁੱਟ ਆਇਆ। ਮਾੜੀ ਕਵਿਤਾ ਮੇਰਾ ਹਾਜ਼ਮਾ ਖਰਾਬ ਕਰ ਦਿੰਦੀ ਏ। ਮੈਂ ਵੇਖਦਾ ਹਾਂ ਕਈ ਕਵੀ ਤਾਂ ਪੰਦਰਾਂ ਅਗਸਤ ਤੇ ਛੱਬੀ ਜਨਵਰੀ ਨੂੰ ਦਿੱਲੀ ਵਿਖੇ ਕਵਿਤਾ ਪੜ੍ਹਨ ਲਈ ਹੀ ਕਵੀ ਬਣੇ ਨੇ। ਸਰਕਾਰੀ ਤੇ ਗੈਰ ਸਰਕਾਰੀ ਕਵੀ ਦਰਬਾਰਾਂ ਵਿਚ ਕਵਿਤਾ ਪੜ੍ਹਨ ਲਈ ਕਿਵੇਂ ਕਵੀ ਤਰਲੋ ਮੱਛੀ ਹੋਏ ਰਹਿੰਦੇ ਨੇ। ਖ਼ੈਰ ਇਸ ਭੀੜ ਤੰਤਰ ਵਿਚੋਂ ਸੰਤੋਖ ਚੁੱਪ ਚਾਪ ਬਿਨਾਂ ਸ਼ੋਰ ਕੀਤਿਆ ਕਵਿਤਾ ਲਿਖ ਰਿਹਾ ਏ। 'ਭਾਰਤ ਵਿਚ ਜਾਤ ਤੇ ਜਮਾਤ' ਪੁਸਤਕ ਲਿਖ ਕੇ ਉਹ ਬੋਧਿਕ ਹਲਕਿਆ ਵਿਚ ਖਿੱਚ ਦਾ ਕੇਂਦਰ ਬਣਿਆ ਏ।







ਸੱਚਮੁੱਚ ਉਸਦੀ ਕਵਿਤਾ ਨੇ ਮੈਨੂੰ ਖਿੱਚਿਆ ਏ। ਕਵਿਤਾ ਕਹਿੰਦਾ ਉਹ ਬੜਾ ਸਹਿਜ ਰਹਿੰਦਾ ਏ। ਮੈਨੂੰ ਲੱਗਦਾ ਰਿਹਾ ਕਿ ਮੈਂ ਸੁੱਖੀ ਦੀ ਕਵਿਤਾ ਵਿਚ ਵਿਚਰ ਰਿਹਾ ਹਾਂ। ਉਹਦੀ ਕਵਿਤਾ ਦਾ ਬਿਰਤਾਂਤ ਤੁਹਾਡੇ ਅੰਦਰ ਅਨੇਕਾਂ ਸਵਾਲ ਪੈਦਾ ਕਰਦਾ ਏ। ਉਹਦੀ ਕਵਿਤਾ 'ਪਿੰਡ' ਭਾਰਤ ਦੇ ਪੇਂਡੂ ਕਲਚਰ ਦੀ ਗੱਲ ਕਰਦੀ ਏ। ਅੱਗੇ ਫੇਰ 'ਪਿੰਡ ਦਾ ਲੱਭੂ' ਤੁਹਾਡੇ ਸਾਹਮਣੇ ਸਵਾਲ ਬਣ ਕੇ ਖੜ ਜਾਂਦਾ ਏ। ਥੋੜ੍ਹਾ ਅਗਾਂਹ ਤੁਰੋ ਤਾਂ 'ਤਾਈ ਜੰਗੀਰੋ' ਆ ਜਾਂਦੀ ਏ। 'ਭਗਤਾ ਫ਼ਕੀਰ' ਆ ਜਾਂਦਾ ਏ। ਤੇ ਰਾਮੂੰ ! ਪੜ੍ਹੋ ਉਹਦੀ ਕਵਿਤਾ-ਕਾਲ਼ੀ ਧਰਤੀ 'ਤੇ/ ਕਾਲ਼ੀ ਕਾਇਆ ਸੰਗ ਜੂਝਦਿਆਂ/ ਥੱਕ ਗਿਆ ਹੈ/ ਕਾਲ਼ਿਆਂ 'ਚੋਂ ਕਾਲ਼ਾ ਕੀੜੂ...! ਸੁੱਖੀ ਦਲਿਤਾ ਮਸਲਿਆਂ ਪ੍ਰਤੀ ਪ੍ਰਤੀਬੱਧ ਲੇਖਕ ਹੈ। ਉਸ ਨੇ ਆਪਣੀ ਕਵਿਤਾ ਵਿਚ ਇਨ੍ਹਾਂ ਮਸਲਿਆ ਨੂੰ ਅੰਡਰ ਲਾਇਨ ਕੀਤਾ ਏ। ਮਨੁੱਖ ਦੀ ਮੁਕਤੀ ਦੇ ਮਸਲੇ ਨੂੰ ਉਹਦੀ ਕਵਿਤਾ ਪ੍ਰਮੁੱਖਤਾ ਨਾਲ ਉਭਾਰਦੀ ਏ। ਸੁੱਖੀ ਦੀਆਂ ਦੋ ਚਾਰ ਕਵਿਤਾਵਾਂ ਸਵੇਰੇ ਚਾਹ ਕੇ ਕੱਪ ਨਾਲ ਤਾਜੇ ਮਨ ਨਾਲ ਮੈਂ ਅਨੇਕਾਂ ਵਾਰ ਪੜ੍ਹੀਆਂ ਨੇ। 'ਕਵੀ ਦਰਬਾਰਾਂ ਦੇ ਸ਼ੋਰ ਵਿਚ ਤੁਸੀਂ ਇਕੱਲੇ ਬੈਠ ਕੇ ਉਹਦਾ ਕਵਿਤਾ ਪੜ੍ਹੋ ਤਾਂ ਤੁਹਾਨੂੰ ਜ਼ਰੂਰ ਅਨੰਦ ਆਵੇਗਾ।


## ਬੋਧ ਕਹਾਣੀਆਂ ਵਾਲਾ ਮਨਮੋਹਨ ਬਾਵਾ

ਮਨਮੋਹਨ ਬਾਵਾ ਪੰਜਾਬੀ ਦਾ ਵੱਖਰੇ ਰੰਗ ਤੇ ਵੱਖਰਾ ਖੜਾ ਗਲਪਕਾਰ ਏ। ਉਸ ਨੇ ਇਤਿਹਾਸਕ ਨਾਵਲ ਲਿਖ ਕੇ ਪੰਜਾਬੀ ਸਾਹਿਤ ਵਿਚ ਆਪਣੀ ਪਕੜ ਮਜਬੂਤ ਕੀਤੀ ਏ। 'ਬੋਧ ਕਹਾਣੀਆਂ' ਉਸ ਦੀਆਂ ਵੱਖਰੇ ਰੰਗ ਦੀਆਂ ਕਹਾਣੀਆਂ ਨੇ। ਬੁੱਧ ਕਾਲ ਸਮੇਂ ਦੇ ਪਾਤਰਾਂ ਨੂੰ ਉਹ ਪਹਿਲਾਂ ਵੀ ਆਪਣੇ ਨਾਵਲਾਂ ਤੇ ਕਹਾਣੀਆਂ ਵਿਚ ਲੈ ਕੇ ਆਉਂਦਾ ਰਿਹਾ ਏ। ਪਰ ਇਹ ਪੁਸਤਕ ਕਈ ਕਾਰਨਾਂ ਕਰਕੇ ਮਹੱਤਵਪੂਰਨ ਏ। ਇਨ੍ਹਾਂ ਕਹਾਣੀਆਂ ਦਾ ਕਾਲ ਬੁੱਧ ਕਾਲ ਏ ਤੇ ਉਸ ਕਾਲ ਦੇ ਪਾਤਰਾਂ ਖਾਸ ਕਰਕੇ ਔਰਤਾਂ ਨੂੰ ਇਨ੍ਹਾਂ ਕਥਾਵਾਂ ਵਿਚ ਨਾਇਕਾਵਾਂ ਦੇ ਰੂਪ ਵਿਚ ਤੇ ਸਹਿ ਨਾਇਕਾਵਾਂ ਦੇ ਰੂਪ ਵਿਚ ਲੈ ਕੇ ਆਉਂਦਾ ਏ। ਬੁੱਧ ਦਾ ਇਕ ਸ਼ਿਸ 'ਆਨੰਦ' ਹੋਇਆ ਏ। ਉਸ ਦੇ ਸਮਾਜਿਕ ਸਰੋਕਾਰਾਂ ਨੂੰ ਲੈ ਕੇ ਉਸ ਨੇ ਦੋ ਕਹਾਣੀਆਂ ਲਿਖੀਆਂ ਨੇ। ਔਰਤਾਂ ਦੀ ਘਾੜਤ ਬਾਵਾ ਹੁਰਾਂ ਨਾਰੀਵਾਦੀ ਨਜ਼ਰੀਏ ਤੋਂ ਕੀਤੇ ਏ। 'ਯਸ਼ੋਧਰਾ' ਕਥਾ ਬਹੁਤ ਹੀ ਪਾਠਕ ਨੂੰ ਖਿੱਚਦੀ ਏ। 'ਸੁਜਾਤਾ' ਵੀ ਬੁੱਧ ਦੇ ਜੀਵਨ ਵਿਚ ਆਈ ਅਜਿਹੀ ਨਾਰੀ ਏ ਜੋ ਉਹਨੂੰ ਦੁੱਧ ਪਿਆਉਂਦੀ ਏ। ਇਸੇ ਤਰ੍ਹਾਂ ਅੰਬਪਾਲੀ, ਚੰਡਾਲਿਕਾ, ਉਤਪਲਵਰਨਾ ਦੇ ਜੀਵਨ ਬਿਰਤਾਂਤ ਬਹੁਤ ਹੀ ਮਹੱਤਵਪੂਰਨ ਨੇ। ਬਾਵਾ ਨੇ ਆਪਣੀ ਕਲਪਨਾ ਨਾਲ ਉਸ ਕਾਲ ਦਾ ਬਿਰਤਾਂਤ ਬਹੁਤ ਹੀ ਖ਼ੂਬਸੂਰਤ ਸਿਰਜਿਆ ਏ ਜੋ ਕਈ ਪਹਿਲੂਆਂ ਤੋਂ ਬਹੁਤ ਮਹੱਤਪੂਰਨ ਏ।




## ਧਰਮਪਾਲ ਸਾਹਿਲ ਦਾ 'ਖਿੜਣ ਤੋਂ ਪਹਿਲਾਂ'

ਸਾਹਿਲ ਹੁਰਾਂ ਨੇ 'ਪਥਰਾਟ' ਨਾਲ ਪੰਜਾਬੀ ਨਾਵਲ ਵਿਚ ਆਪਣੀ ਗੂੜ੍ਹੀ ਪਛਾਣ ਬਣਾਈ ਏ। ਜਦੋਂ ਮੈਂ 'ਪਥਰਾਟ' ਨਾਵਲ ਪੜ੍ਹ ਰਿਹਾ ਸਾਂ ਤਾਂ ਮੈਂ ਕੰਢੀ ਦੇ ਨੀਮ ਪਹਾੜੀ ਇਲਾਕੇ ਵਿਚ ਚਲੇ ਗਿਆ ਸਾਂ। ਉਸ ਨੇ ਇਕ ਪਿੰਡ ਨੂੰ ਨਾਵਲ ਵਿਚ ਅਧਾਰ ਬਣਾਇਆ, ਜਿਹਦਾ ਆਪਣਾ ਕਲਚਰ ਏ। ਪਹਾੜਾ ਦੇ ਪੈਰਾਂ ਵਿਚ ਵਸੇ ਹੋਏ ਅਜਿਹੇ ਪਿੰਡਾਂ ਦੀ ਜ਼ਿੰਦਗੀ ਨੂੰ ਸਮਝਣ ਲਈ ਇਹ ਨਾਵਲ ਬਹੁਤ ਠੋਸ ਮਿਸ਼ਾਲ ਏ। ਉਸ ਨੇ ਆਪਣੇ ਨਵੇਂ ਨਾਵਲ ਵਿਚ ਸਮਕਾਲ ਨੂੰ ਪੇਸ਼ ਕੀਤਾ ਏ। ਉਹ ਸਮਕਾਲ ਜਿਸ ਵਿਚੋਂ ਸਾਡੀ ਨੌਜਵਾਨ ਪੀੜ੍ਹੀ ਲੰਘ ਰਹੀ ਏ। ਅੱਜ ਦਾ ਸਮਾਂ ਸੂਚਨਾ ਕ੍ਰਾਂਤੀ ਦਾ ਸਮਾਂ ਏ। ਨਵੀਂ ਟੈਕਨੌਲਜੀ ਕਿਵੇਂ ਨੌਜਵਾਨ ਦਾ ਦਿਮਾਗ ਘੜਦੀ ਏ, ਇਹ ਇੰਟਰਨੈੱਟ ਤੇ ਸਾਈਬਰ ਕ੍ਰਾਂਤੀ ਕਿਵੇਂ ਨਵੇਂ ਮੁੰਡੇ-ਕੁੜੀਆਂ ਨੂੰ ਤੇਜ਼ੀ ਨਾਲ ਆਪਣੇ ਜਾਲ ਵਿਚ ਲਪੇਟੇ ਮਾਰ ਰਹੀ ਏ। ਇਸ ਜ਼ਾਲ ਵਿਚ ਫਸ ਕੇ ਉਨ੍ਹਾਂ ਦੀਆਂ ਕਿਹੋ ਜਿਹੀਆਂ ਭਾਵਨਾਵਾਂ ਬਣਦੀਆਂ ਨੇ ਉਨ੍ਹਾਂ ਦੀਆਂ ਕੀ ਸਮੱਸਿਆਵਾਂ ਨੇ। ਇਨ੍ਹਾਂ ਮੁੱਦਿਆਂ ਨੂੰ ਨਾਵਲ ਉਭਾਰਦਾ ਏ। ਅੱਜ ਹੜਬੜਾਏ ਸਮੇਂ ਵਿਚ ਕਿਵੇਂ ਪਰਵਾਰ ਟੁੱਟ ਰਹੇ ਹਨ, ਉਨ੍ਹਾਂ ਦੇ ਟੁੱਟਣ ਨਾਲ ਬੱਚਿਆਂ ਤੇ ਕਿਹੋ ਜਿਹਾ ਪ੍ਰਭਾਵ ਪੈ ਰਿਹਾ ਏ ਇਹ ਸਾਰੇ ਮਸਲੇ ਸਾਹਿਲ ਨਾਵਲ ਵਿਚ ਡਿਸਕਸ ਕਰਦਾ ਏ। ਨਾਵਲ ਇਹ ਵੀ ਕਹਿੰਦਾ ਏ ਕਿ ਮਾਪਿਆ ਦਾ ਬੱਚਿਆਂ ਨਾਲ ਡਾਇਲਾਗ ਹੋਣਾ ਬਹੁਤ ਜ਼ਰੂਰ ਏ। ਇਹ ਨਾਵਲ ਨਵੀਂ ਜਨਰੇਸ਼ਨ ਦੀ ਟ੍ਰੈਜਿਡੀ ਹੀ ਬਿਆਨ ਨਹੀਂ ਕਰਦਾ ਸਗੋਂ ਰਾਹ ਵੀ ਦੱਸਦਾ ਏ।




## 'ਕਹਾਣੀਆਂ ਦੇ ਅੰਗ-ਸੰਗ' ਜਿੰਦਰ

ਜਿੰਦਰ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਏ। ਉਸ ਨੇ ਕਹਾਣੀ ਲਿਖ ਕੇ ਪੰਜਾਬੀ ਕਹਾਣੀ ਵਿਚ ਆਪਣੀ ਸਪੇਸ ਨਿਰਧਾਰਤ ਕੀਤੀ ਏ। ਉਹ ਸਾਹਿਤਕ ਸਮਾਗਮਾਂ ਵਿਚ ਬਹੁਤ ਘੱਟ ਵਿਚਰਦਾ ਏ। ਬਸ ਪੜ੍ਹਦਾ ਏ, ਕਹਾਣੀ ਲਿਖਦਾ ਏ ਤੇ 'ਸ਼ਬਦ' ਸੰਪਾਦਤ ਕਰਦਾ ਏ। ਉਹ ਸ਼ੋਰ ਨਹੀਂ ਪਾਉਂਦਾ। ਕਿਤਾਬਾਂ ਰਾਹੀਂ ਉਹ ਪਾਠਕਾਂ ਕੋਲ ਪਹੁੰਚਦਾ ਰਹਿੰਦਾ ਏ। ਉਸ ਦੀ ਇਹ ਕਿਤਾਬ ਇਸ ਗੱਲ ਤੋਂ ਮਹੱਤਵਪੂਰਨ ਏ ਕਿ ਇਕ ਤਾਂ ਉਸ ਨੇ ਆਪਣੀਆਂ ਕੁਝ ਚਰਚਿਤ ਕਹਾਣੀਆਂ ਨੂੰ ਇਕ ਥਾਂ ਇਕੱਠਾ ਕੀਤਾ ਏ ਦੂਜਾ ਉਸ ਨੇ ਇਨ੍ਹਾਂ ਕਹਾਣੀਆਂ ਦੀ ਸਿਰਜਣਾ ਪ੍ਰਕ੍ਰਿਆ ਨੂੰ ਲਿਖਿਆ ਏ। ਇਹਨੂੰ ਜਿੰਦਰ ਨੇ ਪਿੱਠਭੂਮੀ ਕਿਹਾ ਏ। ਜਾਂ ਕਹਿ ਲਓ ਰੀੜ ! ਜਿਹਦੀ ਰੀੜ ਸ਼ਕਤੀਸ਼ਾਲੀ ਹੁੰਦੀ ਏ ਉਹ ਬੰਦਾ ਤੱਕੜਾ ਹੁੰਦਾ ਏ। ਜਿਸ ਕਹਾਣੀ ਦੀ ਪਿੱਠ ਸ਼ਕਤੀਸ਼ਾਲੀ ਹੁੰਦੀ ਏ ਉਹ ਨਿਸਚੇ ਹੀ ਕਹਾਣੀ ਵੀ







ਸ਼ਕਤੀਸ਼ਾਲੀ ਹੁੰਦੀ ਏ। ਜਿੰਦਰ ਦੀ ਸਿਰਜਣਾ ਨੂੰ ਸਮਝਣ ਲਈ ਇਹ ਕਿਤਾਬ ਅਹਿਮ ਏ। ਪਾਠਕ ਪਹਿਲਾਂ ਉਹਦੀ ਕਹਾਣੀ ਪੜ੍ਹਦਾ ਏ, ਫੇਰ ਕਹਾਣੀ ਦਾ ਪਿਛੋਕੜ ਜਾਣਦਾ ਏ। ਕਹਾਣੀ ਦਾ ਬਾਹਰੀ ਯਥਾਰਥ ਸਮਝਦਾ ਏ। ਲੇਖਕ ਕਿਵੇਂ ਕਹਾਣੀ ਸਿਰਜਦਾ ਏ । ਉਹਦੀ ਵਿਚਾਰਧਾਰਾ ਕਿਵੇਂ ਕਹਾਣੀ ਵਿਚ ਆਉਂਦੀ ਏ। ਅਸਲ ਜ਼ਿੰਦਗੀ ਨੂੰ ਕਿਵੇਂ ਆਪਣੀ ਕਲਪਨਾ ਦੀ ਪੁੱਠ ਦੇ ਕੇ ਪਾਤਰ ਘੜਦਾ ਏ। ਇਹ ਸਾਰੇ ਮਸਲੇ ਤੁਸੀਂ ਇਸ ਪੁਸਤਕ ਵਿਚ ਪੜ੍ਹ ਸਕਦੇ ਹੋ।


## ਪੰਜਾਬੀ ਸਵੈ ਜੀਵਨੀਆਂ: ਸਾਹਿਤਕ ਮੁਲਾਂਕਣ

ਬਲਬੀਰ ਮਾਧੋਪੁਰੀ ਬਹੁਤ ਹੀ ਸਰਗਰਮ ਰਹਿਣ ਵਾਲਾ ਲੇਖਕ, ਅਨੁਵਾਦ ਤੇ ਸੰਪਾਦਕ ਏ। ਇਕੋ ਸਮੇਂ ਉਹ ਅਨੇਕਾਂ ਸਾਹਿਤਕ ਕਾਰਜ ਕਰ ਰਿਹਾ ਹੁੰਦਾ ਏ। ਇਸ ਪੁਸਤਕ ਵਿਚ ਉਸ ਨੇ ਪੰਜਾਬੀ ਦੀਆਂ ਚਰਚਿਤ ਸਵੈ ਜੀਵਨੀਆਂ ਦਾ ਮੁਲਾਂਕਣ ਕਰਦੇ ਲੇਖਾਂ ਨੂੰ ਇਕ ਥਾਂ ਪੁਸਤਕ ਰੂਪ ਵਿਚ ਸੰਪਾਦਤ ਕਰਨ ਦਾ ਕਾਰਜ ਕੀਤਾ ਏ। ਪੁਸਤਕ ਵਿਚ ਉਸ ਨੇ ਰਸੀਦੀ ਟਿਕਟ, ਖ਼ਾਨਾਬਦੋਸ਼, ਪਗਡੰਡੀਆਂ, ਮਲ੍ਹੇ ਝਾੜੀਆਂ, ਜ਼ਲਾਲਤ, ਦਾਸਤਾਨ ਆਦਿ ਸਵੈ ਜੀਵਨੀਆਂ ਦੇ ਮੁਲਾਂਕਣ ਕਰਦੇ ਲੇਖ ਸਾਮਿਲ ਕੀਤੇ ਹਨ। ਜਿਨ੍ਹਾਂ ਨੂੰ ਪੜ੍ਹਦਿਆਂ ਇਹ ਗੱਲ ਸਹਿਜੇ ਹੀ ਮਹਿਸੂਸ ਹੁੰਦੀ ਏ ਕਿ ਇਨ੍ਹਾਂ ਸਵੈ ਜੀਵਨੀਆਂ ਵਿਚ ਲੇਖਕਾਂ ਨੇ ਆਪਣੇ ਭੋਗੇ ਹੋਏ ਕਰੂਰ ਯਥਾਰਥ ਨੂੰ ਬੜੀ ਬੇਬਾਕੀ ਨਾਲ ਪੇਸ਼ ਕੀਤਾ ਏ।




## ਬਲਬੀਰ ਪਰਵਾਨਾ ਤੇ ਲੇਖਕ, ਲਿਖਤ ਤੇ ਵਿਚਾਰਧਾਰਾ

ਬਲਬੀਰ ਪਰਵਾਨਾ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਤੇ ਨਾਵਲਕਾਰ ਏ। ਉਸ ਨੇ ਦੁਆਬੇ ਦੇ ਪੇਂਡੂ ਜੀਵਨ ਤੇ ਸ਼ਹਿਰੀ ਮੱਧਵਰਗੀ ਜੀਵਨ ਦੀਆਂ ਤਲਖ਼ੀਆਂ ਨੂੰ ਨਾਵਲੀ ਬਿਰਤਾਂਤ ਵਿਚ ਢਾਲਿਆ ਏ। ਹੱਥਲੀ ਕਿਤਾਬ ਉਸ ਦੀ ਸਿਰਜਣਾ ਨੂੰ ਸਮਝਣ ਲਈ ਲਾਹੇਵੰਦ ਏ। ਇਨ੍ਹਾਂ ਲਿਖਤਾਂ ਰਾਹੀਂ ਤੁਸੀਂ ਉਸ ਦੇ ਪਾਤਰਾਂ ਦੀਆਂ ਜੜ੍ਹਾਂ ਲੱਭ ਸਕਦੇ ਹੋ। ਕਿਵੇਂ ਉਹ ਪਾਤਰ ਆਪਣੀ ਅਸਲੀ ਰੀਅਲ ਜ਼ਿੰਦਗੀ 'ਚ ਸਮਾਜ ਵਿਚ ਵਿਚਰਦੇ ਨੇ ਤੇ ਕਿਵੇਂ ਕਹਾਣੀ ਨਾਵਲ ਵਿਚ ਆ ਕੇ ਆਪਣੀ ਸ਼ਕਲ ਅਖ਼ਤਿਆਰ ਕਰਦੇ ਨੇ। ਜਿਸ ਲੇਖਕ ਨੂੰ ਇਹ ਅੰਤ ਤੱਕ ਪਤਾ ਨਹੀਂ ਲੱਗਦਾ ਕਿ ਉਹ ਕੀ ਲਿਖ ਰਿਹਾ ਏ ਤੇ ਉਹਦਾ ਨਾਵਲ ਕਹਾਣੀ ਲਿਖਣ ਦਾ ਮਕਸਦ ਕੀ ਏ? ਉਹ ਚੰਗਾ ਸਾਹਿਤ ਲਿਖ ਨਹੀਂ ਸਕਦਾ । ਵਿਚਾਰਧਾਰਾ ਅਤੇ ਪ੍ਰਤੀਬੱਧਤਾ ਦਾ ਪਤਾ ਹਰ ਲੇਖਕ ਨੂੰ ਹੋਣਾ ਚਾਹੀਦਾ ਏ ਤਾਂ ਹੀ ਉਹ ਚੰਗਾ ਸਾਹਿਤ ਲਿਖ ਸਕਦਾ ਏ। ਇਸ ਕਿਤਾਬ 'ਚ ਬਲਬੀਰ ਨੇ ਆਪਣੇ ਨਾਵਲ ਦੀ ਸਿਰਜਣਾ ਪ੍ਰਕਿਰਿਆ



ਵੀ ਲਿਖੀ ਏ। ਕਿ ਕਿਵੇਂ ਉਹਨੇ ਪਾਤਰਾਂ ਦੀ ਟੋਹ ਲਈ ਤੇ ਕਿਵੇਂ ਉਨ੍ਹਾਂ ਨੂੰ ਆਪਣੇ ਤਰੀਕੇ ਨਾਲ ਘੜਿਆ। ਏਸੇ ਕਿਤਾਬ 'ਚ ਪਰਵਾਨਾ ਦੇ ਡਾਇਰੀ ਦੇ ਪੰਨੇ ਵੀ ਪੜ੍ਹਨਯੋਗ ਨੇ। ਪੁਸਤਕ ਵਿਚ ਉਸ ਨਾਲ ਕੀਤੀਆਂ ਦੋ ਮੁਲਾਕਾਤਾਂ ਵੀ ਅਹਿਮ ਨੇ।

## ਅਨੇਮਨ ਸਿੰਘ ਦੀ ਨੂਰੀ




ਅਨੇਮਨ ਸਿੰਘ ਨੇ ਆਪਣੇ ਨਵੇਂ ਕਹਾਣੀ ਸੰਗ੍ਰਹਿ 'ਨੂਰੀ' ਵਿਚ ਅ-ਸਧਾਰਨ ਅੱਧੇ ਅਧੂਰੇ ਮਨੁੱਖ ਦੀਆਂ ਮਨੋ ਗੁੰਝਲਾਂ ਨੂੰ ਬੜੀ ਸਮਰੱਥਾ ਨਾਲ ਪੇਸ਼ ਕੀਤਾ ਏ। ਉਹ ਸਮਾਜਿਕ ਧਰਾਤਲ 'ਚ ਵਿਚਰਦੇ ਅਜਿਹੇ ਪਾਤਰਾਂ ਨੂੰ ਆਪਣੀਆਂ ਕਹਾਣੀਆਂ ਦੇ ਮੁੱਖ ਪਾਤਰ ਬਣਾਉਂਦਾ ਏ ਜਿਹੜੇ ਸਮਾਜ ਵੱਲੋਂ ਨਕਾਰੇ ਤੇ ਤ੍ਰਿਸਕਾਰੇ ਜਾਂਦੇ ਨੇ। ਉਨ੍ਹਾਂ ਦੇ ਵਿਹਾਰ, ਸਰੀਰਕ ਬਣਤਰ, ਮਾਨਸਿਕ ਵਿਕਾਸ ਨੂੰ ਰੌਚਿਕ ਸ਼ੈਲੀ ਵਿਚ ਬਿਆਨ ਕਰਦਾ ਏ। ਉਹਦੇ ਪਾਤਰਾਂ ਵਿਚੋਂ ਰੋਟੀ ਦੀ ਭੁੱਖ ਨਾਲੋਂ ਇਕ ਦੂਜੇ ਨੂੰ ਭੋਗਣ ਦੀ ਭੁੱਖ ਵੱਧ ਪ੍ਰਬੱਲ ਹੋ ਕੇ ਪੇਸ਼ ਹੁੰਦੀ ਏ। ਉਸਦੀ ਕਹਾਣੀਆਂ ਦੀਆਂ ਬਹੁਤ ਬਰੀਕ ਪਰਤਾਂ ਨੇ।


'ਨੂਰੀ' ਕਹਾਣੀ ਦੇ ਖੁਸ਼ਰੇ ਪਾਤਰ ਦੇ ਮਨੋ ਵਿਕਾਰਾਂ ਨੂੰ ਅਨੇਮਨ ਦਾ ਰੌਚਿਕ ਸ਼ੈਲੀ ਵਿਚ ਪੇਸ਼ ਕੀਤਾ ਏ ਕਿ ਉਨ੍ਹਾਂ ਅੰਦਰ ਵੀ ਮਨੁੱਖਤਾ ਬਚੀ ਹੋਈ ਏ। 'ਬੁਝਾਰਤ' ਕਹਾਣੀ ਦੀ ਮੈਂ ਪਾਤਰ ਨਾ-ਮਰਦ ਏ ਨਾ ਸੰਪੂਰਨ ਔਰਤ ਪਰ ਉਸ ਅੰਦਰ ਕਾਮ ਦੀ ਪ੍ਰਵਿਰਤੀ ਜਿਉਂਦੀ ਏ ਜਿਹੜੀ ਉਹਦੇ ਅੰਦਰ ਵਿਕਾਰ ਪੈਦਾ ਕਰਦੀ ਏ। 'ਪਿਲ ਟਕਾ' ਵਿਚ ਉਸ ਨੇ ਅਜਿਹੇ ਅਧੂਰੇ ਮਨੁੱਖ ਦੀ ਸਿਰਜਣਾ ਕੀਤੀ ਏ, ਜਿਹੜਾ ਬੱਚਾ ਪੈਦਾ ਨਹੀਂ ਕਰ ਸਕਦਾ। ਜਿਹਦੇ ਪਿੱਛੇ ਲੇਖਕ ਪਤਾਲੂਆਂ ਦੇ ਗਾਇਬ ਹੋਣ ਦਾ ਤਰਕ ਦਿੰਦਾ ਏ।

ਉਹਨੇ 'ਅਜੇ ਆਪਾਂ ਐਨੇ ਨਹੀਂ ਮਾੜੇ' 'ਚ ਇਕ ਅਜਿਹੇ ਦਲਿਤ ਪਾਤਰ ਦੀ ਜ਼ਿੰਦਗੀ ਬਿਆਨ ਕੀਤੀ ਏ। ਜਿਹੜਾ ਨਰਕ ਭਰੀ ਦਲਿੱਦਰ ਵਾਲੀ ਜ਼ਿੰਦਗੀ ਭੋਗਦਾ ਏ। ਉਹ ਆਰਥਿਕ ਤੌਰ ਤੇ ਐਨਾ ਭੰਨਿਆ ਹੋਇਆ ਏ ਕਿ ਮੰਗਣ ਤੱਕ ਪਹੁੰਚ ਕੇ ਅੱਗੇ ਆਪਣੀ ਬੇਟੀ ਨੂੰ ਬੋਰ ਵਿਚ ਸੁੱਟਣ ਬਾਰੇ ਸੋਚਣ ਲੱਗ ਪੈਂਦਾ ਏ। ਇਹ ਮਾਲਵੇ ਦੇ ਦਲਿਤਾਂ ਦੀ ਦਸ਼ਾ ਬਿਆਨ ਕਰਨ ਵਾਲੀ ਜਾਨਦਾਰ ਕਹਾਣੀ ਏ। 'ਅੱਕ ਦਾ ਸੁਆਦ' ਕਹਾਣੀ ਵਿਚ ਸਹੁਰੇ ਅਤੇ ਨੂੰਹ ਦੇ ਸਬੰਧ ਦਾ ਬਿਰਤਾਂਤ ਸਿਰਜਦੀ ਏ। ਕਹਾਣੀ ਵਿਚ ਇਕ ਅਵਿਕਸਿਤ ਮੁੰਡਾ ਪੇਸ਼ ਹੁੰਦਾ ਏ, ਜਿਹੜਾ ਪਿਓ ਦੇ ਮਨ ਵਿਚ ਮਾਨਸਿਕ ਗੰਢ ਬੰਨ ਦਿੰਦਾ ਏ। 'ਵ੍ਹੇਲ' ਕਹਾਣੀ ਵਿਚ ਅਨੇਮਨ ਨੇ ਕਿਸਾਨੀ ਸੰਕਟ ਦਾ ਵਿਕਰਾਲ ਚਿਹਰਾ ਵ੍ਹੇਲ ਦੇ ਚਿਹਨ ਨਾ ਉਸਾਰਿਆ ਏ। 'ਜਾਨਵਰ' ਕਹਾਣੀ ਵਿਚ ਉਹ ਬੰਦੇ ਦੇ ਅੰਦਰ ਬੈਠੀ ਪਸ਼ੂ ਬਿਰਤੀ ਨੂੰ ਬਿਆਨ ਕਰਦਾ ਏ।

ਅਨੇਮਨ ਕੋਲ ਕਹਾਣੀ ਕਹਿਣ ਦੀ ਕਮਾਲ ਦੀ ਕਲਾ ਏ। ਉਹ ਸ਼ੁਰੂ ਤੋਂ ਅੰਤ ਤੱਕ ਪਾਠਕ ਨੂੰ ਆਪਣੇ ਨਾਲ ਤੋਰੀ ਰੱਖਦਾ ਏ। ਉਹਦੇ ਪਾਤਰ ਤੇ ਘਟਨਾਵਾਂ ਬਹੁਤ ਹੀ ਜਾਨਦਾਰ ਅਤੇ ਉਹਦੇ ਨਾਲ ਘਿਸਰ ਕੇ ਲੰਘਦੇ ਨੇ, ਜਿਹੜੇ ਪਾਠਕ ਦੇ ਮਨ ਤੇ ਝਰੀਟਾਂ ਪਾ ਜਾਂਦੇ ਨੇ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬੀ ਕਹਾਣੀ ਅਨੇਮਨ ਵਰਗੇ ਸਮਰੱਥ ਕਹਾਣੀਕਾਰਾਂ ਦੇ ਹੱਥਾਂ ਵਿਚ ਪਹੁੰਚ ਕੇ ਵਿਕਾਸ ਕਰ ਰਹੀ ਏ।



## ਸੁਖਜੀਤ ਦਾ ਕਹਿਣਾ ਕਿ 'ਮੈਂ ਅਯਨਘੋਸ਼ ਨਹੀਂ'





ਸੁਖਜੀਤ ਪੰਜਾਬੀ ਦਾ ਚਰਚਿਤ ਕਹਾਣੀਕਾਰ ਹੈ। ਉਹ ਇਕ ਨਿੱਗਰ ਕਥਾਕਾਰ ਵਜੋਂ ਪੰਜਾਬੀ ਕਹਾਣੀ ਵਿਚ ਜਾਣਿਆ ਜਾਂਦਾ ਏ। ਉਹਦੇ ਸਵੈ ਬਿਰਤਾਂਤ 'ਮੈਂ ਐਸਾ ਹੂੰ, ਮੈਂ ਵੈਸਾ ਹੂੰ' ਕਈ ਪੱਖਾਂ ਤੋਂ ਵਿਚਾਰਨਯੋਗ ਨੇ। ਉਸਦੀਆਂ ਲਿਖੀਆਂ ਇਕ-ਦੋ ਕਹਾਣੀਆਂ ਕਰਕੇ ਉਹ ਦੇਰ ਤੱਕ ਜਿਉਂਦਾ ਰਹੇਗਾ। ਇਸ ਪੁਸਤਕ ਵਿਚਲੀਆਂ ਕਹਾਣੀਆਂ ਵਿਚ ਸੁਖਜੀਤ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਦਾਅ ਪੇਚਾਂ 'ਚ ਉਲਝੇ ਪਾਤਰਾਂ ਦੀ ਉਲਝੀ ਤਾਣੀ ਨੂੰ ਬਿਆਨ ਕਰਦਾ ਏ। ਇਨ੍ਹਾਂ ਮਸਲਿਆਂ ਵਿਚ ਉਲਝਿਆ ਬੰਦਾ ਕਿਵੇਂ ਸਮਾਜ ਵਿਚ ਵਿਹਾਰ ਕਰਦਾ ਏ। ਸਮਾਜਿਕ ਦਬਾਅ ਕਿਵੇਂ ਉਹਦੀ ਮਨੋ ਚੇਤਨਾ ਨੂੰ ਉਲਝਾ ਦਿੰਦੇ ਨੇ। ਜਿਵੇਂ ਦਾ ਉਹ ਵਿਹਾਰ ਕਰਦੇ ਹਨ ਉਸ ਨੂੰ ਸੁਖਜੀਤ ਨੇ ਬੜੀ ਕੁਸ਼ਲਤਾ ਨਾਲ ਬਿਆਨ ਕੀਤਾ ਏ। ਉਹਦੀਆਂ ਕਈ ਕਹਾਣੀਆਂ ਵਿਚ ਇਕ ਕਾਮਰੇਡ ਪਾਤਰ ਆਉਂਦਾ ਏ। ਜਿਹਨੂੰ ਉਹ ਖੱਬੇ ਪੱਖੀ ਸੋਚ ਵਾਲਾ ਤਰਕ ਉਸਾਰਨ ਲਈ ਵਰਤਦਾ ਏ।

'ਮੈਂ ਅਯਨਘੋਸ਼ ਨਹੀਂ' 'ਚ ਉਸ ਨੇ ਪਤੀ ਪਤਨੀ ਦੇ ਰਿਸ਼ਤੇ ਦੇ ਤਣਾਓ ਦੀ ਕਹਾਣੀ ਪੇਸ਼ ਕੀਤੀ ਏ। ਹਰਿੰਦਰ ਪਾਤਰ ਦੀ ਦੱਬੂਮਾਨਸਿਕਤ ਤੇ ਪਹਿਲਾ ਉਹਦਾ ਪਿਤਾ ਦਾਬਾ ਪਾਉਂਦਾ ਫੇਰ ਉਹਦੀ ਪਤਨੀ ਪਾ ਲੈਂਦੀ ਏ। ਜਿਸ ਕਾਰਨ ਉਹਦੇ ਮਨ ਵਿਚ ਬਹੁਤ ਵੱਡੀ ਗੁੰਝਲ ਪੈਦਾ ਹੋ ਜਾਂਦੀ ਏ। ਦੂਜੇ ਪਾਸੇ ਉਹਦੀ ਪਤਨੀ ਉਹਦੇ ਨਾਲ ਅੰਦਰੋ ਜੁੜਦੀ ਨਹੀਂ ਉਹ ਆਪਣੀ ਗਾਇਡ ਨਾਲ ਮਾਨਸਿਕ ਸਾਂਝ ਜੋੜ ਲੈਂਦੀ ਏ। 'ਆਟੋ ਨੰਬਰ 420' ਸਮੱਸਿਆ ਮੂਲਕ ਕਹਾਣੀ ਏ। ਸੁਖਜੀਤ ਆਪਣੇ ਇਸ ਥੀਸ਼ਿਸ ਨੂੰ ਉਭਾਰਦਾ ਹੈ ਕਿ ਜੰਗਲੀ ਵਾਤਾਵਰਨ ਤੇ ਭੋਜਨ ਕਈ ਕਿਸਮ ਦੀਆਂ ਲਾ ਇਲਾਜ਼ ਬਿਮਾਰੀਆਂ ਤੋਂ ਰੱਖਿਆ ਕਰਦਾ ਏ।

'ਮੌਨ ਦੀ ਬਾਬਾ ਦਾਰਾ' ਕਹਾਣੀ ਵੀ ਉਖੜੀ ਹੋਈ ਮਾਨਸਿਕਤਾ ਵਾਲੇ ਬੰਦੇ ਦੀ ਕਥਾ ਏ। ਜਿਸਦੀ ਮਨੋ ਚੇਤਨਾ 'ਹੱਤਿਆ' ਦੇ ਚਿਹਨ ਨਾਲ ਐਨੀ ਉਖੜ ਜਾਂਦੀ ਏ ਕਿ ਉਹਦਾ ਦਿਮਾਗ਼ੀ ਤਵਾਜ਼ਨ ਡੋਲ ਜਾਂਦਾ ਏ। ਭਗਤੀ ਤੇ ਧਰਮ ਦੇ ਵਿਕਾਰ ਨੂੰ ਸੁਖਜੀਤ ਨੇ ਲੁਕਵੇ ਢੰਗ ਨਾਲ ਪੇਸ਼ ਕੀਤਾ ਏ। ਡੇਰਾ ਕਲਚਰ ਦੀਆਂ ਗੁੰਝਲਾਂ ਵਿਚ ਸੰਵੇਦਨਹੀਣ ਹੋ ਰਹੇ ਮਨੁੱਖ ਦੀ ਕਥਾ ਵੀ ਬਿਆਨ ਕਰਦੀ ਏ। 'ਸਿੰਗਲ ਮਾਲਟ ਸੁਰਖ ਨਹੀਂ ਹੁੰਦੀ' ਫਿਰਕੂ ਨਫ਼ਰਤ 'ਚ ਪਿਸ ਰਹੇ ਜਨ ਸਧਾਰਨ ਦੀ ਕਹਾਣੀ ਏ। ਕਹਾਣੀ ਵਿਚ ਘਟਨਾਵਾਂ ਐਨੀ ਤੇਜ਼ੀ ਨਾਲ ਘਟਦੀਆਂ ਨੇ ਕਿ ਪਾਠਕ ਅੱਗੇ ਕੀ ਹੋਇਆ? ਸੋਚਦਾ ਸੋਚਦਾ ਸਾਰੀ ਕਹਾਣੀ ਪੜ੍ਹ ਜਾਂਦਾ ਏ। ਕਈ ਵਾਰ ਘਟਨਾਵਾਂ ਫਿਲਮੀ ਸਕ੍ਰਿਪਟ ਵਾਂਗ ਤੇਜ਼ੀ ਨਾਲ ਬਦਲਦੀਆਂ ਲੱਗਦੀ ਨੇ। ਸੁਖਜੀਤ ਫਿਰਕੂ ਨਫ਼ਰਤ ਦੇ ਮਸਲੇ ਤੇ ਆਪਣੇ ਤਰਕ ਨਾਲ ਅਟੈਕ ਕਰਦਾ ਏ। 'ਖਜੂਰਾਂ' ਅਤੇ 'ਮੱਥੇ ਦੇ ਵਲ਼' ਉਸ ਦੀਆਂ ਹਲਕੀਆਂ ਅਤੇ ਇਕ ਪਰਤੀ ਕਹਾਣੀਆਂ ਨੇ। ਸੁਖਜੀਤ ਦੀ ਕਿਤਾਬ ਪੜ੍ਹਦਿਆਂ ਮੈਨੂੰ ਇਹ ਵੀ ਅਹਿਸਾਸ ਹੋਈ ਗਿਆ ਕਿ ਉਹਦੇ ਕੋਲੋਂ ਕਹਾਣੀ ਹੁਣ ਦੂਰ ਜਾ ਰਹੀ ਏ। ਉਹਦੀਆਂ ਲਿਖੀਆਂ ਪਹਿਲੀਆਂ ਕਹਾਣੀਆਂ ਉਹਦੇ ਲਈ ਹੁਣ ਵੀ ਚੈਲੇਂਜ਼ ਨੇ।

## ਬਲਦੇਵ ਸਿੰਘ ਵਿਰਲਾਂ ਵਿਚੋਂ ਝਾਕਦੀ ਜ਼ਿੰਦਗੀ






ਤੇਜ਼ੀ ਨਾਲ ਨਾਵਲ ਲਿਖਣ ਵਾਲਾ ਬਲਦੇਵ ਸਿੰਘ ਅਜਿਹਾ ਨਾਵਲਕਾਰ ਏ। ਜਿਹੜਾ ਵੱਧ ਮਾਤਰਾ ਵਿਚ ਲਿਖਦਾ ਏ। ਉਹਦੇ ਲਗਾਤਾਰ ਨਾਵਲ ਲਿਖਣ ਕਰਕੇ ਉਹਦੇ ਪਾਠਕਾਂ ਦਾ ਘੇਰਾ ਵੱਡਾ ਏ। ਉਹਦੇ ਪਾਠਕ ਹਰ ਸਾਲ ਉਹਦੇ ਕੋਲੋਂ ਨਵੇਂ ਨਾਵਲ ਦੀ ਮੰਗ ਕਰਦੇ ਨੇ। ਉਸ ਨੇ ਆਪਣੇ ਨਵੇਂ ਨਾਵਲ ਵਿਚ ਪੇਂਡੂ ਲੋਕਾਂ ਦੀ ਅਤਿ ਦਰਜੇ ਦੀ ਨਿਘਰੀ ਜ਼ਿੰਦਗੀ ਦੀਆਂ ਵਿਰਲਾਂ ਵਿਚੋਂ ਝਾਕਣ ਦੀ ਸਫ਼ਲ ਕੋਸ਼ਿਸ਼ ਕੀਤੀ ਏ। ਇਸ ਨਾਵਲ ਵਿਚੋਂ ਅਸੀਂ ਸਮਕਾਲ ਦੇ ਪੇਂਡੂ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਬਲਦੇਵ ਕੋਲ ਨਾਵਲ ਲਿਖਣ ਦਾ ਵਿਸ਼ਾਲ ਤਜ਼ਰਬਾ ਏ। ਇਸ ਸਮਕਾਲ ਵਿਚੋਂ ਜੱਟ ਸੱਤੀ ਅਤੇ ਦਲਿਤ ਕੌਰੇ ਦੋ ਮੁੱਖ ਪਾਤਰਾਂ ਨੂੰ ਅਧਾਰ ਬਣਾ ਕੇ ਲੇਖਕ ਨੇ ਬਿਰਤਾਂਤ ਸਿਰਜਿਆ ਏ ਜਿਨ੍ਹਾਂ ਦੀ ਆਰਥਿਕ ਸਥਿਤੀ ਐਨੀ ਪਤਲੀ ਏ ਕਿ ਉਹ ਆਪਣਾ ਘਰ ਨਹੀਂ ਬੰਨ੍ਹ ਸਕਦੇ, ਘਰ ਬੰਨ੍ਹਣ ਲਈ ਔਰਤ ਨੂੰ ਉਹ ਨਾਵਲ ਦੇ ਅੰਤ ਤੱਕ ਤਰਸਦੇ ਰਹਿੰਦੇ ਨੇ। ਔਰਤ ਦਾ ਅਤੇ ਧੰਨ ਦਾ ਹੇਰਵਾ ਨਾਵਲ ਵਿਚ ਥਾਂ ਥਾਂ ਪਿਆ ਏ। ਸੱਤੀ ਜਿਹੜੀ ਵਿਦਿਆ ਪ੍ਰਾਪਤ ਕਰਦਾ ਹੈ ਉਹ ਕੋਈ ਰੋਜਗਾਰ ਨਹੀਂ ਦਿੰਦੀ ਅੰਤ ਉਹ ਮੌਲ 'ਚ ਗਾਰਡ ਲੱਗ ਕੇ ਸਬਰ ਕਰ ਲੈਂਦਾ ਏ, ਕੌਰਾ ਮੁੱਲ ਦੀ ਤੀਵੀਂ ਲਿਆ ਕੇ ਆਪਣਾ ਘਰ ਬੰਨ੍ਹਣ ਦੀ ਕੋਸ਼ਿਸ਼ ਕਰਦਾ ਏ। ਦੂਜੇ ਪਾਸੇ ਸੱਤੀ ਨਾਲ ਪੜ੍ਹਦੀ ਕੁੜੀ ਉਸ ਨਾਲ ਇਸ ਲਈ ਸਬੰਧ ਬਣਾਉਂਦੀ ਹੈ ਕਿਉਂਕਿ ਉਹਨੂੰ ਘਰ ਦਾ ਵਾਰਸ ਚਾਹੀਦਾ ਏ।

ਮਾਸਟਰ ਜਗਤਾਰ ਨਾਂ ਦਾ ਪਾਤਰ ਖੱਬੇ ਪੱਖੀ ਲਹਿਰ ਦੀਆਂ ਸਰਗਰਮੀਆਂ ਦੀ ਪ੍ਰਤੀਨਿੱਧਤਾ ਕਰਦਾ ਏ। ਉਹ ਸੱਤਾ ਦੇ ਖ਼ਿਲਾਫ਼ ਲਹਿਰ ਖੜੀ ਕਰਨ ਦੀ ਕੋਸ਼ਿਸ਼ ਕਰਦਾ ਏ ਪਰ ਨਤੀਜਾ ਜ਼ੀਰੋ ਨਿਕਲਦਾ ਏ। ਦੁੱਖ ਤੇ ਪੀੜਾ ਨੂੰ ਘੱਟ ਕਰਨ ਲਈ ਉਹ ਦਾਰੂ ਦਾ ਸਹਾਰਾ ਲੈਂਦੇ ਨੇ, ਦਾਰੂ ਪੀ ਕੇ ਉਹ ਇਕ ਭਰਮ ਵਿਚ ਫਸਦੇ ਨੇ ਪਰ ਹੱਲ ਦਾਰੂ ਵਿਚੋਂ ਵੀ ਨਹੀਂ ਨਿਕਲਦਾ। ਮਲਵਈ ਪੰਜਾਬ ਦੇ ਪੇਂਡੂ ਖਿੱਤੇ ਵਿਚ ਵੱਡੇ ਜ਼ਿਮੀਦਾਰ ਵੀ ਪੈਦਾ ਹੋ ਰਹੇ ਹਨ ਜਿਨ੍ਹਾਂ ਅੰਦਰ ਵੱਧ ਜ਼ਮੀਨ ਦੀ ਲਾਲਸਾ ਪੈਦਾ ਹੁੰਦੀ ਰਹਿੰਦੀ ਏ। ਇਹੋ ਜਿਹਾ ਪਾਤਰ ਜੁਆਲਾ ਸਿੰਘ ਨਾਵਲ ਵਿਚ ਆਉਂਦਾ ਏ। ਜਿਹੜਾ ਮਾੜੇ ਕਿਸਾਨਾਂ ਦੀ ਜ਼ਮੀਨ ਹੜੱਪਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤਦਾ ਏ। ਜੋ ਵੀ ਅੜਿੱਕਾ ਬਣਦਾ ਏ ਉਹਨੂੰ ਖਤਮ ਕਰਨ ਦੀ ਕੋਸ਼ਿਸ਼ ਵੀ ਕਰਦਾ ਏ। ਨਾਵਲ ਦੇ ਸ਼ੁਰੂ ਵਿਚ ਹੀ ਨਾਵਲਕਾਰ ਸੱਤੀ ਦੀ ਕਾਮ ਅਤ੍ਰਿਪਤੀ ਨੂੰ 'ਸੱਪ' ਦੇ ਚਿਹਨ ਰਾਹੀਂ ਪ੍ਰਗਟ ਕਰਦਾ ਏ। ਇਹ ਅਤ੍ਰਿਪਤੀ ਉਦੋਂ ਪ੍ਰਚੰਡ ਹੁੰਦੀ ਏ ਜਦੋਂ ਉਹਦੇ ਛੋਟੇ ਭਰਾ ਭਲੰਤੇ ਦਾ ਵਿਆਹ ਹੋ ਜਾਂਦਾ ਤੇ ਜਦੋਂ ਪਤੀ-ਪਤਨੀ ਇਕੱਠੇ ਹੋਣ ਲੱਗਦੇ ਨੇ ਉਹਦੀ ਮਨੋ ਸਥਿਤੀ ਐਨੀ ਵਿਗੜ ਜਾਂਦੀ ਏ ਕਿ ਉਹ ਸੱਪ ਸੱਪ ਕਹਿੰਦਾ ਰੌਲੀ ਪਾ ਦਿੰਦਾ ਏ। ਕਾਮ ਅਤ੍ਰਿਪਤੀ ਦਾ ਇਹ ਚਿਹਨ ਸਾਰੇ ਨਾਵਲ ਵਿਚ ਫੈਲਿਆ ਹੋਇਆ ਏ। ਸੱਤੀ, ਕੌਰਾ, ਹੁਸਨਪ੍ਰੀਤ ਸਾਰੇ ਅਤ੍ਰਿਪਤ ਪਾਤਰ ਹਨ। ਇਸ ਤੋਂ ਇਲਾਵਾ ਨਾਵਲਕਾਰ ਬਲਦੇਵ ਨੇ ਹੋਰ ਬਹੁਤ ਸਾਰੇ ਸਮਕਾਲ ਦੇ ਮਸਲੇ ਇਸ ਨਾਵਲ ਵਿਚ ਪੇਸ਼ ਕੀਤੇ ਨੇ। ਸਮਕਾਲ ਨੂੰ ਸਮਝਣ ਲਈ ਬਲਦੇਵ ਸਿੰਘ ਦਾ ਇਹ ਨਾਵਲ ਬਹੁਤ ਨਿੱਗਰ ਪ੍ਰਾਪਤੀ ਏ।



## ਪਰਗਟ ਸਿੰਘ ਸਤੌਜ ਦੀ ਸੰਪਾਦਨ ਕੁਸ਼ਲਤਾ




ਪਰਗਟ ਦੋ ਵੱਡੇ ਇਨਾਮਾਂ ਨਾਲ ਉਭਰਿਆ ਗਲਪਕਾਰ ਏ। ਵੱਡੇ ਇਨਾਮਾਂ ਨੇ ਉਹਦੇ ਪਾਠਕਾਂ ਦਾ ਘੇਰਾ ਵਿਸ਼ਾਲ ਕੀਤਾ ਏ। ਉਸ ਨੇ ਨਾਵਲ ਲਿਖੇ ਨੇ। ਉਸ ਨੇ ਕਹਾਣੀ ਲਿਖੀ ਏ। ਉਸ ਨੇ ਕਹਾਣੀਆਂ ਵੀ ਸੰਪਾਦਤ ਵੀ ਕੀਤਾ ਏ। ਇਹ ਦੋਵੇਂ ਕਹਾਣੀਆਂ ਦੀਆਂ ਕਿਤਾਬਾਂ ਇਸ ਲਈ ਵੀ ਮਹੱਤਵਪੂਰਨ ਨੇ ਕਿਉਂਕਿ ਉਸ ਨੇ ਖਾਸ ਦ੍ਰਿਸ਼ਟੀਕੋਣ ਤੋਂ ਕਿਤਾਬਾਂ ਸੰਪਾਦਤ ਕੀਤੀਆਂ ਨੇ। 'ਸੰਤਾਪ 1947' ਤੇ 'ਪੜ੍ਹਨ ਰੁੱਤ ਦੇ ਆਰ-ਪਾਰ' ਦੋ ਸੰਪਾਦਤ ਕਹਾਣੀਆਂ ਦੀਆਂ ਕਿਤਾਬਾਂ ਨੇ। ਪਹਿਲੀ ਕਿਤਾਬ ਵਿਚ ਤੁਸੀਂ ਦੇਸ ਵੰਡ ਦੀ ਤ੍ਰੈਜਡੀ ਦੇ ਭਿੰਨ ਭਿੰਨ ਦੁਖਾਂਤਾਂ ਨੂੰ ਮਹਿਸੂਸ ਕਰ ਸਕਦੇ ਹੋ। ਤੁਹਾਡੇ ਸਾਹਮਣੇ ਮਾਰ-ਵੱਢ ਤੇ ਸਾਂਝਾ ਵਿਚ ਪਏ ਪਾੜੇ ਦਿਸਣ ਲੱਗ ਪੈਂਦੇ ਨੇ। ਖੱਬਲ, ਫੱਤੂ ਮਰਾਸੀ, ਮੱਲ੍ਹਮ, ਹਵਾ, ਛਵ੍ਹੀਆਂ ਦੀ ਰੁੱਤ ਵਰਗੀਆਂ ਯਾਦਗਾਰੀ ਕਹਾਣੀਆਂ ਪੜ੍ਹ ਸਕਦੇ ਹੋ। ਦੂਜੀ ਕਿਤਾਬ ਵਿਦਿਆਰਥੀ-ਆਧਿਆਪਕ-ਸਕੂਲ ਦੇ ਆਲੇ ਦੁਆਲੇ ਪੈਦਾ ਹੁੰਦੇ ਸੰਕਟ, ਸਮੱਸਿਆਵਾਂ, ਮਾਨਸਿਕ ਪੀੜਾ, ਸ਼ੋਸ਼ਣ, ਕਰੂਰ ਮਾਨਸਿਕ ਸੱਚ ਆਦਿ ਨਾਲ ਦੋ ਚਾਰ ਹੁੰਦੀਆਂ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਇਹ ਬਿਲਕੁਲ ਨਵਾਂ ਵਿਸ਼ਾ ਏ। ਇਸ ਕਿਤਾਬ ਰਾਹੀ ਤੁਸੀਂ ਭਾਰਤੀ ਵਿਦਿਅਕ ਪ੍ਰਬੰਧ ਵਿਚ ਹੋ ਗਈਆਂ ਮੋਰੀਆਂ ਵਿਚੋਂ ਵੀ ਝਾਕ ਸਕਦੇ ਹੋ। ਇਹ ਕਿਤਾਬ ਮੈਨੂੰ ਨਿਵੇਕਲੀ ਤੇ ਚੰਗੀ ਲੱਗੀ ਏ।

### 12 ਵੀਂ ਸਦੀ ਦੀ ਪੰਜਾਬੀ ਕਹਾਣੀ




ਡਾ. ਭੁਪਿੰਦਰ ਕੌਰ ਪੰਜਾਬੀ ਕਹਾਣੀ ਆਲੋਚਨਾ ਦੇ ਖੇਤਰ ਵਿਚ ਕਾਫੀ ਦੇਰ ਤੋਂ ਸਰਗਰਮ ਏ। ਇਸ ਤੋਂ ਪਹਿਲਾਂ ਉਸ ਦੀ ਕਿਤਾਬ 'ਪੰਜਾਬੀ ਕਹਾਣੀ ਸਮਾਜਿਕ ਸਰੋਕਾਰ ਤੇ ਦ੍ਰਿਸ਼ਟੀ' ਦਾ ਕਾਫੀ ਨੋਟਿਸ ਲਿਆ ਗਿਆ ਏ। ਇਹ ਉਸ ਦੀ ਸੰਪਾਦਤ ਕਿਤਾਬ ਏ ਜਿਸ ਵਿਚ ਨਵੀਂ ਕਹਾਣੀ ਨੂੰ ਵੱਖ ਵੱਖ ਕੋਣਾਂ ਤੋਂ ਸਮਝਿਆ ਏ। ਕਿਤਾਬ ਵਿਚ ਬਲਦੇਵ ਧਾਲੀਵਾਲ, ਸੁਰਜੀਤ ਬਰਾੜ, ਹਰਜਿੰਦਰ ਅਟਵਾਲ, ਜੇ ਬੀ ਸੇਖੋਂ, ਸਰਘੀ, ਭੁਪਿੰਦਰ ਕੌਰ, ਜਸਵਿੰਦਰ ਕੌਰ ਬਿੰਦਰਾ ਦੇ ਲੇਖ ਮਹੱਤਵਪੂਰਨ ਹਨ।


## ਨਰਿੰਦਰ ਕੌਰ ਭੱਚੂ ਤੇ 'ਇੱਕ ਸੁੱਖ'




ਨਰਿੰਦਰ ਕੌਰ ਭੱਚੂ 'ਕਹਾਣੀ ਧਾਰਾ' ਰਾਹੀਂ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਕੀਤੀ ਕਹਾਣੀਕਾਰ ਏ। ਉਸ ਨੇ ਜਦੋਂ ਆਪਣੀ ਕਹਾਣੀ 'ਤਈਆ' ਮੈਨੂੰ ਭੇਜੀ ਤਾਂ ਮੈਂ ਹੋਰ ਮੈਟਰ ਕੱਢ ਕੇ ਉਹ ਕਹਾਣੀ ਛਾਪੀ। ਫੇਰ ਉਸ ਦੀਆਂ ਪਰਚੇ ਵਿਚ 'ਤ੍ਰਿਸ਼ਨਾ', 'ਤੇਰ੍ਹਾਂ ਨੰਬਰ ਗਲੀ' ਛਪੀਆਂ ਉਸ ਦੀਆਂ ਕਹਾਣੀਆਂ ਦਾ ਪਾਠਕਾਂ ਨੇ ਬਕਾਇਦਾ ਨੋਟਿਸ ਲਿਆ। ਫਿਰ ਉਹ ਇਕਦਮ ਚੁੱਪ ਕਰ ਗਈ। ਉਹਦੇ ਨਾਲ ਪਰਿਵਾਰਕ ਟਰੈਜਿਡੀ ਹੋ ਗਈ ਸੀ। ਆਪਣੇ-ਆਪ ਨੂੰ ਦੁੱਖ ਚੋਂ ਬਾਹਰ ਕੱਢ ਕੇ ਉਸ ਨੇ ਫਿਰ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ ਏ। ਪਿਛਲੇ ਸਾਲ ਉਹਦੀ ਕਹਾਣੀਆਂ ਦੀ ਕਿਤਾਬ 'ਨਿੰਮ ਦਾ ਦਰੱਖ਼ਤ' ਛਪੀ ਏ। ਹੁਣ ਕਹਾਣੀਆਂ ਦੀ ਦੂਜੀ ਕਿਤਾਬ 'ਇਕ ਸੁੱਖ' ਛਪੀ ਏ। ਪਤਾ ਨੀਂ ਕਿਓ ਉਸ ਨੇ ਕਹਾਣੀਆਂ ਨੂੰ ਪਹਿਲਾਂ ਪਰਚਿਆਂ ਨੂੰ ਛਪਣ ਲਈ ਨਹੀਂ ਭੇਜਿਆ ਏ। ਉਸਦੀਆਂ ਕਹਾਣੀਆਂ ਨਾਰੀ ਪੀੜਾ ਦੀਆਂ ਕਹਾਣੀਆਂ ਨੇ। ਉਹਦੀ ਕਹਾਣੀ ਰੁਦਨ ਦੀ ਕਹਾਣੀ ਏ। ਦੁਆਬੇ ਦੀ ਆਂਚਲਿਕਤਾ ਨੂੰ ਉਸ ਨੇ ਆਪਣੀਆਂ ਕਹਾਣੀਆਂ ਵਿਚ ਬਾਖੂਬੀ ਨਾਲ ਪੇਸ਼ ਕੀਤਾ ਏ।

## ਵਾਹਿਦ ਦੇ 'ਰੰਗ ਜੋ ਰੇਨਬੋ 'ਚ ਨਹੀਂ'

ਵਾਹਿਦ ਗ਼ਜ਼ਲ ਲਿਖ ਕੇ ਚਰਚਾ ਵਿਚ ਆਇਆ ਗ਼ਜ਼ਲਗੋ ਏ। ਫਿਰ ਉਹ ਕਵਿਤਾ ਲਿਖਣ ਲੱਗ ਪਿਆ। ਇਹ ਕਿਤਾਬ ਕਵਿਤਾ ਦੀ ਏ। ਭਾਵੇਂ ਕਿ ਮੈਂ ਬਹੁਤੀ ਕਵਿਤਾ ਪੜ੍ਹਦਾ ਨਹੀਂ। ਇਸ ਕਿਤਾਬਾਂ ਦੀਆਂ ਕੁਝ ਕਵਿਤਾਵਾਂ ਨੇ ਮੈਨੂੰ ਆਪਣੇ ਵੱਲ ਖਿਚਿਆ ਏ। ਉਸ ਦੀ ਕਵਿਤਾ 'ਵਿਹੜਾ ਲਿੱਪਦੀ ਮਾਂ, ਧਰਤੀ ਦਾ ਸਿਰ ਝਸਦੀ ਜਾਪੇ ਮੈਨੂੰ' ਬਹੁਤ ਦੂਰ ਤੱਕ ਲੈ ਜਾਂਦੀ ਏ। ਜਦੋਂ ਮੈਂ ਉਹਦੀ ਕਵਿਤਾ 'ਉਸ ਦੀ ਤੀਸਰੀ ਅੱਖ ਖੁੱਲ੍ਹਣ ਹੀ ਲੱਗੀ ਸੀ, ਐਨ ਉਸੇ ਵੇਲੇ ਮੈਥੋਂ, ਉਸ ਦੇ ਮੱਥੇ 'ਤੇ ਧਰਿਆ ਗਿਆ ਇਕ ਚੁੰਮਣ... ਪੜ੍ਹੀ ਤਾਂ ਪਤਾ ਲੱਗਾ ਕਿ ਕਿਵੇਂ ਉਹ ਮਿੱਥ ਦੀ ਪੁਨਰ ਸਿਰਜਣਾ ਕਰਦਾ ਏ। ਵਾਹਿਦ ਆਪਣੀ ਕਵਿਤਾ ਵਿਚ ਬਹੁਤ ਕੁੱਝ ਅਣਕਿਣਾ ਛੱਡ ਜਾਂਦਾ ਏ।






## ਹੁੰਗਾਰਾ

'ਕਹਾਣੀ ਧਾਰਾ' ਦਾ ਅੰਕ-55 ਪੜ੍ਹਿਆ ਹੈ। ਤੁਸੀਂ ਸੰਪਾਦਕੀ ਵਿਚ ਪੰਜਾਬੀ ਦਲਿਤ ਲੇਖਕਾਂ ਵੱਲੋਂ ਲਿਖੀਆਂ ਸਵੈਜੀਵਨੀਆਂ ਦਾ ਬਹੁਤ ਭਰਪੂਰਤਾ ਨਾਲ ਜ਼ਿਕਰ ਕੀਤਾ ਹੈ। ਮੈਂ ਪਹਿਲਾਂ ਵੀ ਵੇਖਦਾ ਹਾਂ ਕਿ ਤੁਸੀਂ ਦਲਿਤ ਸਾਹਿਤ ਬਾਰੇ ਲਿਖਦੇ ਰਹਿੰਦੇ ਹੋ। ਤੁਸੀਂ ਆਪ ਵੀ ਚੰਗੀ ਕਹਾਣੀ ਲਿਖ ਲੈਂਦੇ ਹੋ। ਬਾਕੀ ਕਹਾਣੀਆਂ ਹਰ ਵਾਰ ਸੇਧ ਦੇਣ ਵਾਲੀਆਂ ਅਤੇ ਸੋਚਣ ਵਿਚਾਰਨ ਵਾਲੀਆਂ ਹੁੰਦੀਆਂ ਹਨ। ਇਸ ਵਾਰ ਮੈਨੂੰ ਹਰਭਜਨ ਸਿੰਘ , ਦੀਪਤੀ ਬਬੂਟਾ ਤੇ ਗੁਰਦੀਪ ਸਿੰਘ ਢੁੱਡੀ ਦੀਆਂ ਕਹਾਣੀਆਂ ਚੰਗੀਆਂ ਲੱਗੀਆਂ ਹਨ। ਬਾਕੀ ਬੀਬੀ ਨਿਰੁਪਮਾ ਦੱਤ ਨੇ ਆਪਣੇ ਡੈਡੀ ਬਾਰੇ ਸੋਹਣਾ ਲਿਖਿਆ ਹੈ। ਆਲੋਚਨਾ ਵਾਲਾ ਭਾਗ ਵੀ ਪੜ੍ਹੀਦਾ ਹੈ। ਨਵੀਆਂ ਕਿਤਾਬਾਂ ਬਾਰੇ ਸੋਹਣਾ ਲਿਖਿਆ ਹੁੰਦਾ ਹੈ। ਲੇਖਾਂ ਨੂੰ ਪੜ੍ਹ ਕੇ ਕਈ ਵਾਰ ਇਹ ਕਿਤਾਬਾਂ ਪੜ੍ਹਨ ਵੀ ਮਨ ਕਰ ਆਉਂਦਾ ਹੈ।

**-ਗੁਲਜਾਰ ਸਿੰਘ**, ਪਿੰਡ ਸਰਵਾਣੀ ਕੋਟ, ਡਾ, ਮਲੇਰਕੋਟਲਾ, ਸੰਗਰੂਰ

'ਕਹਾਣੀ ਧਾਰਾ' ਦੇ ਜਨਵਰੀ ਅੰਕ ਵਿਚ ਡਾ. ਸੇਵਾ ਸਿੰਘ ਨੇ ਬਹੁਤ ਕਮਾਲ ਦਾ ਲਿਖਿਆ ਹੈ। ਅਤੇ ਦੂਜਾ ਕਮਾਲ ਦਾ ਤੁਸਾਂ ਲਿਖਿਆ ਹੈ। ਬਈ ਪੰਜਾਬੀ ਦੀਆਂ ਦਲਿਤ ਸਵੈ ਜੀਵਨੀਆਂ ਕਿਹੜੀਆਂ ਹੁੰਦੀਆਂ ਹਨ। ਪਰ ਇਕ ਸਵੈ ਜੀਵਨੀ ਤੁਸੀਂ ਛੱਡ ਗਏ ਹੋ। ਉਹ ਹੈ ਸਰੂਪ ਸਿਆਲਵੀ ਦੀ ਸਵੈ ਜੀਵਨੀ 'ਜ਼ਲਾਲਤ' ਪਤਾ ਨਹੀਂ ਇਹ ਗੱਲ ਕਿਵੇ ਰਹਿ ਗਈ। ਹੋਰ ਕਹਾਣੀਆਂ ਦੋ ਕੁ ਚੰਗੀਆਂ ਸਨ ਬਾਕੀ ਹਲਕੀਆਂ ਸਨ। ਹੋਰ ਅਸਗਰ ਅਲੀ ਜਾਵੇਦ ਦੀ ਕਹਾਣੀ 'ਸੂਲੀ ਉੱਤੇ ਟੰਗੀ ਅਣਖ' ਤੇ ਗੁਲਾਮ ਮੁਹੰਮਦ ਜ਼ਾਹਿਦ ਦੀ ਕਹਾਣੀ 'ਧੁੰਦਲਕਾ' ਬਹੁਤ ਹੀ ਕਾਮਲ ਦੀ ਦੀਆਂ ਕਹਾਣੀਆਂ ਹਨ।

**-ਸੁੰਦੀਪ ਸਿੰਘ ਰੈਣਾ**, ਤਲਵਾੜਾ ਟਾਊਨਸ਼ਿਪ

ਕਹਾਣੀ ਦੀ ਗੰਭੀਰਤਾ ਨਾਲ ਗੱਲ ਕਰਨ ਵਾਲਾ 'ਕਹਾਣੀ ਧਾਰਾ' ਮੈਂ ਕਾਫ਼ੀ ਦੇਰ ਤੋਂ ਪੜ੍ਹਦਾ ਆ ਰਿਹਾ ਰਿਹਾ ਹਾਂ। ਮੈਂ ਵੇਖਦਾ ਹਾਂ ਕਿ ਕਹਾਣੀ ਧਾਰਾ ਵਿਚ ਛਪੀਆਂ ਕਹਾਣੀਆਂ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ। ਜਦੋਂ ਹਰ ਸਾਲ ਕਹਾਣੀ ਦਾ ਲੇਖਾ ਜੋਖਾ ਅਖ਼ਬਾਰਾਂ ਵਿਚ ਛਪਦਾ ਹੈ ਤਾਂ ਕਹਾਣੀ ਧਾਰਾ ਦੀਆਂ ਕਹਾਣੀਆਂ ਦਾ ਜ਼ਿਕਰ ਹੁੰਦਾ ਰਹਿੰਦਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਤੁਸੀਂ ਚੰਗੀਆਂ ਕਹਾਣੀਆਂ ਛਾਪਦੇ ਹੋ। ਨਵੇਂ ਅੰਕ ਵਿਚ ਬਬੂਟਾ, ਹਰਭਜਨ, ਰੀਹਲ, ਬਿੰਦਰਾ, ਗੁਰਦੀਪ ਢੁੱਡੀ ਆਦਿ ਦੀਆਂ ਕਹਾਣੀਆਂ ਪੜ੍ਹਨਯੋਗ ਸਨ। ਅਤੇ ਪਰਗਟ ਟਿਵਾਣਾ ਨੇ 'ਸ਼ਰ੍ਹੇਆਮ' ਬਾਰੇ ਚੰਗਾ ਲਿਖਿਆ ਹੈ। ਜਿਸ ਕਿਤਾਬ ਨੂੰ ਇਸ ਸਾਲ ਦਾ ਸਾਹਿਤ ਆਕੈਡਮੀ ਐਵਾਰਡ ਮਿਲਿਆ ਹੈ। ਅਤੇ ਤੁਸੀਂ 'ਜੀਊਣਾ ਸੱਚ ਬਾਕੀ ਝੂਠ' ਬਾਰੇ ਵੀ ਛਾਪਿਆ ਹੈ। ਜਿਸ ਨੂੰ ਢਾਹਾ ਐਵਾਰਡ ਮਿਲਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਤੁਸੀਂ ਚੰਗੀਆਂ ਕਿਤਾਬਾਂ ਬਾਰੇ ਚੰਗੇ ਲੇਖ ਛਾਪਦੇ ਹੋ। ਜਗਵਿੰਦਰ ਜੋਧਾ ਨੇ 'ਖਾਂਡਵ ਦਾਹ' ਦੀ ਬਹੁਤ ਆਲੋਚਨਾ ਕੀਤਾ ਹੈ। ਮੈਨੂੰ ਤਾਂ ਇਹ ਨਾਵਲ ਬਹੁਤ ਚੰਗਾ ਲੱਗਿਆ ਹੈ। ਨਵੇਂ ਅੰਕ ਦੀ ਉਡੀਕ ਹੈ।

**-ਕਮਲਜੀਤ ਕੌਰ**, ਜੰਮੂ ਯੂਨੀਵਰਸਿਟੀ ਜੰਮੂ

'ਕਹਾਣੀ ਧਾਰਾ' ਰਸਾਲਾ ਮਿਲਿਆ। ਤੁਸੀਂ ਲਗਾਤਾਰ ਰਸਾਲਾ ਚਲਾ ਰਹੇ ਹੋ। ਭਾਵੇਂ ਕਿ ਅੱਜ ਦੇ ਸਮੇਂ ਵਿਚ ਪੰਜਾਬੀ ਵਿਚ ਵੱਡੇ ਵੱਡੇ ਰਸਾਲੇ ਛਪਣ ਲੱਗ ਪਏ ਹਨ। ਰਸਾਲੇ ਵਿਚ ਜਿਹੜੀਆਂ ਤੁਸੀਂ ਪੇਂਟਿੰਗ ਛਾਪਦੇ ਹੋ। ਉਹ ਬਹੁਤ ਹੀ ਅਰਥ ਭਰਪੂਰ ਹੁੰਦੀਆਂ ਹਨ। ਮੈਟਰ ਤਾਂ ਅਰਥ ਭਰਪੂਰ ਹੁੰਦਾ ਹੀ ਹੈ। ਰਸਾਲੇ ਵਿਚ ਮੁਲਾਕਾਤਾਂ ਕਦੇ ਕਦੇ ਹੀ ਪੜ੍ਹਨ ਨੂੰ ਮਿਲਦੀਆਂ ਹਨ। ਇਕ ਤਾਂ ਹਰ ਅੰਕ ਵਿਚ ਮੁਲਾਕਾਤ ਜ਼ਰੂਰ ਛਾਪਿਆ ਕਰੋ। ਦੂਜਾ ਪਰਚੇ ਦੇ ਪੰਨੇ ਹੋਰ ਵਧਾ ਦਿਓ। ਜਦੋਂ ਪਰਚਾ ਆਉਂਦਾ ਹੈ ਤਾਂ ਇਹ ਦੋ ਦਿਨ੍ਹਾਂ ਵਿਚ ਪੜ੍ਹਿਆ ਜਾਂਦਾ ਹੈ। ਪਰਚਾ ਅੱਠ ਦੱਸ ਦਿਨਾਂ ਵਿਚ ਪੜ੍ਹ ਹੋਵੇ। -**ਸੁਰਜੀਤ ਧਾਲੀਵਾਲ**, ਮੌੜ